

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

Twenty-Fifth Year of Publication ਨਿਊਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@gmail.com
www.punjabtimesusa.com

Punjab Times, Vol 25, Issue 17; April 27, 2024 20451 N. Plum Grove Rd., Palatine, IL 60074 Ph:847-359-0746, Fax:847-705-9388

# ਰਵਾਇਤੀ ਧਿਰਾਂ ਲਈ ਚੁਣੌਤੀ ਬਣੀਆਂ ਚੋਣਾਂ

**ਚੰਡੀਗੜ੍ਹ:** ਇਸ ਵਾਰ ਲੋਕ ਸਭਾ ਚੋਣਾਂ ਪੰਜਾਬ ਦੀਆਂ ਰਵਾਇਤੀ ਧਿਰਾਂ (ਕਾਂਗਰਸ ਤੇ ਅਕਾਲੀ ਦਲ) ਲਈ ਵੱਡੀ ਚੁਣੌਤੀ ਬਣੀਆਂ ਹੋਈਆਂ ਹਨ। ਦੋਵਾਂ ਧਿਰਾਂ ਵੱਲੋਂ ਜਿਵੇਂ-ਜਿਵੇਂ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਰਿਹਾ ਹੈ, ਪਾਰਟੀ ਅੰਦਰ ਬਾਗੀ ਸੁਰਾਂ ਤਿੱਖੀਆਂ ਹੋ ਰਹੀਆਂ ਹਨ। ਅਕਾਲੀ ਦਲ ਅਤੇ ਕਾਂਗਰਸ ਲਈ ਸਭ ਤੋਂ ਫਿਕਰਮੰਦੀ ਵਾਲੀ ਗੱਲ ਇਹ ਹੈ ਕਿ ਟਕਸਾਲੀ ਆਗੂਆਂ ਦਾ ਵੱਡਾ ਧੜਾ ਬਾਹਰੀ ਜਾਂ ਦਲ ਬਦਲੂ ਉਮੀਦਵਾਰਾਂ ਨੂੰ ਅੱਗੇ ਕਰਨ ਤੋਂ ਨਾਰਾਜ਼ ਹੈ।

ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਢੀਂਡਸਾ ਪਰਿਵਾਰ ਬਣ ਗਿਆ ਹੈ ਜਿਸ ਨੇ ਇਸ ਦੇ ਸੰਗਰੂਰ ਤੋਂ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਨੂੰ ਹਮਾਇਤ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਢੀਂਡਸਾ ਪਰਿਵਾਰ ਸੰਗਰੂਰ ਤੋਂ ਟਿਕਟ ਨਾ ਮਿਲਣ ਤੋਂ ਨਾਰਾਜ਼ ਹੈ। ਇਹੀ ਹਾਲ ਕਾਂਗਰਸ ਦਾ ਹੈ ਜਿਸ ਦੇ ਪਟਿਆਲਾ ਤੋਂ ਧਰਮਵੀਰ ਗਾਂਧੀ ਅਤੇ ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਰਟੀ ਨੇ ਫ਼ਰੀਦਕੋਟ ਹਲਕੇ ਤੋਂ ਮੌਜੂਦਾ ਸੰਸਦ ਮੈਂਬਰ ਮੁਹੰਮਦ ਸਦੀਕ ਦੀ ਟਿਕਟ ਕੱਟ ਦਿੱਤੀ ਹੈ ਅਤੇ ਫ਼ਰੀਦਕੋਟ (ਰਾਖਵਾਂ) ਤੋਂ ਅਮਰਜੀਤ ਕੌਰ ਸਾਹੋਕੇ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਹਲਕਾ ਹੁਸ਼ਿਆਰਪੁਰ (ਰਾਖਵਾਂ) ਤੋਂ ਯਾਮਿਨੀ ਗੋਮਰ ਨੂੰ ਉਮੀਦਵਾਰ ਬਣਾਇਆ ਹੈ। ਇਹ ਦੋਵੇਂ ਹਲਕਿਆਂ ਤੋਂ ਦਲ-ਬਦਲੂ ਨੇਤਾਵਾਂ ਨੂੰ ਉਮੀਦਵਾਰ ਬਣਾਇਆ ਹੈ ਜਿਸ ਤੋਂ ਟਕਸਾਲੀ ਆਗੂ ਔਖੇ ਹਨ।

ਕਾਂਗਰਸ ਨੇ ਪਹਿਲੀ ਸੂਚੀ ਜਲੰਧਰ ਤੋਂ ਚਰਨਜੀਤ ਚੰਨੀ, ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ, ਬਠਿੰਡਾ ਤੋਂ ਜੀਤ ਮਹਿੰਦਰ ਸਿੱਧੂ, ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ, ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ ਤੇ ਫ਼ਤਿਹਗੜ੍ਹ ਸਾਹਿਬ ਤੋਂ ਅਮਰ ਸਿੰਘ ਨੂੰ ਉਮੀਦਵਾਰ ਐਲਾਨਿਆ ਸੀ। ਕਾਂਗਰਸ ਹੁਣ ਤੱਕ ਅੱਠ ਉਮੀਦਵਾਰ ਐਲਾਨ ਚੁੱਕੀ ਹੈ; ਬਾਕੀ ਪੰਜ ਹਲਕਿਆਂ 'ਤੇ ਪੇਚ ਫਸਦਾ ਨਜ਼ਰ ਆ ਰਿਹਾ ਹੈ। ਸੰਭਾਵਨਾ ਦੇ ਉਲਟ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਦੀ ਟਿਕਟ ਦਾ ਐਲਾਨ ਦੂਜੀ ਸੂਚੀ ਵਿਚ ਨਹੀਂ ਹੋ ਸਕਿਆ ਹੈ। ਕਾਂਗਰਸ ਨੇ ਹਲਕਾ ਖਡੂਰ ਸਾਹਿਬ, ਅਨੰਦਪੁਰ ਸਾਹਿਬ, ਫ਼ਿਰੋਜ਼ਪੁਰ, ਗੁਰਦਾਸਪੁਰ ਅਤੇ ਹਲਕਾ ਲੁਧਿਆਣਾ ਤੋਂ ਅਜੇ ਆਪਣੇ ਉਮੀਦਵਾਰ ਐਲਾਨਣੇ ਹਨ। ਰਾਣਾ ਗੁਰਜੀਤ ਸਿੰਘ ਆਪਣੇ ਲੜਕੇ ਰਾਣਾ ਇੰਦਰ ਪ੍ਰਤਾਪ ਸਿੰਘ ਲਈ ਵੀ ਟਿਕਟ ਦੇ ਚਾਹਵਾਨ ਹਨ। ਗੁਰਦਾਸਪੁਰ ਹਲਕੇ ਤੋਂ ਸੁਖਜਿੰਦਰ ਸਿੰਘ ਰੰਧਾਵਾ ਅਤੇ ਬਰਿੰਦਰਮੀਤ ਸਿੰਘ ਪਾਹੜਾ ਦੇ ਨਾਮ ਦੀ ਚਰਚਾ ਹੈ। ਖਡੂਰ ਸਾਹਿਬ ਤੋਂ ਕਾਂਗਰਸ ਦੇ ਮੌਜੂਦਾ ਸੰਸਦ ਮੈਂਬਰ ਜਸਵੀਰ ਸਿੰਘ ਡਿੰਪਾ ਨੇ ਖ਼ੁਦ ਹੀ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਹੈ।

ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਨੂੰ ਟਿਕਟ ਦੇਣ ਖ਼ਿਲਾਫ਼ ਰਾਜਪੁਰਾ ਵਿਚ ਰੱਖੀ ਟਕਸਾਲੀ ਕਾਂਗਰਸੀ ਵਰਕਰਾਂ ਤੇ ਅਹੁਦੇਦਾਰਾਂ ਦੀ ਰੈਲੀ ਵਿਚ ਤੈਅ ਹੋਇਆ ਕਿ ਗਾਂਧੀ ਲਈ ਵੋਟਾਂ ਮੰਗਣ ਨਹੀਂ ਤੁਰਨਗੇ। ਇਥੋਂ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੂੰ ਉਮੀਦਵਾਰ ਬਣਾਉਣ ਦੀ ਮੰਗ ਉਠ ਰਹੀ ਹੈ। ਕੰਬੋਜ ਨੇ ਸਵਾਲ ਵੀ ਕੀਤਾ ਕਿ ਡਾ. ਗਾਂਧੀ ਬਾਰੇ ਪਾਰਟੀ ਹਾਈਕਮਾਨ ਦਾ ਕਹਿਣਾ ਹੈ ਕਿ ਡਾ. ਗਾਂਧੀ ਇਮਾਨਦਾਰ ਹਨ; ਕੀ ਉਹ (ਸਾਰੇ ਟਕਸਾਲੀ) ਬੇਈਮਾਨ ਹਨ? ਉਨ੍ਹਾਂ ਕਿਹਾ ਕਿ ਪਾਰਟੀ ਹਾਈਕਮਾਨ ਨੇ ਉਨ੍ਹਾਂ ਦੀ ਇਮਾਨਦਾਰੀ ਅਤੇ ਮਿਹਨਤ 'ਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਸਾਬਕਾ ਮੰਤਰੀ ਲਾਲ ਸਿੰਘ ਦਾ ਕਹਿਣਾ ਹੈ ਕਿ ਡਾ. ਗਾਂਧੀ ਨੂੰ ਟਿਕਟ ਦੇਣ ਦਾ ਉਨ੍ਹਾਂ ਨੂੰ ਰੋਸ ਹੈ ਅਤੇ ਰਹੇਗਾ ਪਰ ਉਹ ਪਾਰਟੀ ਤੋਂ ਬਾਹਰ ਨਹੀਂ ਹਨ ਅਤੇ ਪਾਰਟੀ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਣਗੇ।

ਕਾਂਗਰਸ ਲਈ ਲੁਧਿਆਣਾ ਸੀਟ ਵੀ ਵੱਡੀ ਵੰਗਾਰ ਬਣ ਗਈ ਹੈ। ਇਥੇ ਕਾਂਗਰਸ ਦੇ ਪਿਛਲੀ ਵਾਰ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਭਾਜਪਾ ਵੱਲੋਂ ਚੋਣ ਮੈਦਾਨ 'ਚ ਡਟੇ ਹੋਏ ਹਨ। ਹੁਣ ਕਾਂਗਰਸ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਲੁਧਿਆਣਾ ਤੋਂ ਚੋਣ ਮੈਦਾਨ ਵਿਚ ਉਤਾਰਨ ਦੀ ਤਿਆਰੀ 'ਚ ਹੈ। ਬਿੱਟੂ ਅਤੇ ਆਸ਼ੂ ਦੀ ਜੋੜੀ ਪਿਛਲੇ 10 ਸਾਲ ਤੋਂ ਲਗਾਤਾਰ ਇਕੱਠੇ ਚੋਣ ਮੈਦਾਨ ਵਿਚ ਉੱਤਰਦੀ ਸੀ। ਕਾਂਗਰਸ ਵਿਚ ਆਨੰਦਪੁਰ ਸਾਹਿਬ ਤੋਂ ਸਾਲ 2014 ਵਿਚ ਟਿਕਟ ਮਿਲਣ ਤੋਂ ਬਾਅਦ ਰਵਨੀਤ ਸਿੰਘ ਬਿੱਟੂ ਦੀ ਯਾਰੀ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਨਾਲ ਪਈ ਸੀ। ਹੁਣ ਇਹ ਦੋਵੇਂ ਆਗੂ ਇਥੋਂ ਆਹਮੋ-ਸਾਹਮਣੇ ਹੋਣਗੇ। ਇਹੀ ਨਹੀਂ, ਕਾਂਗਰਸ ਵੱਲੋਂ ਚੰਡੀਗੜ੍ਹ ਵਿਚ ਬਾਹਰੋਂ ਲਿਆ ਕੇ ਉਤਾਰੇ ਮਨੀਸ਼ ਤਿਵਾੜੀ ਖਿਲਾਫ ਵੱਡੇ ਪੱਧਰ ਉਤੇ ਬਗਾਵਤ ਖੜ੍ਹੀ ਹੋਈ ਹੈ ਅਤੇ 100 ਤੋਂ ਵੱਧ ਆਗੂ ਪਾਰਟੀ ਨੂੰ ਅਲਵਿਦਾ ਆਖ ਗਏ ਹਨ। ਮੌਜੂਦਾ ਹਾਲਾਤ ਦੱਸ ਰਹੇ ਹਨ ਕਿ ਕਾਂਗਰਸ ਅਤੇ ਅਕਾਲੀ ਦਲ ਲਈ ਅੰਦਰੂਨੀ ਬਗਾਵਤ ਵੱਡੀ ਚੁਣੌਤੀ ਖੜ੍ਹੀ ਕਰ ਸਕਦੀ ਹੈ। ਇਹੀ ਕਾਰਨ ਹੈ ਕਿ ਕਾਂਗਰਸ ਵੱਲੋਂ ਬੜੀ ਝਿਜਕ ਨਾਲ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਰਿਹਾ ਹੈ।




## ਸੁਖਬੀਰ ਸਿੰਘ ਬਾਦਲ ਨੇ ਭਾਜਪਾ ਬਾਰੇ ਸੁਰ ਤਿੱਖੇ ਕੀਤੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅੱਜ ਦੇ ਸਿਆਸੀ ਹਾਲਾਤ ਵਿਚ ਸਿਰਫ ਇਕ ਖੇਤਰੀ ਪਾਰਟੀ ਹੀ ਪੰਜਾਬੀਆਂ ਦੀਆਂ ਆਸਾਂ 'ਤੇ ਖਰੀ ਉਤਰ ਸਕਦੀ ਹੈ। ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਭਾਜਪਾ ਵੱਲੋਂ ਘੱਟਗਿਣਤੀਆਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਘੱਟ ਗਿਣਤੀਆਂ ਦੇ ਵਿਰੁੱਧ ਬਿਆਨ ਨਹੀਂ ਦੇਣਾ ਚਾਹੀਦਾ ਸੀ। ਭਾਜਪਾ ਦੀ ਇਕ ਭਾਈਚਾਰੇ ਨੂੰ ਦੂਜੇ ਨਾਲ ਭਾਈਚਾਰੇ ਨਾਲ ਲੜਾਉਣ ਦੀ ਨੀਤੀ ਦੇਸ਼ ਦੇ ਹਿੱਤ ਵਿਚ ਨਹੀਂ ਹੈ।

## ਅਕਾਲੀ ਦਲ ਵੱਲੋਂ ਇਨੈਲੋ ਦੀ ਹਮਾਇਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਦੌਰਾਨ ਹਰਿਆਣਾ ਵਿਚ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੀ ਹਮਾਇਤ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਅਕਾਲੀ ਦਲ ਦੀ ਹਰਿਆਣਾ ਯੂਨਿਟ ਦੇ ਇੰਚਾਰਜ ਬਲਵਿੰਦਰ ਸਿੰਘ ਭੂੰਦੜ ਅਤੇ ਇਨੈਲੋ ਦੇ ਜਨਰਲ ਸਕੱਤਰ ਅਭੈ ਚੌਟਾਲਾ ਨੇ ਮੀਟਿੰਗ ਕਰ ਕੇ ਕੀਤਾ ਹੈ। ਸ੍ਰੀ ਚੌਟਾਲਾ ਨੇ ਅਕਾਲੀ ਦਲ ਦੀ ਹਰਿਆਣਾ ਇਕਾਈ ਵੱਲੋਂ ਇਨੈਲੋ ਦੀ ਹਮਾਇਤ ਕਰਨ ਦੇ ਫ਼ੈਸਲੇ ਲਈ ਧੰਨਵਾਦ ਕੀਤਾ।

ਸ੍ਰੀ ਚੌਟਾਲਾ ਨੇ ਕਿਹਾ ਕਿ ਇਨੈਲੋ ਅਤੇ ਅਕਾਲੀ ਦਲ ਰਵਾਇਤੀ ਗੱਠਜੋੜ ਦੇ ਭਾਈਵਾਲ ਹਨ ਅਤੇ ਇਨ੍ਹਾਂ ਦੀ ਏਕਤਾ ਸਦਕਾ ਆਉਂਦੀਆਂ ਚੋਣਾਂ ਵਿਚ ਇਨੈਲੋ ਸਾਰੀਆਂ ਸੀਟਾਂ 'ਤੇ ਜਿੱਤ ਹਾਸਲ ਕਰੇਗੀ। ਦੇਸ਼ ਦੀਆਂ ਵੱਡੀਆਂ ਸਿਆਸੀ ਧਿਰਾਂ ਵੱਲੋਂ ਖੇਤਰੀ ਪਾਰਟੀਆਂ ਨੂੰ ਹਾਸ਼ੀਏ 'ਤੇ ਲਿਆ ਕੇ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸਿਰਫ਼ ਖੇਤਰੀ ਪਾਰਟੀਆਂ ਹੀ ਖਿੱਤੇ ਦੇ ਲੋਕਾਂ ਦੀਆਂ ਆਸਾਂ ਪੂਰੀਆਂ ਕਰ ਸਕਦੀਆਂ ਹਨ। ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਇਨੈਲੋ ਅਤੇ ਅਕਾਲੀ ਦਲ ਦੇ ਹੱਥ ਮਿਲਾਉਣ ਨਾਲ ਹਰਿਆਣਾ ਦੇ ਲੋਕਾਂ ਦੀਆਂ ਆਸਾਂ ਪੂਰੀਆਂ ਹੋ ਸਕਣਗੀਆਂ। ਅਕਾਲੀ ਦਲ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਪਾਰਟੀ ਨੇ ਹਰਿਆਣਾ ਵਿਚ ਆਪਣੇ ਵਰਕਰਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਫ਼ੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਇਨੈਲੋ ਹੀ ਇਕਲੌਤੀ ਪਾਰਟੀ ਹੈ ਜੋ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਨਾਲ-ਨਾਲ ਦਬੇ ਕੁਚਲੇ ਲੋਕਾਂ ਲਈ ਖੜ੍ਹਦੀ ਹੈ। ਪਾਰਟੀ ਜਲਦੀ ਹੀ ਆਪਣੀ ਹਰਿਆਣਾ ਟੀਮ ਨੂੰ ਫੀਲਡ ਵਿਚ ਤਾਇਨਾਤ ਕਰੇਗੀ ਅਤੇ ਇਨੈਲੋ ਦੀ ਹਮਾਇਤ ਵਾਸਤੇ ਡਿਊਟੀਆਂ ਲਾਈਆਂ ਜਾਣਗੀਆਂ।

## ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ

* Our Instructors speak: Punjabi and Urdu
* We Provide: Accommodation for non-residents
* More than 10 Trucks * PTI Just 3 pages
* Fast Exam Scheduling
* Online Training
* Average Training Time: Two Weeks

Scan Me

Call us at: +18442272162
Address: 2605 US-130 Cinnaminson, NJ 08077

# ਸਰੀ ਵਿਚ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ

**ਸਰੀ:** ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਸ਼ਰਧਾ ਅਤੇ ਉਤਸ਼ਾਹ ਨਾਲ ਸ਼ਾਮਲ ਹੋਏ। ਸ਼ਾਮ ਦੇ ਚਾਰ ਕੁ ਵਜੇ ਤੱਕ ਮੌਸਮ ਬਹੁਤ ਸੁਹਾਵਣਾ ਰਿਹਾ ਪਰ ਬਾਅਦ ਵਿਚ ਵਗੀ ਠੰਢੀ ਹਵਾ ਅਤੇ ਮੀਂਹ ਨੇ ਲੋਕਾਂ ਦਾ ਉਤਸ਼ਾਹ ਮੱਠਾ ਪਾ ਦਿੱਤਾ।

ਇਹ ਨਗਰ ਕੀਰਤਨ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਸਵੇਰੇ 8 ਵਜੇ ਸ਼ੁਰੂ ਹੋਇਆ ਅਤੇ 128 ਸਟਰੀਟ, 82 ਐਵੀਨਿਊ, 124 ਸਟਰੀਟ, 76 ਐਵੀਨਿਊ ਅਤੇ 128 ਸਟਰੀਟ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਆ ਕੇ ਸੰਪੂਰਨ ਹੋਇਆ। ਸਰੀ ਦੇ ਵੱਖ ਵੱਖ ਪੰਜਾਬੀ ਸਕੂਲਾਂ ਦੇ ਬੱਚੇ ਨਗਰ ਕੀਰਤਨ ਦੇ ਨਾਲ ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਸਿੰਘ ਗੱਤਕੇ ਦੇ ਜੌਹਰ ਦਿਖਾ ਰਹੇ ਸਨ। ਨਗਰ ਕੀਰਤਨ ਵਿਚ ਕੁਝ ਲੋਕਾਂ ਦੇ ਹੱਥਾਂ ਵਿਚ ਫੜੇ ਕੇਸਰੀ ਝੰਡੇ ਉਪਰ ਖਾਲਿਸਤਾਨ ਉਕਰਿਆ ਹੋਇਆ ਸੀ। ਨਗਰ ਕੀਰਤਨ ਦੇ ਪੂਰੇ ਰੂਟ ਉਪਰ ਕਾਰੋਬਾਰੀਆਂ, ਸ਼ਰਧਾਲੂਆਂ ਵੱਲੋਂ ਵੱਖ ਵੱਖ ਪਕਵਾਨਾਂ ਦੇ ਲੰਗਰ ਲਾਏ ਹੋਏ ਸਨ। ਸਰੀ ਵਿਚ ਚਲਦੇ ਪ੍ਰਮੁੱਖ ਰੇਡੀਓ ਸਟੇਸ਼ਨਾਂ ਅਤੇ ਟੀ.ਵੀ. ਚੈਨਲਾਂ ਵੱਲੋਂ ਸਟੇਜਾਂ ਸਜਾਈਆਂ ਗਈਆਂ ਸਨ ਜਿੱਥੋਂ ਗੁਰਬਾਣੀ ਦਾ ਕੀਰਤਨ ਚੱਲ ਰਿਹਾ ਸੀ, ਢਾਡੀਆਂ ਦੀਆਂ ਵਾਰਾਂ ਗੂੰਜ ਰਹੀਆਂ ਸਨ ਅਤੇ ਲੀਡਰਾਂ ਦੇ ਭਾਸ਼ਣ ਸੁਣਾਈ ਦੇ ਰਹੇ ਸਨ। ਇਕ ਪਾਸੇ ਕੇਸਰੀ ਦਸਤਾਰਾਂ ਸਜਾਈਆਂ ਜਾ ਰਹੀਆਂ ਸਨ, ਮੈਗਜ਼ੀਨ, ਅਖਬਾਰ, ਪੈਂਫਲਿਟ ਵੰਡੇ ਜਾ ਰਹੇ ਸਨ।






ਨਗਰ ਕੀਰਤਨ ਵਿਚ ਇਸ ਵਾਰ ਵੀ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸਤੀਸ਼ ਗੁਲਾਟੀ ਵੱਲੋਂ ਪੰਜਾਬੀ ਕਿਤਾਬਾਂ ਦੀ ਪ੍ਰਦਰਸ਼ਨੀ ਲਾ ਕੇ ਪੰਜਾਬੀਆਂ ਨੂੰ ਕਿਤਾਬਾਂ ਪੜ੍ਹਨ ਦਾ ਸੁਨੇਹਾ ਦਿੱਤਾ ਗਿਆ। ਸੈਂਕੜੇ ਪੁਸਤਕ ਪ੍ਰੇਮੀਆਂ ਨੇ ਇੱਥੋਂ ਕਿਤਾਬਾਂ ਖਰੀਦ ਕੇ ਸਤੀਸ਼ ਗੁਲਾਟੀ ਦੇ ਉਪਰਾਲੇ ਨੂੰ ਹੁੰਗਾਰਾ ਦਿੱਤਾ। ਪੰਜਾਬੀ ਦੇ ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਨਾਮਵਰ ਚਿੱਤਰਕਾਰ ਜਰਨੈਲ ਸਿੰਘ, ਜਰਨਲਿਸਟ ਸੁਰਿੰਦਰ ਚਾਹਲ, ਪ੍ਰੋ. ਸ਼ੁਭਪ੍ਰੇਮ ਸਿੰਘ ਬਰਾੜ, ਕੁਲਵਿੰਦਰ ਕੁਲਾਰ, ਮੋਹਨ ਗਿੱਲ, ਮਿਸਿਜ਼ ਦਰਸ਼ਨ ਗਿੱਲ ਅਤੇ ਹੋਰ ਕਈ ਸਾਹਿਤਕ ਸ਼ਖ਼ਸੀਅਤਾਂ ਨੇ ਪੁਸਤਕ ਪ੍ਰਦਰਸ਼ਨੀ ਵਿਚ ਹਾਜ਼ਰ ਹੋ ਕੇ ਸਤੀਸ਼ ਗੁਲਾਟੀ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।

ਨਗਰ ਕੀਤਰਨ ਦੇ ਪ੍ਰਬੰਧਕਾਂ, ਸੇਵਾਦਾਰਾਂ, ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਸਹੂਲਤ ਲਈ ਸੁਚਾਰੂ ਪ੍ਰਬੰਧ ਕੀਤੇ ਗਏ ਸਨ। ਬਿਜਲੀ ਦੀਆਂ ਤਾਰਾਂ ਵਿਚ ਇਕ ਕਰੇਨ ਡਿੱਗਣ ਨਾਲ ਵੀ ਸਮਾਪਤੀ ਸਮਾਗਮਾਂ ਵਿਚ ਕਾਫੀ ਵਿਘਨ ਪਿਆ ਰਿਹਾ। ਪ੍ਰਬੰਧਕਾਂ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸੰਗਤਾਂ ਤਾ ਧੰਨਵਾਦ ਕੀਤਾ।

*– ਹਰਦਮ ਮਾਨ*

# ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ 'ਔਰਤ, ਸਮਾਜ ਅਤੇ ਸੰਘਰਸ਼' ਵਿਸ਼ੇ 'ਤੇ ਸੈਮੀਨਾਰ

**ਅੰਮ੍ਰਿਤਸਰ:** ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਸ਼ਾਇਰ ਦੇਵ ਦਰਦ ਅਤੇ ਕਥਾਕਾਰ ਤਲਵਿੰਦਰ ਸਿੰਘ ਦੀ ਯਾਦ ਨੂੰ ਸਮਰਪਿਤ ਪੰਜਾਬ ਨਾਟਸ਼ਾਲਾ ਵਿਖੇ 'ਔਰਤ, ਸਮਾਜ ਅਤੇ ਸੰਘਰਸ਼' ਵਿਸ਼ੇ 'ਤੇ ਕਰਵਾਏ ਸੈਮੀਨਾਰ ਵਿਚ ਵਿਦਵਾਨਾਂ ਦੀ ਸਾਂਝੀ ਰਾਏ ਸੀ ਕਿ ਔਰਤਾਂ ਦੀ ਮਹੱਤਵਪੂਰਨ ਭਾਗੀਦਾਰੀ ਤੋਂ ਬਿਨਾਂ ਨਰੋਏ ਸਮਾਜ ਦੀ ਉਸਾਰੀ ਨਹੀਂ ਹੋ ਸਕਦੀ।



*ਸਮਾਗਮ ਦੌਰਾਨ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੂੰ ਸਨਮਾਨਿਤ ਕਰਦੇ ਹੋਏ ਕੇਂਦਰੀ ਸਭਾ ਦੇ ਅਹੁਦੇਦਾਰ।*

ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਦੇ ਸਵਾਗਤੀ ਸ਼ਬਦਾਂ ਨਾਲ ਸ਼ੁਰੂ ਹੋਏ ਸਮਾਗਮ ਨੂੰ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਸਿਲਸਿਲੇ ਵਾਰ ਕਰਦਿਆਂ ਸਮੁੱਚੀ ਰੂਪ ਰੇਖਾ ਸਾਂਝੀ ਕੀਤੀ। ਡਾ. ਪਰਮਿੰਦਰ ਨੇ ਕਿਹਾ ਕਿ ਸਮਾਜ ਅੰਦਰ ਸਦੀਆਂ ਤੋਂ ਫੈਲੀਆਂ ਰੂੜ੍ਹੀਵਾਦੀ ਪਰੰਪਰਾਵਾਂ ਸਤੀ ਅਤੇ ਦਾਜ ਪ੍ਰਥਾ, ਅਨਪੜ੍ਹਤਾ ਅਤੇ ਅਨੇਕਾਂ ਤਰ੍ਹਾਂ ਦੀਆਂ ਧਾਰਮਿਕ ਅਤੇ ਸਮਾਜਿਕ ਅੜਚਣਾਂ ਦੇ ਬਾਵਜੂਦ ਔਰਤ ਨੇ ਆਪਣੀ ਹੋਂਦ ਨੂੰ ਸਮਾਜ ਵਿਚ ਸਾਰਥਿਕ ਤੌਰ 'ਤੇ ਬਰਕਰਾਰ ਰੱਖਿਆ ਹੈ। ਨਾਮਵਰ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਆਪਣੀਆਂ ਬੇਬਾਕ ਟਿੱਪਣੀਆਂ ਨਾਲ ਸਾਹਿਤਕ ਬਿਰਤਾਂਤ ਦੇ ਹਵਾਲੇ ਦੇਂਦਿਆਂ ਕਿਹਾ ਕਿ ਸੱਭਿਅਤਾਵਾਂ ਹਮੇਸ਼ਾਂ ਔਰਤਾਂ ਦੇ ਸਿਰ 'ਤੇ ਜੀਉਂਦੀਆਂ ਹਨ। ਸਮਾਜ ਅੰਦਰ ਬਹੁ-ਮੁੱਲੀਆਂ ਮਾਨਵੀ ਕਦਰਾਂ-ਕੀਮਤਾਂ ਨਿਰਧਾਰਤ ਕਰਨ, ਘਰ, ਪਰਿਵਾਰ ਅਤੇ ਸਮਾਜ ਦਾ ਮੂੰਹ ਮੁਹਾਂਦਰਾ ਸੰਵਾਰਨ, ਨਿਖਾਰਨ ਅਤੇ ਜੀਉਣ ਯੋਗ ਬਣਾਉਣ ਲਈ ਔਰਤ ਦੀ ਭੂਮਿਕਾ ਮੋਹਰੀ ਰਹੀ ਹੈ। ਡਾ. ਲਖਵਿੰਦਰ ਜੌਹਲ ਅਤੇ ਡਾ. ਮਹਿਲ ਸਿੰਘ ਨੇ ਕੇਂਦਰੀ ਸਭਾ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਵਾਨਾਂ ਨੂੰ ਅਜਿਹੇ ਸੰਵਾਦ ਨਿਰੰਤਰ ਸਿਰਜਦੇ ਰਹਿਣਾ ਚਾਹੀਦਾ ਹੈ।

ਕਵਿੱਤਰੀ ਸੁਖਵਿੰਦਰ ਅੰਮ੍ਰਿਤ ਅਤੇ ਲੈਕਚਰਾਰ ਰਾਜਵਿੰਦਰ ਕੌਰ ਨੇ ਕਿਹਾ ਕਿ ਕਥਾ-ਕਹਾਣੀਆਂ ਜਾਂ ਸਾਹਿਤ ਦੀਆਂ ਹੋਰ ਸਿਨਫ਼ਾਂ ਵਿਚ ਔਰਤਾਂ ਦੇ ਕਿਰਦਾਰ ਨੂੰ ਜ਼ੁਲਮ ਸਹਿਣ ਵਾਲੀ ਨਪੀੜੀ ਧਿਰ ਬਣਾ ਕੇ ਪੇਸ਼ ਕਰਨ ਦੀ ਬਜਾਏ ਇੱਕੀਵੀਂ ਸਦੀ ਦੀ ਪੜ੍ਹੀ ਲਿਖੀ ਸੂਝਵਾਨ ਨਾਰੀ ਦੇ ਕਿਰਦਾਰ ਨੂੰ ਵੀ ਉਭਾਰਨਾ ਚਾਹੀਦਾ ਹੈ।

ਸ਼ੈਲਿੰਦਰਜੀਤ ਰਾਜਨ, ਮੱਖਣ ਕੁਹਾੜ ਅਤੇ ਗੁਰਮੀਤ ਸਿੰਘ ਬਾਜਵਾ ਨੇ ਸਮਾਗਮ ਵਿਚ ਔਰਤਾਂ ਦੀ ਭਰਵੀਂ ਸ਼ਮੂਲੀਅਤ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਔਰਤਾਂ ਦੀ ਭਾਗੀਦਾਰੀ ਤੋਂ ਬਿਨਾਂ ਸਮਾਜ ਅਤੇ ਸੰਘਰਸ਼ ਪਰਵਾਨ ਨਹੀਂ ਚੜ੍ਹਦੇ।

ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਨੇ ਧੰਨਵਾਦ ਕੀਤਾ ਜਦਕਿ ਡਾ. ਆਤਮ ਰੰਧਾਵਾ, ਡਾ. ਹੀਰਾ ਸਿੰਘ, ਹਰਪਾਲ ਨਾਗਰਾ, ਮਨਜੀਤ ਸਿੰਘ ਵਸੀ, ਐਸ ਪਰਸ਼ੋਤਮ, ਹਰਜੀਤ ਸਿੰਘ ਸੰਧੂ, ਵਜ਼ੀਰ ਸਿੰਘ ਰੰਧਾਵਾ, ਡਾ. ਗਗਨ, ਸੁਰਜੀਤ ਅਸ਼ਕ, ਕਮਲ ਦੁਸਾਂਝ, ਡਾ. ਇਕਬਾਲ ਕੌਰ ਸੌਂਧ, ਜਸਪਾਲ ਕੌਰ, ਸੁਰਿੰਦਰਜੀਤ ਕੌਰ, ਲਵਲੀਨ ਕੌਰ, ਨਿਰਮਲ ਕੋਟਲਾ, ਸੁਖਵੰਤ ਵੱਸੀ, ਸੁਰਿੰਦਰ ਖਿਲਚੀਆਂ, ਰਾਜਵਿੰਦਰ ਰਾਜ, ਸਿਮਰਜੀਤ ਸਿਮਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਸਾਹਿਤਕਾਰ ਹਾਜ਼ਰ ਹੋਏ।

# ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਮਾਨਸਿਕ ਸਿਹਤ ਦੀ ਮਹੱਤਤਾ ਨੂੰ ਸਮਰਪਿਤ ਮੀਟਿੰਗ

**ਕੈਲਗਰੀ:** ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਅਪ੍ਰੈਲ ਮਹੀਨੇ ਦੀ ਮੀਟਿੰਗ ਲੰਘੇ ਦਿਨੀਂ ਜੈਨੇਸਜ਼ ਸੈਂਟਰ ਵਿਖੇ 45 ਕੁ ਭੈਣਾਂ ਦੀ ਹਾਜ਼ਰੀ ਵਿਚ ਹੋਈ। ਸਭਾ ਦੇ ਮੀਤ ਪ੍ਰਧਾਨ ਗੁਰਦੀਸ਼ ਕੌਰ ਗਰੇਵਾਲ ਨੇ ਬੀਬੀਆਂ ਦਾ ਨਿੱਘਾ ਸਵਾਗਤ ਕੀਤਾ ਅਤੇ ਅਪ੍ਰੈਲ ਮਹੀਨੇ ਦੇ ਇਤਿਹਾਸਕ ਦਿਹਾੜਿਆਂ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਕੈਨੇਡਾ ਵਿਚ ਅਪ੍ਰੈਲ ਮਹੀਨੇ ਨੂੰ 'ਸਿੱਖ ਵਿਰਾਸਤ ਮਹੀਨੇ' ਵਜੋਂ ਮਨਾਇਆ ਜਾਂਦਾ ਹੈ। ਸਭਾ ਦੇ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਨੇ 'ਏਜ ਫਰੈਂਡਲੀ ਕੈਲਗਰੀ' ਵਲੋਂ ਸੀਨੀਅਰਜ਼ ਲਈ 'ਏਜ-ਇਨ-ਪਲੇਸ ਲੇਨਵੇ ਹਾਊਸਿੰਗ ਫਾਰ ਅਡਲਟਸ' ਪ੍ਰਾਜੈਕਟ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ 'ਨਾਰਥ ਆਫ ਮੈਕਨਾਈਟ ਕਮਿਊਨੀਟੀਜ਼ ਸੋਸਾਇਟੀ' ਵਲੋਂ ਮੈਂਟਲ ਹੈਲਥ ਸਬੰਧੀ ਕਰਵਾਏ ਜਾਣ ਵਾਲੇ ਪ੍ਰੋਗਰਾਮ ਬਾਰੇ ਸਾਂਝ ਪਾਈ।

ਮਾਨਸਿਕ ਸਿਹਤ ਦਾ ਪਹਿਲਾ ਸੈਮੀਨਾਰ ਅੱਜ ਦੀ ਮੀਟਿੰਗ ਵਿਚ ਸ਼ੁਰੂ ਕੀਤਾ ਗਿਆ। ਇਸ ਪ੍ਰੋਗਰਾਮ ਦੀ ਪ੍ਰਾਜੈਕਟ ਕੋਆਰਡੀਨੇਟਰ ਵੰਦਨਾ ਨੇ ਮਾਨਸਿਕ ਸਿਹਤ, ਇਸਦੇ ਮਹੱਤਵ ਅਤੇ ਮਾਨਸਿਕ ਸਿਹਤ ਨੂੰ ਤੰਦਰੁਸਤ ਰੱਖਣ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਰੋਜ਼ਾਨਾ ਦੇ ਰੁਝੇਵਿਆਂ ਵਿਚੋਂ ਆਪਣੀ ਮਾਨਸਿਕ ਸਿਹਤ ਲਈ ਕੁੱਝ ਸਮਾਂ ਜੋ ਕਿ ਕੇਵਲ 'ਮੀ ਟਾਈਮ' ਹੋਵੇ, ਰਾਖਵਾਂ ਰੱਖਣ ਬਾਰੇ ਆਖਿਆ ਕਿ 'ਉਹ ਸਮਾਂ ਤੁਸੀਂ ਕੇਵਲ ਹਰ ਪ੍ਰਕਾਰ ਦੀ ਚਿੰਤਾ ਤੋਂ ਮੁਕਤ ਆਪਣੇ ਆਪ ਨਾਲ ਬਿਤਾਓ, ਮੈਡੀਟੇਸ਼ਨ ਕਰੋ, ਲੰਮੇ ਤੇ ਡੂੰਘੇ ਸਾਹ ਲਓ ਜਾਂ ਆਪਣੀ ਦਿਲਚਸਪੀ ਵਾਲੀ ਐਕਟਿਵਟੀ ਕਰ ਕੇ ਮਨ ਪ੍ਰਸੰਨ ਰਖੋ।' ਉਪਰੰਤ ਨਵੇਂ ਆਏ ਮੈਂਬਰਾਂ, ਹਰਪਾਲ ਕੌਰ ਖਹਿਰਾ, ਨਰਿੰਦਰ ਸੈਣੀ, ਰੇਸ਼ਮ ਅਤੇ ਨਰਿੰਦਰ ਕੌਰ ਗਿੱਲ ਨੂੰ ਸਭਾ ਵਿਚ ਜੀ ਆਇਆਂ ਕਿਹਾ ਗਿਆ। ਉਨ੍ਹਾਂ ਆਪਣੀ ਜਾਣ-ਪਛਾਣ ਅਤੇ ਤਜਰਬਿਆਂ ਦੀ ਸਾਂਝ ਪਾਈ।

ਸਭਾ ਦੇ ਪ੍ਰਧਾਨ ਬਲਵਿੰਦਰ ਕੌਰ ਬਰਾੜ ਨੇ ਸੰਨ 1699 ਦੇ ਵਿਸਾਖੀ ਦੇ ਦਿਹਾੜੇ ਖਾਲਸਾ ਪੰਥ ਦੀ ਸਥਾਪਨਾ ਦਾ ਵਰਨਣ ਕਰਦੇ ਕਿਹਾ ਕਿ ਜੇ ਅਸੀਂ ਜ਼ੁਲਮ ਦੇ ਖਿਲਾਫ਼ ਡਟ ਕੇ ਖੜਾਂਗੇ ਤਾਂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਧੀਆਂ ਪੁੱਤਰ ਅਖਵਾਉਣ ਦੇ ਕਾਬਿਲ ਹੋਵਾਂਗੇ। ਚਾਰ ਕੁ ਮਹੀਨਿਆਂ ਬਾਅਦ ਪੰਜਾਬ ਤੋਂ ਮੁੜੇ ਸਭਾ ਦੇ ਮੈਂਬਰ ਗੁਰਤੇਜ ਕੌਰ ਸਿੱਧੂ ਨੇ ਆਪਣੀ ਉੱਥੇ ਬਿਤਾਈ ਠਾਹਰ ਬਾਰੇ ਸਾਂਝ ਪਾਈ ਅਤੇ 'ਘਰ ਕਹਿੰਦਾ ਘਰ ਮੁੜਿਆ, ਹੁਣ ਤਾਂ ਲੋਕੀਂ ਲੱਗ ਪਏ ਖੋਲ਼ਾ ਕਹਿਣ' ਕਵਿਤਾ ਸੁਣਾਈ। ਗੁਰਦੀਸ਼ ਕੌਰ ਗਰੇਵਾਲ ਨੇ ਵਿਸਾਖੀ ਸਬੰਧੀ ਦੋ ਕਵਿਤਾਵਾਂ ਸੁਣਾਈਆਂ। ਚਰਨਜੀਤ ਕੌਰ ਬਾਜਵਾ ਨੇ 'ਸਾਂਭੀਆਂ ਸੰਦੂਕ ਵਿੱਚ ਪਈਆਂ ਫੁਲਕਾਰੀਆਂ, ਨੀ ਮਾਏ ਤੇਰੇ ਮੋਹ ਦੀਆਂ ਤੰਦਾਂ ਬਹੁਤ ਪਿਆਰੀਆਂ' ਗੀਤ ਆਪਣੀ ਮਿੱਠੀ ਅਵਾਜ਼ ਵਿੱਚ ਗਾਇਆ।



ਸੁਰਜੀਤ ਕੌਰ ਢਿਲੋਂ, ਸੁਰਿੰਦਰ ਕੌਰ ਬੈਨੀਪਾਲ, ਸਰਬਜੀਤ ਕੌਰ ਉੱਪਲ ਤੇ ਜੁਗਿੰਦਰ ਪੁਰਬਾ ਨੇ ਕਵਿਤਾਵਾਂ ਦੀ ਸਾਂਝ ਪਾਈ। ਕੁਲਵੰਤ ਕੌਰ ਨੇ ਬੋਲੀਆਂ ਅਤੇ ਗੁਰਦੇਵ ਕੌਰ ਬਰਾੜ ਅਤੇ ਅਮਰਜੀਤ ਵਿਰਦੀ ਨੇ ਗੀਤਾਂ ਦੀ ਛਹਿਬਰ ਲਾਈ। ਸਾਦਾਤ ਰੁਬੀਨਾ ਨੇ ਸ਼ਾਇਰੀ ਪੇਸ਼ ਕਰ ਸਭ ਦਾ ਮਨ ਮੋਹ ਲਿਆ। ਗੁਰਚਰਨ ਕੌਰ ਥਿੰਦ ਨੇ ਆਨਲਾਈਨ ਗਰੁੱਪ 'ਸਾਂਝਾ ਵਿਹੜਾ' ਦੀ ਮੁੱਖ ਪ੍ਰਬੰਧਕ, ਸਭਾ ਵਿਚ ਪਹਿਲੀ ਵਾਰ ਆਈ 'ਨੌਰੀਨ ਮੁਹੰਮਦ' ਨੂੰ ਜੀ ਆਇਆਂ ਆਖ 'ਸਾਂਝਾ ਵਿਹੜਾ ਗਰੁੱਪ' ਦੀਆਂ ਐਕਟਿਵੀਜ਼ ਬਾਰੇ ਜਾਣਕਾਰੀ ਦਿੱਤੀ। ਸਭਾ ਦੇ ਸਕੱਤਰ ਗੁਰਨਾਮ ਕੌਰ ਨੇ ਖਾਲਸਾ ਪੰਥ ਦੀ ਸਾਜਨਾ ਬਾਰੇ ਸੰਖੇਪ ਜਾਣਕਾਰੀ ਦਿੱਤੀ। ਬਲਵਿੰਦਰ ਕੌਰ ਬਰਾੜ ਨੇ ਇਸ ਇਕੱਤਰਤਾ ਲਈ ਸਭ ਦਾ ਧੰਨਵਾਦ ਕੀਤਾ। ਚਾਹ ਅਤੇ ਸਨੈਕਸ ਦਾ ਪ੍ਰਬੰਧ 'ਮੈਂਟਲ ਹੈਲਥ ਪ੍ਰੋਗਰਾਮ' ਦੇ ਪ੍ਰਬੰਧਕਾਂ ਵਲੋਂ ਕੀਤਾ ਗਿਆ ਸੀ, ਜਿਸਦਾ ਸਭ ਨੇ ਰਲ ਕੇ ਆਨੰਦ ਮਾਣਿਆ।

*ਰਿਪੋਰਟ: ਗੁਰਨਾਮ ਕੌਰ, ਸਕੱਤਰ*

# ਕੈਨੇਡਾ ਦੀ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਦੀ ਚੋਣ

**ਟੋਰਾਂਟੋ:** ਤਰਕਸ਼ੀਲ ਸੁਸਾਇਟੀ (ਰੈਸ਼ਨਲਿਸਟ) ਕੈਨੇਡਾ ਵੱਲੋਂ ਐਲਾਨੀਆਂ ਚੋਣਾਂ ਦੀ ਲੜੀ ਤਹਿਤ ਤਰਕਸ਼ੀਲ ਸੁਸਾਇਟੀ ਕੈਨੇਡਾ (ਉਂਟਾਰੀਓ) ਦੇ ਅਹੁਦੇਦਾਰਾਂ ਦੀ ਚੋਣ ਚਿੰਗੂਜੀਵੈਲਨੈਸ ਸੈਂਟਰ ਬਰੈਂਪਟਨ ਵਿਖੇ 21 ਅਪਰੈਲ ਨੂੰ ਕੀਤੀ ਗਈ। ਇਸ ਮੌਕੇ ਜਸਵੀਰ ਚਾਹਲ ਨੂੰ ਪ੍ਰਧਾਨ, ਅਮਰਦੀਪ ਜਨਰਲ ਸੈਕਟਰੀ, ਬਲਰਾਜ ਸੋਕਰ ਮੀਤ ਪ੍ਰਧਾਨ, ਨਿਰਮਲ ਸੰਧੂ ਖਜ਼ਾਨਚੀ ਅਤੇ ਬਲਜਿੰਦਰ ਭੁੱਲਰ ਸਹਾਇਕ ਸਕੱਤਰ ਚੁਣੇ ਗਏ।

ਬਲਦੇਵ ਰਹਿਪਾ, ਬਲਵਿੰਦਰ ਬਰਨਾਲਾ, ਡਾ. ਬਲਜਿੰਦਰ ਸੇਖੋਂ ਨਵਕਿਰਨ ਸਿੱਧੂ, ਬਲਰਾਜ ਸੋਕਰ ਅਤੇ ਸੋਹਣ ਸਿੰਘ ਢੀਂਡਸਾ 21 ਮਈ 2024 ਨੂੰ ਹੋਣ ਵਾਲੇ ਕੌਮੀ ਜਨਰਲ ਇਜਲਾਸ



ਲਈ ਡੈਲੀਗੇਟ ਚੁਣੇ ਗਏ। ਜਸਵੀਰ ਚਾਹਲ ਤੇ ਅਮਰਦੀਪ ਕੌਮੀ ਇਜਲਾਸ ਲਈ ਦਰਸ਼ਕ ਵੀ ਹੋਣਗੇ। ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਜਲਾਸ ਦੇ ਪ੍ਰਧਾਨਗੀ ਮੰਡਲ ਵਿਚ ਡਾ: ਬਲਜਿੰਦਰ ਸੇਖੋਂ, ਬਲਦੇਵ ਰਹਿਪਾ, ਬਲਵਿੰਦਰ ਬਰਨਾਲਾ ਅਤੇ ਬਲਰਾਜ ਸੋਕਰ ਵੱਲੋਂ ਸ਼ਮੂਲੀਅਤ ਕੀਤੀ ਗਈ। ਸਮੁੱਚੀ ਕਾਰਵਾਈ ਅਮਰਦੀਪ ਮੰਡੇਰ ਵੱਲੋਂ ਚਲਾਈ ਗਈ।

-ਬਲਜਿੰਦਰ ਸੇਖਾ

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

**SUPER TRAVEL**

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



**EARLY BIRD SALE!!!!**

*Etihad, Air India, KLM, Lufthansa, Delta, Qatar Airlines.*

**Domestic fares available**

## ਹੋਟਲ ਵਿਚ ਵਰਕਰਾਂ ਦੀ ਲੋੜ ਹੈ

ਟੈਕਸਸ ਵਿਚ ਹੋਟਲ 'ਚ ਸਫਾਈ, ਲੌਂਡਰੀ ਕਰਮਚਾਰੀ ਅਤੇ ਰਿਸੈਪਸ਼ਨਿਸਟ ਦੀ ਲੋੜ ਹੈ। ਜੋੜੇ (ਪਤੀ-ਪਤਨੀ) ਨੂੰ ਤਰਜੀਹ। ਰਹਿਣ ਲਈ ਮੁਫਤ ਰਿਹਾਇਸ਼ ਦਾ ਪ੍ਰਬੰਧ ਹੋਵੇਗਾ।

**ਚਾਹਵਾਨ ਸੰਪਰਕ ਕਰਨ:**

**ਰੀਨਾ ਫੋਨ: 408-981-1501**

## WEATHER XPERTS, INC.

ਹੀਟ ਅਤੇ ਏਅਰ ਕੰਡੀਸ਼ਨਰ ਲਗਵਾਉਣ ਅਤੇ ਠੀਕ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।

** ਅਸੀਂ ਹੀਟ ਅਤੇ ਕੂਲਿੰਗ ਨਾਲ ਸਬੰਧਤ ਹਰ ਸਮੱਸਿਆ ਦਾ ਹੱਲ ਕਰਦੇ ਹਾਂ।*
** ਵਧੀਆ ਸੇਵਾਵਾਂ ਲਈ ਮਸ਼ਹੂਰ*
** ਪਿਛਲੇ ਵੀਹ ਸਾਲਾਂ ਤੋਂ ਕੁੱਕ ਅਤੇ ਲੇਕ ਕਾਊਂਟੀ ਵਿਚ ਸੇਵਾਵਾਂ ਦੇ ਰਹੇ ਹਾਂ।*

**Call: BRIAN STREET** Owner/President
**847-255-2665**

## ਗੈਸ ਸਟੇਸ਼ਨ ਵਿਚ ਕੈਸ਼ੀਅਰ ਦੀ ਲੋੜ ਹੈ

*ਰੋਲਿੰਗ ਮੀਡੋ ਵਿਚ ਸਵੇਰ ਦੀ ਸ਼ਿਫਟ ਲਈ 7 ਦਿਨ ਵਾਸਤੇ ਕੈਸ਼ੀਅਰ ਦੀ ਲੋੜ ਹੈ। ਪਾਰਟ ਟਾਈਮ ਅਤੇ ਪੂਰਾ ਟਾਈਮ ਕੰਮ ਉਪਲੱਬਧ ਹੈ। ਸਿਖਲਾਈ ਵੀ ਦਿੱਤੀ ਜਾ ਸਕਦੀ ਹੈ ਪਰ ਤਜਰਬੇਕਾਰ ਨੂੰ ਪਹਿਲ।*

ਚਾਹਵਾਨ ਸੰਪਰਕ ਕਰਨ:

*ਮੈਕਸ ਸ਼ਾਅ ਫੋਨ: 312-505-7272*

## Look for AM shift Cashier

**Look for AM shift Cashier for 7 days in rolling meadows IL. Many hours available. Part time or full time available Willing to train but experience preferred.**
**Please call or text: Max Shaw 312-505-7272**


# Matrimonials

## ਲੜਕੀ ਦੀ ਲੋੜ ਹੈ

Looking for Educated Girl for 30 year old, Engineer Ramgharia Sikh Boy, Height 5-7 Canada Citizen. Works with planes. Girl can be from Canada or USA. Please Contact: (559) 801-5475 (USA) or WhatsApp at +919592062095 (India). 17-18

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5'3" , residing in Michigan (Canton). Bachelors degree holder and currently working as a Embedded Software Engineer. please call us at : +17348001448 17-20

Affluent Sikh family seeks a beautiful, well-educated, Gursikh, Jat, family-oriented girl for a Keshdhari and Turban wearing boy. Height 6'-2" and Sr. Network Engineer, June 1994 Born and Raised in Michigan, USA. Preferred USA/Canadian born/raised girl. Call/Whatsapp: +1-586-873-3444 17-20

USA based Gursikh Arora family looking for suitable match for their turbaned, divorced son, 35 yrs., 5'9', MS engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Please email: utakecare2@yahoo.com or call 1-618-402-4269 16-19

Looking for a Bride for American Citizen Ramgarhia Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772 or E-mail: binnumunday@gmail.com 15-18

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA. 05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com 05-08

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376

## ਲੜਕੇ ਦੀ ਲੋੜ ਹੈ

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2" , residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com 17-20

Hindu/Sikh nai family looking for a suitable match for their beautiful daughter US Citizen, 26years, 5'6" Dentist DMD degree and now working as a Dentist. Family and sibling are US citizen. Please Contact us at 516-510-9744 17-20

Rajput family looking for a suitable match for their USA Citizen daughter 29, 5'-3" beautiful, family oriented, bachelors of Science in Biology and Psychology. MBA in Healthcare Management. Working as Senior Project Manager in Oncology Research. The boy must be from the USA (Citizen, Green card or H1b visa holder), professionally qualified, good-natured & well settled. Serious enquiries only. Please do Text Message at 630-746-9793 17-20

Ramgarhia Sikh family is looking for a suitable match for their Canadian PR daughter 31, 5'-8" beautiful, family oriented, graduated in M.B.A (Canada). The boy must be from USA or Canada, professionally qualified, well settled, and with good family values. Serious enquiries only. Please respond to hunjan.inders@gmail.com with biodata. 16-19

# ਢੀਂਡਸਾ ਪਰਿਵਾਰ ਨੇ ਬਾਦਲ ਦਲ ਦੀਆਂ ਮੁਸ਼ਕਲਾਂ ਵਧਾਈਆਂ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਨੇ ਸੰਗਰੂਰ ਸੰਸਦੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਦੀ ਹਮਾਇਤ ਨਾ ਕਰਨ ਦਾ ਫੈਸਲਾ ਲਿਆ ਹੈ। ਸੁਖਦੇਵ ਸਿੰਘ ਢੀਂਡਸਾ ਅਤੇ ਉਨ੍ਹਾਂ ਦੇ ਪੁੱਤਰ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਆਪਣੀ ਰਿਹਾਇਸ਼ 'ਤੇ ਹੋਏ ਵਿਸ਼ਾਲ ਇਕੱਠ ਅਤੇ ਪਾਰਟੀ ਵਰਕਰਾਂ ਦੀ ਰਾਇ ਜਾਣਨ ਤੋਂ ਬਾਅਦ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਦੇ ਸਮਰਥਕ ਪਾਰਟੀ ਵਰਕਰ ਸੰਗਰੂਰ ਸੰਸਦੀ ਹਲਕੇ ਤੋਂ ਪਾਰਟੀ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਦੇ ਹੱਕ ਵਿਚ ਨਹੀਂ ਚੱਲਣਗੇ ਅਤੇ ਘਰ ਬੈਠ ਜਾਣਗੇ।



ਸ੍ਰੀ ਢੀਂਡਸਾ ਨੇ ਕਿਹਾ ਕਿ ਭਾਵੇਂ ਪਾਰਟੀ ਵੱਲੋਂ ਉਨ੍ਹਾਂ ਨੂੰ ਸੁਨੇਹੇ ਆਏ ਕਿ ਪਾਰਟੀ ਟਿਕਟ ਬਦਲ ਦਿੰਦੇ ਹਾਂ ਪਰ ਉਨ੍ਹਾਂ ਵੱਲੋਂ ਜਵਾਬ ਦੇ ਦਿੱਤਾ ਗਿਆ ਹੈ ਕਿ ਉਨ੍ਹਾਂ ਨੇ ਟਿਕਟ ਨਹੀਂ ਲੈਣੀ, ਜੋ ਹੋਣਾ ਸੀ ਹੋ ਗਿਆ। ਸ੍ਰੀ ਢੀਂਡਸਾ ਨੇ ਕਿਹਾ ਕਿ ਭਾਵੇਂ ਪਰਮਿੰਦਰ ਸਿੰਘ ਢੀਂਡਸਾ ਨੂੰ ਭਾਜਪਾ ਅਤੇ ਕਾਂਗਰਸ ਪਾਰਟੀ ਵੱਲੋਂ ਵੀ ਟਿਕਟ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਉਨ੍ਹਾਂ ਵੱਲੋਂ ਕਿਹਾ ਗਿਆ ਸੀ ਉਹ ਅਕਾਲੀ ਸਨ, ਅਕਾਲੀ ਹਨ ਅਤੇ ਅਕਾਲੀ ਹੀ ਰਹਿਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਮਰਥਕ ਪਾਰਟੀ ਵਰਕਰਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇਕਬਾਲ ਸਿੰਘ ਝੂੰਦਾਂ ਨਾਲ ਬਿਲਕੁਲ ਨਹੀਂ ਚੱਲਣਗੇ।

ਸ੍ਰੀ ਢੀਂਡਸਾ ਨੇ ਕਿਹਾ ਕਿ ਝੂੰਦਾਂ ਜਿੱਥੇ ਕਿਤੇ ਵੀ ਪ੍ਰਚਾਰ ਲਈ ਗਏ ਹਨ, ਉਨ੍ਹਾਂ ਦੇ (ਸਾਡੇ) ਵਰਕਰਾਂ ਨੂੰ ਨਹੀਂ ਬੁਲਾਇਆ ਗਿਆ। ਸ੍ਰੀ ਢੀਂਡਸਾ ਨੇ ਕਿਹਾ ਕਿ ਉਨ੍ਹਾਂ ਦੀ ਚੰਡੀਗੜ੍ਹ ਰਿਹਾਇਸ਼ 'ਤੇ ਪੁੱਜੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ "ਮੈਂ ਤੁਹਾਡਾ ਬੱਚਾ ਹਾਂ, ਮੁਆਫ਼ੀ ਮੰਗਦਾ ਹਾਂ, ਗ਼ਲਤੀ ਹੋ ਗਈ।" ਢੀਂਡਸਾ ਨੇ ਕਿਹਾ, "ਮੁਆਫ਼ੀ ਤੇ ਗ਼ਲਤੀ ਦੀ ਗੱਲ ਨਹੀਂ ਸਗੋਂ ਵਿਸ਼ਵਾਸ ਟੁੱਟਿਆ ਹੈ।" ਇਸ ਤੋਂ ਪਹਿਲਾਂ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਸੰਯੁਕਤ ਨੂੰ ਪੰਥ ਅਤੇ ਪੰਜਾਬ ਨੂੰ ਮਜ਼ਬੂਤ ਕਰਨ ਤੇ ਅਕਾਲੀ ਸੋਚ ਨੂੰ ਪ੍ਰਚੰਡ ਕਰਨ ਦੇ ਇਰਾਦੇ ਨਾਲ ਅਕਾਲੀ ਦਲ ਵਿਚ ਸ਼ਾਮਲ ਕੀਤਾ ਸੀ ਅਤੇ ਅਕਾਲੀ ਦਲ ਨੂੰ ਪੰਥਕ ਰਵਾਇਤਾਂ, ਸਿੱਖ ਸਿਧਾਂਤਾਂ ਅਤੇ ਸ਼ਾਨਦਾਰ ਰਵਾਇਤਾਂ ਅਨੁਸਾਰ ਚਲਾਉਣ ਬਾਰੇ ਫ਼ੈਸਲਾ ਹੋਇਆ ਸੀ ਪਰ ਉਮੀਦਵਾਰਾਂ ਦੀ ਲਿਸਟ ਜਾਰੀ ਕਰਨ ਵੇਲੇ ਪਾਰਟੀ ਸਿਧਾਂਤਾਂ ਅਨੁਕੂਲ ਫ਼ੈਸਲਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਪੰਥ ਤੇ ਪੰਜਾਬ ਦੀ ਮਜ਼ਬੂਤੀ ਲਈ ਯਤਨ ਜਾਰੀ ਰੱਖਿਆ ਜਾਵੇਗਾ।

### ਕਿਸੇ ਤੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ: ਪਰਮਿੰਦਰ

**ਸੰਗਰੂਰ:** ਅਕਾਲੀ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਸੰਬੋਧਨ ਕਰਦਿਆਂ ਕਿਹਾ, "ਉਮੀਦਵਾਰ ਦਾ ਫ਼ੈਸਲਾ ਲੈਣ ਵਾਲਿਆਂ ਨੂੰ ਫ਼ੈਸਲਾ ਮੁਬਾਰਕ। ਅਸੀਂ ਹਮੇਸ਼ਾ ਪੰਥ ਦੀ ਚੜ੍ਹਦੀ ਕਲਾ ਲਈ ਕਾਮਨਾ ਕੀਤੀ ਹੈ ਤੇ ਕਰਦੇ ਰਹਾਂਗੇ। ਸਾਨੂੰ ਕਿਸੇ ਤੋਂ ਪੰਥ ਪ੍ਰਸਤੀ ਦਾ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਅਤੇ ਨਾ ਹੀ ਅਕਾਲੀ ਹੋਣ ਦਾ ਕੋਈ ਸਬੂਤ ਦੇਣ ਦੀ ਲੋੜ ਹੈ।" ਉਨ੍ਹਾਂ ਕਿਹਾ ਕਿ ਵਰਕਰਾਂ ਨੇ ਆਖ ਦਿੱਤਾ ਹੈ ਕਿ ਉਹ ਅਕਾਲੀ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਦੇ ਨਾਲ ਨਹੀਂ ਚੱਲਣਗੇ, ਵਿਰੋਧ ਨਹੀਂ ਕਰਨਗੇ ਅਤੇ ਘਰ ਬੈਠ ਜਾਣਗੇ।

# ਪੰਜਾਬ ਵਿਰੋਧੀ ਨੀਤੀਆਂ ਕਾਰਨ ਭਾਜਪਾ ਦਾ ਸਾਥ ਛੱਡਿਆ: ਅਕਾਲੀ ਦਲ

**ਬਟਾਲਾ:** ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਕੇਂਦਰ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਕਾਰਨ ਹੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਵਿਚ ਭਾਜਪਾ ਨਾਲ ਗੱਠਜੋੜ ਨਹੀਂ ਕੀਤਾ।

ਉਨ੍ਹਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਪਾਰਟੀ ਆਪਣੇ ਸਿਧਾਂਤਾਂ ਤੋਂ ਪਿੱਛੇ ਨਹੀਂ ਹਟ ਸਕਦੀ। ਡਾ. ਚੀਮਾ ਪਾਰਟੀ ਦੇ ਹਲਕਾ ਕਾਦੀਆਂ ਤੋਂ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਵੱਲੋਂ ਰੱਖੀ ਇਕ ਚੋਣ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਚੀਮਾ ਨੇ ਆਖਿਆ ਕਿ ਲੋਕ ਸਭਾ ਚੋਣਾਂ ਲਈ ਭਾਜਪਾ ਨਾਲ ਗੱਠਜੋੜ ਕਰਨ ਤੋਂ ਪਹਿਲਾਂ ਪਾਰਟੀ ਨੇ ਕਿਸਾਨਾਂ ਲਈ ਸਵਾਮੀਨਾਥਨ ਰਿਪੋਰਟ ਲਾਗੂ ਕਰ ਕੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਾਰੰਟੀ ਦੇਣ, ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ ਵਿਚ ਸਰਕਾਰੀ ਦਖ਼ਲਅੰਦਾਜ਼ੀ ਬੰਦ ਕਰਨ, ਸਾਲ 2019 'ਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੀਤੇ ਐਲਾਨ ਮੁਤਾਬਕ ਸਜ਼ਾਵਾਂ ਪੂਰੀਆਂ ਕਰਨ ਚੁੱਕੇ ਸਿਆਸੀ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦੇ ਮੁੱਦੇ ਉਠਾਏ ਸਨ ਪਰ ਇਨ੍ਹਾਂ ਸਾਰੇ ਮੁੱਦਿਆਂ 'ਤੇ ਭਾਜਪਾ ਲੀਡਰਸ਼ਿਪ ਨੇ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਆਖਿਆ ਕਿ ਅਕਾਲੀ ਦਲ ਪੰਜਾਬ ਦੀ ਖੇਤਰੀ ਅਤੇ ਪੰਥਕ ਪਾਰਟੀ ਹੋਣ ਕਾਰਨ ਸਿਆਸੀ ਹਿੱਤਾਂ ਪਿੱਛੇ ਆਪਣੇ ਸਿਧਾਂਤ ਨਹੀਂ ਛੱਡ ਸਕਦੀ।



# ਜਲੰਧਰ 'ਚ ਸੁਖਬੀਰ ਨੇ ਵਰਕਰਾਂ ਦੀ ਨਬਜ਼ ਟੋਹੀ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਲੰਧਰ ਲੋਕ ਸਭਾ ਹਲਕੇ ਦੇ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕਰ ਕੇ ਉਨ੍ਹਾਂ ਦੀ ਨਬਜ਼ ਟੋਹੀ ਹੈ। ਸਥਾਨਕ ਆਗੂਆਂ ਨੇ ਮੀਟਿੰਗ ਦੌਰਾਨ ਇੱਕਸੁਰ ਹੁੰਦਿਆਂ ਕਿਹਾ ਕਿ ਦੋਆਬੇ ਵਿਚ ਬਾਹਰੋਂ ਉਮੀਦਵਾਰ ਲਿਆਉਣ ਦੀ ਥਾਂ ਪਾਰਟੀ ਦੇ ਅੰਦਰੋਂ ਹੀ ਉਮੀਦਵਾਰ ਬਣਾਇਆ ਜਾਵੇ।

ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਪਾਰਟੀ ਅੰਦਰ ਮੁੜ ਜਾਨ ਪੈਣ ਦੀਆਂ ਸੰਭਾਵਨਾਵਾਂ ਵੱਧ ਜਾਣਗੀਆਂ, ਉਥੇ ਪਾਰਟੀ ਪੱਕੇ ਪੈਰੀਂ ਹੋਣ ਵੱਲ ਵੀ ਵਧੇਗੀ। ਜ਼ਿਕਰਯੋਗ ਹੈ ਸਾਬਕਾ ਕਾਂਗਰਸੀ ਸੰਸਦ ਮੈਂਬਰ ਮਹਿੰਦਰ ਸਿੰਘ ਕੇਪੀ ਤੇ ਭਾਜਪਾ ਆਗੂ ਵਿਜੈ ਸਾਂਪਲਾ ਨੇ ਬੀਤੇ ਦਿਨੀਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨਾਲ ਵੱਖ-ਵੱਖ ਥਾਵਾਂ 'ਤੇ ਮੁਲਾਕਾਤਾਂ ਕੀਤੀਆਂ ਸਨ। ਇਨ੍ਹਾਂ ਮੀਟਿੰਗਾਂ ਤੋਂ ਬਾਅਦ ਹੀ ਜਲੰਧਰ ਵਿਚ ਪਾਰਟੀ ਵਰਕਰਾਂ ਨਾਲ ਮੀਟਿੰਗ ਹੋਈ ਸੀ ਹਾਲਾਂਕਿ ਸੁਖਬੀਰ ਬਾਦਲ ਨੇ ਇਸ ਸੁਝਾਅ 'ਤੇ ਆਪਣੀ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।

ਅਕਾਲੀ ਆਗੂਆਂ ਨੇ ਖ਼ੁਲਾਸਾ ਕੀਤਾ ਕਿ ਉਨ੍ਹਾਂ ਤੋਂ ਉਮੀਦਵਾਰਾਂ ਬਾਰੇ ਕੋਈ ਸੁਝਾਅ ਨਹੀਂ ਮੰਗਿਆ ਗਿਆ ਅਤੇ ਅਜਿਹਾ ਲੱਗਦਾ ਹੈ ਕਿ ਸੁਖਬੀਰ ਬਾਦਲ ਵੀ ਵੱਡੇ ਬਾਦਲ ਵਾਂਗ ਬਹੁਤ ਸਾਰੀਆਂ ਗੱਲਾਂ ਆਪਣੇ ਅੰਦਰ ਹੀ ਰੱਖਣ ਦੇ ਯਤਨਾਂ 'ਚ ਲੱਗੇ ਹੋਏ ਹਨ। ਇਸ ਤੋਂ ਬਾਅਦ ਜਦੋਂ ਪੱਤਰਕਾਰਾਂ ਨੇ ਉਨ੍ਹਾਂ ਤੋਂ ਦੋ ਵਾਰ ਅਕਾਲੀ ਦਲ ਦੇ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ ਦੇ 'ਆਪ' ਵਿਚ ਸ਼ਾਮਲ ਹੋਣ ਤੇ ਉਮੀਦਵਾਰ ਬਣਾਉਣ ਬਾਰੇ ਪੁੱਛਿਆ ਤਾਂ ਸੁਖਬੀਰ ਨੇ ਕਿਹਾ ਕਿ ਟੀਨੂੰ ਦੇ ਪਾਰਟੀ ਛੱਡਣ ਤੋਂ ਸਾਰੇ ਵਰਕਰ ਤੇ ਆਗੂ ਖੁਸ਼ ਹਨ।



# 13 ਲੱਖ ਟਿਊਬਵੈੱਲ ਕੁਨੈਕਸ਼ਨ ਬਾਦਲ ਸਰਕਾਰ ਵੇਲੇ ਮਿਲੇ: ਸ਼ਰਮਾ

**ਘਨੌਰ:** ਪਟਿਆਲਾ ਲੋਕ ਸਭਾ ਹਲਕੇ ਤੋਂ ਅਕਾਲੀ ਉਮੀਦਵਾਰ ਐਨ.ਕੇ. ਸ਼ਰਮਾ ਨੇ ਕਿਹਾ ਕਿ ਦੇਸ਼ ਵਿਚ ਸਿਰਫ਼ ਪ੍ਰਕਾਸ਼ ਸਿੰਘ ਬਾਦਲ, ਚੌਧਰੀ ਦੇਵੀ ਲਾਲ ਅਤੇ ਚਰਨ ਸਿੰਘ ਹੀ ਕਿਸਾਨ ਹਿਤੈਸ਼ੀ ਆਗੂ ਰਹੇ ਹਨ। ਪੰਜਾਬ ਵਿਚ ਚੱਲਦੇ 14 ਲੱਖ ਟਿਊਬਵੈੱਲ ਕੁਨੈਕਸ਼ਨਾਂ ਵਿਚੋਂ 13 ਲੱਖ ਕੁਨੈਕਸ਼ਨ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀਆਂ ਸਰਕਾਰਾਂ ਵੇਲੇ ਹੀ ਦਿੱਤੇ ਗਏ। ਉਨ੍ਹਾਂ 'ਆਪ' ਅਤੇ ਕਾਂਗਰਸ ਦੇ ਉਮੀਦਵਾਰਾਂ ਨੂੰ ਸਵਾਲ ਕੀਤਾ ਕਿ ਉਨ੍ਹਾਂ ਦੀਆਂ ਸਰਕਾਰਾਂ ਨੇ ਅੱਠ ਸਾਲ ਵਿਚ ਪਟਿਆਲਾ ਲੋਕ ਸਭਾ ਹਲਕੇ ਵਿਚ ਕਿੰਨੇ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਦਿੱਤੇ ਹਨ? ਐਨ.ਕੇ. ਸ਼ਰਮਾ ਘਨੌਰ ਦੇ ਹਲਕਾ ਇੰਚਾਰਜ ਭੁਪਿੰਦਰ ਸਿੰਘ ਸ਼ੇਖੂਪੁਰਾ ਵੱਲੋਂ ਆਪਣੇ ਪਿੰਡ ਸ਼ੇਖੂਪੁਰਾ ਵਿਚ ਕਰਵਾਏ ਗਏ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਅਕਾਲੀ ਉਮੀਦਵਾਰ ਨੇ ਪਟਿਆਲਾ ਲੋਕ ਸਭਾ ਅਧੀਨ ਆਉਂਦੇ ਕਈ ਵਿਧਾਨ ਸਭਾ ਹਲਕਿਆਂ 'ਤੇ ਪੈਂਦੀ ਹੜ੍ਹਾਂ ਦੀ ਮਾਰ ਦੇ ਮੁੱਦੇ ਪ੍ਰਨੀਤ ਕੌਰ ਤੇ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਿਆ। ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਉਨ੍ਹਾਂ ਨੂੰ ਇਸ ਵਾਰ ਮੌਕਾ ਮਿਲਿਆ ਤਾਂ ਉਹ ਹਲਕਾ ਵਾਸੀਆਂ ਨੂੰ ਘੱਗਰ ਦੀ ਇਸ ਮਾਰ ਤੋਂ ਬਚਾਉਣ ਦਾ ਬੀੜਾ ਵੀ ਚੁੱਕਣਗੇ।

# ਬਹੁਜਨ ਸਮਾਜ ਪਾਰਟੀ ਨੇ ਫਰੀਦਕੋਟ ਅਤੇ ਗੁਰਦਾਸਪੁਰ ਤੋਂ ਉਮੀਦਵਾਰ ਐਲਾਨੇ

**ਫਰੀਦਕੋਟ:** ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਲੋਕ ਸਭਾ ਚੋਣਾਂ ਲਈ ਹਲਕਾ ਫ਼ਰੀਦਕੋਟ ਤੋਂ ਗੁਰਬਖਸ਼ ਸਿੰਘ ਚੌਹਾਨ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਉਹ ਪਹਿਲੇ ਉਮੀਦਵਾਰ ਹਨ ਜੋ ਫ਼ਰੀਦਕੋਟ ਦੇ ਰਹਿਣ ਵਾਲੇ ਹਨ। ਸ੍ਰੀ ਚੌਹਾਨ ਇਸ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਲੜ ਚੁੱਕੇ ਹਨ।

ਉਨ੍ਹਾਂ ਪਿਛਲੇ ਇਕ ਮਹੀਨੇ ਤੋਂ ਆਪਣਾ ਚੋਣ ਪ੍ਰਚਾਰ ਸ਼ੁਰੂ ਕੀਤਾ ਹੋਇਆ ਸੀ। ਸਾਰੀਆਂ ਸਿਆਸੀ ਪਾਰਟੀਆਂ ਬਾਹਰਲੇ ਉਮੀਦਵਾਰ ਫ਼ਰੀਦਕੋਟ ਤੋਂ ਖੜ੍ਹੇ ਕਰਨ ਦਾ ਚੋਣ ਮੁੱਦਾ ਭਖਾ ਰਹੀਆਂ ਹਨ ਪਰ ਬਸਪਾ ਨੇ ਫ਼ਰੀਦਕੋਟ ਦੇ ਵਸਨੀਕ ਨੂੰ ਉਮੀਦਵਾਰ ਬਣਾ ਕੇ ਵਿਰੋਧੀ ਪਾਰਟੀਆਂ ਲਈ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ।

ਗੁਰਬਖਸ਼ ਸਿੰਘ ਚੌਹਾਨ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੇ ਆਗੂ ਤੇ ਵਰਕਰ ਹੁਣ ਤੱਕ ਲੋਕ ਸਭਾ ਹਲਕੇ ਦੇ 9 ਹਲਕਿਆਂ ਵਿਚ ਚੋਣ ਰੈਲੀਆਂ ਅਤੇ ਮੀਟਿੰਗਾਂ ਕਰ ਚੁੱਕੇ ਹਨ। ਬਹੁਜਨ ਸਮਾਜ ਪਾਰਟੀ ਦਾ ਹਲਕੇ ਵਿਚ ਵੱਡਾ ਆਧਾਰ ਹੈ ਅਤੇ ਉਹ ਇਹ ਚੋਣ ਜਿੱਤ ਕੇ ਦਲਿਤਾਂ ਦੀ ਆਵਾਜ਼ ਨੂੰ ਸੰਸਦ ਵਿਚ ਉਠਾਉਣਗੇ।

ਬਹੁਜਨ ਸਮਾਜ ਪਾਰਟੀ ਨੇ ਗੁਰਦਾਸਪੁਰ ਤੋਂ ਇੰਜ. ਰਾਜ ਕੁਮਾਰ ਮਜੋਤਰਾ ਨੂੰ ਉਮੀਦਵਾਰ ਐਲਾਨਿਆ ਹੈ। ਪੰਜਾਬ ਬਸਪਾ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਪਾਰਟੀ ਨੇ ਹੁਣ ਤੱਕ ਸੱਤ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਤੇ ਬਾਕੀ ਛੇ ਉਮੀਦਵਾਰਾਂ ਦਾ ਐਲਾਨ ਵੀ ਜਲਦ ਹੀ ਕੀਤਾ ਜਾਵੇਗਾ।

ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਗੁਰਦਾਸਪੁਰ ਤੋਂ ਇੰਜੀਨੀਅਰ ਰਾਜ ਕੁਮਾਰ ਜਨੋਤਾਰਾ ਉਮੀਦਵਾਰ ਬਣਾਏ ਗਏ ਹਨ। ਇੰਜੀਨੀਅਰ ਮਜੋਤਰਾ ਮਹਾਸ਼ਾ ਭਾਈਚਾਰੇ ਤੋਂ ਅਤੇ ਆਲ ਇੰਡੀਆ ਮਹਾਸ਼ਾ ਏਕਤਾ ਮੰਚ ਦੇ ਪ੍ਰਧਾਨ ਵੀ ਹਨ।

ਸ੍ਰੀ ਗੜ੍ਹੀ ਨੇ ਦੱਸਿਆ ਕਿ ਬਸਪਾ ਦੇ ਬਾਨੀ ਪ੍ਰਧਾਨ ਬਾਬੂ ਕਾਂਸ਼ੀ ਰਾਮ ਜੀ ਵੇਲੇ 1985, 1989, 1992 ਅਤੇ 1996 ਦੀਆਂ ਲੋਕ ਸਭਾ ਚੋਣ ਵਿੱਚ ਮਹਾਸ਼ਾ ਭਾਈਚਾਰੇ ਦੇ ਧਰਮ ਚੰਦ ਨੂੰ ਗੁਰਦਾਸਪੁਰ ਹਲਕੇ ਤੋਂ ਚਾਰ ਵਾਰ ਚੋਣ ਲੜਾਈ ਸੀ ਅਤੇ ਹੁਣ 30 ਸਾਲਾਂ ਦੇ ਲੰਮੇ ਅਰਸੇ ਬਾਅਦ ਬਸਪਾ ਨੇ ਮੁੜ ਤੋਂ ਮਹਾਸ਼ਾ ਭਾਈਚਾਰੇ ਨੂੰ ਪੂਰੇ ਪੰਜਾਬ ਵਿਚ ਲਾਮਬੰਦੀ ਕਰਨ ਦੇ ਲਈ ਗੁਰਦਾਸਪੁਰ ਤੋਂ ਟਿਕਟ ਦਿੱਤੀ ਹੈ।

# ਅੰਮ੍ਰਿਤਸਰ ਹਲਕਾ ਅਕਾਲੀ ਦਲ ਲਈ ਵੱਡੀ ਚੁਣੌਤੀ ਬਣਿਆ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਇਸ ਵਾਰ ਪਹਿਲੀ ਵਾਰ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਆਪਣੇ ਬਲਬੂਤੇ 'ਤੇ ਚੋਣ ਲੜ ਰਿਹਾ ਹੈ। ਪਾਰਟੀ ਨੇ ਧਰਮ ਨਿਰਪੱਖਤਾ ਨੂੰ ਆਧਾਰ ਬਣਾਉਂਦੇ ਹੋਏ ਇਕ ਹਿੰਦੂ ਚਿਹਰੇ ਅਨਿਲ ਜੋਸ਼ੀ ਨੂੰ ਇਸ ਹਲਕੇ ਤੋਂ ਮੈਦਾਨ ਵਿਚ ਉਤਾਰਿਆ ਹੈ।

ਲੋਕ ਸਭਾ ਚੋਣਾਂ ਦੇ ਇਤਿਹਾਸ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਨੇ ਇਕੱਲਿਆਂ ਕਦੇ ਵੀ ਇਸ ਹਲਕੇ ਵਿਚ ਜਿੱਤ ਪ੍ਰਾਪਤ ਨਹੀਂ ਕੀਤੀ। ਸਾਲ 1996 ਵਿਚ ਅਕਾਲੀ-ਭਾਜਪਾ ਗੱਠਜੋੜ ਬਣਨ ਤੋਂ ਬਾਅਦ ਅੰਮ੍ਰਿਤਸਰ ਲੋਕ ਸਭਾ ਹਲਕੇ ਦੀ ਸੀਟ ਹਮੇਸ਼ਾ ਹੀ ਭਾਜਪਾ ਦੇ ਖਾਤੇ ਵਿਚ ਆਈ ਹੈ। ਲਗਭਗ ਤਿੰਨ ਦਹਾਕੇ ਮਗਰੋਂ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਇਕੱਲਿਆਂ ਲੋਕ ਸਭਾ ਚੋਣ ਲੜ ਰਿਹਾ ਹੈ।



ਅੰਮ੍ਰਿਤਸਰ ਲੋਕ ਸਭਾ ਹਲਕਾ ਵਧੇਰੇ ਸ਼ਹਿਰੀ ਵੋਟਰਾਂ ਵਾਲਾ ਹੈ, ਜਿਸ ਵਿਚ ਪੰਜ ਵਿਧਾਨ ਸਭਾ ਹਲਕੇ ਸ਼ਹਿਰੀ ਅਤੇ ਚਾਰ ਹਲਕੇ ਦਿਹਾਤੀ ਹਨ। ਸ਼੍ਰੋਮਣੀ ਅਕਾਲੀ ਦਲ ਨੇ ਸ਼ਹਿਰੀ ਖੇਤਰ ਵਿਚ ਕਦੇ ਵੀ ਆਪਣਾ ਆਧਾਰ ਮਜ਼ਬੂਤ ਕਰਨ ਦਾ ਵੱਡਾ ਯਤਨ ਵੀ ਨਹੀਂ ਕੀਤਾ, ਜਿਸ ਕਰ ਕੇ ਇਹ ਮਾਮਲਾ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਲਈ ਇਕ ਵੱਡੀ ਚੁਣੌਤੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਉਮੀਦਵਾਰ ਬਣਾਏ ਗਏ ਅਨਿਲ ਜੋਸ਼ੀ ਪਹਿਲਾਂ ਭਾਜਪਾ ਵਿਚ ਸਨ ਅਤੇ ਕਿਸਾਨ ਅੰਦੋਲਨ ਵੇਲੇ ਕਿਸਾਨਾਂ ਦੇ ਹੱਕ ਵਿਚ ਨਿੱਤਰਦਿਆਂ ਭਾਜਪਾ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਉਹ ਅਕਾਲੀ-ਭਾਜਪਾ ਸਰਕਾਰ ਵੇਲੇ ਦੋ ਵਾਰ ਕੈਬਨਿਟ ਮੰਤਰੀ ਰਹਿ ਚੁੱਕੇ ਹਨ।

ਅੰਮ੍ਰਿਤਸਰ ਲੋਕ ਸਭਾ ਹਲਕੇ ਦੇ ਇਤਿਹਾਸ ਉਤੇ ਜੇਕਰ ਝਾਤ ਮਾਰੀ ਜਾਵੇ ਤਾਂ ਸਾਲ 1952 ਤੋਂ ਲੈ ਕੇ 2019 ਤੱਕ 20 ਵਾਰ ਚੋਣਾਂ ਅਤੇ ਉਪ ਚੋਣਾਂ ਹੋਈਆਂ ਹਨ, ਜਿਸ ਵਿਚ 13 ਵਾਰ ਕਾਂਗਰਸ ਨੇ ਜਿੱਤ ਪ੍ਰਾਪਤ ਕੀਤੀ ਅਤੇ ਛੇ ਵਾਰ ਭਾਜਪਾ ਉਮੀਦਵਾਰ ਜਿੱਤਿਆ ਹੈ। ਜਦੋਂ ਕਿ ਇਕ ਵਾਰ ਆਜ਼ਾਦ ਉਮੀਦਵਾਰ ਨੇ ਜਿੱਤ ਪ੍ਰਾਪਤ ਕੀਤੀ। 100 ਸਾਲ ਪੁਰਾਣੇ ਸ਼੍ਰੋਮਣੀ ਅਕਾਲੀ ਦਲ ਲਈ ਇਸ ਹਲਕੇ ਵਿਚ ਇਕੱਲਿਆਂ ਚੋਣ ਲੜਨਾ ਅਤੇ ਜਿੱਤ ਪ੍ਰਾਪਤ ਕਰਨਾ ਇੱਕ ਵੱਡੀ ਚੁਣੌਤੀ ਅਤੇ ਇਤਿਹਾਸ ਰਚਣ ਬਰਾਬਰ ਹੋਵੇਗਾ।

### ਪਾਰਟੀ ਨੇ ਧਰਮ ਨਿਰਪੱਖਤਾ ਦਾ ਮੁੱਢ ਬੰਨ੍ਹਿਆ: ਜੋਸ਼ੀ

**ਅੰਮ੍ਰਿਤਸਰ:** ਅਨਿਲ ਜੋਸ਼ੀ ਨੇ ਕਿਹਾ ਕਿ ਪਾਰਟੀ ਨੇ ਹਿੰਦੂ ਆਗੂ ਨੂੰ ਟਿਕਟ ਦੇ ਕੇ ਧਰਮ ਨਿਰਪੱਖਤਾ ਦਾ ਮੁੱਢ ਬੰਨ੍ਹਿਆ ਹੈ। ਉਹ ਅੰਮ੍ਰਿਤਸਰ ਨੂੰ ਆਈ.ਟੀ. ਹੱਬ ਬਣਾਉਣਾ ਚਾਹੁੰਦੇ ਹਨ, ਅਕਾਲੀ-ਭਾਜਪਾ ਸਰਕਾਰ ਵਿਚ ਹੁੰਦਿਆਂ ਵੀ ਉਨ੍ਹਾਂ ਇਸ ਬਾਰੇ ਯਤਨ ਕੀਤਾ ਸੀ ਅਤੇ ਕਈ ਵੱਡੀਆਂ ਪਾਰਟੀਆਂ ਨਾਲ ਗੱਲਬਾਤ ਵੀ ਕੀਤੀ ਸੀ। ਸਿਹਤ ਸੰਭਾਲ ਦੇ ਖੇਤਰ ਵਿਚ ਉਹ ਟਾਟਾ ਮੈਮੋਰੀਅਲ ਵਰਗੇ ਹੋਰ ਵੱਡੇ ਹਸਪਤਾਲਾਂ ਨੂੰ ਇੱਥੇ ਲਿਆਉਣ ਦੇ ਇੱਛੁਕ ਹਨ। ਉਹ ਅੰਮ੍ਰਿਤਸਰ ਵਿਚ ਵੱਡਾ ਕੌਮਾਂਤਰੀ ਕ੍ਰਿਕਟ ਸਟੇਡੀਅਮ ਬਣਾਉਣਾ ਚਾਹੁੰਦੇ ਹਨ।

# ਪਿੰਡਾਂ ਵਿਚ ਘੇਰਾਬੰਦੀ ਨੇ ਸਿਆਸੀ ਆਗੂਆਂ ਦੀ ਨੀਂਦ ਉਡਾਈ

**ਚੰਡੀਗੜ੍ਹ:** ਕਿਸਾਨ ਜਥੇਬੰਦੀਆਂ ਵੱਲੋਂ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਤੇ ਲੀਡਰਾਂ ਨੂੰ ਘੇਰ ਕੇ ਆਪਣੀਆਂ ਮੰਗਾਂ ਸਬੰਧੀ ਸਵਾਲ ਕੀਤੇ ਜਾ ਰਹੇ ਹਨ। ਕਿਸਾਨਾਂ ਦੇ ਇਸ ਤਿੱਖੇ ਵਿਰੋਧ ਨੇ ਲੀਡਰਾਂ ਦੀ ਨੀਂਦ ਉਡਾ ਦਿੱਤੀ ਤੇ ਉਹ ਕਿਸਾਨਾਂ ਦੇ ਡਰ ਤੋਂ ਹੁਣ ਪੁਲਿਸ ਦਾ ਸਹਾਰਾ ਲੈਣ ਲਈ ਮਜਬੂਰ ਹਨ। ਦੂਜੇ ਪਾਸੇ ਪੁਲਿਸ ਲਈ ਇਨ੍ਹਾਂ ਲੀਡਰਾਂ ਦੇ ਦੌਰੇ ਕਿਸੇ ਬਿਪਤਾ ਤੋਂ ਘੱਟ ਨਹੀਂ ਹਨ।

ਸੰਯੁਕਤ ਕਿਸਾਨ ਮੋਰਚੇ ਨੇ ਭਾਜਪਾ ਉਮੀਦਵਾਰਾਂ ਤੇ ਆਗੂਆਂ ਨੂੰ ਪਿੰਡਾਂ 'ਚ ਦਾਖ਼ਲ ਨਾ ਹੋਣ ਦੇਣ ਦਾ ਐਲਾਨ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਹੋਰਨਾਂ ਸਿਆਸੀ ਧਿਰਾਂ ਨੂੰ ਵੀ ਜਨਤਕ ਮੁੱਦਿਆਂ 'ਤੇ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਗਈ ਹੈ। ਇਸੇ ਕਰ ਕੇ ਜਦੋਂ ਕੋਈ ਉਮੀਦਵਾਰ ਤੇ ਆਗੂ ਚੋਣ ਪ੍ਰਚਾਰ ਲਈ ਪਹੁੰਚਦਾ ਹੈ ਤਾਂ ਉਨ੍ਹਾਂ ਦੀ ਸੁਰੱਖਿਆ ਪੱਖੋਂ ਟੇਕ ਪੁਲਿਸ 'ਤੇ ਹੁੰਦੀ ਹੈ ਅਤੇ ਪੁਲਿਸ ਲਈ ਦੌਰੇ ਤੋਂ ਕਈ ਘੰਟੇ ਪਹਿਲਾਂ ਤੋਂ ਲੈ ਕੇ ਵਾਪਸ ਜਾਣ ਤੱਕ ਸਥਿਤੀ ਬੇਹੱਦ ਔਖੀ ਹੋਈ ਰਹਿੰਦੀ ਹੈ। ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਅਤੇ ਲੁਧਿਆਣਾ ਤੋਂ ਲੋਕ ਸਭਾ ਲਈ ਉਮੀਦਵਾਰ ਰਵਨੀਤ ਬਿੱਟੂ ਜਦੋਂ ਜਗਰਾਉਂ ਆਏ ਤਾਂ ਉਨ੍ਹਾਂ ਦੀ ਵਾਪਸੀ ਤੱਕ ਪੁਲਿਸ ਦੇ ਹੱਥ-ਪੈਰ ਫੁੱਲੇ ਰਹੇ।

ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਦਾ ਮਜੀਠਾ ਵਿਚ ਪਹੁੰਚਣ 'ਤੇ ਕਿਸਾਨਾਂ ਵੱਲੋਂ ਕਾਲੀਆਂ ਝੰਡੀਆਂ ਲੈ ਕੇ ਵਿਰੋਧ ਕੀਤਾ ਗਿਆ। ਭਾਜਪਾ ਉਮੀਦਵਾਰ ਵੱਲੋਂ ਮਜੀਠਾ ਕਸਬੇ ਦੇ ਬਾਹਰ ਇਕ



ਪੈਲੇਸ ਵਿਚ ਚੋਣ ਮੀਟਿੰਗ ਰੱਖੀ ਗਈ ਸੀ, ਜਿਸ ਦੇ ਮੱਦੇਨਜ਼ਰ ਵੱਡੀ ਗਿਣਤੀ ਕਿਸਾਨ ਉਥੇ ਪਹੁੰਚ ਗਏ। ਮੀਟਿੰਗ ਵਾਲੀ ਥਾਂ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਭਾਜਪਾ ਉਮੀਦਵਾਰ ਕਿਸਾਨਾਂ ਦਾ ਰੋਹ ਵੇਖ ਬਚ ਕੇ ਨਿਕਲ ਗਏ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੀਨੀਅਰ ਆਗੂ ਸਰਵਣ ਸਿੰਘ ਪੰਧੇਰ ਅਤੇ ਜ਼ਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ, ਬੀਕੇਯੂ ਏਕਤਾ ਉਗਰਾਹਾਂ ਦੇ ਆਗੂ ਪਰਮਿੰਦਰ ਸਿੰਘ ਪੰਡੋਰੀ ਨੇ ਕਿਹਾ ਕਿ ਜੇ ਕੋਈ ਨੁਮਾਇੰਦਾ ਵੋਟ ਮਿਲਣ ਤੋਂ ਪਹਿਲਾਂ ਹੀ ਲੋਕਾਂ ਦੇ ਸਵਾਲ ਪੁੱਛਣਾ ਵਾਜਬ ਨਹੀਂ ਸਮਝ ਰਿਹਾ ਤਾਂ ਐਮ.ਪੀ. ਬਣ ਕੇ ਲੋਕ ਹੱਕਾਂ ਦੀ ਗੱਲ ਕਿਵੇਂ ਸੁਣੇਗਾ। ਕਿਸਾਨ ਆਗੂਆਂ ਨੇ ਆਖਿਆ ਕਿ ਪੁਲਿਸ ਵੱਲੋਂ ਰੋਕੇ ਜਾਣ ਤੋਂ ਬਾਅਦ ਕਿਸਾਨਾਂ ਵੱਲੋਂ ਮਜੀਠਾ ਫਤਿਹਗੜ੍ਹ ਚੂੜੀਆਂ ਸੜਕ 'ਤੇ ਬੈਠ ਕੇ ਧਰਨਾ ਦਿੱਤਾ ਗਿਆ।

ਇਸ ਦੌਰਾਨ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਮਨਜੀਤ ਸਿੰਘ ਮੰਨਾ ਨੂੰ ਵੀ ਸਵਾਲ ਪੁੱਛਣ ਵਾਸਤੇ ਕਿਸਾਨਾਂ ਦਾ ਜੱਥਾ ਪੁੱਜਿਆ। ਕਿਸਾਨ ਆਗੂ ਰਣਜੀਤ ਸਿੰਘ ਕਲੇਰ ਦੀ ਅਗਵਾਈ ਹੇਠ ਕਿਸਾਨ ਉਥੇ ਪੁੱਜੇ ਤਾਂ ਭਾਜਪਾ ਉਮੀਦਵਾਰ ਵੱਲੋਂ ਪ੍ਰੋਗਰਾਮ ਹੀ ਰੱਦ ਕਰ ਦਿੱਤਾ ਗਿਆ।

ਪਠਾਨਕੋਟ ਦੇ ਪਿੰਡ ਤਰਗੜ੍ਹ ਵਿਚ ਚੋਣ ਪ੍ਰਚਾਰ ਕਰਨ ਲਈ ਪੁੱਜੇ ਗੁਰਦਾਸਪੁਰ ਹਲਕੇ ਤੋਂ ਭਾਜਪਾ ਉਮੀਦਵਾਰ ਦਿਨੇਸ਼ ਸਿੰਘ ਬੱਬੂ ਦਾ ਕਿਸਾਨ ਜਥੇਬੰਦੀਆਂ ਨੇ ਵਿਰੋਧ ਕੀਤਾ। ਭਾਜਪਾ ਆਗੂਆਂ ਅਤੇ ਕਿਸਾਨ ਆਗੂਆਂ ਵਿਚਕਾਰ ਹੋਣ ਵਾਲੇ ਟਕਰਾਅ ਨੂੰ ਵੀ ਪੁਲਿਸ ਨੇ ਬੜੀ ਮੁਸ਼ੱਕਤ ਨਾਲ ਰੋਕਿਆ।

ਬਠਿੰਡਾ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਪਰਮਪਾਲ ਕੌਰ ਮਲੂਕਾ ਦਾ ਮਾਨਸਾ ਸ਼ਹਿਰ ਵਿਚ ਕਈ ਥਾਵਾਂ 'ਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਘਿਰਾਓ ਕੀਤਾ ਗਿਆ। ਪੁਲਿਸ ਦੇ ਸਖ਼ਤ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਕਿਸਾਨ ਭਾਜਪਾ ਉਮੀਦਵਾਰ ਅਤੇ ਹੋਰ ਆਗੂਆਂ ਦਾ ਘਿਰਾਓ ਕਰਨ ਵਿਚ ਸਫ਼ਲ ਰਹੇ। ਕਿਸਾਨਾਂ ਨੇ ਭਾਜਪਾ ਦੇ ਜ਼ਿਲ੍ਹਾ ਪੱਧਰੀ ਦਫ਼ਤਰ ਮੂਹਰੇ ਧਰਨਾ ਲਾ ਕੇ ਲੰਬਾ ਸਮਾਂ ਪਾਰਟੀ ਉਮੀਦਵਾਰ ਨੂੰ ਅੰਦਰ ਤਾੜੀ ਰੱਖਿਆ। ਬਾਅਦ ਵਿਚ ਦਫ਼ਤਰ ਦੇ ਪਿਛਲੇ ਪਾਸੇ ਦੀ ਚੋਰ ਮੋਰੀ ਰਾਹੀਂ ਪੁਲਿਸ ਦੇ ਅਧਿਕਾਰੀ ਭਾਜਪਾ ਆਗੂਆਂ ਨੂੰ ਕੱਢਣ ਵਿਚ ਸਫ਼ਲ ਰਹੇ।

ਅਨਾਜ ਮੰਡੀ ਨੇੜੇ ਭਾਜਪਾ ਵੱਲੋਂ ਬਣਾਏ ਜ਼ਿਲ੍ਹਾ ਪੱਧਰੀ ਦਫ਼ਤਰ ਵਿਚ ਜਿਉਂ ਹੀ ਪਰਮਪਾਲ ਕੌਰ ਦੇ ਪਹੁੰਚਣ ਦਾ ਜਿਉਂ ਹੀ ਯੂਨੀਅਨ ਆਗੂਆਂ ਨੂੰ ਪਤਾ ਚੱਲਿਆ ਤਾਂ ਉਹ ਵੱਡੀ ਗਿਣਤੀ ਵਿਚ ਆਪਣੇ ਵਰਕਰਾਂ ਨੂੰ ਲੈ ਕੇ ਉਥੇ ਪੁੱਜੇ ਗਏ ਅਤੇ ਪੁਲਿਸ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਕਿਸਾਨਾਂ ਦੀ ਵੱਡੀ ਗਿਣਤੀ ਵੇਖ ਕੇ ਪੁਲਿਸ ਨੇ ਹੋਰ ਫੋਰਸ ਮੰਗਵਾਈ ਪਰ ਉਹ ਕਿਸਾਨਾਂ ਦੇ ਘਿਰਾਓ ਨੂੰ ਟਾਲਣ ਵਿੱਚ ਕਾਮਯਾਬ ਨਹੀਂ ਹੋ ਸਕੇ।

## ਪੰਜਾਬ ਭਾਜਪਾ ਵੱਲੋਂ ਚੋਣ ਕਮਿਸ਼ਨ ਕੋਲ ਪੁਲਿਸ ਦੀ ਸ਼ਿਕਾਇਤ

**ਅੰਮ੍ਰਿਤਸਰ:** ਪੰਜਾਬ ਭਾਜਪਾ ਦੇ ਜਨਰਲ ਸਕੱਤਰ ਡਾ. ਜਗਮੋਹਨ ਸਿੰਘ ਰਾਜੂ ਨੇ ਪੰਜਾਬ ਸਰਕਾਰ ਅਤੇ ਸਿਟੀ ਪੁਲਿਸ 'ਤੇ ਸਿਆਸੀ ਪ੍ਰਭਾਵ ਹੇਠ ਕੰਮ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਆਖਿਆ ਕਿ ਭਾਜਪਾ ਆਗੂ ਨੀਰਜ ਰਾਜਪੂਤ ਨੂੰ ਸਿਆਸੀ ਦਬਾਅ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਇਸ ਸਬੰਧੀ ਭਾਰਤੀ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਧਿਕਾਰੀ, ਪੰਜਾਬ ਨੂੰ ਪੱਤਰ ਲਿਖ ਕੇ ਦੋਸ਼ ਲਾਇਆ ਹੈ ਕਿ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਦੇ ਚੋਣ ਪ੍ਰਚਾਰ ਵਿਚ ਵਿਘਨ ਪਾਉਣ ਦੇ ਮੰਤਵ ਨਾਲ ਇਹ ਕਾਰਵਾਈ ਕੀਤੀ ਗਈ ਹੈ।

## ਕਦੇ ਅਕਾਲੀ ਦਲ ਦਾ ਹਿੱਸਾ ਨਹੀਂ ਰਹੀ: ਪਰਮਪਾਲ ਕੌਰ

**ਬਠਿੰਡਾ:** ਬਠਿੰਡਾ ਤੋਂ ਭਾਜਪਾ ਉਮੀਦਵਾਰ ਪਰਮਪਾਲ ਕੌਰ ਮਲੂਕਾ ਨੇ ਕਿਹਾ ਕਿ ਉਹ ਕਦੇ ਵੀ ਸ਼੍ਰੋਮਣੀ ਅਕਾਲੀ ਦਲ ਦਾ ਹਿੱਸਾ ਨਹੀਂ ਰਹੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ਵਿਚ ਅਫ਼ਸਰ ਵਜੋਂ ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ ਵਿਚ ਉਹ ਵੱਖ-ਵੱਖ ਥਾਵਾਂ 'ਤੇ ਤਾਇਨਾਤ ਰਹੇ ਸਨ। ਉਨ੍ਹਾਂ ਕਿਹਾ ਕਿ ਹਰਸਿਮਰਤ ਕੌਰ ਬਾਦਲ ਵੱਲੋਂ ਉਨ੍ਹਾਂ ਨੂੰ ਅਕਾਲੀ ਦਲ ਦਾ ਹਿੱਸਾ ਹੋਣ ਸਬੰਧੀ ਜੋ ਦਾਅਵਾ ਕੀਤਾ ਜਾ ਰਿਹਾ ਹੈ, ਉਹ ਬਿਲਕੁਲ ਗਲਤ ਹੈ। ਪਰਮਪਾਲ ਕੌਰ ਨੇ ਕਿਹਾ ਕਿ ਉਹ ਅਕਾਲੀ ਦਲ ਦੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਹਨ ਅਤੇ ਪਤੀ ਗੁਰਪ੍ਰੀਤ ਸਿੰਘ ਮਲੂਕਾ ਵੀ ਅਕਾਲੀ ਦਲ ਨਾਲ ਜੁੜੇ ਰਹੇ ਪਰ ਉਨ੍ਹਾਂ ਨੇ ਕਦੇ ਵੀ ਪਾਰਟੀ ਨਾਲ ਰਾਜਸੀ ਤੌਰ 'ਤੇ ਕੋਈ ਸਾਂਝ ਅੱਜ ਤੱਕ ਨਹੀਂ ਪਾਈ ਹੈ।

# 'ਆਪ' ਸਰਕਾਰ ਨੇ ਪੰਜਾਬ ਨੂੰ ਵਿੱਤੀ ਐਮਰਜੈਂਸੀ ਵੱਲ ਧੱਕਿਆ: ਬਾਜਵਾ



**ਚੰਡੀਗੜ੍ਹ:** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਨੇ ਸੂਬੇ ਨੂੰ ਆਰਥਿਕ ਐਮਰਜੈਂਸੀ ਵੱਲ ਧੱਕਿਆ ਹੈ। ਸ੍ਰੀ ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਨੇ ਹੁਣ ਤੱਕ ਪੁਲਿਸ ਮੁਲਾਜ਼ਮਾਂ ਨੂੰ ਮਾਰਚ ਮਹੀਨੇ ਦੀ ਤਨਖਾਹ ਨਹੀਂ ਦਿੱਤੀ। ਇੰਨਾ ਹੀ ਨਹੀਂ, ਕੁਝ ਹੋਰ ਵਿਭਾਗਾਂ ਦੇ ਸਰਕਾਰੀ ਕਰਮਚਾਰੀ ਵੀ ਤਨਖਾਹਾਂ ਦੇਣ 'ਚ ਕੀਤੀ ਜਾ ਰਹੀ ਢਿੱਲ 'ਤੇ 'ਆਪ' ਸਰਕਾਰ ਖ਼ਿਲਾਫ਼ ਰੋਸ ਜ਼ਾਹਿਰ ਕਰ ਰਹੇ ਹਨ।

ਸ੍ਰੀ ਬਾਜਵਾ ਨੇ ਕਿਹਾ ਕਿ 'ਆਪ' ਨੇ ਕਰਮਚਾਰੀਆਂ ਦੇ ਪਰਿਵਾਰਕ ਬਜਟ ਨੂੰ ਹਿਲਾ ਦਿੱਤਾ ਹੈ ਤੇ ਉਹ ਆਪਣੀਆਂ ਰੁਟੀਨ ਲੋੜਾਂ ਨੂੰ ਪੂਰਾ ਕਰਨ ਵਿਚ ਅਸਮਰੱਥ ਹਨ। ਸ੍ਰੀ ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਕੋਲ ਮੁਲਾਜ਼ਮਾਂ ਦੀਆਂ ਤਨਖਾਹਾਂ ਲਈ ਕੋਈ ਫੰਡ ਨਹੀਂ ਹੈ ਪਰ ਇਸ ਕੋਲ ਸਵੈ-ਪ੍ਰਚਾਰ, ਪਾਰਟੀ ਵਿਸਥਾਰ ਅਤੇ ਹਵਾਈ ਯਾਤਰਾ ਲਈ ਪੈਸੇ ਹਨ।

## ਕਾਂਗਰਸ ਨੇਤਾ ਤੇਜਿੰਦਰਪਾਲ ਬਿੱਟੂ ਭਾਜਪਾ 'ਚ ਸ਼ਾਮਲ

**ਚੰਡੀਗੜ੍ਹ:** ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਅਤੇ ਹਿਮਾਚਲ ਕਾਂਗਰਸ ਦੇ ਸਹਿ ਇੰਚਾਰਜ ਤੇਜਿੰਦਰ ਪਾਲ ਸਿੰਘ ਬਿੱਟੂ ਨੇ ਪਾਰਟੀ ਤੋਂ ਆਪਣਾ ਅਸਤੀਫ਼ਾ ਦੇ ਦਿੱਤਾ ਹੈ ਤੇ ਭਾਜਪਾ ਵਿਚ ਸ਼ਾਮਲ ਹੋ ਗਏ।

ਉਨ੍ਹਾਂ ਨੂੰ ਨਵੀਂ ਦਿੱਲੀ ਵਿਚ ਪਾਰਟੀ ਵਿਚ ਅਸ਼ਵਨੀ ਵੈਸ਼ਨਵ ਤੇ ਵਿਨੋਦ ਤਾਵੜੇ ਨੇ ਸ਼ਾਮਲ ਕਰਵਾਇਆ। ਇਸ ਤੋਂ ਪਹਿਲਾਂ ਬਿੱਟੂ ਨੇ ਆਪਣਾ ਅਸਤੀਫ਼ਾ ਪਾਰਟੀ ਪ੍ਰਧਾਨ ਮਲਿਕ ਅਰਜੁਨ ਖੜਗੇ ਨੂੰ ਭੇਜ ਦਿੱਤਾ ਹੈ।

# ਪੰਜਾਬ ਨਾਲ ਕੇਂਦਰ ਦੇ ਹਰ ਵਿਤਕਰੇ ਅੱਗੇ ਝੁਕਦੇ ਰਹੇ ਅਕਾਲੀ: ਖੁੱਡੀਆਂ

**ਬਠਿੰਡਾ:** ਲੋਕ ਸਭਾ ਹਲਕਾ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਦਾ ਕਹਿਣਾ ਹੈ ਕਿ ਪੰਜਾਬ ਨਾਲ ਹੁੰਦੀ ਧੱਕੇਸ਼ਾਹੀ ਅਤੇ ਵਿਤਕਰਿਆਂ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਨੀਵੀਂ ਪਾ ਕੇ ਰੱਖੀ ਅਤੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ।

ਉਨ੍ਹਾਂ ਦੋਸ਼ ਲਾਇਆ ਕਿ ਤਿੰਨ ਵਿਵਾਦਤ ਖੇਤੀ ਕਾਨੂੰਨਾਂ ਨੂੰ ਪ੍ਰਵਾਨਗੀ ਦੀ ਮੋਹਰ ਲਾਉਣ ਵਾਲੀ ਕੇਂਦਰੀ ਕੈਬਨਿਟ ਵਿਚ ਹਰਸਿਮਰਤ ਕੌਰ ਬਾਦਲ ਵੀ ਸ਼ਾਮਲ ਸੀ, ਹੁਣ ਉਹ ਇਸ ਤੋਂ ਮੁੱਕਰ ਨਹੀਂ ਸਕਦੇ। ਉਨ੍ਹਾਂ ਆਖਿਆ ਕਿ ਬੀਬੀ ਬਾਦਲ ਪਿਛਲੇ 15 ਸਾਲਾਂ ਤੋਂ ਬਠਿੰਡਾ ਤੋਂ ਮੈਂਬਰ ਪਾਰਲੀਮੈਂਟ ਹਨ ਅਤੇ ਇਸ ਦੌਰਾਨ 75 ਕਰੋੜ ਰੁਪਏ ਦੀ ਕੇਂਦਰੀ ਗਰਾਂਟ ਆਈ ਹੋਵੇਗੀ।

ਸ੍ਰੀ ਖੁੱਡੀਆਂ ਨੇ ਕਿਹਾ ਕਿ ਪੱਤਰਕਾਰ ਉਨ੍ਹਾਂ ਨੂੰ ਕਹਿੰਦੇ ਹਨ ਕਿ ਬਠਿੰਡਾ ਬਾਦਲਾਂ ਦਾ ਗੜ੍ਹ ਹੈ। ਉਨ੍ਹਾਂ ਆਖਿਆ ਕਿ ਗੜ੍ਹ ਕਿਸੇ ਲੀਡਰ ਦਾ ਨਹੀਂ, ਸਗੋਂ ਲੋਕਾਂ ਦਾ ਹੁੰਦਾ ਹੈ। ਜੇ ਗੜ੍ਹ ਲੀਡਰਾਂ ਦਾ ਹੁੰਦਾ ਤਾਂ ਲੰਬੀ ਹਲਕੇ 'ਚ ਪੈਰ ਜਮਾਈ ਬੈਠਾ ਬਾਬਾ ਬਾਦਲ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਕਦੇ ਨਾ ਹਾਰਦਾ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ- "ਇਸ ਵਾਰ ਤੁਸੀਂ ਕਿਰਪਾ ਕਰ ਦਿਓ, ਪੂਰੀ ਤਨਦੇਹੀ ਨਾਲ ਤੁਹਾਡੀ ਸੇਵਾ ਕਰਾਂਗਾ।"

# ਰਵਾਇਤੀ ਧਿਰਾਂ ਲਈ ਚੁਣੌਤੀ ਬਣਿਆਂ ਲੋਕ ਸਭਾ ਹਲਕਾ ਪਟਿਆਲਾ

**ਪਟਿਆਲਾ:** ਸਾਰੀਆਂ ਹੀ ਮੁੱਖ ਸਿਆਸੀ ਧਿਰਾਂ ਵੱਲੋਂ ਲੋਕ ਸਭਾ ਹਲਕਾ ਪਟਿਆਲਾ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਮੁਕੰਮਲ ਰੂਪ 'ਚ ਚੋਣ ਸਰਗਰਮੀਆਂ ਵੀ ਤੇਜ਼ ਹੋ ਗਈਆਂ ਹਨ। ਵੱਖ-ਵੱਖ ਪਾਰਟੀਆਂ ਦੇ ਇਹ ਸਾਰੇ ਛੇ ਉਮੀਦਵਾਰ ਚੋਣ ਪਿੜ ਦੇ ਪੁਰਾਣੇ ਖਿਡਾਰੀ ਹੋਣ ਕਰ ਕੇ ਵੋਟਰਾਂ ਨਾਲ ਮਿਲਵਰਤਣ ਪੱਖੋਂ ਚੰਗੀ ਮੁਹਾਰਤ ਰੱਖਦੇ ਹਨ ਕਿਉਂਕਿ ਇਹ ਸਾਰੇ ਹੀ ਪਹਿਲਾਂ ਵੀ ਵੱਖ-ਵੱਖ ਪੱਧਰ ਦੀਆਂ ਚੋਣਾਂ ਲੜ ਚੁੱਕੇ ਹਨ ਤੇ ਇਸ ਪੱਖ ਤੋਂ ਇਨ੍ਹਾਂ ਵਿਚੋਂ ਕੋਈ ਵੀ ਨਵਾਂ ਨਹੀਂ ਹੈ।

ਇਨ੍ਹਾਂ ਵਿਚੋਂ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਨੂੰ ਤਾਂ ਇਸ ਚੋਣ ਅਖਾੜੇ ਦੀ ਮਾਹਿਰ ਮੰਨਿਆ ਜਾ ਸਕਦਾ ਹੈ। ਉਹ ਛੇਵੀਂ ਵਾਰ ਲੋਕ ਸਭਾ ਚੋਣ ਲੜ ਰਹੇ ਹਨ। ਪਹਿਲੀਆਂ ਪੰਜ ਚੋਣਾਂ ਵੀ ਉਨ੍ਹਾਂ ਨੇ ਇਸੇ ਸੀਟ ਤੋਂ ਲੜੀਆਂ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਲਈ ਚੋਣ ਪਿੜ ਪੁਰਾਣਾ ਹੀ ਹੈ। ਇਹ ਵੱਖਰੀ ਗੱਲ ਹੈ ਕਿ ਇਸ ਵਾਰ ਪਿੱਚ ਬਦਲੀ ਹੋਈ ਹੈ ਕਿਉਂਕਿ ਉਹ ਐਤਕੀਂ ਕਾਂਗਰਸ ਦੀ ਬਜਾਏ ਭਾਜਪਾ ਵੱਲੋਂ ਉਮੀਦਵਾਰ ਹਨ।

ਕਾਂਗਰਸ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਲਗਾਤਾਰ ਤੀਜੀ ਵਾਰ ਮੈਦਾਨ 'ਚ ਹਨ। ਉਨ੍ਹਾਂ ਸਾਲ 2014 ਵਿਚ ਪ੍ਰਨੀਤ ਕੌਰ ਨੂੰ ਹਰਾਇਆ ਸੀ ਤੇ ਸਾਲ 2019 'ਚ ਪ੍ਰਨੀਤ ਕੌਰ ਤੋਂ ਹਾਰ ਗਏ ਸਨ। ਉਂਜ ਪ੍ਰਨੀਤ ਕੌਰ ਦੀ ਤਰ੍ਹਾਂ



ਪਿੱਚ ਡਾ. ਗਾਂਧੀ ਲਈ ਵੀ ਇਸ ਵਾਰ ਬਦਲੀ ਹੋਈ ਹੈ ਕਿਉਂਕਿ ਉਹ 'ਆਪ' ਦੀ ਬਜਾਏ ਕਾਂਗਰਸ ਵੱਲੋਂ ਖੇਡ ਰਹੇ ਹਨ। ਉਧਰ 'ਆਪ' ਉਮੀਦਵਾਰ ਡਾ. ਬਲਬੀਰ ਸਿੰਘ ਦੀ ਵੀ ਇਹ ਤੀਜੀ ਚੋਣ ਹੈ। ਸਾਲ 2014 'ਚ ਤਾਂ ਡਾ. ਗਾਂਧੀ ਨੂੰ ਚੋਣ ਲੜਾਉਣ 'ਚ ਵੀ ਉਨ੍ਹਾਂ ਦਾ ਵਧੇਰੇ ਹੱਥ ਰਿਹਾ ਹੈ। ਭਾਵੇਂ ਉਹ ਸਮਾਜ ਸੇਵਾ ਦੇ ਖੇਤਰ ਵਿਚੋਂ ਆਏ ਹਨ ਪਰ ਸਿਆਸੀ ਖੇਤਰ ਦਾ ਉਨ੍ਹਾਂ ਨੂੰ ਕਾਫੀ ਤਜਰਬਾ ਹੈ।

ਸਾਲ 2022 'ਚ ਉਹ ਪਟਿਆਲਾ ਦਿਹਾਤੀ ਹਲਕੇ ਤੋਂ 50 ਹਜ਼ਾਰ ਵੋਟਾਂ ਨਾਲ ਜਿੱਤ ਕੇ ਵਿਧਾਇਕ ਤੇ ਫਿਰ ਸਿਹਤ ਮੰਤਰੀ ਬਣੇ ਹੋਏ ਹਨ। ਸਾਲ 2017 'ਚ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਪਟਿਆਲਾ ਸ਼ਹਿਰੀ ਹਲਕੇ ਤੋਂ ਚੋਣ ਲੜੀ ਸੀ। ਉਧਰ, ਅਕਾਲੀ ਦਲ ਦੇ ਉਮੀਦਵਾਰ ਐਨ.ਕੇ. ਸ਼ਰਮਾ ਭਾਵੇਂ ਲੋਕ ਸਭਾ ਚੋਣ ਤਾਂ ਪਹਿਲੀ ਵਾਰ ਲੜ ਰਹੇ ਹਨ ਪਰ ਸਿਆਸੀ ਚੋਣ ਅਖਾੜੇ ਦੇ ਵੀ ਉਹ ਚੰਗੇ ਖਿਡਾਰੀ ਹਨ। ਡੇਰਾਬੱਸੀ ਤੋਂ ਤਿੰਨ ਵਾਰ ਵਿਧਾਨ ਸਭਾ ਦੀ ਚੋਣ ਲੜ ਕੇ ਦੋ ਵਾਰ ਵਿਧਾਇਕ ਵੀ ਬਣੇ ਹਨ। ਸਾਲ 2004 'ਚ ਉਨ੍ਹਾਂ ਆਪਣੇ ਸਿਆਸੀ ਗੁਰੂ ਕੈਪਟਨ ਕੰਵਲਜੀਤ ਸਿੰਘ ਦੀ ਪਟਿਆਲਾ ਲੋਕ ਸਭਾ ਹਲਕੇ ਦੀ ਹੀ ਚੋਣ ਨੂੰ ਵੀ ਬਹੁਤ ਨੇੜਿਓਂ ਵਾਚਿਆ ਸੀ। ਇਸ ਤਰ੍ਹਾਂ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰੋ. ਮਹਿੰਦਰਪਾਲ ਸਿੰਘ ਤਾਂ ਦੂਜੀ ਵਾਰ ਲੋਕ ਸਭਾ ਚੋਣ ਲਈ ਮੈਦਾਨ 'ਚ ਹਨ। ਸਾਲ 2014 ਵਿਚ ਵੀ ਇਸੇ ਹੀ ਲੋਕ ਸਭਾ ਸੀਟ ਤੋਂ ਲੜੇ ਸਨ।

ਉਹ ਸਮਾਣਾ ਅਤੇ ਪਟਿਆਲਾ ਦਿਹਾਤੀ ਹਲਕਿਆਂ ਤੋਂ ਦੋ ਵਾਰ ਵਿਧਾਨ ਸਭਾ ਦੀ ਚੋਣ ਵੀ ਲੜ ਚੁੱਕੇ ਹਨ। ਬਸਪਾ ਉਮੀਦਵਾਰ ਜਗਜੀਤ ਸਿੰਘ ਛੜਬੜ ਵੀ ਚੋਣ ਲੜਾਈ ਪੱਖੋਂ ਪਿੱਛੇ ਨਹੀਂ ਹਨ। ਉਨ੍ਹਾਂ ਨੇ ਵੀ ਬਸਪਾ ਵੱਲੋਂ ਹੀ ਰਾਜਪੁਰਾ ਅਤੇ ਘਨੌਰ ਤੋਂ ਵਿਧਾਨ ਸਭਾ ਚੋਣਾ ਲੜੀਆਂ ਹਨ।



## ਅਕਾਲੀ ਦਲ (ਅ) ਨੇ ਦੋ ਹੋਰ ਹਲਕਿਆਂ ਤੋਂ ਉਮੀਦਵਾਰ ਐਲਾਨੇ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਅਤੇ ਚੰਡੀਗੜ੍ਹ ਤੋਂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਫਤਹਿਗੜ੍ਹ ਸਾਹਿਬ ਤੋਂ ਰਾਜ ਜਤਿੰਦਰ ਸਿੰਘ ਬਿੱਟੂ ਅਤੇ ਚੰਡੀਗੜ੍ਹ ਤੋਂ ਲਖਵੀਰ ਸਿੰਘ ਕੋਟਲਾ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਇਸ ਤੋਂ ਪਹਿਲਾਂ ਸਿਮਰਨਜੀਤ ਸਿੰਘ ਮਾਨ, ਪ੍ਰੋ. ਮਹਿੰਦਰਪਾਲ ਸਿੰਘ, ਅੰਮ੍ਰਿਤਪਾਲ ਸਿੰਘ ਛੰਦੜਾ, ਬਲਦੇਵ ਸਿੰਘ ਗਗੜਾ, ਕੁਸ਼ਲਪਾਲ ਸਿੰਘ ਮਾਨ, ਈਮਾਨ ਸਿੰਘ ਮਾਨ, ਹਰਪਾਲ ਸਿੰਘ ਬਲੇਰ, ਭੁਪਿੰਦਰ ਸਿੰਘ ਭੁੱਲਰ, ਲੱਖਾ ਸਿਧਾਣਾ ਨੂੰ ਉਮੀਦਵਾਰ ਐਲਾਨਿਆ ਜਾ ਚੁੱਕਾ ਹੈ।

**Punjab Times**

Established in 2000
25thYear in Publication

Published every Saturday
by A B Publication Inc.
20451 N Plum Grove Rd.
Palatine, IL 60074-2018
Ph:847-359-0746
Fax:847-705-9388
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਜਪਾ ਨੇ ਕਿਸਾਨ ਚੁਣੌਤੀ ਦੇ ਟਾਕਰੇ ਲਈ ਨਵੀਂ ਰਣਨੀਤੀ ਘੜੀ

**ਚੰਡੀਗੜ੍ਹ:** ਪੰਜਾਬ ਵਿਚ ਭਾਜਪਾ ਨੂੰ ਚੋਣ ਪ੍ਰਚਾਰ ਕਰਨ ਵਿਚ ਚੁਣੌਤੀ ਖੜ੍ਹੀ ਹੋ ਗਈ ਹੈ, ਜਿਸ ਦੇ ਟਾਕਰੇ ਲਈ ਭਾਜਪਾ ਨਵੀਂ ਰਣਨੀਤੀ ਘੜ ਰਹੀ ਹੈ। ਇਸੇ ਤਹਿਤ ਪੇਂਡੂ ਖੇਤਰ ਵਿਚ ਦਲਿਤ ਭਾਈਚਾਰੇ 'ਤੇ ਧਿਆਨ ਕੇਂਦਰਿਤ ਕੀਤਾ ਜਾਣ ਲੱਗਾ ਹੈ। ਭਾਜਪਾ ਨੇ ਹੁਣ ਤੱਕ ਸੂਬੇ ਵਿਚ 9 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰ ਦਿੱਤੇ ਹਨ। ਜਦੋਂ ਇਨ੍ਹਾਂ ਉਮੀਦਵਾਰਾਂ ਨੇ ਚੋਣ ਪ੍ਰਚਾਰ ਸ਼ੁਰੂ ਕੀਤਾ ਸੀ ਤਾਂ ਉਸ ਵੇਲੇ ਕਿਸਾਨ ਜਥੇਬੰਦੀਆਂ ਵੱਲੋਂ ਉਨ੍ਹਾਂ ਖ਼ਿਲਾਫ਼ ਸਿਰਫ਼ ਨਾਅਰੇਬਾਜ਼ੀ ਕੀਤੀ ਜਾਂਦੀ ਸੀ ਪਰ ਹੁਣ ਇਹ ਵਿਰੋਧ ਟਕਰਾਅ ਵਿਚ ਬਦਲਣ ਲੱਗਾ ਹੈ।

ਭਾਰਤੀ ਕਿਸਾਨ ਯੂਨੀਅਨ ਦਾ ਸਟੈਂਡ ਸਪੱਸ਼ਟ ਹੈ ਕਿ ਭਾਜਪਾ ਨੇ ਉਨ੍ਹਾਂ ਨੂੰ ਦਿੱਲੀ ਵਿਚ ਵੜਨ ਨਹੀਂ ਦਿੱਤਾ ਅਤੇ ਉਹ ਭਾਜਪਾ ਨੂੰ ਆਪਣੇ ਪਿੰਡਾਂ ਵਿਚ ਵੜਨ ਨਹੀਂ ਦੇਣਗੇ। ਬਠਿੰਡਾ ਹਲਕੇ ਤੋਂ ਭਾਜਪਾ ਉਮੀਦਵਾਰ ਪਰਮਪਾਲ ਕੌਰ ਮਲੂਕਾ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਦਕਿ ਅੰਮ੍ਰਿਤਸਰ ਤੋਂ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੇ ਤਾਂ ਕਿਸਾਨਾਂ ਦਾ ਸਾਹਮਣਾ ਵੀ ਕੀਤਾ ਹੈ। ਫ਼ਰੀਦਕੋਟ ਤੋਂ ਉਮੀਦਵਾਰ ਹੰਸ ਰਾਜ ਹੰਸ ਨੇ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦੇਣ ਦਾ ਹੀਆ ਕੀਤਾ ਹੈ। ਜਿਉਂ ਜਿਉਂ ਚੋਣ ਪ੍ਰਚਾਰ ਭਖੇਗਾ, ਇਹ ਟਕਰਾਅ ਤੇਜ਼ ਹੋਣ ਦੀ ਸੰਭਾਵਨਾ ਹੈ। ਭਾਜਪਾ ਦੇ ਇਕ ਸੀਨੀਅਰ ਨੇਤਾ ਨੇ ਕਿਹਾ ਕਿ ਕਿਸਾਨ ਧਿਰਾਂ ਬੇਸ਼ੱਕ ਵਿਰੋਧ ਕਰ ਰਹੀਆਂ ਹਨ ਪ੍ਰੰਤੂ ਐਤਕੀਂ ਪਿੰਡਾਂ ਵਿਚ ਵੀ ਭਾਜਪਾ ਦੇ ਖਾਤੇ ਖੁੱਲ੍ਹਣਗੇ। ਸੂਤਰ ਦੱਸਦੇ ਹਨ ਕਿ ਭਾਜਪਾ ਨੇ ਮੌਜੂਦਾ ਪ੍ਰਸਥਿਤੀਆਂ ਦੇ ਮੱਦੇਨਜ਼ਰ ਦਿਹਾਤੀ ਪੰਜਾਬ ਵਿਚ ਦਲਿਤ ਭਾਈਚਾਰੇ 'ਤੇ ਫੋਕਸ ਕਰਨ ਦਾ ਫ਼ੈਸਲਾ ਕੀਤਾ ਹੈ। ਪਿਛਲੇ ਦਿਨਾਂ ਵਿਚ ਭਾਜਪਾ ਨੇਤਾਵਾਂ ਵੱਲੋਂ ਬਹੁਤੇ ਪ੍ਰੋਗਰਾਮ ਪਿੰਡਾਂ ਦੀਆਂ ਦਲਿਤ ਬਸਤੀਆਂ ਵਿਚ ਰੱਖੇ ਗਏ ਸਨ। ਭਾਜਪਾ ਨੂੰ ਉਮੀਦ ਹੈ ਕਿ ਪੇਂਡੂ ਦਲਿਤ ਵਰਗ ਉਨ੍ਹਾਂ ਦਾ ਲੜ ਫੜ ਸਕਦਾ ਹੈ। ਭਾਜਪਾ ਵੱਲੋਂ ਸ਼ਹਿਰੀ ਖੇਤਰ 'ਤੇ ਪਹਿਲਾਂ ਹੀ ਟੇਕ ਰੱਖੀ ਹੋਈ ਹੈ।

## ਮਲੇਸ਼ੀਆ: ਦੋ ਫ਼ੌਜੀ ਹੈਲੀਕਾਪਟਰ ਆਪਸ 'ਚ ਟਕਰਾਏ, 10 ਮੌਤਾਂ

**ਕੁਆਲਾਲੰਪੁਰ:** ਮਲੇਸ਼ੀਆ ਦੀ ਜਲ ਸੈਨਾ ਨੇ ਦੱਸਿਆ ਕਿ ਸਿਖਲਾਈ ਸੈਸ਼ਨ ਦੌਰਾਨ ਦੋ ਫੌਜੀ ਹੈਲੀਕਾਪਟਰ ਆਪਸ 'ਚ ਟਕਰਾਅ ਕੇ ਹਾਦਸੇ ਦਾ ਸ਼ਿਕਾਰ ਹੋ ਗਏ, ਜਿਸ ਕਾਰਨ ਉਨ੍ਹਾਂ 'ਚ ਸਵਾਰ ਸਾਰੇ 10 ਵਿਅਕਤੀਆਂ ਦੀ ਮੌਤ ਹੋ ਗਈ। ਜਲ ਸੈਨਾ ਨੇ ਸੰਖੇਪ ਬਿਆਨ ਵਿਚ ਕਿਹਾ ਕਿ ਇਹ ਹਾਦਸਾ ਉਸ ਸਮੇਂ ਹੋਇਆ, ਜਦੋਂ ਹੈਲੀਕਾਪਟਰ ਉੱਤਰੀ ਪੇਰਾਕ ਰਾਜ ਵਿਚ ਜਲ ਸੈਨਾ ਦੀ 90ਵੀਂ ਵਰ੍ਹੇਗੰਢ ਦੇ ਜਸ਼ਨਾਂ ਦੀ ਤਿਆਰੀ ਵਿਚ ਨੇਵੀ ਬੇਸ ਵਿਚ ਸਿਖਲਾਈ ਵਿਚ ਹਿੱਸਾ ਲੈ ਰਹੇ ਸਨ। ਅਗਲੇ ਮਹੀਨੇ ਜਲ ਸੈਨਾ ਦੀ 90ਵੀਂ ਵਰ੍ਹੇਗੰਢ ਹੈ।

## ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਤੋਂ ਪਰਤਿਆ

**ਅਟਾਰੀ:** ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਿਵਸ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਵਾਸਤੇ ਗਿਆ ਸਿੱਖ ਸ਼ਰਧਾਲੂਆਂ ਦਾ ਜਥਾ ਅਟਾਰੀ ਸਰਹੱਦ ਰਸਤਿਓਂ ਪਰਤ ਆਇਆ ਹੈ। ਜਥੇ ਨਾਲ ਗਏ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਰਣਜੀਤ ਸਿੰਘ ਭੋਮਾ ਨੇ ਕਿਹਾ ਕਿ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਵਿਖੇ ਸਿੱਖ ਸ਼ਰਧਾਲੂਆਂ ਵੱਲੋਂ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਵਿਸਾਖੀ ਦਿਹਾੜਾ ਮਨਾਇਆ ਗਿਆ।

ਸਿੱਖ ਸੰਗਤਾਂ ਨੇ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਕਰਤਾਰਪੁਰ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਤੋਂ ਇਲਾਵਾ ਲਾਹੌਰ ਵਿਖੇ ਗੁਰਧਾਮਾਂ ਦੇ ਦਰਸ਼ਨ ਕੀਤੇ।

ਇਸ ਮੌਕੇ ਕੁਝ ਸ਼ਰਧਾਲੂਆਂ ਨੇ ਕਿਹਾ ਕਿ ਸ਼ਹੀਦ ਤਾਰਾ ਸਿੰਘ ਜੀ ਨਾਲ ਸਬੰਧਤ ਗੁਰਦੁਆਰੇ ਦੀ ਉਥੋਂ ਦੇ ਪ੍ਰਸ਼ਾਸਨ ਵੱਲੋਂ ਸਾਂਭ ਸੰਭਾਲ ਨਹੀਂ ਕੀਤੀ ਜਾ ਰਹੀ।

ਉਨ੍ਹਾਂ ਸਿੱਖ ਸੰਗਤ ਵੱਲੋਂ ਭਾਰਤ-ਪਾਕਿ ਦੋਵਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਪਾਕਿ ਸਥਿਤ ਸਿੱਖ ਗੁਰਧਾਮਾਂ ਦੀ ਸਾਂਭ-ਸੰਭਾਲ ਪਹਿਲ ਦੇ ਆਧਾਰ 'ਤੇ ਕੀਤੀ ਜਾਵੇ। ਪਾਕਿ ਸਰਕਾਰ ਵੱਲੋਂ ਵੀਜ਼ਿਆਂ ਵਿਚ ਕਟੌਤੀ ਨਾ ਕੀਤੀ ਜਾਵੇ ਅਤੇ ਸਿੱਖ ਸ਼ਰਧਾਲੂਆਂ ਨੂੰ ਵਧੇਰੇ ਗਿਣਤੀ ਵਿਚ ਵੀਜ਼ੇ ਦਿੱਤੇ ਜਾਣ।

## ਕਿਸਾਨਾਂ ਵੱਲੋਂ 'ਆਪ' ਵਾਲਿਆਂ ਨੂੰ ਵੀ ਤਿੱਖੇ ਸਵਾਲ

**ਮਾਨਸਾ:** ਲੋਕ ਸਭਾ ਹਲਕਾ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਇੱਥੇ ਮਨਜੀਤ ਸਿੰਘ ਧਨੇਰ ਦੀ ਅਗਵਾਈ ਵਾਲੀ ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ) ਦੀ ਜ਼ਿਲ੍ਹਾ ਕਮੇਟੀ ਵੱਲੋਂ ਰਾਜਸੀ ਸਮਾਗਮ ਵਿਚ ਸ਼ਾਮਲ ਹੋਣ ਦੌਰਾਨ ਸਵਾਲ ਪੁੱਛੇ ਗਏ। ਮੰਤਰੀ ਸ੍ਰੀ ਖੁੱਡੀਆਂ ਵੱਲੋਂ ਸਵਾਲਾਂ ਦੇ ਜਵਾਬ ਦੇਣ ਮਗਰੋਂ ਰਾਜਸੀ ਸਮਾਗਮ ਆਮ ਵਾਂਗ ਆਰੰਭ ਹੋਇਆ। ਜਥੇਬੰਦੀ ਦੇ ਸੂਬਾਈ ਆਗੂ ਮੱਖਣ ਸਿੰਘ ਭੈਣੀਬਾਘਾ ਨੇ ਦੱਸਿਆ ਕਿ ਜ਼ਿਲ੍ਹਾ ਮਾਨਸਾ ਦੇ ਪਿੰਡ ਕੁਲਰੀਆਂ ਦਾ ਜ਼ਮੀਨੀ ਮਸਲਾ ਪਿਛਲੇ ਸਾਲ ਤੋਂ ਲਟਕ ਰਿਹਾ ਹੈ। ਜਥੇਬੰਦੀ ਨੇ ਸਵਾਲ ਕਰਦਿਆਂ ਕਿਹਾ ਕਿ ਪਿੰਡ ਕੁਲਰੀਆਂ ਵਿਚ ਜ਼ਮੀਨ ਦੀ ਲੜਾਈ ਲੜਨ ਵਾਲੀ ਧਿਰ ਉਪਰ ਜੀਪ ਚੜ੍ਹਾ ਕੇ ਜ਼ਖ਼ਮੀ ਕਰਨ ਵਾਲੇ ਕਸੂਰਵਾਰਾਂ ਖਿਲਾਫ਼ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ, ਸਗੋਂ ਪੁਲਿਸ ਤੋਂ ਇਨਸਾਫ਼ ਲੈਣ ਲਈ ਤਿੰਨ ਮਹੀਨਿਆਂ ਤੋਂ ਲਗਾਤਾਰ ਲੜਾਈ ਲੜੀ ਜਾ ਰਹੀ ਹੈ। ਜਥੇਬੰਦੀ ਨੇ ਸਵਾਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਈਵੇਟ ਸਾਇਲੋ ਪਲਾਂਟ ਨੂੰ ਕਣਕ ਖਰੀਦਣ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ ਹੈ, ਜੋ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ ਲਈ ਰਾਹ ਪੱਧਰਾ ਕਰਦੀ ਹੈ। ਉਨ੍ਹਾਂ ਵਜ਼ੀਰ ਤੋਂ ਮਾਨਸਾ ਦੇ ਵਿਧਾਇਕ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਘੇਰਨ ਲਈ ਮੁੱਖ ਮੰਤਰੀ ਲਈ ਵੀ ਸਵਾਲ ਪੁੱਛਿਆ, ਜਿਸ ਦਾ ਸ੍ਰੀ ਖੁੱਡੀਆਂ ਵੱਲੋਂ ਗੋਲ-ਮੋਲ ਜਵਾਬ ਦਿੱਤਾ ਗਿਆ।

## ਯੂਕਰੇਨ ਨੂੰ ਵੱਡੇ ਪੱਧਰ 'ਤੇ ਹਥਿਆਰ ਭੇਜੇਗਾ ਅਮਰੀਕਾ: ਜ਼ੇਲੈਂਸਕੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਯੂਕਰੇਨ ਦੇ ਰਾਸ਼ਟਰਪਤੀ ਨੂੰ ਭਰੋਸਾ ਦਿੱਤਾ ਹੈ ਕਿ ਵੱਡੇ ਰਾਸ਼ਟਰੀ ਸੁਰੱਖਿਆ ਸਹਾਇਤਾ ਪੈਕੇਜ ਲਈ ਸੈਨੇਟ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਅਮਰੀਕਾ ਬਹੁਤ ਲੋੜੀਂਦੇ ਹਵਾਈ ਰੱਖਿਆ ਹਥਿਆਰ ਭੇਜੇਗਾ। ਇਸ ਪੈਕੇਜ ਵਿਚ ਯੂਕਰੇਨ ਲਈ 61 ਅਰਬ ਅਮਰੀਕੀ ਡਾਲਰ ਦੀ ਵਿਵਸਥਾ ਹੈ। ਜ਼ੇਲੈਂਸਕੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉੱਤੇ ਪੋਸਟ ਰਾਹੀਂ ਕਿਹਾ ਕਿ ਬਾਇਡਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਇਸ ਸਹਾਇਤਾ ਪੈਕੇਜ ਵਿਚ ਤੋਪਖਾਨੇ ਨੂੰ ਵੀ ਸ਼ਾਮਲ ਕੀਤਾ ਜਾਵੇਗਾ।

## ਸਾਊਦੀ ਅਰਬ: ਸੜਕ ਹਾਦਸੇ 'ਚ ਪੰਜਾਬੀ ਨੌਜਵਾਨ ਦੀ ਮੌਤ

**ਬਟਾਲਾ:** ਰੋਜ਼ੀ ਰੋਟੀ ਲਈ ਸਾਊਦੀ ਅਰਬ ਗਏ ਬਟਾਲਾ ਨੇੜਲੇ ਪਿੰਡ ਰਸੂਲਪੁਰ ਦੇ ਨੌਜਵਾਨ ਦੀ ਟਰਾਲਾ ਪਲਟਣ ਕਾਰਨ ਮੌਤ ਹੋ ਗਈ। ਮ੍ਰਿਤਕ ਅਮਨਦੀਪ ਸਿੰਘ ਦੇ ਪਿਤਾ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤ ਕਰੀਬ ਡੇਢ ਕੁ ਸਾਲ ਪਹਿਲਾਂ ਸਾਊਦੀ ਅਰਬ ਗਿਆ ਸੀ, ਜਿੱਥੇ ਉਹ ਇਕ ਕੰਪਨੀ ਵਿਚ ਟਰਾਲਾ ਚਾਲਕ ਵਜੋਂ ਕੰਮ ਕਰਦਾ ਸੀ ਪਰ ਉਸ ਦਾ ਟਰਾਲਾ ਇਕ ਫਲਾਈ ਓਵਰ ਨਾਲ ਟਕਰਾਅ ਗਿਆ ਤੇ ਹਾਦਸੇ 'ਚ ਉਸ ਦੀ ਮੌਤ ਹੋ ਗਈ। ਪੀੜਤ ਪਿਓ ਨੇ ਪੁੱਤ ਦੀ ਦੇਹ ਪੰਜਾਬ ਲਿਆਉਣ ਦੀ ਮੰਗ ਕੀਤੀ ਹੈ।

## ਦੂਰਦਰਸ਼ਨ ਨਿਊਜ਼ ਦੇ ਲੋਗੋ ਨੂੰ ਭਗਵਾਂ ਰੰਗ ਚੜ੍ਹਿਆ

**ਨਵੀਂ ਦਿੱਲੀ:** ਜਨ ਪ੍ਰਸਾਰਨ ਸੇਵਾ ਦੂਰਦਰਸ਼ਨ ਨਿਊਜ਼ ਨੇ ਆਪਣਾ ਲੋਗੋ ਲਾਲ ਤੋਂ ਭਗਵੇਂ ਰੰਗ 'ਚ ਬਦਲ ਦਿੱਤਾ ਹੈ। ਵਿਰੋਧੀ ਧਿਰ ਨੇ ਇਸ ਫ਼ੈਸਲੇ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦਿਆਂ ਕਿਹਾ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਇਹ 'ਭਾਜਪਾ ਪੱਖੀ' ਹੋ ਗਿਆ ਹੈ।

ਡੀ.ਡੀ. ਨਿਊਜ਼ ਨੇ ਪਿਛਲੇ ਹਫ਼ਤੇ ਨਵੀਂ ਦਿੱਖ ਪ੍ਰਦਾਨ ਕਰਦਿਆਂ ਲੋਗੋ ਲਾਲ ਤੋਂ ਭਗਵੇਂ ਰੰਗ 'ਚ ਬਦਲ ਦਿੱਤਾ ਸੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਇਹ ਚੋਣਾਂ ਦੌਰਾਨ ਦੂਰਦਰਸ਼ਨ ਦੇ ਭਗਵੇਂਕਰਨ ਦੀ ਕੋਸ਼ਿਸ਼ ਹੈ। ਸੂਚਨਾ ਅਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਉਨ੍ਹਾਂ ਦਾ ਭਗਵੇਂ ਪ੍ਰਤੀ ਪਿਆਰ ਸਭ ਜਾਣਦੇ ਹਨ। ਭਾਜਪਾ ਨੇ ਇਸ ਬਦਲਾਅ ਨੂੰ ਘਰ ਵਾਪਸੀ ਦੱਸਿਆ ਅਤੇ ਕਿਹਾ ਕਿ 1982 'ਚ ਵੀ ਇਸੇ ਰੰਗ ਦੇ ਲੋਗੋ ਦਾ ਪ੍ਰੀਖਣ ਕੀਤਾ ਗਿਆ ਸੀ। ਭਾਜਪਾ ਦੇ ਆਈ.ਟੀ. ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਕਿਹਾ ਕਿ ਪਹਿਲਾਂ ਇਸ ਨੂੰ ਨੀਲਾ ਰੰਗ ਕਿਸ ਨੇ ਦਿੱਤਾ ਸੀ, ਇਹ ਪੜਤਾਲ ਹੋਣੀ ਚਾਹੀਦੀ ਹੈ।

## ਵਿਦੇਸ਼ ਨਾ ਜਾਣ ਤੋਂ ਦੁਖੀ ਨੌਜਵਾਨ ਨੇ ਫਾਹਾ ਲਿਆ

**ਖੰਨਾ:** ਇਥੋਂ ਦੇ ਧਰਮਪੁਰਾ ਮੁਹੱਲੇ ਵਿਚ ਇਕ ਨੌਜਵਾਨ ਨੇ ਫਾਹਾ ਲੈ ਕੇ ਆਪਣੀ ਜਾਨ ਲੈ ਲਈ। ਉਸ ਦੀ ਲਾਸ਼ ਕਮਰੇ ਵਿਚੋਂ ਬਰਾਮਦ ਹੋਈ ਹੈ। ਮ੍ਰਿਤਕ ਦੀ ਪਛਾਣ ਰਵੀ (35) ਵਜੋਂ ਹੋਈ ਜੋ ਵਿਦੇਸ਼ ਨਾ ਜਾਣ ਕਾਰਨ ਲੰਬੇ ਸਮੇਂ ਤੋਂ ਪਰੇਸ਼ਾਨ ਰਹਿੰਦਾ ਸੀ।

ਮਿਲੀ ਜਾਣਕਾਰੀ ਅਨੁਸਾਰ ਰਵੀ ਇਥੇ ਆਪਣੇ ਭਰਾ ਨਾਲ ਰਹਿੰਦਾ ਸੀ। ਉਹ ਕਾਫ਼ੀ ਚਿਰ ਤੋਂ ਵਿਦੇਸ਼ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਅਜਿਹਾ ਨਾ ਹੋਣ ਕਾਰਨ ਕੁਝ ਦਿਨ ਤੋਂ ਉਹ ਮਾਨਸਿਕ ਤੌਰ 'ਤੇ ਪਰੇਸ਼ਾਨ ਸੀ। ਉਸ ਦੀ ਲਾਸ਼ ਕਮਰੇ ਵਿਚੋਂ ਬਰਾਮਦ ਹੋਈ। ਭਰਾ ਨੇ ਆਲੇ-ਦੁਆਲੇ ਦੇ ਲੋਕਾਂ ਨੂੰ ਬੁਲਾ ਕੇ ਰਵੀ ਨੂੰ ਹੇਠਾਂ ਉਤਾਰਿਆ ਅਤੇ ਸਿਵਲ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਸਿਟੀ ਦੇ ਐਸ.ਐਚ.ਓ. ਮਨਪ੍ਰੀਤ ਸਿੰਘ ਨੇ ਪਰਿਵਾਰਕ ਮੈਂਬਰਾਂ ਦੇ ਬਿਆਨ 'ਤੇ ਧਾਰਾ-174 ਤਹਿਤ ਕਾਰਵਾਈ ਮਗਰੋਂ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤੀ।

## ਮੂਸੇਵਾਲਾ ਦੇ ਪਰਿਵਾਰ ਤੋਂ ਹਮਾਇਤ ਲਈ ਸਰਗਰਮ ਹੋਈਆਂ ਸਿਆਸੀ ਧਿਰਾਂ

**ਮਾਨਸਾ:** ਬਠਿੰਡਾ ਹਲਕੇ ਤੋਂ ਕਾਂਗਰਸ ਸਣੇ ਐਲਾਨੇ ਹੋਏ ਹੋਰਨਾਂ ਪਾਰਟੀਆਂ ਦੇ ਉਮੀਦਵਾਰ ਹੁਣ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ ਤੋਂ ਆਸ਼ੀਰਵਾਦ ਲੈਣ ਲਈ ਕਾਹਲੇ ਹਨ। ਭਾਵੇਂ ਅਜੇ ਤੱਕ ਪੰਜਾਬੀ ਗਾਇਕ ਦਾ ਪਰਿਵਾਰ ਕਿਸੇ ਵੀ ਉਮੀਦਵਾਰ ਨੂੰ ਮਿਲਣ ਤੋਂ ਦੂਰੀ ਬਣਾਈ ਬੈਠਾ ਹੈ ਪਰ ਮੈਦਾਨ ਵਿਚ ਆਏ ਸਾਰੇ ਉਮੀਦਵਾਰਾਂ ਵੱਲੋਂ ਆਪਣੇ ਸਮਰਥਕਾਂ ਰਾਹੀਂ ਬਲਕੌਰ ਸਿੰਘ ਸਿੱਧੂ ਸਣੇ ਚਮਕੌਰ ਸਿੰਘ ਸਿੱਧੂ ਤੋਂ ਸਮਾਂ ਮੰਗਿਆ ਜਾਣ ਲੱਗਿਆ ਹੈ।

ਇਸੇ ਦੌਰਾਨ ਇਲਾਕੇ ਦੇ ਨੌਜਵਾਨ ਅਤੇ ਵੱਖ-ਵੱਖ ਕਲੱਬਾਂ ਸਣੇ ਹੋਰ ਸਮਾਜ ਸੇਵੀ ਸੰਸਥਾਵਾਂ ਦੇ ਆਗੂ ਅਜੇ ਵੀ ਮੂਸੇਵਾਲਾ ਦੇ ਪਰਿਵਾਰ 'ਚੋਂ ਕਿਸੇ ਜੀਅ ਨੂੰ ਮੈਦਾਨ ਵਿਚ ਉਤਰਨ ਲਈ ਰਾਜ਼ੀ ਕਰਨ ਲੱਗੇ ਹੋਏ ਹਨ।

ਕਾਂਗਰਸ ਵੱਲੋਂ ਇੱਥੋਂ ਐਲਾਨੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਵੱਲੋਂ ਮਾਨਸਾ ਵਿਚ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਰਸ਼ਦੀਪ ਸਿੰਘ ਮਾਈਕਲ ਗਾਗੋਵਾਲ ਦੀ ਅਗਵਾਈ ਹੇਠ ਬੁਲਾਈ ਮੀਟਿੰਗ ਮਗਰੋਂ ਮੂਸੇਵਾਲਾ ਦੇ ਪਰਿਵਾਰ ਨਾਲ ਤਾਲਮੇਲ ਕਰਨ ਲਈ ਉਪਰਾਲਾ ਕੀਤਾ ਗਿਆ। ਭਾਜਪਾ ਉਮੀਦਵਾਰ ਪਰਮਪਾਲ ਕੌਰ ਮਲੂਕਾ ਦੇ ਸਮਰਥਕਾਂ ਅਤੇ ਭਾਜਪਾ ਨੇਤਾਵਾਂ ਨੇ ਮੂਸੇਵਾਲਾ ਦੇ ਪਰਿਵਾਰ ਨਾਲ ਤਾਲਮੇਲ ਬਣਾਉਣ ਦਾ ਬੇਸ਼ੱਕ ਯਤਨ ਕੀਤਾ ਹੈ।

ਹਰਸਿਮਰਤ ਕੌਰ ਬਾਦਲ ਦਾ ਚੋਣ ਮੀਟਿੰਗਾਂ ਦੌਰਾਨ ਮੂਸੇਵਾਲਾ ਪਰਿਵਾਰ ਨਾਲ ਅਜੇ ਤੱਕ ਕੋਈ ਮੇਲ-ਜੋਲ ਨਹੀਂ ਹੋ ਸਕਿਆ। ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਭਾਈ ਗੁਰਸੇਵਕ ਸਿੰਘ ਜਵਾਹਰਕੇ ਦੀ ਥਾਂ ਲੱਖਾ ਸਿਧਾਣਾ ਨੂੰ ਮੈਦਾਨ ਵਿਚ ਉਤਾਰਨ ਦਾ ਐਲਾਨ ਕੀਤਾ ਹੈ, ਉਸ ਲਈ ਵੀ ਹਮਾਇਤ ਦੇਣ ਲਈ ਮੂਸੇਵਾਲਾ ਪਰਿਵਾਰ ਚੁੱਪ ਵੱਟੀ ਬੈਠਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਬਲਵਿੰਦਰ (ਰਿੰਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਜਸਕਰਨ ਸਿੰਘ ਧਾਲੀਵਾਲ |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਗੁਰਦੇਵ ਸਿੰਘ ਜੌੜਾ | ਅਮਰੀਕ ਸਿੰਘ (ਅਮਰ ਕਾਰਪੇਟ) |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ | ਹਰਵਿੰਦਰਪਾਲ ਸਿੰਘ ਲੈਲ |
| | | | ਅਮੋਲਕ ਸਿੰਘ ਗਾਖਲ |
| | | | ਜਸਵਿੰਦਰ ਸਿੰਘ (ਜੱਸੀ) ਗਿੱਲ |

# ਲੋਕ ਸਭਾ ਚੋਣਾਂ: ਦਲ ਬਦਲੂਆਂ ਨੂੰ ਅੱਗੇ ਕਰਨ ਤੋਂ ਟਕਸਾਲੀ ਕਾਂਗਰਸੀ ਔਖੇ

**ਰਾਜਪੁਰਾ:** ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਵੱਲੋਂ ਡਾ. ਧਰਮਵੀਰ ਗਾਂਧੀ ਨੂੰ ਟਿਕਟ ਦੇਣ ਖ਼ਿਲਾਫ਼ ਰਾਜਪੁਰਾ ਵਿਚ ਰੱਖੀ ਟਕਸਾਲੀ ਕਾਂਗਰਸੀ ਵਰਕਰਾਂ ਤੇ ਅਹੁਦੇਦਾਰਾਂ ਨੇ ਰੈਲੀ ਕੀਤੀ ਜਿਸ ਵਿਚ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਵਰਕਰਾਂ ਨੂੰ ਸੰਬੋਧਨ ਕਰਦਿਆਂ ਰਾਜਾ ਵੜਿੰਗ ਨੇ ਡਾ. ਧਰਮਵੀਰ ਗਾਂਧੀ ਦਾ ਸਾਥ ਦੇਣ ਦੀ ਅਪੀਲ ਕੀਤੀ।



ਕਾਂਗਰਸੀ ਵਰਕਰਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਹ ਉਮੀਦ ਸੀ ਕਿ ਰਾਜਾ ਵੜਿੰਗ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਲਈ ਕੋਈ ਖ਼ੁਸ਼ਖ਼ਬਰੀ ਲੈ ਕੇ ਆਉਣਗੇ ਪਰ ਅਜਿਹਾ ਨਹੀਂ ਹੋਇਆ। ਵਰਕਰਾਂ ਨੇ ਐਲਾਨ ਕੀਤਾ ਕਿ ਇਨ੍ਹਾਂ ਚੋਣਾਂ ਦੌਰਾਨ ਉਹ ਆਪਣੀ ਵੋਟ ਤਾਂ ਕਾਂਗਰਸ ਪਾਰਟੀ ਨੂੰ ਪਾ ਦੇਣਗੇ ਪਰ ਡਾ. ਗਾਂਧੀ ਲਈ ਵੋਟਾਂ ਮੰਗਣ ਲਈ ਨਹੀਂ ਤੁਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਹਾਈਕਮਾਨ ਨੂੰ ਟਿਕਟ 'ਤੇ ਨਜ਼ਰਸਾਨੀ ਕਰਨੀ ਚਾਹੀਦੀ ਹੈ ਨਹੀਂ ਤਾਂ ਇਹ ਜਿੱਤੀ ਹੋਈ ਸੀਟ ਪਾਰਟੀ ਦੇ ਹੱਥੋਂ ਨਿਕਲ ਜਾਵੇਗੀ।

ਇਸ ਤੋਂ ਪਹਿਲਾਂ ਸਟੇਜ ਤੋਂ ਸੰਬੋਧਨ ਕਰਦਿਆਂ ਟਕਸਾਲੀ ਕਾਂਗਰਸੀ ਬਲਦੇਵ ਸਿੰਘ ਗੱਦੋਮਾਜਰਾ, ਸਾਬਕਾ ਵਿਧਾਇਕ ਰਾਜਿੰਦਰ ਸਿੰਘ, ਸਾਬਕਾ ਵਿਧਾਇਕ ਨਿਰਮਲ ਸਿੰਘ ਸ਼ੁਤਰਾਣਾ, ਨਗਰ ਕੌਂਸਲ ਰਾਜਪੁਰਾ ਦੇ ਪ੍ਰਧਾਨ ਨਰਿੰਦਰ ਸ਼ਾਸਤਰੀ, ਜਗਤਾਰ ਸਿੰਘ ਰਾਜਲਾ ਸਾਬਕਾ ਵਿਧਾਇਕ ਸਮਾਣਾ, ਪਟਿਆਲਾ ਦੇ ਹਲਕਾ ਇੰਚਾਰਜ ਵਿਸ਼ਣੂ ਸ਼ਰਮਾ, ਸੂਬਾ ਪ੍ਰਧਾਨ ਮਹਿਲਾ ਵਿੰਗ ਗੁਰਸ਼ਰਨ ਕੌਰ ਰੰਧਾਵਾ ਨੇ ਰਾਜਾ ਵੜਿੰਗ ਰਾਹੀਂ ਹਾਈਕਮਾਨ ਨੂੰ ਅਪੀਲ ਕੀਤੀ ਕਿ ਡਾ. ਗਾਂਧੀ ਨੂੰ ਦਿੱਤੀ ਟਿਕਟ ਉਪਰ ਮੁੜ ਗ਼ੌਰ ਕੀਤਾ ਜਾਵੇ ਅਤੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੂੰ ਉਮੀਦਵਾਰ ਬਣਾਇਆ ਜਾਵੇ। ਸ੍ਰੀ ਕੰਬੋਜ ਨੇ ਆਪਣੇ ਭਾਸ਼ਣ ਵਿਚ ਰਾਜਾ ਵੜਿੰਗ ਨੂੰ ਸਵਾਲ ਕੀਤਾ ਕਿ ਵਿਰੋਧੀ ਧਿਰ ਦੀ ਸਰਕਾਰ ਨੇ ਉਨ੍ਹਾਂ ਅਤੇ ਉਨ੍ਹਾਂ ਦੇ ਪੁੱਤਰ ਉਪਰ ਝੂਠਾ ਕੇਸ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਡਾ. ਗਾਂਧੀ ਬਾਰੇ ਪਾਰਟੀ ਹਾਈਕਮਾਨ ਦਾ ਕਹਿਣਾ ਹੈ ਕਿ ਡਾ. ਗਾਂਧੀ ਇਮਾਨਦਾਰ ਹਨ। ਉਨ੍ਹਾਂ ਸਵਾਲ ਕੀਤਾ ਕਿ ਕੀ ਉਹ (ਸਾਰੇ ਟਕਸਾਲੀ) ਬੇਈਮਾਨ ਹਨ? ਉਨ੍ਹਾਂ ਕਿਹਾ ਕਿ ਪਾਰਟੀ ਹਾਈਕਮਾਨ ਨੇ ਉਨ੍ਹਾਂ ਦੀ ਇਮਾਨਦਾਰੀ ਅਤੇ ਮਿਹਨਤ 'ਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਸਾਬਕਾ ਮੰਤਰੀ ਲਾਲ ਸਿੰਘ ਨੇ ਕਿਹਾ ਕਿ ਡਾ. ਗਾਂਧੀ ਨੂੰ ਟਿਕਟ ਦੇਣ ਦਾ ਉਨ੍ਹਾਂ ਨੂੰ ਰੋਸ ਹੈ ਅਤੇ ਰਹੇਗਾ ਪਰ ਉਹ ਪਾਰਟੀ ਤੋਂ ਬਾਹਰ ਨਹੀਂ ਹਨ ਅਤੇ ਪਾਰਟੀ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਣਗੇ।

### ਬਗਾਵਤ ਠੱਲ੍ਹਣ ਲਈ ਰਾਹੁਲ ਗਾਂਧੀ ਵੱਲੋਂ ਦਖ਼ਲ

**ਪਟਿਆਲਾ:** ਪਟਿਆਲਾ ਲੋਕ ਸਭਾ ਹਲਕੇ ਤੋਂ ਡਾ. ਧਰਮਵੀਰ ਗਾਂਧੀ ਨੂੰ ਟਿਕਟ ਦੇਣ ਤੋਂ ਬਾਅਦ ਕਾਂਗਰਸ ਵਿਚ ਬਗ਼ਾਵਤ ਨੂੰ ਠੱਲ੍ਹਣ ਲਈ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੇ ਦਖ਼ਲ ਦਿੱਤਾ ਹੈ। ਉਨ੍ਹਾਂ ਨੇ ਬਾਗ਼ੀ ਕਾਂਗਰਸੀ ਆਗੂਆਂ ਨਾਲ ਫੋਨ ਉਤੇ ਗੱਲਬਾਤ ਕਰ ਕੇ ਮਾਮਲਾ ਖ਼ਤਮ ਕਰਨ ਦੀ ਗੱਲ ਆਖੀ ਹੈ। ਕਾਂਗਰਸ ਦੇ ਸੰਗਰੂਰ ਤੋਂ ਉਮੀਦਵਾਰ ਸੁਖਪਾਲ ਖਹਿਰਾ ਨੇ ਪਟਿਆਲਾ ਪੁੱਜ ਕੇ ਡਾ. ਧਰਮਵੀਰ ਗਾਂਧੀ ਦੇ ਹੱਕ 'ਚ ਪ੍ਰਚਾਰ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਵੀ ਉਨ੍ਹਾਂ ਪਟਿਆਲਾ 'ਚ ਚੋਣ ਪ੍ਰਚਾਰ ਲਈ ਸੱਦਾ ਦਿੱਤਾ ਜਾਵੇਗਾ, ਉਹ ਆਪਣਾ ਹਲਕਾ ਛੱਡ ਕੇ ਇਥੇ ਆ ਜਾਣਗੇ।

## ਪੰਜਾਬ ਦੀ ਹੋਂਦ ਨਾਲ ਜੁੜੇ ਮੁੱਦਿਆਂ ਤੋਂ ਪਾਸਾ ਵੱਟ ਰਹੀਆਂ ਨੇ ਸਿਆਸੀ ਧਿਰਾਂ: ਫੂਲਕਾ

**ਚੰਡੀਗੜ੍ਹ:** ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਨੇ ਕਿਹਾ ਕਿ ਅੱਜ ਪੰਜਾਬ ਦੇ ਸਿਆਸਤਦਾਨਾਂ ਵੱਲੋਂ ਪੰਜਾਬ ਦੀ ਹੋਂਦ ਨਾਲ ਜੁੜੇ ਮੁੱਦਿਆਂ ਨੂੰ ਛੱਡ ਕੇ ਹੋਰਨਾਂ ਮੁੱਦਿਆਂ ਨੂੰ ਚੁੱਕਿਆ ਜਾ ਰਿਹਾ ਹੈ ਜਦੋਂਕਿ ਪੰਜਾਬ ਦੀ ਜ਼ਮੀਨ ਬੰਜਰ ਹੁੰਦੀ ਜਾ ਰਹੀ ਅਤੇ ਧਰਤੀ ਹੇਠਲਾ ਪਾਣੀ ਖ਼ਤਮ ਹੋ ਰਿਹਾ ਹੈ।



ਇਹ ਦੋਵੇਂ ਮੁੱਦੇ ਪੰਜਾਬ ਦੇ ਸਭ ਤੋਂ ਅਹਿਮ ਮੁੱਦੇ ਹਨ, ਪਰ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਇਨ੍ਹਾਂ ਦੋਵਾਂ ਮੁੱਦਿਆਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਧਰਤੀ ਹੇਠਲਾ ਪਾਣੀ 500-500 ਫੁੱਟ 'ਤੇ ਪਹੁੰਚ ਗਿਆ ਹੈ ਅਤੇ ਆਉਣ ਵਾਲੇ 10-15 ਸਾਲਾਂ ਵਿੱਚ ਸਾਡੇ ਕੋਲ ਪੀਣ ਲਈ ਪਾਣੀ ਨਹੀਂ ਰਹਿਣਾ। ਇਸ ਸੰਕਟ ਦੇ ਬਾਵਜੂਦ ਰਾਜਸੀ ਪਾਰਟੀਆਂ ਪੰਜਾਬ ਤੇ ਪੰਜਾਬੀਆਂ ਦੀ ਹੋਂਦ ਨਾਲ ਜੁੜੇ ਮੁੱਦਿਆਂ ਨੂੰ ਛੱਡ ਕੇ ਹੋਰਨਾਂ ਮੁੱਦਿਆਂ 'ਤੇ ਬਹਿਸ ਕਰਨ ਲੱਗੀਆਂ ਹੋਈਆਂ ਹਨ। ਸ੍ਰੀ ਫੂਲਕਾ ਨੇ ਮੰਗ ਕੀਤੀ ਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਵਾਤਾਵਰਨ ਦੀ ਸੰਭਾਲ ਦੇ ਮੁੱਦੇ ਨੂੰ ਆਪਣੇ ਚੋਣ ਮੈਨੀਫੈਸਟੋ ਵਿਚ ਸ਼ਾਮਲ ਕਰਨ ਤਾਂ ਜੋ ਇਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਸਕੇ।

ਸ੍ਰੀ ਫੂਲਕਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਅੱਗੇ ਪੰਜਾਬ ਦੀ ਬੰਜਰ ਹੋ ਰਹੀ ਜ਼ਮੀਨ ਤੇ ਧਰਤੀ ਹੇਠਲੇ ਪਾਣੀ ਦੇ ਮੁੱਦੇ ਨੂੰ ਚੁੱਕਣ ਤਾਂ ਜੋ ਇਨ੍ਹਾਂ ਮੁੱਦਿਆਂ ਨੂੰ ਹੱਲ ਕੀਤਾ ਜਾ ਸਕੇ।

## ਨਵਜੋਤ ਸਿੱਧੂ ਦੀ ਸਿਆਸਤ ਵਿਚ ਮੁੜ ਸਰਗਰਮੀ

**ਪਟਿਆਲਾ:** ਲੋਕ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਆਈ.ਪੀ.ਐਲ. ਵਿਚ ਸ਼ਾਮਲ ਹੋਏ ਨਵਜੋਤ ਸਿੰਘ ਸਿੱਧੂ ਮੁੜ ਪੰਜਾਬ ਦੀ ਸਿਆਸਤ ਵਿਚ ਸਰਗਰਮ ਨਜ਼ਰ ਆਏ। ਆਈ.ਪੀ.ਐਲ. ਦੀ ਸ਼ੁਰੂਆਤ ਤੋਂ ਹੀ ਨਵਜੋਤ ਸਿੱਧੂ ਪੰਜਾਬ ਦੀ ਸਿਆਸਤ ਤੋਂ ਗਾਇਬ ਹੋ ਗਏ ਸਨ, ਅਚਾਨਕ ਉਨ੍ਹਾਂ ਨੇ ਪਟਿਆਲਾ ਵਿਚ ਸੀਨੀਅਰ ਕਾਂਗਰਸੀ ਆਗੂਆਂ ਨਾਲ ਮੀਟਿੰਗ ਕੀਤੀ।

ਇਸ ਵਿਚ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ ਵੀ ਹਾਜ਼ਰ ਸਨ। ਨਵਜੋਤ ਸਿੱਧੂ ਦੇ ਸਮਰਥਕਾਂ ਦੇ ਤੇਵਰ ਸਖ਼ਤ ਨਜ਼ਰ ਆਏ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਦਾ ਸਾਥ ਦੇਣ ਵਾਲੇ ਆਗੂ ਕਾਂਗਰਸ ਵਿਚੋਂ ਮੁਅੱਤਲ ਕੀਤੇ ਹੋਏ ਹਨ ਪਰ ਪਾਰਟੀ ਵੱਲੋਂ ਖੜ੍ਹੇ ਕੀਤੇ ਉਮੀਦਵਾਰ ਮੁਅੱਤਲ ਆਗੂਆਂ ਨੂੰ ਪ੍ਰਚਾਰ ਕਰਨ ਲਈ ਸੱਦਾ ਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਹਾਈਕਮਾਂਡ ਉਨ੍ਹਾਂ ਮੁਅੱਤਲ ਆਗੂਆਂ ਨੂੰ ਬਹਾਲ ਕਰਕੇ ਨਵਜੋਤ ਸਿੱਧੂ ਨੂੰ ਸੱਦਾ ਦੇ ਕੇ ਉਸ ਦੀ ਡਿਊਟੀ ਨਹੀਂ ਲਗਾਉਂਦੀ, ਉਦੋਂ ਤੱਕ ਉਹ ਕਾਂਗਰਸੀ ਉਮੀਦਵਾਰਾਂ ਦਾ ਚੋਣ ਪ੍ਰਚਾਰ ਕਿਵੇਂ ਕਰ ਸਕਦੇ ਹਨ। ਇਸ ਮੌਕੇ ਨਵਜੋਤ ਸਿੱਧੂ ਦੀ ਸੁਰ ਨਰਮ ਸੀ।



ਪਟਿਆਲਾ ਦੇ ਨਵਜੋਤ ਸਿੱਧੂ ਦੇ ਯਾਦਵਿੰਦਰਾ ਕਲੋਨੀ ਵਿਚ ਘਰ ਵਿਚ ਇਕ ਤੋਂ ਤਿੰਨ ਵਜੇ ਤੱਕ ਕਈ ਕਾਂਗਰਸੀ ਆਗੂਆਂ ਦੀ ਮੀਟਿੰਗ ਚੱਲੀ। ਇਨ੍ਹਾਂ ਵਿਚ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ, ਸੁਰਜੀਤ ਧੀਮਾਨ, ਜਗਦੇਵ ਕਮਾਲੂ, ਮਹੇਸ਼ਇੰਦਰ ਸਿੰਘ, ਨਾਜਰ ਸਿੰਘ ਮਾਨਸ਼ਾਹੀਆ, ਹਰਵਿੰਦਰ ਸਿੰਘ ਲਾਡੀ ਬਠਿੰਡਾ, ਅਮਨਦੀਪ ਸਿੰਘ ਵੇਰਕਾ ਅੰਮ੍ਰਿਤਸਰ, ਸ਼ੈਰੀ ਰਿਆੜ ਪਟਿਆਲਾ, ਨਰਿੰਦਰ ਲਾਲੀ ਪਟਿਆਲਾ ਸ਼ਾਮਲ ਸਨ।

ਇਸ ਵੇਲੇ ਕੁਝ ਗੱਲਾਂ ਨੂੰ ਲੈ ਕੇ ਬਹਿਸ ਵੀ ਹੋਈ, ਜਿਸ ਦੀ ਪੁਸ਼ਟੀ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਨੇ ਕੀਤੀ। ਕਈਆਂ ਦਾ ਤਰਕ ਸੀ ਕਿ ਪਾਰਟੀ ਨੇ ਉਮੀਦਵਾਰ ਐਲਾਨਣੇ ਸ਼ੁਰੂ ਕੀਤੇ ਹੋਏ ਹਨ ਪਰ ਨਵਜੋਤ ਸਿੱਧੂ ਨੂੰ ਬੁਲਾਇਆ ਤੱਕ ਨਹੀਂ ਗਿਆ। ਇਸ ਵੇਲੇ ਸਾਰੇ ਆਗੂਆਂ ਨੇ ਇਕਮੱਤ ਹੁੰਦਿਆਂ ਕਿਹਾ ਕਿ ਨਵਜੋਤ ਸਿੱਧੂ ਦੇ ਜੋ ਸਮਰਥਕ ਕਾਂਗਰਸੀ ਆਗੂ ਪਾਰਟੀ ਨੇ ਕਿਸੇ ਵੱਡੇ ਕਾਰਨ ਤੋਂ ਬਿਨਾਂ ਹੀ ਮੁਅੱਤਲ ਕੀਤੇ ਹੋਏ ਹਨ, ਉਨ੍ਹਾਂ ਨੂੰ ਤੁਰਤ ਕਾਂਗਰਸ ਹਾਈਕਮਾਂਡ ਬਹਾਲ ਕਰੇ ਤੇ ਨਵਜੋਤ ਸਿੱਧੂ ਨੂੰ ਸਤਿਕਾਰ ਸਹਿਤ ਬੁਲਾ ਕੇ ਉਸ ਦੀ ਚੋਣ ਵਿਚ ਡਿਊਟੀ ਲਗਾਵੇ।

## ਲੀਡਰਾਂ ਤੋਂ ਅੱਕੇ ਡਰਾਈਵਰਾਂ ਨੇ ਜਨ ਸੇਵਾ ਡਰਾਈਵਰ ਪਾਰਟੀ ਬਣਾਈ

**ਬਠਿੰਡਾ:** ਡਰਾਈਵਰ ਭਾਈਚਾਰੇ ਨੇ 'ਜਨ ਸੇਵਾ ਡਰਾਈਵਰ ਪਾਰਟੀ' (ਜੇ.ਡੀ.ਪੀ.) ਬਣਾਈ ਹੈ। ਪਾਰਟੀ ਦੇ ਕੌਮੀ ਪ੍ਰਧਾਨ ਪ੍ਰਵੀਨ ਤਿਵਾੜੀ ਅਤੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਉੱਪਲ ਨੇ ਦੱਸਿਆ ਕਿ ਅੱਜ ਤੱਕ ਕਿਸੇ ਵੀ ਸਿਆਸੀ ਧਿਰ ਨੇ ਡਰਾਈਵਰਾਂ ਦੀਆਂ ਮੁਸ਼ਕਲਾਂ ਬਾਰੇ ਕੋਈ ਮੁੱਦਾ ਸੰਸਦ ਵਿਚ ਨਹੀਂ ਉਠਾਇਆ। ਇਸੇ ਕਰ ਕੇ ਉਹ ਆਪਣੇ ਹੱਥੀਂ ਆਪਣਾ ਕਾਜ ਸੰਵਾਰਨ ਲਈ ਮਜਬੂਰ ਹੋਏ ਹਨ। ਭਾਰਤ ਦੇ ਡਰਾਈਵਰ ਦੇਸ਼ ਦੇ ਅਰਥਚਾਰੇ ਨੂੰ ਚਲਾਉਣ ਲਈ 3200 ਕਰੋੜ ਤੋਂ ਵੱਧ ਦਾ ਕਰ ਸਰਕਾਰ ਨੂੰ ਅਦਾ ਕਰਦੇ ਹਨ ਅਤੇ ਕਰੀਬ 100 ਕਰੋੜ ਰੁਪਏ 'ਰਿਸ਼ਵਤ' ਦੀ ਅਦਾਇਗੀ ਇਸ ਤੋਂ ਵੱਖ ਹੈ। ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਦੀ ਜੀ.ਡੀ.ਪੀ. 'ਚ ਵੀ ਉਹ ਲਗਭਗ 5 ਫ਼ੀਸਦ ਯੋਗਦਾਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਵਿਕਾਸ ਗਤੀ ਨੂੰ ਚੱਲਦਾ ਰੱਖਣ ਲਈ ਡਰਾਈਵਰ ਇਕ ਮਜ਼ਬੂਤ ਧੁਰਾ ਹਨ ਪਰ ਇਸ ਦੇ ਬਾਵਜੂਦ ਸਿਆਸਤਦਾਨ ਉਨ੍ਹਾਂ ਦੇ ਮਸਲਿਆਂ ਨੂੰ ਦਰਕਿਨਾਰ ਕਰਦੇ ਰਹੇ ਹਨ। ਉਨ੍ਹਾਂ ਸਿਆਸੀ ਪਾਰਟੀਆਂ 'ਤੇ ਗਿਲਾ ਕੀਤਾ ਕਿ ਉਹ ਫ਼ਨਕਾਰਾਂ, ਅਦਾਕਾਰਾਂ ਸਮੇਤ ਸਮਾਜ ਦੀਆਂ ਹੋਰ ਧਿਰਾਂ ਨੂੰ ਉਮੀਦਵਾਰ ਬਣਾਉਂਦੇ ਹਨ ਪਰ ਡਰਾਈਵਰਾਂ ਨਾਲ ਉਨ੍ਹਾਂ ਦਾ ਸਲੂਕ ਹਮੇਸ਼ਾ ਮਤਰੇਆ ਰਿਹਾ ਹੈ।

## ਭਾਜਪਾ ਦੇ ਬੋਰਡਾਂ 'ਤੇ ਬੇਅੰਤ ਸਿੰਘ ਦੀ ਫੋਟੋ ਲਾਉਣ ਦਾ ਮਾਮਲਾ ਭਖਿਆ

**ਲੁਧਿਆਣਾ:** ਲੁਧਿਆਣਾ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਪਾਰਟੀ ਬਦਲਦਿਆਂ ਹੀ ਭਾਜਪਾ ਦੇ ਬੋਰਡਾਂ 'ਤੇ ਸਾਬਕਾ ਮੁੱਖ ਮੰਤਰੀ ਅਤੇ ਆਪਣੇ ਦਾਦੇ ਬੇਅੰਤ ਸਿੰਘ ਦੀ ਫੋਟੋ ਲਗਾ ਦਿੱਤੀ ਹੈ। ਇਸ ਫੋਟੋ ਤੋਂ ਬਾਅਦ ਸੂਬੇ ਵਿਚ ਸਿਆਸੀ ਤਾਪ ਚੜ੍ਹ ਗਿਆ ਹੈ।

ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਨੇ ਇਸ 'ਤੇ ਆਪਣਾ ਵਿਰੋਧ ਵੀ ਜ਼ਾਹਿਰ ਕੀਤਾ ਹੈ। ਜਦੋਂਕਿ ਬਿੱਟੂ ਨੇ ਵੀ ਇਸ 'ਤੇ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਕਾਂਗਰਸ ਨੇ ਤਾਂ ਉਨ੍ਹਾਂ ਦੇ ਦਾਦੇ ਦੀ ਸ਼ਹਾਦਤ ਦਾ ਮੁੱਲ ਨਹੀਂ ਪਾਇਆ। ਦਰਅਸਲ, ਰਵਨੀਤ ਬਿੱਟੂ ਨੇ ਕਾਂਗਰਸ ਤੋਂ ਭਾਜਪਾ ਵਿਚ ਜਾਣ ਤੋਂ ਬਾਅਦ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਸੀ। ਉਸ ਤੋਂ ਬਾਅਦ ਪਿਛਲੇ ਦਿਨੀਂ ਚੋਣ ਪ੍ਰਚਾਰ ਲਈ ਵੱਡੇ-ਵੱਡੇ ਬੋਰਡ ਲਗਾਏ ਗਏ। ਬਿੱਟੂ ਚੋਣ ਪ੍ਰਚਾਰ ਦੌਰਾਨ ਜਿੱਥੇ ਆਪਣੇ ਬੋਰਡ 'ਤੇ ਭਾਜਪਾ ਦੇ ਵੱਡੇ ਨੇਤਾਵਾਂ ਦੀ ਫੋਟੋ ਲਾ ਰਹੇ ਹਨ, ਉਥੇ ਹੀ ਆਪਣੇ ਦਾਦੇ ਸਵਰਗੀ ਬੇਅੰਤ ਸਿੰਘ ਦੀ ਫੋਟੋ ਵੀ ਲਾ ਰਹੇ ਹਨ। ਬੋਰਡ ਵਿਚ ਸਭ ਤੋਂ ਪਹਿਲਾਂ ਬਿੱਟੂ ਨੇ ਆਪਣਾ ਦਾਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਫੋਟੋ ਲਗਾਈ ਜਿਸ ਤੋਂ ਬਾਅਦ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਫੋਟੋ ਹੈ। ਉਸ ਤੋਂ ਬਾਅਦ ਭਾਜਪਾ ਪ੍ਰਧਾਨ ਜੇਪੀ ਨੱਢਾ, ਸੂਬਾ ਪ੍ਰਧਾਨ ਸੁਨੀਲ ਜਾਖੜ ਤੇ ਲੁਧਿਆਣਾ ਦੇ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਦੀ ਫੋਟੋ ਲਗਾਈ ਗਈ ਹੈ।



ਇਸ ਬੋਰਡ ਦੇ ਵਾਇਰਲ ਹੋਣ 'ਤੇ ਕਾਂਗਰਸੀਆਂ ਨੇ ਆਪਣਾ ਵਿਰੋਧ ਜ਼ਾਹਿਰ ਕਰਨਾ ਸ਼ੁਰੂ ਕਰ ਦਿੱਤਾ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜਾ ਵੜਿੰਗ ਨੇ ਭਾਜਪਾ ਦੇ ਲੁਧਿਆਣਾ ਤੋਂ ਲੋਕ ਸਭਾ ਉਮੀਦਵਾਰ ਰਵਨੀਤ ਸਿੰਘ ਬਿੱਟੂ 'ਤੇ ਐਕਸ ਰਾਹੀਂ ਹਮਲਿਆਂ ਕਰਦਿਆਂ ਲਿਖਿਆ, "ਬਿੱਟੂ ਜੀ ਆਪ ਤਾਂ ਤੁਸੀਂ ਭਾਜਪਾ 'ਚ ਜਾ ਕੇ ਸੱਤਾ ਦੀ ਭੁੱਖ ਵਾਲੀ ਆਪਣੀ ਸ਼ਖ਼ਸੀਅਤ ਨੂੰ ਜੱਗ ਜ਼ਾਹਿਰ ਕਰ ਦਿੱਤਾ ਹੈ ਪਰ ਸਰਦਾਰ ਬੇਅੰਤ ਸਿੰਘ ਦੀ ਚਿੱਟੀ ਪੱਗ ਨੂੰ ਤਾਂ ਬਖ਼ਸ਼ ਦਿਓ। ਉਸ ਨੂੰ ਦਾਗ ਨਾ ਲਾਓ। ਤੁਸੀਂ ਉਨ੍ਹਾਂ ਦੀ ਫੋਟੋ ਨੂੰ ਵੋਟਾਂ ਲੈਣ ਲਈ ਵਰਤ ਕੇ ਉਨ੍ਹਾਂ ਦੀ ਸ਼ਹਾਦਤ ਦਾ ਮਜ਼ਾਕ ਬਣਾ ਰਹੇ ਹੋ। ਅਕਲ ਨੂੰ ਹੱਥ ਮਾਰੋ।" ਵੜਿੰਗ ਦੇ ਇਸ ਟਵੀਟ ਤੋਂ ਬਾਅਦ ਕਾਂਗਰਸੀ ਵਰਕਰ ਲਗਾਤਾਰ ਬਿੱਟੂ ਵੱਲੋਂ ਪਾਈ ਪੋਸਟ 'ਤੇ ਕੁਮੈਂਟ ਕਰ ਰਹੇ ਹਨ।

## ਕਿਸਾਨਾਂ ਵੱਲੋਂ ਹੰਸ ਰਾਜ ਹੰਸ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ

**ਮੋਗਾ:** ਫ਼ਰੀਦਕੋਟ ਰਾਖਵਾਂ ਹਲਕੇ ਤੋਂ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਨੂੰ ਲਗਾਤਾਰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੰਸ ਰਾਜ ਹੰਸ ਅੱਜ ਬਾਘਾਪੁਰਾਣਾ ਵਿਚ ਚੋਣ ਪ੍ਰਚਾਰ ਕਰਨ ਪੁੱਜੇ ਸਨ। ਇਸ ਦੌਰਾਨ ਕਿਰਤੀ ਕਿਸਾਨ ਯੂਨੀਅਨ ਆਗੂ ਚਮਕੌਰ ਸਿੰਘ ਰੋਡੇ ਦੀ ਅਗਵਾਈ ਹੇਠ ਵੱਡੀ ਗਿਣਤੀ ਕਿਸਾਨ ਵਿਰੋਧ ਕਰਨ ਲਈ ਡਟ ਗਏ ਤਾਂ ਪੁਲਿਸ ਨੇ ਕਰੀਬ ਦੋ ਦਰਜਨ ਕਿਸਾਨਾਂ ਨੂੰ ਗੱਡੀਆਂ 'ਚ ਬਿਠਾ ਕੇ ਥਾਣੇ ਬੰਦ ਕਰ ਦਿੱਤਾ।

ਇਸ ਮਗਰੋਂ ਉਹ ਨਿਹਾਲ ਸਿੰਘ ਵਾਲਾ ਵਿੱਚ ਅਗਰਵਾਲ ਧਰਮਸ਼ਾਲਾ ਵਿਚ ਚੋਣ ਪ੍ਰਚਾਰ ਕਰਨ ਲਈ ਪੁੱਜੇ, ਜਿੱਥੇ ਬੀ.ਕੇ.ਯੂ. ਏਕਤਾ ਉਗਰਾਹਾਂ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋਕੇ, ਬੀ.ਕੇ.ਯੂ. ਆਜ਼ਾਦ ਜ਼ਿਲ੍ਹਾ ਪ੍ਰਧਾਨ ਇੰਦਰਮੋਹਨ ਸਿੰਘ ਪੱਤੋ ਹੀਰਾ ਸਿੰਘ ਦੀ ਅਗਵਾਈ ਹੇਠ ਕਿਸਾਨਾਂ ਨੇ ਕਾਲੀਆਂ ਝੰਡੀਆਂ ਦਿਖਾ ਕੇ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਪੁਲਿਸ ਨੇ ਕਰੀਬ 30 ਕਿਸਾਨਾਂ ਨੂੰ ਥਾਣੇ 'ਚ ਡੱਕ ਦਿੱਤਾ। ਇਸ ਮਗਰੋਂ ਹੰਸ ਰਾਜ ਹੰਸ ਮੋਗਾ ਦੀ ਪੁਰਾਣੀ ਅਨਾਜ ਮੰਡੀ ਵਿਚ ਚੋਣ ਪ੍ਰਚਾਰ ਕਰਨ ਲਈ ਪੁੱਜੇ। ਪੁਲਿਸ ਨੇ ਇਸ ਅਨਾਜ ਮੰਡੀ ਨੂੰ ਜਾਂਦੇ ਸਾਰੇ ਰਸਤਿਆਂ ਨੂੰ ਸੀਲ ਕਰ ਦਿੱਤਾ, ਜਿਸ ਕਾਰਨ ਇਥੇ ਕਾਰੋਬਾਰੀਆਂ ਤੇ ਸਬਜ਼ੀ ਵੇਚਣ ਵਾਲਿਆਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਪੁਲਿਸ ਨੇ ਵਿਰੋਧ ਪ੍ਰਦਰਸ਼ਨ ਕਰ ਰਹੇ ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਆਗੂ ਜਗਜੀਤ ਸਿੰਘ ਮੱਦੋਕੇ ਅਤੇ ਜਸਵਿੰਦਰ ਸਿੰਘ ਘਾਲੀ ਸਣੇ ਬੀਕੇਯੂ ਕਰਾਂਤੀ ਜਥੇਬੰਦੀ ਦੇ ਕਰੀਬ 20 ਆਗੂਆਂ ਨੂੰ ਹਿਰਾਸਤ ਵਿਚ ਲੈ ਕੇ ਥਾਣੇ ਸਦਰ ਅੰਦਰ ਡੱਕ ਦਿੱਤਾ।



ਬੀ.ਕੇ.ਯੂ. ਏਕਤਾ ਉਗਰਾਹਾਂ ਆਗੂ ਬਲੌਰ ਸਿੰਘ ਘਾਲੀ ਨੇ ਕਿਹਾ ਕਿ ਬਾਘਾਪੁਰਾਣਾ ਤੇ ਨਿਹਾਲ ਸਿੰਘ ਵਾਲਾ ਪੁਲਿਸ ਨੇ ਹਿਰਾਸਤ ਵਿਚ ਲਏ ਕਿਸਾਨਾਂ ਨੂੰ ਰਿਹਾਅ ਕਰ ਦਿੱਤਾ ਹੈ ਪਰ ਥਾਣਾ ਸਦਰ ਪੁਲਿਸ ਨੇ ਕਿਸਾਨਾਂ ਨੂੰ ਹਾਲੇ ਤੱਕ ਰਿਹਾਅ ਨਹੀਂ ਕੀਤਾ।

ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਰਿਹਾਈ ਲਈ ਪੁਲਿਸ ਨੂੰ ਚਿਤਾਵਨੀ ਦਿੱਤੀ ਗਈ ਹੈ, ਜੇ ਰਿਹਾਅ ਨਾ ਕੀਤੇ ਤਾਂ ਉਹ ਥਾਣਾ ਸਦਰ ਅੱਗੇ ਮੋਗਾ-ਫ਼ਿਰੋਜ਼ਪੁਰ ਕੌਮੀ ਮਾਰਗ 'ਤੇ ਚੱਕਾ ਜਾਮ ਕਰਨਗੇ। ਕਿਸਾਨ ਆਗੂਆਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਕਾਰਪੋਰੇਟ ਪੱਖੀ ਤੇ ਕਿਸਾਨ-ਮਜ਼ਦੂਰ ਵਿਰੋਧੀ ਹਨ। ਇਸ ਲਈ ਭਾਜਪਾ ਦੇ ਉਮੀਦਵਾਰ ਜਦੋਂ ਵੀ ਕਿਸੇ ਪਿੰਡ ਜਾਂ ਸ਼ਹਿਰ ਵਿਚ ਵੋਟਾਂ ਮੰਗਣ ਆਉਣ ਤਾਂ ਕਿਸਾਨ ਜਥੇਬੰਦੀਆਂ ਅਤੇ ਆਮ ਲੋਕਾਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਸ਼ਾਂਤਮਈ ਰਹਿੰਦੇ ਹੋਏ ਭਾਜਪਾ ਉਮੀਦਵਾਰਾਂ ਨੂੰ ਕਿਸਾਨੀ ਮੰਗਾਂ ਸਬੰਧੀ ਸਵਾਲ ਕਰਨ।

# ਬੱਚੀ ਨੂੰ ਜ਼ਿੰਦਾ ਦਫਨਾਉਣ ਵਾਲੀ ਗੁਆਂਢਣ ਨੂੰ ਫਾਂਸੀ ਦੀ ਸਜ਼ਾ



**ਲੁਧਿਆਣਾ:** ਸ਼ਿਮਲਾਪੁਰੀ ਇਲਾਕੇ 'ਚ ਢਾਈ ਸਾਲਾ ਬੱਚੀ ਦਿਲਰੋਜ਼ ਨੂੰ ਘਰ ਤੋਂ ਅਗਵਾ ਕਰ ਕੇ ਜਿਊਂਦਾ ਦਫ਼ਨਾਉਣ ਦੇ ਮਾਮਲੇ 'ਚ ਆਖਰਕਾਰ ਤਿੰਨ ਸਾਲ ਬਾਅਦ ਜ਼ਿਲ੍ਹਾ ਸੈਸ਼ਨ ਜੱਜ ਨੇ ਇਤਿਹਾਸਕ ਫ਼ੈਸਲਾ ਸੁਣਾ ਦਿੱਤਾ ਹੈ। ਮੁਨੀਸ਼ ਸਿੰਘਲ ਦੀ ਅਦਾਲਤ ਨੇ ਨੀਲਮ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਕਤਲ ਦੇ ਮਾਮਲੇ 'ਚ ਫਾਂਸੀ ਦੀ ਸਜ਼ਾ ਸੁਣਾਈ ਹੈ।

ਫ਼ੈਸਲਾ ਆਉਣ ਤੋਂ ਬਾਅਦ ਅਦਾਲਤ ਦੇ ਬਾਹਰ ਉਡੀਕ ਕਰ ਰਹੇ ਦਿਲਰੋਜ਼ ਦੇ ਮਾਪਿਆਂ ਦੀਆਂ ਅੱਖਾਂ 'ਚੋਂ ਹੰਝੂ ਸੁੱਕ ਹੀ ਨਹੀਂ ਰਹੇ ਸਨ ਜਿਸ ਨੂੰ ਦੇਖ ਹਰ ਵਿਅਕਤੀ ਦੀਆਂ ਅੱਖਾਂ ਨਮ ਸਨ। ਅਦਾਲਤ ਨੇ ਨੀਲਮ ਨੂੰ ਉਮਰ ਕੈਦ, ਸਬੂਤਾਂ ਨਾਲ ਛੇੜਛਾੜ ਦੇ ਮਾਮਲੇ 'ਚ ਪੰਜ ਸਾਲ ਤੇ ਕਤਲ ਦੇ ਮਾਮਲੇ 'ਚ ਫਾਂਸੀ ਦੀ ਸਜ਼ਾ ਸੁਣਾਈ ਹੈ। ਨੀਲਮ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਨੀਲਮ ਦੇ ਬੱਚੇ ਛੋਟੇ ਹਨ ਅਤੇ ਉਸ ਦੇ ਪਿਤਾ ਦੀ ਵੀ ਮੌਤ ਹੋ ਚੁੱਕੀ ਹੈ, ਉਸ 'ਤੇ ਕੁਝ ਰਹਿਮ ਦਿਲੀ ਦਿਖਾਈ ਜਾਵੇ ਪਰ ਅਦਾਲਤ ਨੇ ਉਨ੍ਹਾਂ ਦੀ ਦਲੀਲ ਨਹੀਂ ਮੰਨੀ। ਦੱਸਣਯੋਗ ਹੈ ਤਿੰਨ ਸਾਲ ਪਹਿਲਾਂ ਸ਼ਿਮਲਾਪੁਰੀ ਇਲਾਕੇ 'ਚ ਰਹਿਣ ਵਾਲੇ ਪੁਲਿਸ ਮੁਲਾਜ਼ਮ ਹਰਪ੍ਰੀਤ ਸਿੰਘ ਦੀ ਢਾਈ ਸਾਲਾ ਮਾਸੂਮ ਬੱਚੀ ਦਿਲਰੋਜ਼ ਘਰ ਦੇ ਬਾਹਰ ਖੇਡ ਰਹੀ ਸੀ ਤਾਂ ਉਸ ਦੇ ਗੁਆਂਢ 'ਚ ਰਹਿਣ ਵਾਲੀ ਨੀਲਮ ਉਸ ਨੂੰ ਚੌਕਲੇਟ ਦਿਵਾਉਣ ਦਾ ਝਾਂਸਾ ਦੇ ਕੇ ਆਪਣੇ ਨਾਲ ਲੈ ਗਈ ਸੀ।

ਨੀਲਮ ਨੇ ਬੱਚੀ ਦੀ ਕੁੱਟਮਾਰ ਕਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਤੇ ਸਲੇਮ ਟਾਬਰੀ ਦੇ ਸੁੰਨਸਾਨ ਇਲਾਕੇ 'ਚ ਟੋਆ ਪੁੱਟ ਕੇ ਉਸ ਨੂੰ ਜ਼ਿੰਦਾ ਦਫ਼ਨਾ ਦਿੱਤਾ ਸੀ। ਕਾਫੀ ਭਾਲ ਮਗਰੋਂ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਨੇ ਸਾਰੀ ਕਹਾਣੀ ਖੋਲ੍ਹ ਕੇ ਰੱਖ ਦਿੱਤੀ ਸੀ। ਗੁਆਂਢਣ ਨੀਲਮ ਦੀ ਨਿਸ਼ਾਨਦੇਹੀ 'ਤੇ ਬੱਚੀ ਦੀ ਲਾਸ਼ ਬਰਾਮਦ ਕੀਤੀ ਗਈ ਸੀ।

# ਚੋਣਾਂ ਦੌਰਾਨ 'ਆਪ' ਦੇ ਰਾਜ ਸਭਾ ਮੈਂਬਰਾਂ ਦੀ ਗੈਰ-ਹਾਜ਼ਰੀ 'ਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਸਿਆਸੀ ਮੈਦਾਨ ਭਖਣਾ ਸ਼ੁਰੂ ਹੋ ਗਿਆ ਹੈ। ਇਸ ਮੌਕੇ ਜਿੱਥੇ ਸਾਰੀਆਂ ਸਿਆਸੀ ਧਿਰਾਂ ਵੱਲੋਂ ਆਪੋ-ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਰਿਹਾ ਹੈ, ਉੱਥੇ ਹੀ ਪੰਜਾਬ ਵਿਚ ਸੱਤਾਧਾਰੀ ਧਿਰ 'ਆਪ' ਨੇ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਸਾਰੀਆਂ ਰਾਜਸੀ ਪਾਰਟੀਆਂ ਨੇ ਸੂਬੇ ਵਿਚ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੌਰਾਨ ਚੋਣ ਪ੍ਰਚਾਰ ਦੌਰਾਨ 'ਆਪ' ਦੇ ਰਾਜ ਸਭਾ ਮੈਂਬਰਾਂ ਦੀ ਗ਼ੈਰ-ਹਾਜ਼ਰੀ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਹਾਲਾਂਕਿ ਕੁਝ ਰਾਜ ਸਭਾ ਮੈਂਬਰਾਂ ਨੇ ਪਹਿਲਾਂ ਹੀ ਰਾਜਸੀ ਗਤੀਵਿਧੀਆਂ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਦੌਰਾਨ ਰਾਜ ਸਭਾ ਮੈਂਬਰ ਡਾ. ਸੰਦੀਪ ਪਾਠਕ ਨੂੰ ਛੱਡ ਕੇ ਬਾਕੀ ਕੋਈ ਵੀ ਰਾਜ ਸਭਾ ਮੈਂਬਰ ਦਿਖਾਈ ਨਹੀਂ ਦੇ ਰਿਹਾ ਹੈ। ਡਾ. ਸੰਦੀਪ ਪਾਠਕ ਵੱਲੋਂ ਵੱਖ-ਵੱਖ ਲੋਕ ਸਭਾ ਹਲਕਿਆਂ ਦੇ ਉਮੀਦਵਾਰਾਂ ਅਤੇ ਸੀਨੀਅਰ ਆਗੂਆਂ ਨਾਲ ਮੀਟਿੰਗਾਂ ਕਰਕੇ ਰਣਨੀਤੀ ਤਿਆਰ ਕੀਤੀ ਹੈ। ਦੂਜੇ ਪਾਸੇ ਰਾਜ ਸਭਾ ਮੈਂਬਰ ਰਾਘਵ ਚੱਢਾ, ਵਿਕਰਮ ਸਾਹਨੀ, ਸੰਤ ਬਲਬੀਰ ਸਿੰਘ ਸੀਚੇਵਾਲ, ਸੰਜੀਵ ਅਰੋੜਾ, ਅਸ਼ੋਕ ਮਿੱਤਲ ਅਤੇ ਹਰਭਜਨ ਸਿੰਘ ਚੋਣ ਸਰਗਰਮੀਆਂ ਵਿਚ ਕਿਤੇ ਵੀ ਦਿਖਾਈ ਨਹੀਂ ਦਿੱਤੇ। ਹੁਣ ਦੇਖਣਾ ਹੋਵੇਗਾ ਕਿ ਇਹ ਰਾਜ ਸਭਾ ਮੈਂਬਰ ਆਪਣੇ ਆਪ ਨੂੰ ਰਾਜਨੀਤੀ ਤੋਂ ਦੂਰ ਰੱਖਦੇ ਹਨ ਜਾਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਲਈ ਚੋਣ ਮੈਦਾਨ ਵਿਚ ਨਿੱਤਰਨਗੇ ਜਾਂ ਨਹੀਂ। ਇਸ 'ਤੇ ਪੰਜਾਬ ਦੇ ਲੋਕਾਂ ਦੀਆਂ ਨਜ਼ਰਾਂ ਵੀ ਟਿਕੀਆਂ ਹੋਈਆਂ ਹਨ।



## ਚੋਣ ਪ੍ਰਚਾਰ ਵਿਚ ਹਿੱਸਾ ਨਹੀਂ ਲਵਾਂਗਾ: ਸੀਚੇਵਾਲ

**ਜਲੰਧਰ:** ਵਾਤਾਵਰਨ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸਪੱਸ਼ਟ ਕੀਤਾ ਹੈ ਕਿ ਉਹ ਚੋਣ ਪ੍ਰਚਾਰ ਨਹੀਂ ਕਰਨਗੇ। ਉਨ੍ਹਾਂ ਦੱਸਿਆ ਕਿ ਦੋ ਸਾਲ ਪਹਿਲਾਂ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਰਾਜ ਸਭਾ ਸੀਟ ਦੀ ਪੇਸ਼ਕਸ਼ ਕੀਤੀ ਸੀ ਤਾਂ ਉਨ੍ਹਾਂ ਨੇ ਤਿੰਨ ਵਾਰ ਜਵਾਬ ਦਿੱਤਾ ਸੀ ਕਿ ਉਹ ਸਿਆਸਤ ਵਿਚ ਨਹੀਂ ਆਉਣਾ ਚਾਹੁੰਦੇ ਤੇ ਉਹ ਸਮਾਜ ਸੇਵਾ ਦੇ ਖੇਤਰ ਵਿਚ ਹੀ ਰਹਿਣਾ ਚਾਹੁੰਦੇ ਹਨ ਤਾਂ ਉਸ ਵੇਲੇ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਪਾਰਟੀ ਉਨ੍ਹਾਂ ਨੂੰ ਕਿਸੇ ਚੋਣ ਰੈਲੀ ਵਿਚ ਨਹੀਂ ਬੁਲਾਵੇਗੀ ਤੇ ਨਾ ਹੀ ਚੋਣ ਪ੍ਰਚਾਰ ਲਈ ਕਹੇਗੀ।

# ਉਮੀਦਵਾਰਾਂ ਦੇ ਐਲਾਨ ਮਗਰੋਂ ਚੋਣ ਮਾਹੌਲ ਭਖਣ ਲੱਗਿਆ

**ਸੰਗਰੂਰ:** ਸੰਗਰੂਰ ਲੋਕ ਸਭਾ ਹਲਕੇ ਵਿਚ ਰਾਜਸੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ ਮਗਰੋਂ ਚੋਣ ਮਾਹੌਲ ਭਖਣ ਲੱਗਿਆ ਹੈ। ਸਿਰਫ਼ ਭਾਜਪਾ ਵੱਲੋਂ ਹਾਲੇ ਉਮੀਦਵਾਰ ਦਾ ਐਲਾਨ ਹੋਣਾ ਬਾਕੀ ਹੈ ਜਦੋਂਕਿ ਬਾਕੀ ਸਿਆਸੀ ਪਾਰਟੀਆਂ ਦੇ ਉਮੀਦਵਾਰ ਚੋਣ ਪ੍ਰਚਾਰ ਵਿੱਚ ਜੁਟ ਗਏ ਹਨ। ਇਸ ਵਾਰ ਇੱਥੇ ਫਸਵਾਂ ਚੋਣ ਮੁਕਾਬਲਾ ਹੋਣ ਦੇ ਆਸਾਰ ਹਨ।




ਸਭ ਤੋਂ ਦਿਲਚਸਪ ਸਿਆਸੀ ਪਹਿਲੂ ਇਹ ਹੈ ਕਿ ਜ਼ਿਲ੍ਹਾ ਸੰਗਰੂਰ ਮੁੱਖ ਮੰਤਰੀ ਭਗਵੰਤ ਮਾਨ ਦਾ ਜੱਦੀ ਜ਼ਿਲ੍ਹਾ ਹੈ ਜਿਸ ਨੂੰ ਆਮ ਆਦਮੀ ਪਾਰਟੀ ਦਾ ਗੜ੍ਹ ਸਮਝਿਆ ਜਾਂਦਾ ਹੈ। ਸੱਤਾਧਾਰੀ ਆਮ ਆਦਮੀ ਪਾਰਟੀ ਵੱਲੋਂ ਚੋਣ ਮੈਦਾਨ 'ਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਉਤਾਰਿਆ ਹੈ। ਮੀਤ ਹੇਅਰ ਚੋਣ ਮੁਹਿੰਮ 'ਚ ਜੁਟੇ ਹੋਏ ਹਨ।

ਕਾਂਗਰਸ ਵੱਲੋਂ ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਇੱਥੋਂ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ। ਪਾਰਟੀ ਟਿਕਟ ਨਾ ਮਿਲਣ 'ਤੋਂ ਖ਼ਫ਼ਾ ਹਲਕਾ ਧੂਰੀ ਦੇ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਨੇ ਪਾਰਟੀ ਹਾਈਕਮਾਨ ਪ੍ਰਤੀ ਨਾਰਾਜ਼ਗੀ ਜ਼ਾਹਰ ਕੀਤੀ ਸੀ ਪਰ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਨੇ ਗੋਲਡੀ ਦੇ ਘਰ ਪੁੱਜ ਕੇ ਉਨ੍ਹਾਂ ਦੇ ਗਿਲ੍ਹੇ ਸ਼ਿਕਵੇ ਦੂਰ ਕਰ ਦਿੱਤੇ ਹਨ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਮੌਜੂਦਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਮੁੜ ਚੋਣ ਮੈਦਾਨ 'ਚ ਨਿੱਤਰੇ ਹਨ ਜਿਨ੍ਹਾਂ ਵੱਲੋਂ ਆਪਣੀ ਚੋਣ ਮੁਹਿੰਮ ਪੂਰੀ ਤਰ੍ਹਾਂ ਭਖਾਈ ਹੋਈ ਹੈ। ਸੰਨ 2022 ਦੀ ਜ਼ਿਮਨੀ ਚੋਣ ਵਿਚ ਸ੍ਰੀ ਮਾਨ ਨੇ 'ਆਪ' ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਨੂੰ ਫਸਵੇਂ ਮੁਕਾਬਲੇ 'ਚ 5822 ਵੋਟਾਂ ਨਾਲ ਹਰਾਇਆ ਸੀ।

ਅਕਾਲੀ ਦਲ ਵੱਲੋਂ ਪਾਰਟੀ ਟਿਕਟ ਲਈ ਪ੍ਰਮੁੱਖ ਦਾਅਵੇਦਾਰ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਨਜ਼ਰਅੰਦਾਜ਼ ਕਰਕੇ ਇਕਬਾਲ ਸਿੰਘ ਝੂੰਦਾਂ ਨੂੰ ਉਮੀਦਵਾਰ ਬਣਾਇਆ ਗਿਆ ਹੈ। ਪਾਰਟੀ ਟਿਕਟ ਨਾ ਮਿਲਣ ਕਾਰਨ ਢੀਂਡਸਾ ਪਰਿਵਾਰ ਦੀ ਨਾਰਾਜ਼ਗੀ ਕਿਸੇ ਤੋਂ ਛੁਪੀ ਨਹੀਂ ਹੈ ਜਿਸ ਕਾਰਨ ਇਕਬਾਲ ਸਿੰਘ ਝੂੰਦਾਂ ਲਈ ਵੀ ਦੇਸ਼ ਦੀ ਸੰਸਦ ਦਾ ਰਾਹ ਸੌਖਾ ਨਹੀਂ ਹੋਵੇਗਾ। ਬਸਪਾ ਵੱਲੋਂ ਡਾ. ਮੱਖਣ ਸਿੰਘ ਨੂੰ ਉਮੀਦਵਾਰ ਬਣਾਇਆ ਗਿਆ ਹੈ ਜੋ ਸਿਹਤ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਹਨ। ਉਨ੍ਹਾਂ ਵੱਲੋਂ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਸਾਬਕਾ ਡੀ.ਐਸ.ਪੀ. ਬਲਵਿੰਦਰ ਸਿੰਘ ਸੇਖੋਂ ਵੀ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ 'ਚ ਨਿੱਤਰੇ ਹਨ ਅਤੇ ਪੰਜਾਬੀ ਗਾਇਕ ਹਾਕਮ ਬਖਤੜੀਵਾਲਾ ਵੀ ਆਪਣੀ ਕਿਸਮਤ ਅਜ਼ਮਾ ਰਹੇ ਹਨ। ਭਾਜਪਾ ਵੱਲੋਂ ਹਾਲੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ ਜਦੋਂਕਿ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ, ਸਾਬਕਾ ਵਿਧਾਇਕ ਅਰਵਿੰਦ ਖੰਨਾ, ਕੇਵਲ ਸਿੰਘ ਢਿੱਲੋਂ, ਬੀਬੀ ਦਾਮਨ ਥਿੰਦ ਬਾਜਵਾ ਦਾ ਨਾਂ ਸੰਭਾਵੀ ਉਮੀਦਵਾਰਾਂ 'ਚ ਸ਼ਾਮਲ ਹੈ।

# ਚੋਣ ਸਰਗਰਮੀਆਂ: ਉਮੀਦਵਾਰਾਂ ਵੱਲੋਂ ਧਾਰਮਿਕ ਸਥਾਨਾਂ ਦਾ ਓਟ-ਆਸਰਾ

**ਅੰਮ੍ਰਿਤਸਰ:** ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਵੱਲੋਂ ਆਪਣੇ ਚੋਣ ਪ੍ਰਚਾਰ ਦੌਰਾਨ ਧਾਰਮਿਕ ਰਹੁ-ਰੀਤਾਂ ਵਿਚ ਸ਼ਮੂਲੀਅਤ ਅਤੇ ਧਰਮ ਅਸਥਾਨਾਂ 'ਤੇ ਨਤਮਸਤਕ ਹੋਣ ਦਾ ਰੁਝਾਨ ਜਾਰੀ ਹੈ। ਅੰਮ੍ਰਿਤਸਰ ਲੋਕ ਸਭਾ ਲਈ ਚੋਣਾਂ ਲੜ ਰਹੇ ਲਗਭਗ ਸਾਰੀਆਂ ਹੀ ਪ੍ਰਮੁੱਖ ਸਿਆਸੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰ ਐਲਾਨ ਦਿੱਤੇ ਗਏ ਹਨ। ਇਨ੍ਹਾਂ ਉਮੀਦਵਾਰਾਂ ਨੇ ਚੋਣ ਪ੍ਰਚਾਰ ਸ਼ੁਰੂ ਕਰਨ ਤੋਂ ਪਹਿਲਾਂ ਜਾਂ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਹੋਰ ਵੀ ਕਈ ਧਰਮ ਅਸਥਾਨਾਂ 'ਤੇ ਜਾ ਕੇ ਨਤਮਸਤਕ ਹੋਏ। ਇਸੇ ਤਰ੍ਹਾਂ ਕਈ ਧਾਰਮਿਕ ਰਹੁ-ਰੀਤਾਂ ਅਤੇ ਹੋਰ ਗਤੀਵਿਧੀਆਂ ਵਿਚ ਵੀ ਸ਼ਮੂਲੀਅਤ ਕਰ ਰਹੇ ਹਨ।

ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਮਗਰੋਂ ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੁੱਜ ਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕੁਝ ਸਮਾਂ ਆਪਸੀ ਵਿਚਾਰ ਚਰਚਾ ਵੀ ਕੀਤੀ ਪਰ ਇਸ ਦੇ ਵੇਰਵੇ ਜਨਤਕ ਨਹੀਂ ਕੀਤੇ ਗਏ। ਉਨ੍ਹਾਂ ਕਿਹਾ ਕਿ ਮੁਲਾਕਾਤ ਦੌਰਾਨ ਅੰਮ੍ਰਿਤਸਰ ਦੇ ਵਿਕਾਸ ਸਬੰਧੀ ਆਪਣੀਆਂ ਯੋਜਨਾਵਾਂ ਬਾਰੇ ਜਥੇਦਾਰ ਨੂੰ ਜਾਣਕਾਰੀ ਦਿੱਤੀ ਹੈ। ਬਾਅਦ ਵਿਚ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਇੱਥੇ ਕੋਈ ਵੀ ਰਾਜਸੀ ਗੱਲ ਨਹੀਂ ਕਰਨਗੇ ਸਗੋਂ ਇੱਥੇ ਸਿਰਫ਼ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਆਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਗੁਰੂ ਚਰਨਾਂ ਵਿਚ ਅਰਦਾਸ ਕੀਤੀ ਹੈ। ਇਸ ਦੌਰਾਨ ਉਨ੍ਹਾਂ ਮਜੀਠ ਮੰਡੀ ਖੇਤਰ ਵਿਚ ਰਾਮਨੌਮੀ ਦੇ ਮੌਕੇ 'ਤੇ ਧਾਰਮਿਕ ਸਮਾਗਮ ਵਿਚ ਸ਼ਮੂਲੀਅਤ ਕੀਤੀ, ਜਿੱਥੇ ਉਨ੍ਹਾਂ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਕਰਵਾਉਣ ਬਾਰੇ ਭਾਜਪਾ ਦੇ ਸੰਕਲਪ ਦਾ ਜ਼ਿਕਰ ਕੀਤਾ। ਇਸੇ ਤਰ੍ਹਾਂ ਕਾਂਗਰਸ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੇ ਵੀ ਆਪਣੀ ਪਤਨੀ ਤੇ ਪਰਿਵਾਰਕ ਮੈਂਬਰਾਂ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਘਰ ਦਾ ਸ਼ੁਕਰਾਨਾ ਕੀਤਾ। ਗੁਰੂ ਘਰ ਨਤਮਸਤਕ ਹੋਣ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਨੇ ਬਾਹਰੀ ਚਿਹਰੇ 'ਤੇ ਦਾਅ ਖੇਡਿਆ ਅਤੇ 'ਆਪ' ਨੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਵਰਕਰਾਂ ਨੂੰ ਨਜ਼ਰਅੰਦਾਜ਼ ਕੀਤਾ ਹੈ।

# ਕੈਨੇਡਾ ਵਿਚ ਸੋਨਾ ਚੋਰੀ ਕੇਸ ਵਿਚ 2 ਭਾਰਤੀਆਂ ਸਣੇ 6 ਗ੍ਰਿਫਤਾਰ

**ਓਟਵਾ:** ਟੋਰਾਂਟੋ ਦੇ ਮੁੱਖ ਹਵਾਈ ਅੱਡੇ ਉਤੇ ਪਿਛਲੇ ਸਾਲ ਬਹੁ-ਕਰੋੜੀ ਡਾਲਰ ਦੇ ਸੋਨੇ ਦੀ ਚੋਰੀ ਸਬੰਧੀ ਗ੍ਰਿਫਤਾਰ ਕੀਤੇ ਛੇ ਵਿਅਕਤੀਆਂ ਵਿਚ ਘੱਟੋ-ਘੱਟ ਦੋ ਭਾਰਤੀ ਮੂਲ ਦੇ ਵਿਅਕਤੀ ਸ਼ਾਮਲ ਹਨ, ਜੋ ਕੈਨੇਡਾ ਦੇ ਇਤਿਹਾਸ ਵਿਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਹੈ।

ਪੀਲ ਰੀਜਨਲ ਪੁਲਿਸ (ਪੀ.ਆਰ.ਪੀ.) ਨੇ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਨੇ ਇਸ ਮਾਮਲੇ ਵਿਚ ਤਿੰਨ ਹੋਰ ਵਿਅਕਤੀਆਂ ਦੇ ਵਾਰੰਟ ਵੀ ਜਾਰੀ ਕੀਤੇ ਹਨ। ਪੁਲਿਸ ਦਾ ਕਹਿਣਾ ਹੈ ਕਿ 17 ਅਪਰੈਲ 2023 ਨੂੰ ਏਅਰ ਕਾਰਗੋ ਕੰਟੇਨਰ, ਜਿਸ ਵਿਚ 2.2 ਕਰੋੜ ਕੈਨੇਡੀਅਨ ਡਾਲਰ ਤੋਂ ਵੱਧ ਮੁੱਲ ਦੀਆਂ ਸੋਨੇ ਦੀਆਂ ਛੜਾਂ ਤੇ ਵਿਦੇਸ਼ੀ ਮੁਦਰਾ ਸੀ, ਨੂੰ ਜਾਅਲੀ ਕਾਗਜ਼ੀ ਕਾਰਵਾਈ ਦੀ ਵਰਤੋਂ ਕਰਕੇ ਚੋਰੀ ਕੀਤਾ ਗਿਆ ਸੀ।

ਸੋਨਾ ਅਤੇ ਕਰੰਸੀ ਸਵਿਟਜ਼ਰਲੈਂਡ ਦੇ ਜ਼ਿਊਰਿਖ ਤੋਂ ਏਅਰ ਕੈਨੇਡਾ ਦੀ ਫਲਾਈਟ 'ਤੇ ਪਹੁੰਚੀ ਸੀ। ਪੁਲਿਸ ਦਾ ਕਹਿਣਾ ਹੈ ਕਿ ਏਅਰ ਕੈਨੇਡਾ ਦੇ ਘੱਟੋ-ਘੱਟ ਦੋ ਸਾਬਕਾ ਕਰਮਚਾਰੀਆਂ ਨੇ ਕਥਿਤ ਤੌਰ ਉਤੇ ਇਸ ਚੋਰੀ ਵਿਚ ਮਦਦ ਕੀਤੀ ਸੀ। ਇਕ ਹੁਣ ਹਿਰਾਸਤ ਵਿਚ ਹੈ ਅਤੇ ਦੂਜੇ ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਹੈ। ਭਾਰਤੀ ਮੂਲ ਦੇ ਦੋ ਵਿਅਕਤੀਆਂ ਪਰਮਪਾਲ ਸਿੱਧੂ (54) ਅਤੇ ਅਮਿਤ ਜਲੋਟਾ (40), ਦੋਵੇਂ ਓਂਟਾਰੀਓ ਦੇ ਰਹਿਣ ਵਾਲੇ ਹਨ, ਨੂੰ ਅੰਮਾਦ ਚੌਧਰੀ (43), ਅਲੀ ਰਜ਼ਾ (37) ਅਤੇ ਪ੍ਰਸਥ ਪਰਮਾਲਿੰਗਮ (35) ਦੇ ਨਾਲ ਗ੍ਰਿਫਤਾਰ ਕੀਤਾ ਗਿਆ। ਅਪਰਾਧ ਸਮੇਂ ਸਿੱਧੂ ਏਅਰ ਕੈਨੇਡਾ ਵਿਚ ਕੰਮ ਕਰਦਾ ਸੀ। ਇਸ ਤੋਂ ਇਲਾਵਾ ਪੁਲਿਸ ਨੇ ਬਰੈਂਪਟਨ ਦੇ 31 ਸਾਲਾ ਸਿਮਰਨ ਪ੍ਰੀਤ ਪਨੇਸਰ ਦੇ ਵਾਰੰਟ ਜਾਰੀ ਕੀਤੇ ਹਨ, ਜੋ ਚੋਰੀ ਦੇ ਸਮੇਂ ਏਅਰ ਕੈਨੇਡਾ 'ਚ ਤਾਇਨਾਤ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬਰੈਂਪਟਨ ਦੇ 36 ਸਾਲਾ ਅਰਚਿਤ ਗਰੋਵਰ ਅਤੇ ਮਿਸੀਸਾਗਾ ਦੇ 42 ਸਾਲਾ ਅਰਸਲਾਨ ਚੌਧਰੀ ਦੇ ਵਾਰੰਟ ਜਾਰੀ ਕੀਤੇ ਗਏ ਹਨ।

# ਦਸਵੀਂ ਦੇ ਨਤੀਜਿਆਂ ਵਿਚ ਕੁੜੀਆਂ ਨੇ ਬਾਜ਼ੀ ਮਾਰੀ

**ਮੁਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਰਚ ਵਿਚ ਲਈ ਦਸਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਐਲਾਨਿਆ ਗਿਆ। ਇਸ ਵਾਰ ਵੀ ਕੁੜੀਆਂ ਨੇ ਬਾਜ਼ੀ ਮਾਰ ਕੇ ਮੁੰਡਿਆਂ ਨੂੰ ਪਛਾੜ ਦਿੱਤਾ ਹੈ। ਪਹਿਲੀਆਂ ਤਿੰਨ ਪੁਜ਼ੀਸ਼ਨਾਂ ਲੜਕੀਆਂ ਨੇ ਹਾਸਲ ਕੀਤੀਆਂ ਹਨ। ਵਾਈਸ ਚੇਅਰਮੈਨ ਡਾ. ਪ੍ਰੇਮ ਕੁਮਾਰ ਵੱਲੋਂ ਜਾਰੀ 316 ਵਿਦਿਆਰਥੀਆਂ ਦੀ ਮੈਰਿਟ ਸੂਚੀ ਮੁਤਾਬਕ ਤੇਜਾ ਸਿੰਘ ਸੁਤੰਤਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਸ਼ਿਮਲਾਪੁਰੀ (ਲੁਧਿਆਣਾ) ਦੀ ਵਿਦਿਆਰਥਣ ਆਦਿਤੀ ਪੁੱਤਰੀ ਅਜੈ ਕੁਮਾਰ ਸਿੰਘ ਨੇ ਕੁੱਲ 650/650 (100 ਫੀਸਦੀ) ਅੰਕ ਲੈ ਕੇ ਪੰਜਾਬ ਭਰ 'ਚੋਂ ਪਹਿਲਾਂ ਸਥਾਨ ਹਾਸਲ ਕੀਤਾ ਹੈ। ਆਦਿੱਤੀ ਖੇਡ ਕੋਟੇ ਦੇ ਵਾਧੂ ਅੰਕ ਲੈ ਕੇ ਇਸ ਮੁਕਾਮ 'ਤੇ ਪਹੁੰਚੀ ਹੈ।

ਇਸੇ ਸਕੂਲ ਦੀ ਅਲੀਸ਼ਾ ਸ਼ਰਮਾ ਪੁੱਤਰੀ ਮਹਿੰਦਰ ਸ਼ਰਮਾ ਨੇ 650/645 ਅੰਕ ਲੈ ਕੇ ਦੂਜਾ ਅਤੇ ਅੰਬਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨਵਾਂ ਤਨੈਲ ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਦੀ ਵਿਦਿਆਰਥਣ ਕਰਮਨਪ੍ਰੀਤ ਕੌਰ ਪੁੱਤਰੀ ਜਗਰੂਪ ਸਿੰਘ ਨੇ 650/645 ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਦੋਵਾਂ ਦੀ ਪਾਸ ਪ੍ਰਤੀਸ਼ਤਤਾ 99.23 ਫ਼ੀਸਦੀ ਬਣਦੀ ਹੈ। ਦੋਵਾਂ ਵੱਲੋਂ ਬਰਾਬਰ ਅੰਕ ਲੈਣ ਕਾਰਨ ਬੋਰਡ ਨੇ ਉਮਰ ਹੱਦ ਨੂੰ ਆਧਾਰ ਬਣਾ ਕੇ ਉਨ੍ਹਾਂ ਦਾ ਨਤੀਜਾ ਐਲਾਨਿਆ ਹੈ। ਬੀ.ਸੀ.ਐਮ. ਸੀਨੀਅਰ ਸੈਕੰਡਰੀ ਸਕੂਲ, ਐਚ.ਐਮ. 150, ਜਮਾਲਪੁਰ ਕਾਲੋਨੀ (ਲੁਧਿਆਣਾ) ਦੀ ਸੁਹਾਨੀ ਚੌਹਾਨ ਪੁੱਤਰੀ ਲਲਿਤ ਚੌਹਾਨ ਨੇ 650/643 ਅੰਕ ਲੈ ਕੇ ਚੌਥਾ ਅਤੇ ਇਸੇ ਸਕੂਲ ਦੇ ਸੌਰਵ ਜਿੰਦਲ ਪੁੱਤਰ ਅਮਿਤ ਜਿੰਦਲ ਨੇ 650/642 ਅੰਕ ਲੈ ਕੇ ਪੰਜਵਾਂ ਸਥਾਨ ਹਾਸਲ ਕੀਤਾ ਹੈ। ਪੰਜਾਬ ਵਿਚ ਕੁੱਲ 2 ਲੱਖ 81 ਹਜ਼ਾਰ 98 ਰੈਗੂਲਰ ਵਿਦਿਆਰਥੀ ਦਸਵੀਂ ਦੀ ਪ੍ਰੀਖਿਆ ਵਿਚ ਅਪੀਅਰ ਹੋਏ ਸਨ, ਜਿਨ੍ਹਾਂ 'ਚੋਂ 2 ਲੱਖ 73 ਹਜ਼ਾਰ ਅਤੇ 348 ਵਿਦਿਆਰਥੀ ਚੰਗੇ ਅੰਕ ਲੈ ਕੇ ਪਾਸ ਹੋਏ ਹਨ, ਜਦੋਂਕਿ 7166 ਵਿਦਿਆਰਥੀਆਂ ਦੀ ਰੀਅਪੀਅਰ ਆਈ ਹੈ। ਕੁੱਝ ਕਾਰਨਾਂ ਕਰਕੇ ਕਰੀਬ 190 ਬੱਚਿਆਂ ਦਾ ਨਤੀਜਾ ਰੋਕਿਆ ਗਿਆ ਹੈ ਅਤੇ 394 ਵਿਦਿਆਰਥੀਆਂ ਦਾ ਨਤੀਜਾ ਫੇਲ੍ਹ ਐਲਾਨਿਆ ਗਿਆ ਹੈ। ਦਸਵੀਂ ਦੀ ਓਵਰਆਲ ਪਾਸ ਪ੍ਰਤੀਸ਼ਤਤਾ 97.24 ਫ਼ੀਸਦੀ ਰਹੀ ਹੈ।



# ਕਿਸਾਨਾਂ ਦੀ ਪੱਕੀ ਫਸਲ ਉਤੇ ਕੁਦਰਤ ਦਾ ਕਹਿਰ ਵਰ੍ਹਿਆ

**ਚੰਡੀਗੜ੍ਹ:** ਪੰਜਾਬ ਵਿਚ ਤੇਜ਼ ਮੀਂਹ ਤੇ ਗੜਿਆਂ ਕਾਰਨ ਕਣਕ ਦੀ ਪੱਕੀ ਹਜ਼ਾਰਾਂ ਏਕੜ ਫ਼ਸਲ ਨੁਕਸਾਨੀ ਗਈ ਜਿਸ ਕਾਰਨ ਕਣਕ ਦਾ ਝਾੜ ਘਟਣ ਦਾ ਖਦਸ਼ਾ ਹੈ। ਪੰਜਾਬ ਦੇ ਖੇਤੀਬਾੜੀ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਮੀਂਹ ਤੇ ਗੜਿਆਂ ਕਾਰਨ ਸਭ ਤੋਂ ਵੱਧ ਨੁਕਸਾਨ ਮੋਗਾ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਵਿਚ ਹੋਇਆ ਹੈ, ਜਿੱਥੇ ਕਰੀਬ 5 ਹਜ਼ਾਰ ਏਕੜ ਫਸਲ ਪ੍ਰਭਾਵਿਤ ਹੋਈ ਹੈ। ਜਦਕਿ ਕਰੀਬ ਇਕ ਦਰਜਨ ਹੋਰ ਜ਼ਿਲ੍ਹਿਆਂ ਵਿਚ ਮਾਮੂਲੀ ਨੁਕਸਾਨ ਦੀ ਰਿਪੋਰਟਾਂ ਹਨ।

ਮੀਂਹ ਤੇ ਗੜਿਆਂ ਕਾਰਨ ਕਣਕ ਦੀ ਵਾਢੀ 'ਤੇ ਵੀ ਅਸਰ ਪਿਆ ਹੈ। ਦੂਜੇ ਪਾਸੇ ਮੌਸਮ ਵਿਭਾਗ ਵੱਲੋਂ ਮੌਸਮ ਖਰਾਬ ਹੋਣ ਦੀ ਪੇਸ਼ੀਨਗੋਈ ਨੇ ਕਿਸਾਨਾਂ ਦੇ ਫਿਕਰ ਵਧਾ ਦਿੱਤੇ ਹਨ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਮੁੱਢਲੇ ਪੜਾਅ ਵਿਚ ਮੋਗਾ ਤੇ ਫਤਿਹਗੜ੍ਹ ਸਾਹਿਬ ਵਿਚ ਹੀ 5 ਹਜ਼ਾਰ ਏਕੜ ਦੇ ਕਰੀਬ ਕਣਕ ਦੀ ਫਸਲ ਪ੍ਰਭਾਵਿਤ ਹੋਣ ਦੀ ਜਾਣਕਾਰੀ ਮਿਲੀ ਹੈ। ਜਦੋਂ ਕਿ ਵਿਭਾਗ ਵੱਲੋਂ ਸੂਬੇ ਭਰ ਵਿਚ ਰਿਪੋਰਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਖੇਤੀਬਾੜੀ ਵਿਭਾਗ ਨੇ ਬੇਮੌਸਮੇ ਮੀਂਹ ਤੇ ਗੜੇਮਾਰੀ ਕਰ ਕੇ ਕਣਕ ਦਾ ਝਾੜ ਘਟਣ ਦਾ ਖਦਸ਼ਾ ਵੀ ਜਤਾਇਆ ਹੈ। ਦੂਜੇ ਪਾਸੇ ਖਰਾਬ ਮੌਸਮ ਦੇ ਚੱਲਦਿਆਂ ਸ੍ਰੀ ਮੁਕਤਸਰ ਸਾਹਿਬ ਵਿਚ ਅਸਮਾਨੀ ਬਿਜਲੀ ਡਿੱਗਣ ਕਰ ਕੇ ਖੇਤਾਂ ਵਿਚ ਪੱਕੀ ਖੜ੍ਹੀ ਫ਼ਸਲ ਨੂੰ ਅੱਗ ਲੱਗ ਗਈ ਹੈ ਜਿਸ ਕਾਰਨ ਲਗਭਗ ਡੇਢ ਤੋਂ ਦੋ ਏਕੜ ਕਣਕ ਦੀ ਫਸਲ ਸੜੀ ਹੈ। ਵਿਗੜੇ ਮੌਸਮ ਕਾਰਨ ਜਿੱਥੇ ਵਾਢੀ ਦਾ ਕੰਮ ਪ੍ਰਭਾਵਿਤ ਹੋਇਆ ਹੈ, ਉਥੇ ਹੀ ਮੰਡੀਆਂ ਵਿਚ ਵੀ ਕਣਕ ਦੀ ਆਮਦ ਘੱਟ ਗਈ ਹੈ। ਉਧਰ ਖਰੀਦ ਕੇਂਦਰ 'ਤੇ ਕਿਸਾਨਾਂ ਤੇ ਆੜ੍ਹਤੀਆਂ ਵੱਲੋਂ ਭਿੱਜੀ ਹੋਈ ਫ਼ਸਲ ਨੂੰ ਸੁਕਾਉਣ ਲਈ ਯਤਨ ਕੀਤੇ ਜਾ ਰਹੇ ਹਨ। ਦੱਸਣਯੋਗ ਹੈ ਕਿ ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ, ਬਠਿੰਡਾ, ਫ਼ਰੀਦਕੋਟ, ਫਤਿਹਗੜ੍ਹ ਸਾਹਿਬ, ਜਲੰਧਰ, ਮਾਨਸਾ, ਲੁਧਿਆਣਾ, ਮੋਗਾ, ਸੰਗਰੂਰ ਤੇ ਪਟਿਆਲਾ ਵਿਚ ਮੀਂਹ ਤੇ ਗੜਿਆਂ ਕਾਰਨ ਖੇਤਾਂ ਤੇ ਮੰਡੀਆਂ 'ਚ ਕਣਕ ਦਾ ਨੁਕਸਾਨ ਹੋਇਆ ਸੀ।

ਕਿਸਾਨਾਂ ਨੂੰ ਕਣਕ ਦਾ ਝਾੜ ਪ੍ਰਭਾਵਿਤ ਹੋਣ ਦਾ ਡਰ ਬਣ ਗਿਆ ਹੈ। ਪੰਜਾਬ ਦੀਆਂ ਮੰਡੀਆਂ ਵਿਚ ਐਤਕੀਂ 132 ਲੱਖ ਮੀਟਰਿਕ ਟਨ ਫ਼ਸਲ ਆਉਣ ਦਾ ਅਨੁਮਾਨ ਸੀ ਅਤੇ 161 ਲੱਖ ਮੀਟਰਿਕ ਟਨ ਪੈਦਾਵਾਰ ਦੀ ਆਸ ਸੀ। ਮੰਡੀਆਂ ਵਿਚ ਖ਼ਰੀਦ ਦਾ ਕੰਮ ਪਹਿਲਾਂ ਹੀ ਸੁਸਤ ਰਫ਼ਤਾਰ ਚੱਲ ਰਿਹਾ ਸੀ ਅਤੇ ਹੁਣ ਬਾਰਸ਼ ਦੀ ਝੰਬੀ ਫ਼ਸਲ ਕਿਸਾਨਾਂ ਨੂੰ ਮੰਡੀਆਂ ਵਿਚ ਖੱਜਲ ਖ਼ੁਆਰ ਵੀ ਕਰ ਸਕਦੀ ਹੈ। ਸੰਗਰੂਰ ਜ਼ਿਲ੍ਹੇ ਵਿਚ ਭਾਰੀ ਮੀਂਹ ਪਿਆ ਹੈ ਅਤੇ ਬਰਨਾਲਾ ਜ਼ਿਲ੍ਹੇ ਵਿਚ ਕਈ ਥਾਵਾਂ 'ਤੇ ਗੜੇਮਾਰੀ ਹੋਈ ਹੈ। ਫਗਵਾੜਾ ਵਿਚ ਤੂਫ਼ਾਨ ਆਇਆ ਹੈ ਜਦੋਂ ਕਿ ਮੋਗਾ ਦੇ ਪਿੰਡ ਸਿੰਘੇਵਾਲਾ ਦੀ ਮੰਡੀ ਵਿਚ ਫ਼ਸਲ ਭਿੱਜ ਗਈ ਹੈ। ਅੰਮ੍ਰਿਤਸਰ ਦੇ ਪਿੰਡ ਜਗਦੇਵ ਕਲਾਂ ਤੇ ਹੋਰ ਪਿੰਡਾਂ ਵਿਚ ਗੜੇਮਾਰੀ ਹੋਈ ਹੈ। ਮਲੇਰਕੋਟਲਾ ਦੇ ਅਮਰਗੜ੍ਹ ਦੇ ਪਿੰਡਾਂ ਵਿਚ ਗੜੇਮਾਰੀ ਹੋਈ ਹੈ। ਕਪੂਰਥਲਾ ਜ਼ਿਲ੍ਹੇ ਵਿਚ ਮੱਕੀ ਦੀ ਫ਼ਸਲ ਵੀ ਪ੍ਰਭਾਵਿਤ ਹੋਈ ਹੈ।



## ਕਿਸਾਨਾਂ ਨੇ ਫਸਲਾਂ ਦੇ ਖਰਾਬੇ ਦਾ ਮੁਆਵਜ਼ਾ ਮੰਗਿਆ

**ਬਠਿੰਡਾ:** ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਨੇ ਪੰਜਾਬ ਸਰਕਾਰ ਤੋਂ ਕੁਦਰਤੀ ਆਫਤਾਂ ਨਾਲ ਕਣਕ, ਸਰ੍ਹੋਂ, ਸਬਜ਼ੀਆਂ, ਫਲਾਂ ਦੇ ਹੋਏ ਨੁਕਸਾਨ ਤੇ ਬਿਜਲੀ ਅਧਿਕਾਰੀਆਂ ਦੀਆਂ ਕਥਿਤ ਗਲਤੀਆਂ ਕਾਰਨ ਸੜ ਕੇ ਸੁਆਹ ਹੋਈ ਕਣਕ ਦੀ ਫਸਲ ਦਾ ਪੂਰਾ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਫਸਲਾਂ ਦੇ ਖਰਾਬੇ ਦੇ ਮੁਆਵਜ਼ੇ ਸਬੰਧੀ ਸਿਰਫ ਐਲਾਨ ਹੀ ਕਰਦੇ ਹਨ, ਜਦੋਂ ਕਿ ਕਿਸਾਨਾਂ ਨੂੰ ਧੇਲਾ ਵੀ ਨਹੀਂ ਦਿੱਤਾ ਜਾਂਦਾ। ਉਨ੍ਹਾਂ ਕਿਹਾ ਕਿ ਗੜਿਆਂ ਕਾਰਨ ਤਰਨ ਤਾਰਨ, ਫਿਰੋਜ਼ਪੁਰ ਤੇ ਮੋਗਾ 'ਚ ਸੈਂਕੜੇ ਏਕੜ ਪੱਕੀ ਫਸਲ ਦਾ ਨੁਕਸਾਨ ਹੋ ਗਿਆ ਹੈ।

## ਹਰ ਦਾਣੇ ਦੇ ਨੁਕਸਾਨ ਦੀ ਭਰਪਾਈ ਕਰਾਂਗੇ: ਮੁੱਖ ਮੰਤਰੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚ ਬਾਰਸ਼ ਤੇ ਗੜੇਮਾਰੀ ਨਾਲ ਕਿਸਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ। ਉਨ੍ਹਾਂ ਇਸ ਆਫ਼ਤ ਮੌਕੇ ਕਿਸਾਨੀ ਨਾਲ ਖੜ੍ਹਨ ਦਾ ਅਹਿਦ ਲੈਂਦਿਆਂ ਕਿਹਾ ਕਿ ਕਿਸਾਨਾਂ ਦੀ ਫ਼ਸਲ ਦੇ ਇਕ-ਇਕ ਦਾਣੇ ਦੇ ਨੁਕਸਾਨ ਦੀ ਪੂਰਤੀ ਕਰਾਂਗੇ। ਉਨ੍ਹਾਂ ਕਿਹਾ ਕਿ ਭਾਵੇਂ ਮੀਂਹ, ਝੱਖੜ, ਹਨੇਰੀ, ਤੂਫ਼ਾਨ ਜਾਂ ਕੋਈ ਵੀ ਕੁਦਰਤੀ ਆਫ਼ਤ ਆਵੇ, ਇਸ ਔਖ ਦੀ ਘੜੀ ਵਿਚ ਕਿਸਾਨਾਂ ਦੇ ਨਾਲ ਖੜ੍ਹਾਂਗਾ। ਮੁੱਖ ਮੰਤਰੀ ਨੇ ਕਿਹਾ ਕਿ ਕੁਦਰਤ ਅੱਗੇ ਕੋਈ ਜ਼ੋਰ ਨਹੀਂ ਹੈ ਪਰ ਪੰਜਾਬ ਸਰਕਾਰ ਕਿਸਾਨਾਂ ਨਾਲ ਖੜ੍ਹੇਗੀ।

# ਸੰਗਰੂਰ ਜੇਲ੍ਹ 'ਚ ਝੜਪ, ਦੋ ਕੈਦੀਆਂ ਦੀ ਮੌਤ



**ਸੰਗਰੂਰ:** ਜ਼ਿਲ੍ਹਾ ਜੇਲ੍ਹ ਵਿਚ ਕੈਦੀਆਂ ਤੇ ਹਵਾਲਾਤੀਆਂ ਵਿਚਾਲੇ ਹੋਈ ਖੂਨੀ ਝੜਪ ਦੌਰਾਨ ਦੋ ਕੈਦੀਆਂ ਦੀ ਮੌਤ ਹੋ ਗਈ ਤੇ ਦੋ ਹੋਰ ਕੈਦੀ ਗੰਭੀਰ ਜ਼ਖ਼ਮੀ ਹੋਏ ਹਨ। ਜ਼ਖਮੀਆਂ ਨੂੰ ਡਾਕਟਰਾਂ ਵੱਲੋਂ ਸਿਵਲ ਹਸਪਤਾਲ ਤੋਂ ਪਟਿਆਲਾ ਰੈਫ਼ਰ ਕਰ ਦਿੱਤਾ ਗਿਆ ਹੈ।

ਡਾਕਟਰਾਂ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ ਜਦਕਿ ਜ਼ਿਲ੍ਹਾ ਪੁਲਿਸ, ਸਿਵਲ ਅਤੇ ਜੇਲ੍ਹ ਪ੍ਰਸ਼ਾਸਨ ਨੇ ਮੀਡੀਆ ਤੋਂ ਪਾਸਾ ਵੱਟੀ ਰੱਖਿਆ। ਜਾਣਕਾਰੀ ਅਨੁਸਾਰ ਸੰਗਰੂਰ ਜ਼ਿਲ੍ਹਾ ਜੇਲ੍ਹ 'ਚ ਦੇਰ ਸ਼ਾਮ ਕੈਦੀਆਂ/ਹਵਾਲਾਤੀਆਂ ਦੀ ਝੜਪ ਹੋ ਗਈ ਜਿਸ 'ਚ ਗੰਭੀਰ ਜ਼ਖ਼ਮੀ ਹੋਏ ਚਾਰ ਕੈਦੀਆਂ ਨੂੰ ਜੇਲ੍ਹ ਪ੍ਰਸ਼ਾਸਨ ਵੱਲੋਂ ਸਥਾਨਕ ਸਿਵਲ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਦੋ ਕੈਦੀਆਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ 'ਚ ਡਿਊਟੀ 'ਤੇ ਤਾਇਨਾਤ ਡਾ. ਕਰਮਦੀਪ ਕਾਹਲ ਨੇ ਦੱਸਿਆ ਕਿ ਸ਼ਾਮ ਕਰੀਬ ਸਾਢੇ ਸੱਤ ਵਜੇ ਜ਼ਿਲ੍ਹਾ ਜੇਲ੍ਹ ਤੋਂ ਚਾਰ ਕੈਦੀਆਂ/ਹਵਾਲਾਤੀਆਂ ਮੁਹੰਮਦ ਹਰੀਸ਼, ਮੁਹੰਮਦ ਸ਼ਹਿਬਾਜ਼, ਗਗਨਦੀਪ ਸਿੰਘ ਅਤੇ ਧਰਮਿੰਦਰ ਸਿੰਘ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ ਸੀ ਜਿਨ੍ਹਾਂ 'ਚੋਂ ਮੁਹੰਮਦ ਹਰੀਸ਼ ਅਤੇ ਧਰਮਿੰਦਰ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਗੰਭੀਰ ਜ਼ਖ਼ਮੀ ਗਗਨਦੀਪ ਸਿੰਘ ਅਤੇ ਮੁਹੰਮਦ ਸ਼ਹਿਬਾਜ਼ ਨੂੰ ਪਟਿਆਲਾ ਰੈਫ਼ਰ ਕਰ ਦਿੱਤਾ ਗਿਆ।

# ਮਾਣਹਾਨੀ ਕੇਸ: 'ਆਪ' ਵਿਧਾਇਕਾ ਵੱਲੋਂ ਸਮਰਪਣ



**ਮੋਗਾ:** ਇਥੇ ਸ਼ਹਿਰੀ ਹਲਕੇ ਤੋਂ 'ਆਪ' ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਮਾਣਹਾਨੀ ਕੇਸ ਵਿਚ ਰਾਧਿਕਾ ਲਿਖੀ ਜੁਡੀਸ਼ਲ ਮੈਜਿਸਟਰੇਟ ਦਰਜਾ ਪਹਿਲਾ ਦੀ ਅਦਾਲਤ ਵਿਚ ਆਤਮ ਸਮਰਪਣ ਕਰ ਦਿੱਤਾ ਹੈ। ਇਸ ਮਾਮਲੇ ਦੀ ਅਗਲੀ ਪੇਸ਼ੀ 30 ਮਈ ਮੁਕੱਰਰ ਹੋਈ ਹੈ। ਹਾਲਾਂਕਿ ਇਸੇ ਦੌਰਾਨ ਅਦਾਲਤ ਨੇ ਵਿਧਾਇਕਾ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ। ਦੱਸਣਯੋਗ ਹੈ ਕਿ ਅਦਾਲਤ ਨੇ ਵਿਧਾਇਕਾ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਕੇ ਉਸ ਨੂੰ 30 ਮਈ ਤੱਕ ਅਦਾਲਤ ਵਿਚ ਪੇਸ਼ ਕਰਨ ਦਾ ਹੁਕਮ ਦਿੱਤਾ ਸੀ। ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਕੁਝ ਚਿਰ ਪਹਿਲਾਂ ਪ੍ਰੈੱਸ ਕਾਨਫਰੰਸ ਕਰ ਕੇ ਇਕ ਨੌਜਵਾਨ 'ਤੇ ਇਕ ਨਿੱਜੀ ਨਰਸਿੰਗ ਕਾਲਜ ਦੀ ਪ੍ਰਿੰਸੀਪਲ ਸੰਦੀਪ ਕੌਰ ਬਰਾੜ ਨੂੰ ਉਸ ਦਾ ਫਰਜ਼ੀ ਪੀਏ ਬਣ ਕੇ ਧਮਕੀ ਦੇਣ ਦੇ ਦੋਸ਼ ਲਗਾਏ ਸਨ। ਵਿਧਾਇਕਾ ਮੁਤਾਬਕ ਪ੍ਰਿੰਸੀਪਲ ਨੇ ਉਸ ਨੂੰ ਲਿਖਤੀ ਰੂਪ ਵਿਚ ਇਹ ਸ਼ਿਕਾਇਤ ਦਿੱਤੀ ਸੀ। ਪ੍ਰਿੰਸੀਪਲ ਨੇ ਸ਼ਿਕਾਇਤ ਵਿਚ ਇਸ ਨੌਜਵਾਨ ਦਾ ਨੰਬਰ ਵੀ ਜਾਰੀ ਕੀਤਾ ਸੀ। ਇਸ ਸ਼ਖ਼ਸ ਖ਼ਿਲਾਫ਼ ਪੁਲਿਸ ਕੋਲ ਵੀ ਸ਼ਿਕਾਇਤ ਦਿੱਤੀ ਗਈ ਸੀ। ਸਤਨਾਮ ਸਿੰਘ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਦੱਸਦੇ ਹੋਏ ਸਥਾਨਕ ਅਦਾਲਤ ਵਿਚ ਵਿਧਾਇਕਾ ਅਤੇ ਪ੍ਰਿੰਸੀਪਲ ਖ਼ਿਲਾਫ਼ ਮਾਣਹਾਨੀ ਦਾ ਕੇਸ ਦਰਜ ਕਰਵਾ ਦਿੱਤਾ ਸੀ। ਅਦਾਲਤ ਨੇ ਕਈ ਵਾਰ ਵਿਧਾਇਕਾ ਨੂੰ ਨੋਟਿਸ ਜਾਰੀ ਕੀਤੇ ਸਨ ਪਰ ਉਹ ਅਦਾਲਤ ਵਿਚ ਪੇਸ਼ ਨਾ ਹੋਈ ਤਾਂ ਅਦਾਲਤ ਨੇ 12 ਅਪਰੈਲ ਨੂੰ ਉਸ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਸਨ। ਪ੍ਰਿੰਸੀਪਲ ਸੰਦੀਪ ਕੌਰ ਬਰਾੜ ਉਥੋਂ ਨੌਕਰੀ ਛੱਡ ਚੁੱਕੀ ਹੈ ਅਤੇ ਉਸ ਦੀ ਤਾਮੀਲ ਨਹੀਂ ਹੋਈ, ਅਦਾਲਤ ਨੇ ਪ੍ਰਿੰਸੀਪਲ ਦਾ ਸਹੀ ਪਤਾ ਦੇਣ ਲਈ ਆਖਿਆ ਹੈ।

# ਸਾਹਿਤ ਅਕਾਦਮੀ ਇਨਾਮ ਜੇਤੂ ਪੰਜਾਬੀ ਕਵੀ ਮੋਹਨਜੀਤ ਦਾ ਦੇਹਾਂਤ



**ਨਵੀਂ ਦਿੱਲੀ:** ਪੰਜਾਬੀ ਦੇ ਨਾਮਵਰ ਕਵੀ ਡਾ. ਮੋਹਨਜੀਤ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਮੋਹਨਜੀਤ ਪਿਛਲੇ ਕੁਝ ਦਿਨਾਂ ਤੋਂ ਬ੍ਰੇਨ ਸਟਰੋਕ ਦੀ ਬਿਮਾਰੀ ਨਾਲ ਜੂਝ ਰਹੇ ਸਨ। ਉਨ੍ਹਾਂ ਦਾ ਪਹਿਲਾਂ ਨਿੱਜੀ ਹਸਪਤਾਲ 'ਚ ਇਲਾਜ ਚੱਲਿਆ, ਉਸ ਤੋਂ ਬਾਅਦ ਘਰ ਵਿਚ ਹੀ ਡਾਕਟਰਾਂ ਦੀ ਨਿਗਰਾਨੀ ਹੇਠ ਇਲਾਜ ਚੱਲਦਾ ਰਿਹਾ।

ਇਥੇ ਰੋਹਿਣੀ ਦੇ ਸ਼ਮਸ਼ਾਨਘਾਟ ਵਿਚ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਮੋਹਨਜੀਤ ਦਾ ਜਨਮ 7 ਮਈ 1938 ਨੂੰ ਅੰਮ੍ਰਿਤਸਰ ਦੇ ਪਿੰਡ ਅਦਲੀਵਾਲਾ ਵਿਚ ਹੋਇਆ। ਉਨ੍ਹਾਂ ਦੇ ਦੇਹਾਂਤ 'ਤੇ ਪੰਜਾਬੀ ਸਾਹਿਤ ਸਭਾ ਦਿੱਲੀ ਦੀ ਚੇਅਰਪਰਸਨ ਡਾ. ਰੇਣੂਕਾ ਸਿੰਘ, ਡਾਇਰੈਕਟਰ ਬਲਬੀਰ ਮਾਧੋਪੁਰੀ, ਨਾਵਲਕਾਰ ਨਛੱਤਰ, ਨਾਟਕਕਾਰ ਡਾ. ਸਵਰਾਜਬੀਰ, ਰਾਵੇਲ ਸਿੰਘ, ਪੱਤਰਕਾਰ ਜਸਪਾਲ ਸਿੰਘ ਸਿੱਧੂ, ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਦੇ ਪ੍ਰੋਫੈਸਰ ਕੁਲਬੀਰ ਗੋਜਰਾ, ਡਾ. ਰਵੀ ਰਵਿੰਦਰ, ਬਰਜਿੰਦਰ ਨਸਰਾਲੀ, ਲੇਖਿਕਾ ਅਮੀਆ ਕੰਵਰ, ਹਰਜੀਤ ਕੌਰ ਵਿਰਦੀ ਤੇ ਕਹਾਣੀਕਾਰ ਬਲਵਿੰਦਰ ਸਿੰਘ ਬਰਾੜ ਸਮੇਤ ਵੱਖ-ਵੱਖ ਸਾਹਿਤਕ ਸੰਸਥਾਵਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਕਵਿਤਾ, ਅਨੁਵਾਦ ਤੇ ਆਲੋਚਨਾ ਦੀਆਂ ਦੋ ਦਰਜਨ ਤੋਂ ਵੱਧ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਉਨ੍ਹਾਂ ਆਪਣੀ ਸਵੈ-ਜੀਵਨੀ ਵੀ ਲਿਖੀ ਹੈ। ਉਨ੍ਹਾਂ ਦੇ ਪਰਿਵਾਰ ਵਿਚ ਪਤਨੀ ਤੇ ਦੋ ਪੁੱਤਰ ਹਨ। ਉਨ੍ਹਾਂ ਨੂੰ ਕਵਿਤਾ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ (2018), ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ, ਪੰਜਾਬ ਸਾਹਿਤ ਕਲਾ ਪਰਿਸ਼ਦ ਵੱਲੋਂ ਪੰਜਾਬ ਗੌਰਵ ਪੁਰਸਕਾਰ, ਪੰਜਾਬੀ ਅਕਾਦਮੀ ਦਿੱਲੀ ਵੱਲੋਂ ਕਵਿਤਾ ਪੁਰਸਕਾਰ ਤੇ ਪਰਮ ਸਾਹਿਤ ਪੁਰਸਕਾਰ ਤੋਂ ਇਲਾਵਾ ਭਾਰਤੀ ਕਲਾ ਪਰਿਸ਼ਦ ਕੋਲਕਾਤਾ ਸਮੇਤ ਕਈ ਸਾਹਿਤਕ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ।

# 'ਆਪ' ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਹੂੰਝਾ ਫੇਰੇਗੀ: ਭਗਵੰਤ ਮਾਨ

**ਹੁਸ਼ਿਆਰਪੁਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਪਿੰਡ ਬਾਹੋਵਾਲ 'ਚ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਪਾਰਟੀ ਦੇ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਦੇ ਹੱਕ ਵਿਚ ਚੋਣ ਰੈਲੀ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਹੂੰਝਾ ਫੇਰੇਗੀ।

ਉਨ੍ਹਾਂ ਕਿਹਾ ਕਿ ਭਾਜਪਾ ਜੇਕਰ ਸਮਝਦੀ ਹੈ ਕਿ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਭੇਜ ਕੇ ਪਾਰਟੀ ਦੀ ਚੜ੍ਹਤ ਰੋਕ ਲਵੇਗੀ ਤਾਂ ਉਹ ਕਿਸੇ ਵਹਿਮ ਵਿਚ ਨਾ ਰਹੇ। ਉਨ੍ਹਾਂ ਕਿਹਾ ਕਿ ਜਿਵੇਂ ਦਰਿਆਵਾਂ ਨੂੰ ਨੱਕੇ ਨਹੀਂ ਲਗਾਏ ਜਾ ਸਕਦੇ, ਉਸੇ ਤਰ੍ਹਾਂ ਕੇਜਰੀਵਾਲ ਦੀ ਸੋਚ ਨੂੰ ਵੀ ਡੱਕਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਿਛਲੇ ਦੋ ਸਾਲਾਂ ਦੌਰਾਨ ਜੋ ਕੰਮ 'ਆਪ' ਸਰਕਾਰ ਨੇ ਕਰਕੇ ਦਿਖਾਏ ਹਨ ਉਹ ਪਿਛਲੀ ਕੋਈ ਸਰਕਾਰ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਅਗਲੇ ਤਿੰਨ ਸਾਲਾਂ ਵਿਚ ਵੀ ਵਿਕਾਸ ਦੀ ਹਨੇਰੀ ਲਿਆ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਦੋਂ ਲੋਕ ਸਭਾ 'ਚ 'ਆਪ' ਦੇ ਨੁਮਾਇੰਦਿਆਂ ਦਾ ਬਹੁਮਤ ਹੋ ਜਾਵੇਗਾ ਤਾਂ ਕੇਂਦਰ ਸਰਕਾਰ, ਪੰਜਾਬ ਨੂੰ ਦਿੱਤੇ ਜਾਣ ਵਾਲੇ ਫ਼ੰਡ ਨਹੀਂ ਰੋਕ ਸਕੇਗੀ।



ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਨਾਲ-ਨਾਲ ਦਿੱਲੀ ਤੇ ਗੁਜਰਾਤ ਵਿਚ ਵੀ 'ਆਪ' ਹੀ ਜਿੱਤੇਗੀ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਹੁਣ ਤੱਕ 43 ਹਜ਼ਾਰ ਨੌਕਰੀਆਂ ਦੇ ਚੁੱਕੀ ਹੈ ਤੇ 70 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਪੰਜਾਬ ਵਿਚ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੂੰ ਚਲਾਉਣ ਵਾਲਿਆਂ ਨੇ ਸਿਰਫ ਆਪਣੇ ਘਰ ਹੀ ਭਰੇ ਪਰ ਹੁਣ ਲੋਕ ਹਿਤੈਸ਼ੀ ਸਰਕਾਰ ਆਈ ਹੈ ਜੋ ਲੋਕਾਂ ਦੇ ਫਾਇਦੇ ਸੋਚਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕੋਈ ਵੀ ਅਜਿਹਾ ਫੈਸਲਾ ਨਹੀਂ ਕਰੇਗੀ ਜੋ ਆਮ ਜਨਤਾ ਦੇ ਹੱਕ ਵਿਚ ਨਾ ਹੋਵੇ। ਉਨ੍ਹਾਂ ਕਿਹਾ ਕਿ ਕਿਹਾ ਕੇਜਰੀਵਾਲ ਦਾ ਪੰਜਾਬ ਦੇ ਲੋਕਾਂ ਨੂੰ ਸੁਨੇਹਾ ਹੈ ਕਿ ਉਹ ਬਿਨਾਂ ਕਿਸੇ ਡਰ ਦੇ ਵੋਟ ਪਾਉਣ ਅਤੇ 'ਆਪ' ਦੀ ਜਿੱਤ ਯਕੀਨੀ ਬਣਾਉਣ। ਉਨ੍ਹਾਂ ਹੁਸ਼ਿਆਰਪੁਰ ਹਲਕੇ ਦੀਆਂ ਸਮੱਸਿਆਵਾਂ ਵੀ ਛੇਤੀ ਹੱਲ ਕਰਨ ਦਾ ਭਰੋਸਾ ਦਿੱਤਾ।

ਇਸ ਮੌਕੇ ਡਾ. ਚੱਬੇਵਾਲ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਨਵੇਂ ਪਰਿਵਾਰ ਵਿਚ ਭਾਵੇਂ ਕੁਝ ਚਿਰ ਪਹਿਲਾਂ ਹੀ ਸ਼ਾਮਲ ਹੋਏ ਹਨ ਪਰ ਉਨ੍ਹਾਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਹੋਇਆ ਹੈ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਦੀ ਕਾਰਗੁਜ਼ਾਰੀ ਦੇ ਕਾਇਲ ਹਨ ਜੋ ਉਹ ਇਸ ਵੇਲੇ ਪੰਜਾਬ ਦੇ ਨਾਲ-ਨਾਲ ਪੂਰੇ ਦੇਸ਼ ਨੂੰ ਚਲਾ ਰਹੇ ਹਨ ਕਿਉਂਕਿ ਪਾਰਟੀ ਮੁਖੀ ਕੇਜਰੀਵਾਲ ਇਸ ਵੇਲੇ ਜੇਲ੍ਹ 'ਚ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਦੌਰਾਨ 'ਆਪ' ਸਰਕਾਰ ਨੇ ਕਮਾਲ ਦੀ ਕਾਰਗੁਜ਼ਾਰੀ ਦਿਖਾਈ ਹੈ, ਜਿਸ ਤੋਂ ਪ੍ਰਭਾਵਿਤ ਹੋ ਕੇ ਉਹ ਇਸ ਪਾਰਟੀ 'ਚ ਆਏ ਹਨ। ਉਨ੍ਹਾਂ ਲੋਕਾਂ ਨਾਲ ਵਾਅਦਾ ਕੀਤਾ ਕਿ ਉਹ ਚੁਣੇ ਜਾਣ ਤੋਂ ਬਾਅਦ ਲੋਕਾਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕਰਾਉਣਗੇ।

## ਮੋਦੀ ਦੇ ਦਫਤਰ ਤੋਂ ਚੱਲ ਰਹੀਆਂ ਕੇਂਦਰੀ ਏਜੰਸੀਆਂ: ਧਾਲੀਵਾਲ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਉਮੀਦਵਾਰ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੋਸ਼ ਲਾਇਆ ਕਿ ਸੀ.ਬੀ.ਆਈ. ਅਤੇ ਈ.ਡੀ. ਵਰਗੀਆਂ ਕੇਂਦਰੀ ਏਜੰਸੀਆਂ ਆਪਣੇ ਦਫ਼ਤਰਾਂ ਤੋਂ ਨਹੀਂ, ਸਗੋਂ ਪ੍ਰਧਾਨ ਮੰਤਰੀ ਦਫ਼ਤਰ ਤੋਂ ਮਿਲ ਰਹੇ ਨਿਰਦੇਸ਼ਾਂ ਨਾਲ ਚੱਲ ਰਹੀਆਂ ਹਨ। ਉਨ੍ਹਾਂ ਇਥੇ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਆਪਣੀ 10 ਸਾਲ ਦੀ ਨਾਕਾਮੀ ਨੂੰ ਲੁਕਾਉਣ ਲਈ ਵਿਰੋਧੀ ਧਿਰਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਤੇ ਦਬਾਉਣ ਦਾ ਕੰਮ ਕਰ ਰਹੀ ਹੈ। ਉਨ੍ਹਾਂ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਪੈਰਾਸ਼ੂਟ ਉਮੀਦਵਾਰ ਕੋਲ ਅੰਮ੍ਰਿਤਸਰ ਲਈ ਕੋਈ ਵਿਜ਼ਨ ਨਹੀਂ ਹੈ।

# ਇਜ਼ਰਾਈਲ ਦਾ ਰਫ਼ਾਹ 'ਤੇ ਹਮਲਾ, 14 ਬੱਚਿਆਂ ਸਣੇ 22 ਹਲਾਕ



**ਰਫ਼ਾਹ:** ਦੱਖਣੀ ਗਾਜ਼ਾ ਦੇ ਸ਼ਹਿਰ ਰਫ਼ਾਹ ਵਿਚ ਇਜ਼ਰਾਈਲ ਵੱਲੋਂ ਕੀਤੇ ਗਏ ਹਮਲਿਆਂ 'ਚ 14 ਬੱਚਿਆਂ ਸਮੇਤ 22 ਵਿਅਕਤੀ ਮਾਰੇ ਗਏ। ਮਿਸਰ ਨਾਲ ਲਗਦੇ ਸਰਹੱਦੀ ਇਲਾਕੇ 'ਚ ਇਜ਼ਰਾਈਲ ਨੇ ਹਮਲੇ ਤੇਜ਼ ਕਰ ਦਿੱਤੇ ਹਨ, ਜਿਥੇ ਗਾਜ਼ਾ ਦੀ ਅੱਧੀ ਤੋਂ ਜ਼ਿਆਦਾ ਆਬਾਦੀ ਨੇ ਪਨਾਹ ਲਈ ਹੋਈ ਹੈ। ਅਮਰੀਕਾ ਸਮੇਤ ਹੋਰ ਮੁਲਕਾਂ ਨੇ ਇਜ਼ਰਾਈਲ ਨੂੰ ਸੰਜਮ ਰੱਖਣ ਦੀ ਅਪੀਲ ਕੀਤੀ ਹੈ ਪਰ ਉਹ ਲਗਾਤਾਰ ਹਮਲੇ ਕਰ ਰਿਹਾ ਹੈ। ਉਧਰ, ਅਮਰੀਕੀ ਪ੍ਰਤੀਨਿਧ ਸਭਾ ਨੇ 26 ਅਰਬ ਡਾਲਰ ਦੀ ਸਹਾਇਤਾ ਦਾ ਪੈਕੇਜ ਐਲਾਨਿਆ ਹੈ ਜਿਸ 'ਚ ਗਾਜ਼ਾ ਲਈ ਕਰੀਬ 9 ਅਰਬ ਡਾਲਰ ਦੀ ਮਾਨਵੀ ਸਹਾਇਤਾ ਵੀ ਸ਼ਾਮਲ ਹੈ। ਇਜ਼ਰਾਈਲ ਵੱਲੋਂ ਕੀਤੇ ਗਏ ਪਹਿਲੇ ਹਮਲੇ 'ਚ ਇਕ ਵਿਅਕਤੀ, ਉਸ ਦੀ ਪਤਨੀ ਅਤੇ ਤਿੰਨ ਸਾਲ ਦਾ ਬੱਚਾ ਮਾਰੇ ਗਏ। ਕੁਵੈਤੀ ਹਸਪਤਾਲ ਮੁਤਾਬਕ ਮਹਿਲਾ ਗਰਭਵਤੀ ਸੀ ਅਤੇ ਡਾਕਟਰਾਂ ਨੇ ਉਸ ਦੇ ਬੱਚੇ ਨੂੰ ਬਚਾਅ ਲਿਆ।

ਦੂਜੇ ਹਮਲੇ 'ਚ ਇਕੋ ਪਰਿਵਾਰ ਦੇ 13 ਬੱਚੇ ਅਤੇ ਦੋ ਔਰਤਾਂ ਮਾਰੀਆਂ ਗਈਆਂ। ਰਫ਼ਾਹ 'ਚ ਇਕ ਦਿਨ ਪਹਿਲਾਂ ਹੋਏ ਹਮਲੇ 'ਚ ਛੇ ਬੱਚਿਆਂ ਸਮੇਤ 9 ਵਿਅਕਤੀ ਹਲਾਕ ਹੋਏ ਸਨ। ਇਜ਼ਰਾਈਲ ਦੇ ਕਬਜ਼ੇ ਵਾਲੇ ਪੱਛਮੀ ਕੰਢੇ 'ਚ ਉਸ ਸਮੇਂ ਤਣਾਅ ਦਾ ਮਾਹੌਲ ਬਣ ਗਿਆ ਜਦੋਂ ਇਜ਼ਰਾਇਲੀ ਜਵਾਨਾਂ ਨੇ ਦੋ ਫਲਸਤੀਨੀਆਂ ਨੂੰ ਮਾਰ ਦਿੱਤਾ। ਫ਼ੌਜ ਨੇ ਕਿਹਾ ਕਿ ਦੋਵੇਂ ਫਲਸਤੀਨੀਆਂ ਨੇ ਇਕ ਨਾਕੇ 'ਤੇ ਹਮਲਾ ਕੀਤਾ ਸੀ। ਇਸ ਦੌਰਾਨ ਹਜ਼ਾਰਾਂ ਇਜ਼ਰਾਇਲੀਆਂ ਨੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਬਦਲਣ ਅਤੇ ਬੰਦੀਆਂ ਦੀ ਰਿਹਾਈ ਲਈ ਹਮਾਸ ਨਾਲ ਸਮਝੌਤਾ ਕਰਨ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਪ੍ਰਦਰਸ਼ਨ ਕੀਤਾ।

# ਹਲਵਾਰਾ ਕੌਮਾਂਤਰੀ ਹਵਾਈ ਅੱਡੇ ਦਾ ਨਿਰਮਾਣ ਕਾਰਜ ਪੱਛੜਿਆ




**ਗੁਰੂਸਰ ਸੁਧਾਰ:** ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦਾ ਨਿਰਮਾਣ ਕਾਰਜ ਇਕ ਵਾਰ ਫਿਰ 31 ਮਾਰਚ ਦੀ ਤੈਅ ਸਮਾਂ ਸੀਮਾ ਤੋਂ ਪਛੜ ਗਿਆ ਹੈ ਅਤੇ ਸਰਕਾਰ ਵੱਲੋਂ ਤੈਅ ਕੀਤੀ 15 ਮਈ ਦੀ ਨਵੀਂ ਸਮਾਂ ਸੀਮਾ ਅੰਦਰ ਹਵਾਈ ਅੱਡੇ ਦੇ ਨਿਰਮਾਣ ਕਾਰਜ ਪੂਰੇ ਹੋਣ ਦੀ ਉਮੀਦ ਵੀ ਧੁੰਦਲੀ ਹੀ ਨਜ਼ਰ ਆ ਰਹੀ ਹੈ।

2019 ਤੋਂ ਕੀੜੀ ਦੀ ਚਾਲ ਚੱਲ ਰਹੇ ਨਿਰਮਾਣ ਕਾਰਜਾਂ ਕਾਰਨ ਵਾਰ-ਵਾਰ ਸਮਾਂ ਸੀਮਾ ਬਦਲਣ ਕਰ ਕੇ ਲੋਕਾਂ ਦਾ ਉਤਸ਼ਾਹ ਵੀ ਹੁਣ ਮੱਠਾ ਪੈ ਗਿਆ ਹੈ। ਕਬੀਰ ਇੰਫਰਾਸਟਰਕਚਰ ਕੌਮਾਂਤਰੀ ਹਵਾਈ ਅੱਡਾ ਪ੍ਰੋਜੈਕਟ ਦੇ ਮੈਨੇਜਰ ਸ਼ੈਲੇਂਦਰ ਸਿੰਘ ਅਨੁਸਾਰ ਬੇਸ਼ੱਕ ਐਪਰਨ ਬਣ ਕੇ ਤਿਆਰ ਹੋ ਚੁੱਕਿਆ ਹੈ ਅਤੇ ਉਸ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ, ਪਰ ਟੈਕਸੀਵੇਅ ਨੂੰ ਪੂਰਾ ਕਰਨ ਲਈ ਹਾਲੇ ਵੀ ਦੋ ਮਹੀਨੇ ਦਾ ਸਮਾਂ ਲੱਗਣ ਦੀ ਸੰਭਾਵਨਾ ਹੈ। ਹਾਲਾਂਕਿ ਜ਼ਮੀਨੀ ਹਕੀਕਤ ਇਨ੍ਹਾਂ ਦਾਅਵਿਆਂ ਨਾਲ ਵੀ ਮੇਲ ਨਹੀਂ ਖਾਂਦੀ ਅਤੇ ਸਾਲ ਦੇ ਅੰਤ ਤੱਕ ਹਵਾਈ ਉਡਾਣਾਂ ਸ਼ੁਰੂ ਹੋਣ ਦੀ ਉਮੀਦ ਪ੍ਰਗਟਾਈ ਜਾ ਰਹੀ ਹੈ। ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ 28 ਫਰਵਰੀ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਰਮਾਣ ਕਾਰਜਾਂ ਦੀ ਨਿਗਰਾਨੀ ਲਈ ਪੁੱਜੀ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ 31 ਮਾਰਚ ਤੱਕ ਹਵਾਈ ਅੱਡੇ ਦੇ ਨਿਰਮਾਣ ਕਾਰਜ ਮੁਕੰਮਲ ਕਰ ਲੈਣ ਦਾ ਦਾਅਵਾ ਕੀਤਾ ਸੀ।

ਸਿਨਰਜੀ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਪ੍ਰਾਜੈਕਟ ਮੈਨੇਜਰ ਓਮ ਪ੍ਰਕਾਸ਼ ਅਨੁਸਾਰ ਟਰਮੀਨਲ ਤਿਆਰ ਹੋ ਚੁੱਕਿਆ ਹੈ, ਸਬ-ਸਟੇਸ਼ਨ ਅਤੇ ਜਨਤਕ ਸਹੂਲਤਾਂ ਦਾ ਕੰਮ ਵੀ ਮੁਕੰਮਲ ਕਰ ਲਿਆ ਗਿਆ ਹੈ। ਉਧਰ, ਪ੍ਰੋਜੈਕਟ ਮੈਨੇਜਰ ਸ਼ੈਲੇਂਦਰ ਸਿੰਘ ਅਨੁਸਾਰ ਹਵਾਈ ਅੱਡੇ ਨੂੰ ਮੁੱਖ ਮਾਰਗ ਨਾਲ ਜੋੜਦੇ ਪਹੁੰਚ ਮਾਰਗ ਦੇ ਪੁਲ ਦਾ ਅਧਾਰ ਢਾਂਚਾ ਤਿਆਰ ਹੋ ਚੁੱਕਿਆ ਹੈ ਅਤੇ ਜਲਦ ਹੀ ਉਸ ਉਪਰ ਸਲੈਬ ਪਾ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਭਾਰਤੀ ਹਵਾਈ ਸੈਨਾ ਕੇਂਦਰ ਹਲਵਾਰਾ ਦੀ ਹਵਾਈ ਪੱਟੀ ਨੂੰ ਕੌਮਾਂਤਰੀ ਸਿਵਲ ਟਰਮੀਨਲ ਲਈ ਵਰਤਿਆ ਜਾਣਾ ਹੈ ਅਤੇ ਹਵਾਈ ਪੱਟੀ ਨੂੰ ਹੋਰ ਚੌੜਾ ਕਰਨ ਦਾ ਠੇਕਾ ਸੀਗਲ ਇੰਡੀਆ (ਪ੍ਰਾ) ਲਿਮਟਿਡ ਲੁਧਿਆਣਾ ਨੂੰ ਮਿਲ ਗਿਆ ਹੈ। ਉਨ੍ਹਾਂ ਕਿਹਾ ਕਿ ਅੰਦਰੂਨੀ ਸੜਕਾਂ ਲਗਭਗ ਤਿਆਰ ਹਨ ਅਤੇ ਉਨ੍ਹਾਂ ਦੇ ਸੁੰਦਰੀਕਰਨ ਲਈ ਦੋਵੇਂ ਪਾਸੇ ਟਾਈਲਾਂ ਲਾਉਣ ਦਾ ਕੰਮ ਜੰਗੀ ਪੱਧਰ ਉਤੇ ਜਾਰੀ ਹੈ ਅਤੇ ਗੱਡੀਆਂ ਦੀ ਪਾਰਕਿੰਗ ਵੀ ਜਲਦੀ ਹੀ ਬਣਾ ਦਿੱਤੀ ਜਾਵੇਗੀ।

# ਸਿਹਤ ਬੀਮਾ ਪਾਲਿਸੀ ਲੈਣ ਲਈ 65 ਸਾਲ ਦੀ ਹੱਦ ਖ਼ਤਮ




**ਨਵੀਂ ਦਿੱਲੀ:** ਬੀਮਾ ਰੈਗੂਲੇਟਰ ਆਈ.ਆਰ.ਡੀ.ਏ.ਆਈ. ਨੇ ਸਿਹਤ ਬੀਮਾ ਪਾਲਿਸੀ ਖ਼ਰੀਦਣ ਵਾਲੇ ਵਿਅਕਤੀਆਂ ਲਈ 65 ਸਾਲ ਦੀ ਉਮਰ ਹੱਦ ਹਟਾ ਦਿੱਤੀ ਹੈ। ਸਿਹਤ ਬੀਮਾ ਯੋਜਨਾਵਾਂ ਖ਼ਰੀਦਣ 'ਤੇ ਵਧ ਤੋਂ ਵਧ ਉਮਰ ਹੱਦ ਖ਼ਤਮ ਕਰਕੇ ਭਾਰਤੀ ਬੀਮਾ ਰੈਗੁਲੇਟਰੀ ਅਤੇ ਵਿਕਾਸ ਅਥਾਰਿਟੀ (ਆਈ.ਆਰ.ਡੀ.ਏ.ਆਈ.) ਦਾ ਮਕਸਦ ਸਿਹਤ ਸੰਭਾਲ ਪ੍ਰਣਾਲੀ ਹਰ ਵਿਅਕਤੀ ਤੱਕ ਪਹੁੰਚਾਉਣਾ ਹੈ ਤਾਂ ਜੋ ਅਚਾਨਕ ਆਉਣ ਵਾਲੇ ਮੈਡੀਕਲ ਖ਼ਰਚਿਆਂ ਖ਼ਿਲਾਫ਼ ਲੋਕਾਂ ਨੂੰ ਤਕਲੀਫ਼ ਨਾ ਹੋਵੇ।

ਪਹਿਲਾਂ ਦੇ ਨਿਰਦੇਸ਼ਾਂ ਮੁਤਾਬਕ ਵਿਅਕਤੀਆਂ ਨੂੰ ਸਿਰਫ਼ 65 ਸਾਲ ਦੀ ਉਮਰ ਤੱਕ ਹੀ ਨਵੀਂ ਬੀਮਾ ਪਾਲਿਸੀ ਖ਼ਰੀਦਣ ਦੀ ਇਜਾਜ਼ਤ ਸੀ। ਉਂਜ ਪਹਿਲੀ ਅਪਰੈਲ ਤੋਂ ਲਾਗੂ ਹਾਲੀਆ ਸੋਧ ਨਾਲ ਕਿਸੇ ਵੀ ਉਮਰ ਦਾ ਕੋਈ ਵੀ ਵਿਅਕਤੀ ਨਵੀਂ ਬੀਮਾ ਪਾਲਿਸੀ ਖ਼ਰੀਦਣ ਦੇ ਯੋਗ ਹੈ। ਮੌਜੂਦਾ ਗਜ਼ਟ ਨੋਟੀਫਿਕੇਸ਼ਨ 'ਚ ਅਥਾਰਿਟੀ ਨੇ ਕਿਹਾ ਕਿ ਬੀਮਾਕਰਤਾ ਇਹ ਯਕੀਨੀ ਬਣਾਉਣਗੇ ਕਿ ਉਹ ਸਾਰੇ ਉਮਰ ਵਰਗਾਂ ਦੀਆਂ ਲੋੜਾਂ ਪੂਰਾ ਕਰਨ ਲਈ ਸਿਹਤ ਬੀਮਾ ਉਤਪਾਦਾਂ ਦੀ ਪੇਸ਼ਕਸ਼ ਕਰਨ। ਇਸ ਤੋਂ ਇਲਾਵਾ ਬੀਮੇ ਵਾਲੀਆਂ ਕੰਪਨੀਆਂ ਨੂੰ ਪਹਿਲਾਂ ਤੋਂ ਕਿਸੇ ਵੀ ਤਰ੍ਹਾਂ ਦੇ ਮੈਡੀਕਲ ਹਾਲਾਤ ਵਾਲੇ ਵਿਅਕਤੀਆਂ ਨੂੰ ਸਿਹਤ ਬੀਮੇ ਪ੍ਰਦਾਨ ਕਰਨ ਦਾ ਵੀ ਹੁਕਮ ਦਿੱਤਾ ਗਿਆ ਹੈ। ਇਸ ਦੇ ਨਤੀਜੇ ਵਜੋਂ ਬੀਮਾ ਕੰਪਨੀਆਂ ਨੂੰ ਕੈਂਸਰ, ਦਿਲ ਜਾਂ ਗੁਰਦੇ ਫੇਲ੍ਹ ਹੋਣ ਅਤੇ ਏਡਜ਼ ਜਿਹੀਆਂ ਗੰਭੀਰ ਬਿਮਾਰੀਆਂ ਵਾਲੇ ਵਿਅਕਤੀਆਂ ਨੂੰ ਪਾਲਿਸੀ ਜਾਰੀ ਕਰਨ ਤੋਂ ਇਨਕਾਰ ਕਰਨ ਤੋਂ ਰੋਕਿਆ ਗਿਆ ਹੈ। ਨੋਟੀਫਿਕੇਸ਼ਨ ਮੁਤਾਬਕ ਬੀਮਾਕਾਰਾਂ ਨੂੰ ਪਾਲਿਸੀ ਧਾਰਕਾਂ ਦੀ ਸਹੂਲਤ ਲਈ ਕਿਸ਼ਤਾਂ 'ਚ ਪ੍ਰੀਮੀਅਮ ਭੁਗਤਾਨ ਦੀ ਪੇਸ਼ਕਸ਼ ਕਰਨ ਦੀ ਇਜਾਜ਼ਤ ਹੈ। ਇਸ 'ਚ ਕਿਹਾ ਗਿਆ ਹੈ ਕਿ ਆਯੁਸ਼ ਇਲਾਜ ਕਵਰੇਜ 'ਤੇ ਕੋਈ ਹੱਦ ਨਹੀਂ ਹੈ। ਆਯੁਰਵੈਦ, ਯੋਗ, ਕੁਦਰਤੀ ਇਲਾਜ, ਯੂਨਾਨੀ, ਸਿਧ ਅਤੇ ਹੋਮਿਓਪੈਥੀ ਜਿਹੀਆਂ ਪ੍ਰਣਾਲੀਆਂ ਤਹਿਤ ਇਲਾਜ ਬਿਨ੍ਹਾਂ ਕਿਸੇ ਹੱਦ ਦੇ ਬੀਮਾ ਰਾਸ਼ੀ ਦਾ ਕਵਰੇਜ ਮਿਲੇਗਾ।

# ਤਾਲਿਬਾਨ ਨੂੰ ਅਤਿਵਾਦ ਦੀ ਸੂਚੀ 'ਚੋਂ ਹਟਾ ਸਕਦਾ ਹੈ ਰੂਸ



**ਨਿਊਕੈਸਲ (ਬਰਤਾਨੀਆ):** ਅਧਿਕਾਰੀਆਂ ਨੇ ਸੰਕੇਤ ਦਿੱਤਾ ਹੈ ਕਿ ਰੂਸ ਫਿਲਹਾਲ ਤਾਲਿਬਾਨ ਨੂੰ ਅਤਿਵਾਦੀ ਸੰਗਠਨਾਂ ਦੀ ਸੂਚੀ 'ਚੋਂ ਹਟਾਉਣ 'ਤੇ ਵਿਚਾਰ ਕਰ ਰਿਹਾ ਹੈ। ਇਸ ਸਬੰਧੀ ਹਾਲਾਂਕਿ ਕੋਈ ਆਖਰੀ ਫ਼ੈਸਲਾ ਨਹੀਂ ਲਿਆ ਗਿਆ ਹੈ ਪਰ ਉਨ੍ਹਾਂ ਦੀ ਵਧਦੀ ਨੇੜਤਾ ਦਾ ਇਕ ਸੰਕੇਤ ਮਈ 'ਚ ਰੂਸ ਦੇ ਕਜ਼ਾਨ ਸ਼ਹਿਰ 'ਚ ਕਰਵਾਏ ਜਾਣ ਵਾਲੇ ਕੌਮਾਂਤਰੀ ਆਰਥਿਕ ਸਮਾਗਮ ਲਈ ਤਾਲਿਬਾਨ ਦਾ ਸੱਦਾ ਹੈ।

ਰੂਸ ਦੇ ਰਾਸ਼ਟਰਪਤੀ ਦਫ਼ਤਰ ਕਰੈਮਲਿਨ ਨੇ ਪਹਿਲਾਂ ਵੀ ਤਾਲਿਬਾਨ ਨਾਲ ਚਰਚਾ ਸ਼ੁਰੂ ਕੀਤੀ ਸੀ ਅਤੇ ਜਦੋਂ ਤਾਲਿਬਾਨ ਨੇ ਅਫ਼ਗਾਨਿਸਤਾਨ 'ਤੇ ਕੰਟਰੋਲ ਕੀਤਾ ਤਾਂ ਰੂਸ ਇੱਕ ਕੂਟਨੀਤਕ ਨੂੰ ਮਾਨਤਾ ਦੇਣ ਵਾਲੇ ਕੁਝ ਮੁਲਕਾਂ 'ਚੋਂ ਇਕ ਸੀ। ਅਫ਼ਗਾਨਿਸਤਾਨ ਦੇ ਸਿਆਸੀ ਤੇ ਆਰਥਿਕ ਸੰਕਟ ਅਤੇ ਯੂਕਰੇਨ ਜੰਗ ਕਾਰਨ ਰੂਸ 'ਤੇ ਪੱਛਮੀ ਪਾਬੰਦੀਆਂ ਦਾ ਮਤਲਬ ਹੈ ਕਿ ਦੋਵਾਂ ਪੱਖਾਂ ਨੂੰ ਮਜ਼ਬੂਤ ਰਿਸ਼ਤਿਆਂ ਤੋਂ ਕੁਝ ਹਾਸਲ ਕਰਨਾ ਪਵੇਗਾ। ਰੂਸ ਨੇ ਖੁਦ ਨੂੰ ਇਕ ਸ਼ਾਂਤੀ ਦੂਤ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਦੇ ਰੂਪ ਵਿਚ ਅਫ਼ਗਾਨਿਸਤਾਨ ਸਰਕਾਰ ਤੇ ਤਾਲਿਬਾਨ ਵਿਚਾਲੇ ਗੱਲਬਾਤ ਲਈ 2017 'ਚ ਇੱਕ ਖੇਤਰੀ ਪਹਿਲ ਸ਼ੁਰੂ ਕੀਤੀ ਸੀ। ਇਨ੍ਹਾਂ ਵਾਰਤਾਵਾਂ ਦਾ ਮਕਸਦ ਅਫ਼ਗਾਨਿਸਤਾਨ ਸੰਕਟ ਦਾ ਹੱਲ ਕੱਢਣਾ ਸੀ। ਅਫ਼ਗਾਨਿਸਤਾਨ 'ਤੇ ਕਬਜ਼ੇ ਮਗਰੋਂ ਕਿਸੇ ਵੀ ਮੁਲਕ ਨੇ ਤਾਲਿਬਾਨ ਸਰਕਾਰ ਨੂੰ ਮਾਨਤਾ ਨਹੀਂ ਦਿੱਤੀ ਹੈ। ਤਾਲਿਬਾਨ ਚਾਹੁੰਦਾ ਹੈ ਕਿ ਕੌਮਾਂਤਰੀ ਪਾਬੰਦੀਆਂ ਵਾਪਸ ਲਈਆਂ ਜਾਣ ਅਤੇ ਜ਼ਬਤ ਕੀਤੀਆਂ ਗਈਆਂ ਜਾਇਦਾਦਾਂ ਛੱਡੀਆਂ ਜਾਣ ਤਾਂ ਜੋ ਦੇਸ਼ ਦੇ ਆਰਥਿਕ ਵਿਕਾਸ 'ਚ ਮਦਦ ਮਿਲ ਸਕੇ।

# ਭਾਰਤ ਦੀਆਂ ਚੋਟੀ ਦੀਆਂ ਆਈ.ਟੀ. ਕੰਪਨੀਆਂ 'ਚ ਮੁਲਾਜ਼ਮ ਘਟੇ

**ਬੰਗਲੂਰੂ:** ਦੇਸ਼ ਦੀਆਂ ਤਿੰਨ ਸਭ ਤੋਂ ਵੱਡੀਆਂ ਸੂਚਨਾ ਤਕਨਾਲੋਜੀ (ਆਈ.ਟੀ.) ਕੰਪਨੀਆਂ ਟਾਟਾ ਕੰਸਲਟੈਂਸੀ ਸਰਵਿਸਿਜ਼, ਇਨਫੋਸਿਸ ਅਤੇ ਵਿਪਰੋ ਵਿਚ ਵਿੱਤੀ ਵਰ੍ਹੇ 2023-24 ਵਿਚ ਕਰੀਬ 64,000 ਮੁਲਾਜ਼ਮ ਘੱਟ ਹੋਏ ਹਨ।

ਦੁਨੀਆ ਭਰ ਵਿਚ ਕਮਜ਼ੋਰ ਮੰਗ ਅਤੇ ਗਾਹਕਾਂ ਦੇ ਤਕਨੀਕੀ ਖਰਚੇ ਵਿਚ ਕਟੌਤੀ ਕਰ ਕੇ ਇਨ੍ਹਾਂ ਕੰਪਨੀਆਂ 'ਚ ਕਰਮਚਾਰੀਆਂ ਦੀ ਗਿਣਤੀ ਘਟੀ ਹੈ। ਵਿਪਰੋ ਨੇ ਆਪਣੀ ਚੌਥੀ ਤਿਮਾਹੀ ਦੇ ਵਿੱਤੀ ਨਤੀਜਿਆਂ ਦਾ ਐਲਾਨ ਕਰਦਿਆਂ ਕਿਹਾ ਕਿ ਮਾਰਚ 2024 ਤੱਕ ਉਸ ਦੇ ਮੁਲਾਜ਼ਮਾਂ ਦੀ ਗਿਣਤੀ ਘੱਟ ਕੇ 2,34,054 ਰਹਿ ਗਈ ਜੋ ਕਿ ਇਸ ਤੋਂ ਇਕ ਸਾਲ ਪਹਿਲਾਂ ਇਸੇ ਮਹੀਨੇ ਦੇ ਅਖ਼ੀਰ ਵਿਚ 2,58,570 ਸੀ। ਇਸ ਤਰ੍ਹਾਂ ਮਾਰਚ 2024 ਨੂੰ ਖ਼ਤਮ ਹੋਏ ਵਿੱਤੀ ਵਰ੍ਹੇ ਦੌਰਾਨ ਕੰਪਨੀ ਦੇ ਕਰਮਚਾਰੀਆਂ ਦੀ ਗਿਣਤੀ ਵਿਚ 24,516 ਦੀ ਕਮੀ ਆਈ। ਵਿਪਰੋ ਦੇ ਮੁੱਖ ਮਨੁੱਖੀ ਸਰੋਤ ਅਧਿਕਾਰੀ ਸੌਰਭ ਗੋਵਿਲ ਨੇ ਕਿਹਾ ਕਿ ਮੁਲਾਜ਼ਮਾਂ ਦੀ ਗਿਣਤੀ ਵਿਚ ਕਮੀ ਮੁੱਖ ਤੌਰ 'ਤੇ ਬਾਜ਼ਾਰ ਤੇ ਮੰਗ ਦੇ ਹਾਲਾਤ ਦੇ ਨਾਲ ਹੀ ਆਪ੍ਰੇਸ਼ਨਲ ਕੁਸ਼ਲਤਾ ਕਾਰਨ ਹੋਈ। ਭਾਰਤ ਦਾ ਆਈ.ਟੀ. ਸੇਵਾ ਉਦਯੋਗ ਆਲਮੀ ਵਿਆਪਕ ਆਰਥਿਕ ਅਨਿਸ਼ਚਿਤਤਾ ਅਤੇ ਭੂ-ਰਾਜਨੀਤਕ ਉਤਾਰ-ਚੜ੍ਹਾਓ ਕਰ ਕੇ ਦਬਾਅ ਮਹਿਸੂਸ ਕਰ ਰਿਹਾ ਹੈ।

ਦੇਸ਼ ਦੀ ਦੂਜੀ ਸਭ ਤੋਂ ਵੱਡੀ ਆਈ.ਟੀ. ਸੇਵਾ ਬਰਾਮਦਕਾਰ ਇਨਫੋਸਿਸ ਨੇ ਕਿਹਾ ਕਿ ਮਾਰਚ 2024 ਦੇ ਅਖ਼ੀਰ ਵਿਚ ਮੁਲਾਜ਼ਮਾਂ ਦੀ ਗਿਣਤੀ 3,17,240 ਸੀ ਜੋ ਪਿਛਲੇ ਸਾਲ ਇਸੇ ਸਮੇਂ ਦੌਰਾਨ 3,43,234 ਸੀ। ਇਉਂ ਕਰਮਚਾਰੀਆਂ ਦੀ ਗਿਣਤੀ 25,994 ਘਟੀ ਹੈ। ਦੇਸ਼ ਦੀ ਸਭ ਤੋਂ ਵੱਡੀ ਆਈ.ਟੀ. ਕੰਪਨੀ ਟੀ.ਸੀ.ਐਸ. ਵਿਚ ਵੀ ਕਰਮਚਾਰੀਆਂ ਦੀ ਗਿਣਤੀ 13,249 ਘਟੀ ਹੈ। ਲੰਘੇ ਵਰ੍ਹੇ ਦੇ ਅਖ਼ੀਰ ਤੱਕ ਇਸ ਦੇ ਕੁੱਲ 6,01,546 ਮੁਲਾਜ਼ਮ ਸਨ।

# ਦੋ ਭਾਰਤੀ ਵਿਦਿਆਰਥੀ ਡੁੱਬੇ

**ਲੰਡਨ:** ਯੂ.ਕੇ. ਦੀ ਇਕ ਯੂਨੀਵਰਸਿਟੀ 'ਚ ਪੜ੍ਹਦੇ ਦੋ ਭਾਰਤੀ ਵਿਦਿਆਰਥੀਆਂ ਦੀ ਸਕਾਟਲੈਂਡ ਦੇ ਇਕ ਝਰਨੇ 'ਚ ਡੁੱਬਣ ਕਾਰਨ ਮੌਤ ਹੋ ਗਈ। ਦੋਵੇਂ ਵਿਦਿਆਰਥੀ ਭਾਰਤੀ ਸੂਬੇ ਆਂਧਰਾ ਪ੍ਰਦੇਸ਼ ਦੇ ਵਾਸੀ ਹਨ ਜਿਨ੍ਹਾਂ ਦੀ ਉਮਰ 20 ਤੋਂ 30 ਸਾਲ ਦੇ ਦਰਮਿਆਨ ਸੀ।

ਪੁਲਿਸ ਸਕਾਟਲੈਂਡ ਵੱਲੋਂ ਹਾਲੇ ਤੱਕ ਇਨ੍ਹਾਂ ਦੀ ਪਛਾਣ ਨਹੀਂ ਦੱਸੀ ਗਈ। ਇਹ ਘਟਨਾ ਪਰਥਸ਼ਾਇਰ ਵਿਚ ਬਲੇਅਰ ਆਫ ਐਥੋਲ ਨੇੜੇ ਲਿਨ ਆਫ ਟੂਮੈੱਲ ਵਿਚ ਵਾਪਰੀ ਜਦੋਂ ਇਕ ਗਰੁੱਪ ਵਿਚੋਂ ਦੋ ਵਿਅਕਤੀ ਪਾਣੀ ਵਿਚ ਡਿੱਗ ਪਏ। ਉਨ੍ਹਾਂ ਦੇ ਦੋਸਤਾਂ ਵੱਲੋਂ ਮਦਦ ਲਈ ਰੌਲਾ ਪਾਏ ਜਾਣ ਮਗਰੋਂ ਸਕਾਟਿਸ਼ ਫਾਇਰ ਐਂਡ ਰੈਸਿਕਊ ਸਰਵਿਸ ਨੇ ਬਚਾਅ ਵਾਸਤੇ ਸਹਾਇਤਾ ਲਈ ਕਿਸ਼ਤੀ ਟੀਮ ਅਤੇ ਜਹਾਜ਼ ਭੇਜੇ। ਪੁਲਿਸ ਸਕਾਟਲੈਂਡ ਦੇ ਇਕ ਤਰਜਮਾਨ ਨੇ ਕਿਹਾ, "ਸਾਨੂੰ 22 ਤੋਂ 26 ਸਾਲ ਦੇ ਦੋ ਵਿਅਕਤੀਆਂ ਦੇ ਬਲੇਅਰ ਆਫ ਐਥੋਲ ਨੇੜੇ ਲਿਨ ਆਫ ਟੂਮੈੱਲ ਝਰਨੇ 'ਚ ਡਿੱਗਣ ਦੀ ਸੂਚਨਾ ਮਿਲੀ।"

ਉਨ੍ਹਾਂ ਦੱਸਿਆ ਕਿ ਐਮਰਜੈਂਸੀ ਸੇਵਾਵਾਂ ਦਾ ਅਮਲਾ ਮੌਕੇ 'ਤੇ ਪਹੁੰਚਿਆ ਤੇ ਦੋਵਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ। ਉਨ੍ਹਾਂ ਕਿਹਾ ਕਿ ਘਟਨਾ ਸਬੰਧੀ ਪੁੱਛ ਪੜਤਾਲ ਕੀਤੀ ਜਾ ਰਹੀ ਹੈ ਅਤੇ ਕੁਝ ਵੀ ਸ਼ੱਕੀ ਨਹੀਂ ਮਿਲਿਆ। ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਕਿਹਾ ਕਿ ਆਂਧਰਾ ਪ੍ਰਦੇਸ਼ ਦੇ ਦੋ ਵਿਦਿਆਰਥੀਆਂ ਦੀ ਡੁੱਬਣ ਕਾਰਨ ਮੌਤ ਹੋ ਗਈ ਜਿਨ੍ਹਾਂ ਦੀਆਂ ਲਾਸ਼ਾਂ ਮਿਲ ਗਈਆਂ ਹਨ। ਈਡਨਬਰਗ 'ਚ ਭਾਰਤੀ ਕੌਂਸੁਲੇਟ ਜਨਰਲ ਮ੍ਰਿਤਕ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਸੰਪਰਕ ਵਿਚ ਹੈ। ਹਾਈ ਕਮਿਸ਼ਨ ਨੇ ਕਿਹਾ ਕਿ ਡੁੰਡੀ ਯੂਨੀਵਰਸਿਟੀ ਨੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ।

# ਮਾਲਦੀਪ: ਚੀਨ ਸਮਰਥਕ ਪਾਰਟੀ ਨੂੰ ਭਾਰੀ ਬਹੁਮਤ

**ਮਾਲੇ:** ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਦੀ ਪਾਰਟੀ ਨੇ ਸੰਸਦੀ ਚੋਣਾਂ ਵਿਚ 70 ਸੀਟਾਂ ਜਿੱਤ ਕੇ 'ਭਾਰੀ ਬਹੁਮਤ' ਹਾਸਲ ਕਰ ਲਿਆ ਹੈ। ਇਸ ਚੋਣ ਨੂੰ ਦੇਸ਼ ਦੇ ਰਾਸ਼ਟਰਪਤੀ ਮੁਈਜ਼ੂ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਜਿਨ੍ਹਾਂ ਦੀਆਂ ਨੀਤੀਆਂ ਉਤੇ ਭਾਰਤ ਅਤੇ ਚੀਨ ਵੱਲੋਂ ਨਜ਼ਰ ਰੱਖੀ ਜਾ ਰਹੀ ਹੈ, ਜੋ ਮਾਲਦੀਵ ਵਿਚ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੁਈਜ਼ੂ ਦੀ ਅਗਵਾਈ ਵਾਲੀ ਪੀਪਲਜ਼ ਨੈਸ਼ਨਲ ਕਾਂਗਰਸ (ਪੀ.ਐਨ.ਸੀ.) ਨੇ ਚੋਣਾਂ ਵਿਚ 20ਵੀਂ 'ਪੀਪਲਜ਼ ਮਜਲਿਸ' (ਸੰਸਦ) ਵਿਚ 93 ਵਿਚੋਂ 70 ਸੀਟਾਂ ਜਿੱਤੀਆਂ ਅਤੇ ਇਸ ਦੇ ਗੱਠਜੋੜ ਸਹਿਯੋਗੀ ਮਾਲਦੀਵ ਨੈਸ਼ਨਲ ਪਾਰਟੀ (ਐਮ.ਐਨ.ਪੀ.) ਅਤੇ ਮਾਲਦੀਵ ਡਿਵੈਲਪਮੈਂਟ ਅਲਾਇੰਸ (ਐੱਮ.ਡੀ.ਏ) ਨੇ ਕ੍ਰਮਵਾਰ ਇਕ ਤੇ ਦੋ ਸੀਟਾਂ ਜਿੱਤੀਆਂ। ਇਸ ਨਾਲ ਪੀ.ਐੱਨ.ਸੀ. ਨੂੰ ਸੰਵਿਧਾਨ ਵਿਚ ਸੋਧ ਕਰਨ ਦੀ ਸ਼ਕਤੀ ਮਿਲ ਗਈ ਹੈ।

# ਕਣਕ ਖਰੀਦ: ਗੁਆਂਢੀ ਸੂਬਿਆਂ ਦੇ ਵਪਾਰੀਆਂ ਦਾ ਪੰਜਾਬ ਵੱਲ ਰੁਖ

**ਚੰਡੀਗੜ੍ਹ:** ਇਸ ਵਾਰ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਕਣਕ ਦੀ ਫਸਲ 'ਤੇ ਬੋਨਸ ਦਿੱਤੇ ਜਾਣ ਦਾ ਪੰਜਾਬ 'ਤੇ ਚੰਗਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਦੋਵੇਂ ਸੂਬਿਆਂ 'ਚੋਂ ਕਣਕ ਖ਼ਰੀਦਣ ਵਾਲੇ ਵਪਾਰੀ ਹੁਣ ਪੰਜਾਬ ਆਉਣ ਲੱਗੇ ਹਨ ਜੋ ਪਹਿਲਾਂ ਉੱਚੀ ਮਾਰਕੀਟ ਫ਼ੀਸ ਕਾਰਨ ਪੰਜਾਬ ਤੋਂ ਪਾਸਾ ਵੱਟਦੇ ਸਨ।

ਪੰਜਾਬ ਦੇ ਗੁਆਂਢੀ ਸੂਬੇ ਵਿਚ ਕਣਕ 2400 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਸਰਕਾਰੀ ਤੌਰ 'ਤੇ ਖ਼ਰੀਦ ਕੀਤੀ ਜਾ ਰਹੀ ਹੈ ਜਿਸ 'ਚ 125 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾ ਰਿਹਾ ਹੈ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਸਰਕਾਰ ਵੀ ਸਵਾ ਸੌ ਰੁਪਏ ਪ੍ਰਤੀ ਕੁਇੰਟਲ ਬੋਨਸ ਦੇ ਰਹੀ ਹੈ। ਪੰਜਾਬ ਵਿਚ ਘੱਟੋ-ਘੱਟ



ਸਮਰਥਨ ਮੁੱਲ 2275 ਰੁਪਏ ਹੈ। ਪਿਛਲੇ ਵਰ੍ਹਿਆਂ ਵਿਚ ਪੰਜਾਬ ਦੀ ਹੱਦ ਨਾਲ ਲੱਗਦੇ ਰਾਜਸਥਾਨ ਦੇ ਪਿੰਡਾਂ ਦੇ ਕਿਸਾਨ ਆਪਣੀ ਕਣਕ ਪੰਜਾਬ ਵਿਚ ਵੇਚ ਜਾਂਦੇ ਸਨ।

ਇਸ ਵਾਰ ਪੰਜਾਬ ਦੇ ਭਾਅ ਨਾਲੋਂ ਰਾਜਸਥਾਨ ਵਿਚ ਕੀਮਤ ਜ਼ਿਆਦਾ ਹੈ ਜਿਸ ਕਰਕੇ ਰਾਜਸਥਾਨੀ ਕਿਸਾਨ ਪੰਜਾਬ ਤੋਂ ਕਿਨਾਰਾ ਕਰ ਗਏ ਹਨ। ਜਾਣਕਾਰੀ ਹੈ ਕਿ ਰਾਜਸਥਾਨ ਦਾ ਕਰੀਬ 70 ਕਿਲੋਮੀਟਰ ਬਾਰਡਰ ਪੰਜਾਬ ਨਾਲ ਲੱਗਦਾ ਹੈ ਅਤੇ ਗੰਗਾਨਗਰ ਤੇ ਸੰਗਰੀਆ ਇਲਾਕੇ ਦੇ ਕਰੀਬ 100 ਪਿੰਡਾਂ ਦੇ ਕਿਸਾਨ ਪਹਿਲਾਂ ਪੰਜਾਬ ਵਿਚ ਫ਼ਸਲ ਵੇਚਣ ਜਾਂਦੇ ਸਨ ਪਰ ਇਸ ਵਾਰ ਉਹ ਨਹੀਂ ਆ ਰਹੇ।

ਕਿਸਾਨ ਆਗੂ ਨੇ ਦੱਸਿਆ ਕਿ ਰਾਜਸਥਾਨ ਵਿਚ ਫ਼ਸਲ ਵੇਚਣ ਲਈ ਸ਼ਨਾਖ਼ਤੀ ਕਾਰਡ ਜ਼ਰੂਰੀ ਹੈ ਜਿਸ ਕਰਕੇ ਪੰਜਾਬ ਦੀ ਕਣਕ ਵੀ ਰਾਜਸਥਾਨ ਵਿਚ ਨਹੀਂ ਜਾ ਸਕੇਗੀ। ਪੰਜਾਬ ਵਿਚ ਹੁਣ ਤੱਕ 1.36 ਲੱਖ ਮੀਟਰਿਕ ਟਨ ਫ਼ਸਲ ਪ੍ਰਾਈਵੇਟ ਵਪਾਰੀਆਂ ਨੇ ਖ਼ਰੀਦੀ ਹੈ। ਸੂਬੇ ਵਿਚ ਇਸ ਵਾਰ 132 ਲੱਖ ਮੀਟਰਿਕ ਟਨ ਫ਼ਸਲ ਖ਼ਰੀਦਣ ਦਾ ਟੀਚਾ ਹੈ ਅਤੇ 161 ਲੱਖ ਮੀਟਰਿਕ ਟਨ ਪੈਦਾਵਾਰ ਹੋਣ ਦਾ ਅਨੁਮਾਨ ਹੈ। ਪੰਜਾਬ ਦੀਆਂ ਮੰਡੀਆਂ ਵਿਚ ਹੁਣ ਤੱਕ 22.73 ਲੱਖ ਮੀਟਰਿਕ ਟਨ ਕਣਕ ਪੁੱਜ ਚੁੱਕੀ ਹੈ ਜਿਸ 'ਚੋਂ 18.85 ਲੱਖ ਮੀਟਰਿਕ ਟਨ ਕਣਕ ਖ਼ਰੀਦੀ ਗਈ ਹੈ ਜੋ 83 ਫ਼ੀਸਦੀ ਬਣਦੀ ਹੈ। ਪੰਜਾਬ ਵਿਚ ਮੁੱਢਲੇ ਪੜਾਅ 'ਤੇ ਹੀ ਮੰਡੀਆਂ ਵਿਚ ਫ਼ਸਲ ਦੀ ਚੁਕਾਈ ਦੀ ਸਮੱਸਿਆ ਖੜ੍ਹੀ ਹੋ ਗਈ ਹੈ। ਖ਼ਰੀਦ ਦਾ ਕੰਮ ਬੇਸ਼ੱਕ ਤੇਜ਼ ਰਫ਼ਤਾਰ ਨਾਲ ਚੱਲ ਰਿਹਾ ਹੈ ਪਰ ਲਿਫ਼ਟਿੰਗ ਦੀ ਸਮੱਸਿਆ ਹਾਕਮ ਧਿਰ ਨੂੰ ਮੁਸ਼ਕਲ ਵਿਚ ਪਾ ਸਕਦੀ ਹੈ। ਸਮੁੱਚੇ ਪੰਜਾਬ ਵਿਚ ਸਿਰਫ਼ 20 ਫ਼ੀਸਦੀ ਲਿਫ਼ਟਿੰਗ ਹੋਈ ਹੈ।

## ਸੜਕ ਹਾਦਸਾ: ਅਮਰੀਕਾ 'ਚ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ

**ਹੈਦਰਾਬਾਦ:** ਅਮਰੀਕਾ ਵਿਚ ਪੜ੍ਹ ਰਹੇ ਤਿਲੰਗਾਨਾ ਦੇ ਦੋ ਵਿਦਿਆਰਥੀਆਂ ਦੀ ਐਰੀਜ਼ੋਨਾ ਵਿਚ ਸੜਕ ਹਾਦਸੇ ਵਿਚ ਮੌਤ ਹੋ ਗਈ। 19 ਸਾਲਾਂ ਦੇ ਨਿਵੇਸ਼ ਮੁੱਕਾ ਅਤੇ ਗੌਤਮ ਕੁਮਾਰ ਪਾਰਸੀ ਦੀ ਕਾਰ ਇਕ ਹੋਰ ਕਾਰ ਨਾਲ ਸਿੱਧੀ ਟਕਰਾਅ ਗਈ। ਨਿਵੇਸ਼ ਕਰੀਮਨਗਰ ਜ਼ਿਲ੍ਹੇ ਦੇ ਹੁਜ਼ੂਰਾਬਾਦ ਕਸਬੇ ਦਾ ਰਹਿਣ ਵਾਲਾ ਸੀ, ਜਦੋਂਕਿ ਗੌਤਮ ਕੁਮਾਰ ਜਨਗਾਂਵ ਜ਼ਿਲ੍ਹੇ ਦੇ ਘਨਪੁਰ ਦਾ ਵਾਸੀ ਸੀ। ਦੋਵੇਂ ਐਰੀਜ਼ੋਨਾ ਸਟੇਟ ਯੂਨੀਵਰਸਿਟੀ 'ਚ ਕੰਪਿਊਟਰ ਸਾਇੰਸ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਹੇ ਸਨ। ਦੋਵੇਂ ਯੂਨੀਵਰਸਿਟੀ ਤੋਂ ਆਪਣੇ ਦੋਸਤਾਂ ਨਾਲ ਘਰ ਪਰਤ ਰਹੇ ਸਨ। ਨਿਵੇਸ਼ ਅਤੇ ਗੌਤਮ ਦੀ ਮੌਕੇ ਉਤੇ ਹੀ ਮੌਤ ਹੋ ਗਈ ਜਦਕਿ ਦੋਵੇਂ ਕਾਰਾਂ ਦੇ ਡਰਾਈਵਰ ਜ਼ਖ਼ਮੀ ਹੋ ਗਏ। ਨਿਵੇਸ਼ ਡਾਕਟਰ ਜੋੜੇ ਨਵੀਨ ਅਤੇ ਸਵਾਤੀ ਦਾ ਪੁੱਤਰ ਸੀ। ਦੋਵਾਂ ਵਿਦਿਆਰਥੀਆਂ ਦੇ ਪਰਿਵਾਰ ਵਾਲਿਆਂ ਨੇ ਭਾਰਤ ਸਰਕਾਰ ਤੋਂ ਲਾਸ਼ਾਂ ਨੂੰ ਦੇਸ਼ ਲਈ ਮਦਦ ਦੀ ਅਪੀਲ ਕੀਤੀ ਹੈ।

## ਕਣਕ ਦੀ ਪ੍ਰਾਈਵੇਟ ਖਰੀਦ ਨੇ ਕਿਸਾਨਾਂ ਨੂੰ ਢਾਰਸ ਬੰਨ੍ਹੀ

**ਚੰਡੀਗੜ੍ਹ:** ਪੰਜਾਬ ਵਿਚ ਕਣਕ ਦੀ ਪ੍ਰਾਈਵੇਟ ਖ਼ਰੀਦ ਦੇ ਮੁੱਢਲੇ ਰੁਝਾਨ ਕਿਸਾਨਾਂ ਦਾ ਢਾਰਸ ਬੰਨ੍ਹਣ ਵਾਲੇ ਹਨ ਕਿਉਂਕਿ ਕਈ ਮੰਡੀਆਂ ਵਿਚ ਕਣਕ ਦੀ ਫ਼ਸਲ ਘੱਟੋ-ਘੱਟ ਸਮਰਥਨ ਮੁੱਲ ਤੋਂ 75 ਰੁਪਏ ਪ੍ਰਤੀ ਕੁਇੰਟਲ ਤੱਕ ਵੱਧ ਭਾਅ 'ਤੇ ਵਿਕੀ ਹੈ। ਕਿਸਾਨਾਂ ਨੂੰ ਔਸਤਨ 50 ਰੁਪਏ ਪ੍ਰਤੀ ਕੁਇੰਟਲ ਕਣਕ ਦਾ ਭਾਅ ਉੱਚਾ ਮਿਲ ਰਿਹਾ ਹੈ। ਪ੍ਰਾਈਵੇਟ ਵਪਾਰੀ ਦਾ ਇਹੋ ਰੁਝਾਨ ਰਿਹਾ ਤਾਂ ਕਿਸਾਨਾਂ ਨੂੰ ਕੁਝ ਮੁਨਾਫ਼ਾ ਜ਼ਰੂਰ ਮਿਲੇਗਾ। ਕੌਮਾਂਤਰੀ ਬਾਜ਼ਾਰ ਵਿਚ ਕਣਕ ਦੀ ਮੰਗ ਇਸ ਵਾਰ ਜ਼ਿਆਦਾ ਹੈ।

ਚੋਣਾਂ ਵਾਲਾ ਵਰ੍ਹਾ ਹੋਣ ਕਰਕੇ ਕਰੀਬ 80 ਕਰੋੜ ਲੋਕਾਂ ਨੂੰ ਪੰਜ ਕਿੱਲੋ ਮੁਫ਼ਤ ਰਾਸ਼ਨ ਵੀ ਦਿੱਤਾ ਜਾ ਰਿਹਾ ਹੈ। ਗੁਦਾਮਾਂ 'ਚੋਂ ਕਣਕ ਦੇ ਭੰਡਾਰ ਮੁੱਕਣ ਲੱਗੇ ਹਨ। ਚਾਰੇ ਪਾਸੇ ਕਣਕ ਦੀ ਵੁੱਕਤ ਪੈ ਰਹੀ ਹੈ ਜਿਸ ਕਰਕੇ ਪ੍ਰਾਈਵੇਟ ਵਪਾਰੀ ਵੀ ਮੁੱਢਲੇ ਪੜਾਅ 'ਤੇ ਹੀ ਉੱਚੇ ਭਾਅ 'ਤੇ ਕਣਕ ਖ਼ਰੀਦ ਰਹੇ ਹਨ। ਪੰਜਾਬ ਮੰਡੀ ਬੋਰਡ ਤੋਂ ਪ੍ਰਾਪਤ



ਵੇਰਵਿਆਂ ਅਨੁਸਾਰ ਜਲੰਧਰ ਜ਼ਿਲ੍ਹੇ ਵਿਚ ਕਣਕ ਪ੍ਰਤੀ ਕੁਇੰਟਲ 2350 ਰੁਪਏ ਤੱਕ ਵਿਕ ਗਈ ਹੈ ਜਦਕਿ ਮੁਹਾਲੀ ਜ਼ਿਲ੍ਹੇ ਵਿਚ ਕਣਕ ਦਾ ਭਾਅ 2330 ਰੁਪਏ ਪ੍ਰਤੀ ਕੁਇੰਟਲ ਤੱਕ ਰਿਹਾ ਹੈ। ਪ੍ਰਾਈਵੇਟ ਵਪਾਰੀਆਂ ਨੇ ਜ਼ਿਲ੍ਹਾ ਫ਼ਾਜ਼ਿਲਕਾ ਵਿਚ 2311 ਰੁਪਏ ਪ੍ਰਤੀ ਕੁਇੰਟਲ ਅਤੇ ਹੁਸ਼ਿਆਰਪੁਰ ਵਿਚ 2305 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਣਕ ਖ਼ਰੀਦੀ ਹੈ। ਕਣਕ ਦਾ ਸਰਕਾਰੀ ਭਾਅ 2275 ਰੁਪਏ ਪ੍ਰਤੀ ਕੁਇੰਟਲ ਹੈ। ਪੰਜਾਬ ਵਿਚ ਕਣਕ ਦੀ 161.31 ਲੱਖ ਮੀਟਰਿਕ ਟਨ ਪੈਦਾਵਾਰ ਹੋਣ ਦੀ ਆਸ ਹੈ ਅਤੇ ਇਸ 'ਚੋਂ 132 ਲੱਖ ਮੀਟਰਿਕ ਟਨ ਕਣਕ ਮੰਡੀਆਂ ਵਿਚ ਆਉਣ ਦੀ ਸੰਭਾਵਨਾ ਹੈ। ਬਠਿੰਡਾ ਮੰਡੀ ਦੇ ਇਕ ਆੜ੍ਹਤੀਏ ਨੇ ਦੱਸਿਆ ਕਿ ਪ੍ਰਾਈਵੇਟ ਵਪਾਰੀ 2350 ਰੁਪਏ ਪ੍ਰਤੀ ਕੁਇੰਟਲ ਦਾ ਭਾਅ ਦੇ ਰਹੇ ਹਨ ਅਤੇ ਪਿਛਲੇ ਵਰ੍ਹੇ ਨਾਲੋਂ ਜ਼ਿਆਦਾ ਦਿਲਚਸਪੀ ਦਿਖਾ ਰਹੇ ਹਨ। ਕਰੀਬ 67 ਫ਼ੀਸਦੀ ਫ਼ਸਲ ਖ਼ਰੀਦ ਕੀਤੀ ਜਾ ਚੁੱਕੀ ਹੈ ਜਿਸ 'ਚੋਂ ਪ੍ਰਾਈਵੇਟ ਵਪਾਰੀਆਂ ਨੇ 50,973 ਮੀਟਰਿਕ ਟਨ ਕਣਕ ਖ਼ਰੀਦੀ ਹੈ। ਪਟਿਆਲਾ ਜ਼ਿਲ੍ਹੇ ਵਿਚ ਸਭ ਤੋਂ ਵੱਧ 1.51 ਲੱਖ ਮੀਟਰਿਕ ਟਨ ਕਣਕ ਮੰਡੀਆਂ ਵਿਚ ਪਹੁੰਚ ਚੁੱਕੀ ਹੈ ਜਦਕਿ ਸੰਗਰੂਰ ਜ਼ਿਲ੍ਹੇ 'ਚ 1.33 ਲੱਖ ਮੀਟਰਿਕ ਟਨ ਕਣਕ ਦੀ ਆਮਦ ਹੋਈ ਹੈ। ਇਸੇ ਤਰ੍ਹਾਂ ਮਾਨਸਾ ਜ਼ਿਲ੍ਹੇ ਵਿਚ 1.04 ਲੱਖ ਮੀਟਰਿਕ ਟਨ ਤੇ ਫ਼ਰੀਦਕੋਟ ਜ਼ਿਲ੍ਹੇ ਵਿਚ 52,750 ਮੀਟਰਿਕ ਟਨ ਕਣਕ ਪਹੁੰਚੀ ਹੈ।

## ਮੋਦੀ ਦੇ 'ਕਿਸਾਨ ਪੱਖੀ' ਫੈਸਲੇ ਗਿਣਵਾਉਣ ਵਿਚ ਜੁਟੇ ਕੇਂਦਰੀ ਮੰਤਰੀ

**ਜਲੰਧਰ:** ਕੇਂਦਰੀ ਸੂਚਨਾ ਤੇ ਪ੍ਰਸਾਰਣ ਅਤੇ ਖੇਡ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ ਦਾਅਵਾ ਕੀਤਾ ਹੈ ਕਿ ਦੇਸ਼ ਦੀ ਮੋਦੀ ਸਰਕਾਰ ਨੇ 10 ਸਾਲਾਂ ਦੇ ਕਾਰਜਕਾਲ ਵਿਚ ਜੋ ਕਿਸਾਨਾਂ ਲਈ ਕੀਤਾ ਹੈ, ਉਹ ਪਿਛਲੀਆਂ ਸਰਕਾਰਾਂ 75 ਸਾਲਾਂ ਵਿਚ ਨਹੀਂ ਕਰ ਸਕੀਆਂ। ਉਨ੍ਹਾਂ ਇੱਥੇ ਭਾਜਪਾ ਦੇ ਚੋਣ ਦਫ਼ਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨ ਨਿਧੀ ਰਾਹੀਂ ਕਿਸਾਨਾਂ ਦੇ ਖਾਤਿਆਂ ਵਿਚ ਸਿੱਧੇ ਪੈਸੇ ਪਾਏ ਜਾ ਰਹੇ ਹਨ।



ਖਾਦਾਂ ਦੀ ਕਾਲਾ ਬਾਜ਼ਾਰੀ 'ਤੇ ਰੋਕ ਲਾਈ ਗਈ ਹੈ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਕਿਸਾਨ ਜਥੇਬੰਦੀਆਂ ਪੰਜਾਬ ਤੇ ਹਰਿਆਣਾ ਵਿਚ ਭਾਜਪਾ ਉਮੀਦਵਾਰਾਂ ਨੂੰ ਘੇਰ ਰਹੀਆਂ ਹਨ।

ਕਿਸਾਨ ਜਥੇਬੰਦੀਆਂ ਭਾਜਪਾ ਉਮੀਦਵਾਰਾਂ ਨੂੰ ਜਿੱਥੇ ਤਿੱਖੇ ਸਵਾਲ ਕਰ ਰਹੀਆਂ ਹਨ, ਉਥੇ ਕਈ ਥਾਈਂ ਦੋਹਾਂ ਧਿਰਾਂ ਵਿਚ ਟਕਰਾਅ ਵੀ ਦੇਖਣ ਨੂੰ ਮਿਲ ਰਿਹਾ ਹੈ। ਜਦੋਂ ਕਿਸਾਨ ਗੁੱਸੇ ਵਿਚ ਹਨ ਤਾਂ ਕੇਂਦਰੀ ਖੇਡ ਮੰਤਰੀ ਮੋਦੀ ਸਰਕਾਰ ਨੂੰ ਕਿਸਾਨ ਪੱਖੀ ਦੱਸਣ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਹੇ।

ਅਨੁਰਾਗ ਠਾਕੁਰ ਨੇ ਪੰਜਾਬ ਦੀ 'ਆਪ' ਸਰਕਾਰ 'ਤੇ ਹਮਲਾ ਕਰਦਿਆਂ ਕਿਹਾ ਕਿ ਚੋਣਾਂ ਤੋਂ ਪਹਿਲਾਂ 'ਆਪ' ਨੇ ਵਾਅਦਾ ਕੀਤਾ ਸੀ ਕਿ ਸੱਤਾ 'ਚ ਆਉਣ 'ਤੇ ਉਹ ਸੂਬੇ ਨੂੰ ਨਸ਼ਾ ਮੁਕਤ ਬਣਾ ਦੇਣਗੇ ਪਰ ਦੋ ਸਾਲ ਬੀਤਣ ਦੇ ਬਾਵਜੂਦ ਸੂਬੇ ਨੂੰ 'ਨਸ਼ਾ ਯੁਕਤ ਪੰਜਾਬ' ਬਣਾ ਦਿੱਤਾ ਹੈ। ਖੇਡਾਂ ਲਈ ਮਸ਼ਹੂਰ ਜਲੰਧਰ ਸਮੇਤ ਪੂਰੇ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਇੱਥੇ ਨਸ਼ੇ ਦਾ ਕਾਰੋਬਾਰ, ਫਿਰੌਤੀ, ਗੈਂਗ ਵਾਰ ਅਤੇ ਭ੍ਰਿਸ਼ਟਾਚਾਰ ਆਪਣੇ ਸਿਖਰ 'ਤੇ ਹੈ।

## ਜੱਗੂ ਭਗਵਾਨਪੁਰੀਆ ਗਰੋਹ ਦੇ ਤਿੰਨ ਮੈਂਬਰ ਅਸਲੇ ਸਣੇ ਗ੍ਰਿਫ਼ਤਾਰ



**ਜਲੰਧਰ:** ਕਮਿਸ਼ਨਰੇਟ ਪੁਲਿਸ ਨੇ ਜੱਗੂ ਭਗਵਾਨਪੁਰੀਆ ਗਰੋਹ ਦੇ ਤਿੰਨ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ ਤਿੰਨ ਪਿਸਤੌਲ ਅਤੇ ਛੇ ਕਾਰਤੂਸ ਬਰਾਮਦ ਕੀਤੇ ਹਨ। ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਜੱਗੂ ਭਗਵਾਨਪੁਰੀਆ ਗਰੋਹ ਦੇ ਗੈਂਗਸਟਰ ਸ਼ਹਿਰ ਵਿਚ ਕਿਸੇ ਵਾਰਦਾਤ ਦੀ ਯੋਜਨਾ ਬਣਾ ਰਹੇ ਹਨ। ਪੁਲਿਸ ਨੇ ਜਾਲ ਵਿਛਾ ਕੇ ਗੁਰਦੁਆਰਾ ਅਰਬਨ ਅਸਟੇਟ ਫੇਜ਼-1 ਦੇ ਨੇੜਿਓਂ ਲਲਿਤ ਉਰਫ਼ ਲੱਕੀ ਵਾਸੀ ਗੜ੍ਹਾ ਨੂੰ ਇਕ ਦੇਸੀ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਉਸ ਵਿਰੁੱਧ ਥਾਣਾ ਡਿਵੀਜ਼ਨ ਨੰਬਰ-7 ਵਿਚ ਕੇਸ ਦਰਜ ਕਰ ਕੇ ਪੁੱਛ ਪੜਤਾਲ ਕੀਤੀ ਤਾਂ ਲਲਿਤ ਨੇ ਖੁਲਾਸਾ ਕੀਤਾ ਕਿ ਉਸ ਦੇ ਦੋਸਤਾਂ ਨਿਖਿਲ ਉਰਫ਼ ਭੋਲੂ ਅਤੇ ਪਾਰਸਦੀਪ ਦੇ ਨਾਲ 14 ਮਾਰਚ ਨੂੰ ਅੰਮ੍ਰਿਤਸਰ ਵਿਚ ਰਾਜਦੀਪ ਸੇਠੀ ਉਰਫ਼ ਵੀਨੂ ਦਾ ਕਤਲ ਕੀਤਾ ਸੀ। ਅਧਿਕਾਰੀ ਨੇ ਦੱਸਿਆ ਕਿ ਕਤਲ ਮਾਮਲੇ 'ਚ ਭਾਵੇਂ ਅੰਮ੍ਰਿਤਸਰ ਪੁਲਿਸ ਨੇ ਸਾਹਿਲਪ੍ਰੀਤ ਉਰਫ਼ ਸੋਹੀ, ਅਭੀ ਗਿੱਲ ਅਤੇ ਸੰਜੂ ਰੰਧਾਵਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪਰ ਨਿਖਿਲ ਅਤੇ ਪਾਰਸਦੀਪ ਫ਼ਰਾਰ ਸਨ। ਪੁਲਿਸ ਨੇ ਦੋਵਾਂ ਫ਼ਰਾਰ ਮੁਲਜ਼ਮਾਂ ਨੂੰ ਮੱਧ ਪ੍ਰਦੇਸ਼ ਦੇ ਮੁਰੈਨਾ ਜ਼ਿਲ੍ਹੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲੋਂ ਦੋ ਨਾਜਾਇਜ਼ ਦੇਸੀ ਹਥਿਆਰ ਬਰਾਮਦ ਕੀਤੇ ਗਏ ਹਨ, ਦੋਵੇਂ ਮੁਲਜ਼ਮ ਜੱਗੂ ਭਗਵਾਨਪੁਰੀਆ ਗੈਂਗ ਵਿੱਚ ਸਰਗਰਮੀ ਨਾਲ ਕੰਮ ਕਰਦੇ ਸਨ। ਉਨ੍ਹਾਂ ਕਿਹਾ ਕਿ ਨਿਖਿਲ ਖ਼ਿਲਾਫ਼ ਨੌਂ ਤੇ ਪਰਸਦੀਪ ਸਿੰਘ ਖ਼ਿਲਾਫ਼ ਸੱਤ ਕੇਸ ਦਰਜ ਹਨ। ਮੁਲਜ਼ਮਾਂ ਨੇ ਵਿਰੋਧੀ ਗਰੋਹ ਦੇ ਮੈਂਬਰਾਂ ਨੂੰ ਖ਼ਤਮ ਕਰਨ ਲਈ ਹਥਿਆਰ ਖ਼ਰੀਦੇ ਸਨ।

## 2022 'ਚ 65960 ਭਾਰਤੀਆਂ ਨੂੰ ਮਿਲੀ ਅਮਰੀਕੀ ਨਾਗਰਿਕਤਾ

**ਵਾਸ਼ਿੰਗਟਨ:** ਸਾਲ 2022 ਵਿਚ ਘੱਟੋ-ਘੱਟ 65,960 ਭਾਰਤੀ ਅਮਰੀਕੀ ਨਾਗਰਿਕ ਬਣ ਗਏ ਅਤੇ ਇਸ ਨਾਲ ਭਾਰਤ ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲੇ ਦੇਸ਼ਾਂ ਦੇ ਲੋਕਾਂ ਦੀ ਗਿਣਤੀ ਦੇ ਮਾਮਲੇ ਵਿਚ ਮੈਕਸੀਕੋ ਤੋਂ ਬਾਅਦ ਦੂਜੇ ਸਥਾਨ ਉਤੇ ਪਹੁੰਚ ਗਿਆ। ਯੂ.ਐੱਸ ਜਨਗਣਨਾ ਬਿਊਰੋ ਦੇ ਅਮਰੀਕਨ ਕਮਿਊਨਿਟੀ ਸਰਵੇਖਣ ਦੇ ਅੰਕੜਿਆਂ ਅਨੁਸਾਰ 2022 ਵਿਚ ਅੰਦਾਜ਼ਨ 4.6 ਕਰੋੜ ਵਿਦੇਸ਼ੀ-ਜਨਮੇ ਲੋਕ ਅਮਰੀਕਾ ਵਿਚ ਰਹਿੰਦੇ ਸਨ, ਜੋ 33.3 ਕਰੋੜ ਦੀ ਕੁੱਲ ਅਮਰੀਕੀ ਆਬਾਦੀ ਦਾ ਲਗਭਗ 14 ਫੀਸਦ ਹੈ। ਮੈਕਸੀਕੋ ਵਿਚ ਪੈਦਾ ਹੋਏ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ,ਜਿਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ ਸੀ। ਇਸ ਤੋਂ ਬਾਅਦ ਭਾਰਤ, ਫਿਲਪੀਨਜ਼, ਕਿਊਬਾ ਅਤੇ ਡੋਮਿਨਿਕਨ ਰੀਪਬਲਿਕ ਦੇ ਲੋਕਾਂ ਨੂੰ ਸਭ ਤੋਂ ਵੱਧ ਅਮਰੀਕੀ ਨਾਗਰਿਕਤਾ ਮਿਲੀ। ਸਾਲ 2022 ਵਿਚ ਮੈਕਸੀਕੋ ਦੇ 128878 ਨਾਗਰਿਕ ਅਮਰੀਕੀ ਨਾਗਰਿਕ ਬਣੇ। ਉਨ੍ਹਾਂ ਤੋਂ ਬਾਅਦ ਭਾਰਤ (65,960), ਫਿਲਪੀਨਜ਼ (53,413), ਕਿਊਬਾ (46,913), ਡੋਮਿਨਿਕਨ ਰੀਪਬਲਿਕ (34,525),



ਵੀਅਤਨਾਮ (33,246) ਅਤੇ ਚੀਨ (27,038) ਨੂੰ ਅਮਰੀਕੀ ਨਾਗਰਿਕਤਾ ਮਿਲੀ। 2023 ਤੱਕ ਵਿਦੇਸ਼ੀ ਮੂਲ ਦੇ ਅਮਰੀਕੀ ਨਾਗਰਿਕਾਂ ਵਿਚ ਭਾਰਤ ਦੇ ਲੋਕਾਂ ਦੀ ਗਿਣਤੀ 2,831,330 ਸੀ, ਜੋ ਮੈਕਸੀਕੋ (10,638,429) ਤੋਂ ਬਾਅਦ ਦੂਜੀ ਸਭ ਤੋਂ ਵੱਡੀ ਗਿਣਤੀ ਹੈ। ਇਸ ਤੋਂ ਬਾਅਦ ਨੰਬਰ ਚੀਨ (2,225,447) ਦਾ ਹੈ।

## ਇਟਲੀ ਵਿਚ ਅੰਮ੍ਰਿਤਧਾਰੀ ਸਿੱਖ ਵਿਰੁੱਧ ਕੇਸ ਦਰਜ ਕਰਨ ਦੀ ਨਿੰਦਾ

**ਅੰਮ੍ਰਿਤਸਰ:** ਇਟਲੀ ਦੇ ਮਿਲਾਨ ਸ਼ਹਿਰ ਵਿਚ ਅੰਮ੍ਰਿਤਧਾਰੀ ਸਿੱਖ ਗੁਰਬਚਨ ਸਿੰਘ ਵਿਰੁੱਧ ਪੁਲਿਸ ਨੇ ਤੇਜ਼ਧਾਰ ਹਥਿਆਰ ਰੱਖਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਇਸ ਘਟਨਾ ਦੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿੰਦਾ ਕੀਤੀ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਐਡਵੋਕੇਟ ਧਾਮੀ ਨੇ ਕਿਹਾ ਕਿ ਕਿਰਪਾਨ ਸਿੱਖਾਂ ਦੇ ਪੰਜ ਕਕਾਰਾਂ ਵਿਚੋਂ ਇਕ ਹੈ। ਅੰਮ੍ਰਿਤਧਾਰੀ ਸਿੱਖ ਦੇ ਸਰੀਰ ਤੋਂ ਕਿਰਪਾਨ ਨੂੰ ਵੱਖ ਕਰਨਾ ਸਿੱਖਾਂ ਦੀ ਧਾਰਮਿਕ ਆਜ਼ਾਦੀ ਦੇ ਵਿਰੁੱਧ ਹੈ।

ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਭਾਰਤ ਦਾ ਸੰਵਿਧਾਨ ਵੀ ਕਿਰਪਾਨ ਪਹਿਨਣ ਦੀ ਆਜ਼ਾਦੀ ਦਿੰਦਾ ਹੈ। ਇਸ ਕਰਕੇ ਇਟਲੀ ਦੀ ਸਰਕਾਰ ਨੂੰ ਵੀ ਸਿੱਖ ਸਰੋਕਾਰਾਂ ਨੂੰ ਸਮਝਦੇ ਹੋਏ ਸਿੱਖਾਂ ਨੂੰ ਆਪਣੇ ਦੇਸ਼ ਵਿਚ ਕਿਰਪਾਨ ਪਹਿਨਣ ਦੀ ਖੁੱਲ੍ਹ ਦੇਣੀ ਚਾਹੀਦੀ ਹੈ। ਉਨ੍ਹਾਂ ਇਟਲੀ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਗੁਰਬਚਨ ਸਿੰਘ ਵਿਰੁੱਧ ਦਰਜ ਕੀਤੇ ਗਏ ਕੇਸ ਦਾ ਡਟ ਕੇ ਵਿਰੋਧ ਕਰਨ ਅਤੇ ਇਸ ਦੀ ਸਮੁੱਚੀ ਜਾਣਕਾਰੀ ਸ਼੍ਰੋਮਣੀ ਕਮੇਟੀ ਕੋਲ ਵੀ ਪੁੱਜਦੀ ਕਰਨ। ਸ਼੍ਰੋਮਣੀ ਕਮੇਟੀ ਇਸ



ਮਾਮਲੇ ਨੂੰ ਰੱਦ ਕਰਵਾਉਣ ਲਈ ਭਾਰਤ ਵਿਚ ਇਟਲੀ ਦੇ ਰਾਜਦੂਤ ਅਤੇ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕਰਨ ਦੇ ਨਾਲ-ਨਾਲ ਸਿੱਖਾਂ ਦੇ ਅਧਿਕਾਰਾਂ ਅਤੇ ਕਿਰਪਾਨ ਦੀ ਮਹੱਤਤਾ ਬਾਰੇ ਜਾਣਕਾਰੀ ਭੇਜੇਗੀ। ਉਨ੍ਹਾਂ ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਨੂੰ ਵੀ ਅਪੀਲ ਕੀਤੀ ਕਿ ਇਟਲੀ ਦੀ ਸਰਕਾਰ ਨਾਲ ਗੱਲਬਾਤ ਕਰਕੇ ਇਸ ਕੇਸ ਨੂੰ ਰੱਦ ਕਰਵਾਉਣ।

ਪੰਜਾਬ ਟਾਈਮਜ਼

ਸ਼ਨਿਚਰਵਾਰ, 27 ਅਪਰੈਲ, 2024

# ਭਾਜਪਾ ਦੀ ਫਿਰਕੂ ਸਿਆਸਤ

ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਮੁੱਖ ਆਗੂ ਹੁਣ ਆਪਣਾ ਅਸਲ ਰੰਗ ਦਿਖਾਉਣ ਲੱਗ ਪਏ ਹਨ। ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਤੋਂ ਬਾਅਦ ਜਿਸ ਤਰ੍ਹਾਂ ਦੀ ਚਰਚਾ ਮੀਡੀਆ ਵਿਚ ਸਾਹਮਣੇ ਆਈ ਹੈ, ਉਸ ਤੋਂ ਸਾਫ ਜ਼ਾਹਿਰ ਹੋ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ ਸਖਤ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਕਰ ਕੇ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਹੋਰ ਸਰਕਰਦਾ ਲੀਡਰਾਂ ਦੇ ਭਾਸ਼ਣਾਂ ਉਤੇ ਫਿਰਕੂ ਰੰਗ ਚੜ੍ਹਨਾ ਸ਼ੁਰੂ ਹੋ ਗਿਆ ਹੈ। ਰਾਜਸਥਾਨ ਵਿਚ ਇਕ ਚੋਣ ਰੈਲੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਪਾਰਟੀ ਦੇ ਚੋਣ ਮਨੋਰਥ ਪੱਤਰ ਦਾ ਹਵਾਲਾ ਦੇ ਕੇ ਦੋਸ਼ ਲਾਇਆ ਕਿ ਇਹ ਪਾਰਟੀ ਲੋਕਾਂ ਦੀ ਮਿਹਨਤ-ਮੁਸ਼ੱਕਤ ਦੀ ਕਮਾਈ ਨੂੰ 'ਜ਼ਿਆਦਾ ਬੱਚੇ ਪੈਦਾ ਕਰਨ ਵਾਲੇ' ਲੋਕਾਂ ਅਤੇ 'ਘੁਸਪੈਠੀਆਂ' ਵਿਚ ਵੰਡ ਦੇਣਾ ਚਾਹੁੰਦੀ ਹੈ। ਮੋਦੀ ਦਾ ਸਾਫ ਇਸ਼ਾਰਾ ਮੁਸਲਮਾਨਾਂ ਵੱਲ ਸੀ। ਇਹੀ ਨਹੀਂ, ਮੋਦੀ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ 2006 ਵਿਚ ਦਿੱਤੇ ਇੱਕ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕਰਦਿਆਂ ਇਹ ਵੀ ਕਿਹਾ ਕਿ ਦੇਸ਼ ਦੇ ਸਾਧਨਾਂ ਉੱਪਰ ਮੁਸਲਮਾਨਾਂ ਦਾ ਪਹਿਲਾ ਹੱਕ ਦੱਸਿਆ ਜਾ ਰਿਹਾ ਹੈ। ਇਨ੍ਹਾਂ ਬਿਆਨਾਂ ਨੂੰ ਨਫ਼ਰਤੀ ਭਾਸ਼ਣ ਕਰਾਰ ਦਿੰਦਿਆਂ ਚੋਣ ਕਮਿਸ਼ਨ ਤੋਂ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਮਾਮਲਿਆਂ ਵਿਚ ਮੋਦੀ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇ। ਕਾਂਗਰਸ ਪਾਰਟੀ ਨੇ ਦੋਸ਼ ਲਾਇਆ ਹੈ ਕਿ ਮੋਦੀ ਦਾ ਬਿਆਨ ਵੰਡ ਪਾਊ ਹੈ ਅਤੇ ਇੱਕ ਖ਼ਾਸ ਧਾਰਮਿਕ ਭਾਈਚਾਰੇ ਖ਼ਿਲਾਫ਼ ਮੰਦਭਾਵਨਾ ਤੋਂ ਪ੍ਰੇਰਿਤ ਹੈ। ਹੁਣ ਦੇਖਣਾ ਇਹ ਹੈ ਕਿ ਇਸ ਮਾਮਲੇ 'ਤੇ ਚੋਣ ਕਮਿਸ਼ਨ ਕੀ ਪੈਂਤੜਾ ਮੱਲਦਾ ਹੈ। ਚੋਣ ਕਮਿਸ਼ਨ ਦਾ ਭਾਰਤੀ ਜਨਤਾ ਪਾਰਟੀ ਵੱਲ ਰਵੱਈਆ ਬੜਾ ਨਰਮ ਅਤੇ ਵਿਰੋਧੀ ਧਿਰ ਖ਼ਿਲਾਫ਼ ਸਖਤ ਰਿਹਾ ਹੈ। 2019 ਵਾਲੀਆਂ ਚੋਣਾਂ ਦੌਰਾਨ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਰਨਾਟਕ ਵਿਚ ਚੋਣ ਰੈਲੀ ਦੌਰਾਨ ਮੋਦੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਸਵਾਲ ਉਠਾਇਆ ਸੀ ਕਿ ਸਾਰੇ ਚੋਰਾਂ ਦੇ ਉਪਨਾਮ ਮੋਦੀ ਹੀ ਕਿਉਂ ਹੁੰਦੇ ਹਨ। ਇਸ 'ਤੇ ਗੁਜਰਾਤ ਵਿਚ ਭਾਰਤੀ ਜਨਤਾ ਪਾਰਟੀ ਦੇ ਇੱਕ ਵਿਧਾਇਕ ਨੇ ਰਾਹੁਲ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕਰ ਦਿੱਤਾ ਸੀ ਜਿਸ ਵਿਚ ਦੋਸ਼ੀ ਪਾਏ ਜਾਣ ਤੋਂ ਤੁਰੰਤ ਬਾਅਦ ਰਾਹੁਲ ਦੀ ਲੋਕ ਸਭਾ ਦੀ ਮੈਂਬਰੀ ਬਰਖ਼ਾਸਤ ਕਰ ਦਿੱਤੀ ਗਈ ਸੀ।

ਜਦੋਂ ਨਰਿੰਦਰ ਮੋਦੀ ਨੇ ਪਾਰਟੀ ਦਾ ਚੋਣ ਮੈਨੀਫੈਸਟੋ ਜਾਰੀ ਕੀਤਾ ਸੀ ਤਾਂ ਇਸ ਨੂੰ 'ਮੋਦੀ ਕੀ ਗਾਰੰਟੀ' ਦਾ ਦਸਤਾਵੇਜ਼ ਆਖਿਆ ਗਿਆ ਸੀ। ਨਾਲ ਹੀ ਕਿਹਾ ਗਿਆ ਸੀ ਕਿ ਇਹ ਮਹਿਜ਼ ਵਾਅਦਿਆਂ ਦਾ ਸੰਗ੍ਰਹਿ ਨਹੀਂ ਸਗੋਂ ਦੇਸ਼ ਦੀਆਂ ਸਮੂਹਿਕ ਖਾਹਿਸ਼ਾਂ ਅਤੇ ਟੀਚਿਆਂ ਦਾ ਵਰਣਨ ਹੈ ਪਰ ਹੁਣ ਮੋਦੀ ਅਤੇ ਉਸ ਦੇ ਸਾਥੀ ਆਗੂ ਇਕਦਮ ਫਿਰਕੂ ਪ੍ਰਚਾਰ 'ਤੇ ਉਤਰ ਆਏ ਹਨ। ਅਸਲ ਵਿਚ ਕੁਝ ਚਿਰ ਪਹਿਲਾਂ ਹੀ ਲੋਕਨੀਤੀ-ਸੀਐੱਸਡੀਐੱਸ ਦੇ ਚੋਣ ਸਰਵੇਖਣ ਵਿਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਸੀ ਕਿ ਵੋਟਰਾਂ ਲਈ ਬੇਰੁਜ਼ਗਾਰੀ ਅਤੇ ਮਹਿੰਗਾਈ ਸਭ ਤੋਂ ਵੱਡੇ ਮੁੱਦੇ ਹਨ। ਹਾਲ ਹੀ ਵਿਚ ਭਾਰਤ ਵਿਚ ਰੁਜ਼ਗਾਰ ਬਾਰੇ ਜਾਰੀ ਰਿਪੋਰਟ ਵਿਚ ਰੁਜ਼ਗਾਰ ਦੀ ਬਹੁਤ ਮਾੜੀ ਹਾਲਤ ਦਰਸਾਈ ਗਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਬੇਰੁਜ਼ਗਾਰੀ ਅਤੇ ਮਹਿੰਗਾਈ ਕਾਰਨ ਭਾਰਤੀ ਜਨਤਾ ਪਾਰਟੀ ਨੂੰ ਤਕੜਾ ਝਟਕਾ ਲੱਗ ਸਕਦਾ ਹੈ। ਇਸ ਘਾਟੇ ਨੂੰ ਪੂਰਨ ਲਈ ਹੀ ਭਾਰਤੀ ਜਨਤਾ ਪਾਰਟੀ ਵੱਲੋਂ ਇਕ ਵਾਰ ਫਿਰ ਧਰੁਵੀਕਰਨ ਦਾ ਸਹਾਰਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਧਰੁਵੀਕਰਨ ਦੀ ਇਸੇ ਨੀਤੀ ਤਹਿਤ ਹੀ ਨਰਿੰਦਰ ਮੋਦੀ ਨੇ ਕਾਂਗਰਸ 'ਤੇ ਇਹ ਦੋਸ਼ ਵੀ ਮੜ੍ਹ ਦਿੱਤਾ ਕਿ ਇਹ ਪਾਰਟੀ ਦਲਿਤਾਂ, ਪੱਛੜੇ ਵਰਗਾਂ ਅਤੇ ਆਦਿਵਾਸੀਆਂ ਦਾ ਰਾਖਵਾਂਕਰਨ ਧਰਮ ਦੇ ਆਧਾਰ 'ਤੇ ਮੁਸਲਮਾਨਾਂ ਨੂੰ ਦੇਣਾ ਚਾਹੁੰਦੀ ਸੀ। ਹੋਰ ਤਾਂ ਹੋਰ, ਮੋਦੀ ਨੇ ਆਪਣੇ ਭਾਸ਼ਣ ਵਿਚ ਇਹ ਵੀ ਕਹਿ ਮਾਰਿਆ ਕਿ ਕਾਂਗਰਸ ਦੇ ਰਾਜ ਵਿਚ ਤਾਂ ਆਪਣੀ ਆਸਥਾ ਦਾ ਪਾਲਣ ਕਰਨਾ ਵੀ ਮੁਸ਼ਕਿਲ ਹੋ ਜਾਂਦਾ ਹੈ, ਇਸ ਦੇ ਰਾਜ ਵਿਚ ਹਨੂੰਮਾਨ ਚਾਲੀਸਾ ਸੁਣਨਾ ਵੀ ਗੁਨਾਹ ਹੋ ਜਾਂਦਾ ਹੈ।

ਦਰਅਸਲ, ਭਾਰਤੀ ਜਨਤਾ ਪਾਰਟੀ ਨੂੰ ਐਤਕੀਂ ਜਿੱਤ ਲਈ ਬਹੁਤ ਮੁਸ਼ੱਕਤ ਅਤੇ ਸਵਾਲਾਂ ਦੇ ਜਵਾਬ ਦੇਣ ਲਈ ਵੀ ਮਿਹਨਤ ਕਰਨੀ ਪੈ ਰਹੀ ਹੈ। ਨਰਿੰਦਰ ਮੋਦੀ ਨੇ ਊਧਮਪੁਰ ਵਿਚ ਜੰਮੂ ਤੇ ਕਸ਼ਮੀਰ ਵਿਚ ਵਿਧਾਨ ਸਭਾ ਚੋਣਾਂ ਅਤੇ ਰਾਜ ਦੇ ਦਰਜੇ ਦੀ ਬਹਾਲੀ ਦਾ ਭਰੋਸਾ ਤਾਂ ਦਿਵਾਇਆ ਪਰ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਜੇ ਜੰਮੂ ਕਸ਼ਮੀਰ ਵਿਚ ਅਮਨ-ਅਮਾਨ ਕਾਇਮ ਹੋ ਗਿਆ ਹੈ, ਜਿਹਾ ਕਿ ਭਾਰਤੀ ਜਨਤਾ ਪਾਰਟੀ ਪਿਛਲੇ ਚਾਰ ਸਾਲ ਤੋਂ ਪ੍ਰਚਾਰ ਕਰ ਰਹੀ ਹੈ, ਤਾਂ ਫਿਰ ਉਥੇ ਵਿਧਾਨ ਸਭਾ ਚੋਣਾਂ ਕਿਉਂ ਨਹੀਂ ਕਰਵਾਈਆਂ ਜਾ ਰਹੀਆਂ? ਇਕ ਪਾਸੇ ਤਾਂ ਮੋਦੀ ਸਰਕਾਰ 'ਇਕ ਦੇਸ਼, ਇਕ ਚੋਣ' ਦੇ ਨਾਅਰੇ ਬੁਲੰਦ ਕਰ ਰਹੀ ਹੈ ਪਰ ਜੰਮੂ ਕਸ਼ਮੀਰ ਨੂੰ ਇਸ ਜਮਹੂਰੀ ਅਮਲ ਤੋਂ ਮਹਿਰੂਮ ਰੱਖਿਆ ਜਾ ਰਿਹਾ ਹੈ। ਮਾਹਿਰਾਂ ਦਾ ਆਖਣਾ ਹੈ ਕਿ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਜੇ ਇਸੇ ਚਾਲ ਨਾਲ ਭਾਰਤੀ ਜਨਤਾ ਪਾਰਟੀ ਨੂੰ ਟੱਕਰਦੀਆਂ ਰਹੀਆਂ ਤਾਂ ਇਸ ਨੂੰ ਖਾਸਾ ਨੁਕਸਾਨ ਝੱਲਣਾ ਪੈ ਸਕਦਾ ਹੈ। ਨੁਕਸਾਨ ਦਾ ਇਹ ਭੈਅ ਹੁਣ ਇਸ ਦੇ ਆਗੂਆਂ ਨੂੰ ਵੀ ਸਤਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਜੇ ਕਾਂਗਰਸ ਸੱਤਾ ਵਿਚ ਆ ਗਈ ਤਾਂ ਮੁਲਕ ਵਿਚ ਦੰਗੇ ਹੋ ਜਾਣਗੇ। ਇਹ ਉਸੇ ਪਾਰਟੀ ਦੇ ਆਗੂ ਦਾ ਬਿਆਨ ਹੈ ਜਿਸ ਦਾ ਦਾਅਵਾ ਸੀ ਕਿ ਭਾਰਤ ਨੂੰ ਕਾਂਗਰਸ ਮੁਕਤ ਕਰਨਾ ਹੈ ਅਤੇ ਭਾਰਤੀ ਜਨਤਾ ਪਾਰਟੀ ਐਤਕੀਂ ਤੀਜੀ ਵਾਰ ਵੀ ਜਿੱਤ ਹਾਸਲ ਕਰ ਕੇ ਕੇਂਦਰ ਵਿਚ ਆਪਣੀ ਸਰਕਾਰ ਬਣਾਏਗੀ। ਜ਼ਾਹਿਰ ਹੈ ਕਿ ਹੁਣ ਹਾਰ ਦਾ ਡਰ ਇਸ ਪਾਰਟੀ ਦਾ ਪਿੱਛਾ ਕਰਨ ਲੱਗਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੰਜਾਬ ਦੇ ਪਿੜ ਵਿੱਚੋਂ !

ਸੱਤਾਧਾਰੀ ਪੰਜਾਬ ਵਿਚ ਹੋਣ ਸਦਕਾ 'ਤੇਰਾਂ-ਜ਼ੀਰੋ' ਕਹਿ ਬਹੁਤ ਫੁੰਕਾਰਦੇ ਨੇ।
ਪੰਜੇ ਵਾ.ਲੇ ਦੁਚਿੱਤੀ ਵਿਚ ਪਏ ਲਗਦੇ ਆਉਂਦਾ ਦਿੱਲੀਉਂ 'ਰਾਹ' ਨਿਹਾਰਦੇ ਨੇ।
ਸੱਜੇ ਖੱਬਿਆਂ ਹਾਥੀ ਵੀ ਨਾ.ਲ ਸਮਝੋ ਲੱਗਜੇ ਹਾਜ਼ਰੀ ਤਾਂਹੀਉਂ ਤਕਰਾਰਦੇ ਨੇ।
ਬੰਦੇ ਕਮਲ ਦੀ ਬੁੱਕ.ਲ ਵਿਚ ਜਾ ਵੜੇ ਜੋ ਸਿਰ 'ਤੇ ਕੇਂਦਰ ਦੇ ਕਾਰਨ ਹੰਕਾਰਦੇ ਨੇ।
ਬਾਦਲ ਦਲੀਏ ਵੀ ਏਦਾਂ ਹੀ ਜਾਪਦੇ ਐ ਗ.ਲ ਪਏ ਢੋਲ 'ਤੇ ਡਗੇ ਹੀ ਮਾਰਦੇ ਨੇ।
ਰੱਖਣ ਆਸ ਕੀ 'ਥਾ.ਲੀ ਦੇ ਬੈਂਗਣਾ' ਤੋਂ ਦੇਖਿਉ ਕਿਵੇਂ 'ਪੰਜਾਬੀ' ਦੁਰਕਾਰਦੇ ਨੇ!

### ਲੋਕ ਸਭਾ ਚੋਣਾਂ ਦਾ ਪਹਿਲਾ ਗੇੜ

# ਮੁੱਦਿਆਂ ਦੀ ਥਾਂ ਧਰੁਵੀਕਰਨ ਦੀ ਸਿਆਸਤ ਭਾਰੂ

**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਭਾਸ਼ਣ ਦਰਸਾਉਂਦੇ ਹਨ ਕਿ ਭਾਰਤੀ ਜਨਤਾ ਪਾਰਟੀ ਨੇ ਆਪਣਾ ਫਿਰਕੂ ਪੱਤਾ ਹੁਣ ਖੁੱਲ੍ਹ ਕੇ ਖੇਡਣਾ ਸ਼ੁਰੂ ਕਰ ਦਿੱਤਾ ਹੈ। ਉਂਝ, ਇਸ ਵਾਰ ਭਾਰਤੀ ਜਨਤਾ ਪਾਰਟੀ ਦਾ ਪੁਰਾਣਾ ਦਾਅ ਇਹਨਾਂ ਦੇ ਸਭ ਤੋਂ ਵੱਧ ਆਧਾਰ ਵਾਲੇ ਮੰਨੇ ਜਾਂਦੇ ਸੂਬਿਆਂ ਵਿਚ ਵੀ ਪੁੱਠਾ ਪੈਂਦਾ ਨਜ਼ਰ ਆ ਰਿਹਾ ਹੈ।**



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਤਹਿਤ 21 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 102 ਸੀਟਾਂ ਲਈ ਵੋਟਾਂ ਪੈ ਚੁੱਕੀਆਂ ਹਨ। ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ ਦੀਆਂ ਵਿਧਾਨ ਸਭਾਵਾਂ ਲਈ ਵੀ ਵੋਟਾਂ ਇਸੇ ਦਿਨ ਪਈਆਂ ਹਨ। ਇਹਨਾਂ ਚੋਣਾਂ ਵਿਚ ਕਿਤੇ ਵੀ ਲੋਕਾਂ ਦੇ ਮੁੱਦਿਆਂ ਦੀ ਚਰਚਾ ਨਜ਼ਰ ਨਹੀਂ ਆ ਰਹੀ ਹੈ। ਮੁੱਖ ਧਾਰਾ ਦੀਆਂ ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਧਰਮ, ਜਾਤ ਦਾ ਪੱਤਾ ਖੇਡ ਕੇ ਵੋਟਰਾਂ ਨੂੰ ਆਪਣੇ ਪੱਖ ਵਿਚ ਲੁਭਾਉਣ ਲੱਗੀਆਂ ਹੋਈਆਂ ਹਨ। ਬੇਰੁਜ਼ਗਾਰੀ, ਗਰੀਬੀ, ਨਸ਼ੇ, ਮਿਆਰੀ ਸਿਹਤ ਸਹੂਲਤਾਂ ਕਿਸੇ ਧਿਰ ਦੇ ਚੋਣ ਏਜੰਡੇ ਉੱਪਰ ਨਹੀਂ ਹੈ। ਆਮ ਕਰ ਕੇ ਸੱਤਾਧਾਰੀ ਧਿਰ ਆਪਣੇ ਬੀਤੇ ਦੇ ਕੰਮਾਂ ਦੇ ਅਧਾਰ 'ਤੇ ਲੋਕਾਂ ਵਿਚ ਜਾਂਦੀ ਹੈ ਪਰ ਭਾਜਪਾ ਵੱਲੋਂ ਅਜਿਹਾ ਕੁਝ ਕਰਨ ਦੀ ਬਜਾਇ ਧਾਰਮਿਕ ਧਰੁਵੀਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹੋ ਕਾਰਨ ਹੈ ਕਿ ਪਹਿਲੇ ਗੇੜ ਦੀਆਂ ਚੋਣਾਂ ਵਿਚ ਲੋਕਾਂ ਨੇ ਕੋਈ ਖਾਸ ਦਿਲਚਸਪੀ ਨਹੀਂ ਦਿਖਾਈ ਹੈ। ਬਿਹਾਰ ਦੇ ਕਈ ਜ਼ਿਲ੍ਹਿਆਂ ਵਿਚ ਤਾਂ ਅੱਧੇ ਵੋਟਰ ਵੋਟ ਪਾਉਣ ਲਈ ਹੀ ਨਹੀਂ ਪਹੁੰਚੇ; ਭਾਵ, ਵੋਟ ਫੀਸਦ 50 ਪ੍ਰਤੀਸ਼ਤ ਤੋਂ ਵੀ ਘੱਟ ਰਹੀ ਹੈ। ਸਭ ਤੋਂ ਹੈਰਾਨੀਜਨਕ ਸਥਿਤੀ ਪੂਰਬੀ ਨਾਗਾਲੈਂਡ ਦੇ ਛੇ ਜ਼ਿਲ੍ਹਿਆਂ ਵਿਚ ਦੇਖਣ ਨੂੰ ਮਿਲੀ ਜਿੱਥੇ ਚੋਣਾਂ ਵਾਲੇ ਦਿਨ ਪੂਰੀ ਤਰ੍ਹਾਂ ਸ਼ਾਂਤੀ ਪਸਰੀ ਰਹੀ।

ਦਰਅਸਲ, ਕਬਾਇਲੀ ਜਥੇਬੰਦੀਆਂ ਦੀ ਸਾਂਝੀ ਸੰਸਥਾ ਵੱਲੋਂ ਵੱਖਰੇ ਰਾਜ ਦੀ ਮੰਗ ਲਈ ਅਣਮਿੱਥੇ ਸਮੇਂ ਦੇ ਬੰਦ ਅਤੇ ਚੋਣ ਬਾਈਕਾਟ ਦਾ ਸੱਦਾ ਦਿੱਤਾ ਸੀ ਜਿਸ ਕਾਰਨ ਇਹਨਾਂ ਜ਼ਿਲ੍ਹਿਆਂ ਵਿਚ ਕੋਈ ਵੀ ਵਿਅਕਤੀ ਪੋਲਿੰਗ ਬੂਥ 'ਤੇ ਵੋਟ ਪਾਉਣ ਲਈ ਨਹੀਂ ਆਇਆ ਹੈ। ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਲੋਕਾਂ ਨੇ ਵੋਟ ਪਾਉਣ ਆਉਣ ਦੀ ਥਾਂ ਘਰਾਂ ਵਿਚ ਹੀ ਰਹਿਣ ਨੂੰ ਤਰਜੀਹ ਦਿੱਤੀ। ਪਿਛਲੇ ਡੇਢ ਦਹਾਕੇ ਤੋਂ ਵੱਖਰੇ ਰਾਜ ਦੀ ਮੰਗ ਲਈ ਸੰਘਰਸ਼ ਕਰ ਰਹੇ ਨਾਗਾਲੈਂਡ ਦੇ ਇਨ੍ਹਾਂ 6 ਜ਼ਿਲ੍ਹਿਆਂ ਵਿਚ 4 ਲੱਖ ਦੇ ਕਰੀਬ ਵੋਟਰ ਆਉਂਦੇ ਹਨ। ਚੋਣ ਕਮਿਸ਼ਨ ਵੱਲੋਂ ਇਸ ਖੇਤਰ ਵਿਚ 638 ਪੋਲਿੰਗ ਸਟੇਸ਼ਨਾਂ 'ਤੇ ਚੋਣ ਅਧਿਕਾਰੀ ਤਾਇਨਾਤ ਕੀਤੇ ਗਏ ਸਨ ਪਰ ਉਹ ਪੂਰਾ ਦਿਨ ਉਡੀਕਦੇ ਰਹੇ ਲੇਕਿਨ ਇਕ ਵੀ ਵੋਟਰ ਵੋਟ ਪਾਉਣ ਨਹੀਂ ਆਇਆ। ਇਨ੍ਹਾਂ 6 ਜ਼ਿਲ੍ਹਿਆਂ ਵਿਚੋਂ ਨਾਗਾਲੈਂਡ ਵਿਧਾਨ ਸਭਾ ਦੀਆਂ 20 ਸੀਟਾਂ ਆਉਂਦੀਆਂ ਹਨ। ਸਥਿਤੀ ਇਹ ਬਣੀ ਕਿ ਸਰਕਾਰ ਵੱਲੋਂ ਜ਼ੋਰ ਪਾਉਣ ਦੇ ਬਾਵਜੂਦ 20 ਵਿਧਾਇਕਾਂ ਵਿਚੋਂ ਵੀ ਕੋਈ ਵੋਟ ਪਾਉਣ ਨਹੀਂ ਆਇਆ।

ਮਨੀਪੁਰ ਵਿਚ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀ ਭਾਈਚਾਰਕ ਜੰਗ ਦਾ ਅਸਰ ਪਹਿਲੇ ਗੇੜ ਦੀਆਂ ਚੋਣਾਂ ਵਿਚ ਸਾਫ ਦੇਖਣ ਨੂੰ ਮਿਲਿਆ ਹੈ। ਇਸੇ ਕਰਕੇ ਮਨੀਪੁਰ ਦੇ 11 ਪੋਲਿੰਗ ਕੇਂਦਰਾਂ 'ਤੇ 22 ਅਪਰੈਲ ਨੂੰ ਦੁਬਾਰਾ ਪੋਲਿੰਗ ਕਰਵਾਈ ਗਈ ਹੈ। ਇਨ੍ਹਾਂ ਚੋਣਾਂ ਦੌਰਾਨ ਹਾਕਮ ਜਮਾਤ ਪਾਰਟੀਆਂ ਦੀਆਂ ਆਪਸੀ ਝੜਪਾਂ ਵੀ ਕਈ ਥਾਈਂ ਨਜ਼ਰ ਆਈਆਂ ਜਿਵੇਂ ਕਿ ਪੱਛਮੀ ਬੰਗਾਲ ਦੀ ਕੂਚ ਬਿਹਾਰ ਸੀਟ ਲਈ ਹੋਈ ਚੋਣ ਦੌਰਾਨ ਟੀ.ਐੱਮ.ਸੀ. ਅਤੇ ਭਾਜਪਾ ਵਰਕਰ ਇਕ ਦੂਜੇ ਨਾਲ ਭਿੜ ਗਏ।

ਵੈਸੇ ਚੋਣ ਕਮਿਸ਼ਨ ਵੱਲੋਂ ਉਲੀਕੀ ਸੱਤ ਪੜਾਵਾਂ ਦੀ ਚੋਣ ਪ੍ਰਕਿਰਿਆ ਵੀ ਸਵਾਲ ਖੜ੍ਹੇ ਕਰਨ ਵਾਲੀ ਹੈ। ਮਮਤਾ ਬੈਨਰਜੀ ਦੀ ਇਸ ਦਲੀਲ ਵਿਚ ਦਮ ਲੱਗਦਾ ਹੈ ਜਿਸ ਵਿਚ ਉਸ ਨੇ ਕਿਹਾ ਹੈ ਕਿ ਇਹ ਲੰਮੀ ਚੋਣ ਪ੍ਰਕਿਰਿਆ ਪ੍ਰਧਾਨ ਮੰਤਰੀ ਦੀ ਸਹੂਲਤ ਦੇ ਹਿਸਾਬ ਨਾਲ ਬਣਾਈ ਗਈ ਹੈ ਤਾਂ ਕਿ ਮੋਦੀ ਜੀ ਚੋਣ ਪ੍ਰਚਾਰ ਲਈ ਹਰ ਖੇਤਰ ਵਿਚ ਜਾ ਸਕਣ। ਵੈਸੇ ਲੰਮੀ ਚੋਣ ਪ੍ਰਕਿਰਿਆ ਕਾਰਨ ਦੇਸ਼ ਦੇ ਬਾਕੀ ਸਾਰੇ ਕੰਮ-ਕਾਰ ਰੁਕ ਜਾਂਦੇ ਹਨ। ਦੇਸ਼ ਦੀ ਸਾਰੀ ਅਫਸਰਸ਼ਾਹੀ ਰੋਜ਼ਾਨਾ ਦੇ ਜ਼ਰੂਰੀ ਕੰਮ ਛੱਡ ਕੇ ਵੋਟਾਂ ਦੇ ਕੰਮ ਨੂੰ ਪ੍ਰਮੁੱਖਤਾ ਦੇਣ ਲੱਗ ਜਾਂਦੀ ਹੈ ਜਿਸ ਕਾਰਨ ਜਿਨ੍ਹਾਂ ਚਿਰ ਚੋਣਾਂ ਨੇਪਰੇ ਨਹੀਂ ਚੜ੍ਹਦੀਆਂ, ਓਨਾ ਚਿਰ ਆਮ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਬਾਕੀ ਕੰਮ ਦਫਤਰਾਂ ਵਿਚ ਲਟਕਾ ਦਿੱਤੇ ਜਾਂਦੇ ਹਨ।



21 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਜਿਨ੍ਹਾਂ ਸੀਟਾਂ ਲਈ ਪਹਿਲੇ ਗੇੜ ਵਿਚ ਵੋਟਿੰਗ ਹੋਈ ਹੈ, ਉਨ੍ਹਾਂ ਵਿਚੋਂ ਕੁਝ ਸੀਟਾਂ ਨਾਲ ਸਬੰਧਿਤ ਖੇਤਰ ਕਿਸੇ ਨਾ ਕਿਸੇ ਕਾਰਨ ਚਰਚਾ ਵਿਚ ਹਨ। ਇਹੀ ਕਾਰਨ ਹੈ ਕਿ ਇੱਕ-ਇੱਕ ਸੀਟ 'ਤੇ 'ਸ਼ਾਂਤਮਈ' ਵੋਟਾਂ ਪਵਾਉਣ ਖਾਤਰ ਪੂਰੇ ਸੂਬੇ ਦੀ ਸਾਰੀ ਸਟੇਟ ਮਸ਼ੀਨਰੀ ਝੋਕ ਦਿੱਤੀ ਗਈ ਹੈ। ਜਿਵੇਂ ਪਹਿਲੇ ਗੇੜ ਵਿਚ ਛੱਤੀਸਗੜ੍ਹ ਦੀ ਸਿਰਫ ਇੱਕ ਸੀਟ ਬਸਤਰ ਲਈ ਵੋਟਾਂ ਪਈਆਂ; ਇਸ ਤੋਂ ਇਲਾਵਾ ਮਨੀਪੁਰ, ਨਾਗਾਲੈਂਡ, ਮਿਜ਼ੋਰਮ, ਪੁਡੂਚੇਰੀ, ਅੰਡੇਮਾਨ ਨਿਕੋਬਾਰ, ਲਕਸ਼ਦੀਪ ਸਮੇਤ ਜੰਮੂ ਕਸ਼ਮੀਰ, ਤ੍ਰਿਪੁਰਾ ਅਤੇ ਸਿੱਕਮ ਦੀ ਇੱਕ-ਇੱਕ ਸੀਟ ਲਈ ਪੋਲਿੰਗ ਹੋਈ ਹੈ। ਪਹਿਲੇ ਗੇੜ ਵਿਚ ਅਸਾਮ ਦੀਆਂ ਪੰਜ ਸੀਟਾਂ, ਬਿਹਾਰ ਦੀਆਂ ਚਾਰ ਸੀਟਾਂ, ਪੱਛਮੀ ਬੰਗਾਲ ਦੀਆਂ ਤਿੰਨ ਸੀਟਾਂ, ਅਰੁਣਾਚਲ ਪ੍ਰਦੇਸ਼ ਅਤੇ ਮੇਘਾਲਿਆ ਦੀਆਂ ਦੋ-ਦੋ ਸੀਟਾਂ, ਤਾਮਿਲਨਾਡੂ 39 ਸੀਟਾਂ, ਰਾਜਸਥਾਨ ਦੀਆਂ 12 ਸੀਟਾਂ, ਉੱਤਰ ਪ੍ਰਦੇਸ਼ ਦੀਆਂ 8 ਸੀਟਾਂ, ਮੱਧ ਪ੍ਰਦੇਸ਼ 6 ਸੀਟਾਂ, ਮਹਾਰਾਸ਼ਟਰ 5 ਸੀਟਾਂ ਲਈ ਵੋਟਾਂ ਪਈਆਂ ਹਨ।

ਪਹਿਲੇ ਗੇੜ ਵਿਚ ਜਿਨ੍ਹਾਂ 102 ਸੀਟਾਂ 'ਤੇ ਵੋਟਾਂ ਪਈਆਂ ਹਨ, ਇਨ੍ਹਾਂ ਸੀਟਾਂ ਉੱਪਰ ਭਾਵੇਂ ਪਿਛਲੀਆਂ ਚੋਣਾਂ ਵਿਚ ਵੀ ਭਾਜਪਾ ਨੂੰ ਕੋਈ ਬਹੁਤ ਵੱਡੀ ਲੀਡ ਨਹੀਂ ਮਿਲੀ ਸੀ ਪਰ ਇਸ ਵਾਰ ਚੋਣਾਂ ਦੇ ਪਹਿਲੇ ਗੇੜ ਤੋਂ ਬਾਅਦ ਭਾਜਪਾ ਦੇ ਦੋਵਾਂ ਹੀ ਚੋਟੀ ਦੇ ਲੀਡਰਾਂ ਮੋਦੀ ਅਤੇ ਅਮਿਤ ਸ਼ਾਹ ਵੱਲੋਂ ਕੀਤੀ ਬਿਆਨਬਾਜ਼ੀ ਦਰਸਾਉਂਦੀ ਹੈ ਕਿ ਭਾਜਪਾ ਪਹਿਲੇ ਗੇੜ ਬਾਅਦ ਹੀ ਬੁਖਲਾਹਟ ਵਿਚ ਆ ਚੁੱਕੀ ਹੈ। 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਇਨ੍ਹਾਂ 102 ਸੀਟਾਂ ਵਿਚੋਂ ਭਾਜਪਾ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਨੇ 39 ਸੀਟਾਂ ਜਿੱਤੀਆਂ ਸਨ।

ਪਹਿਲੇ ਗੇੜ ਦੀਆਂ ਚੋਣਾਂ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਪਾਰਟੀ ਕਾਂਗਰਸ ਦੇ ਚੋਣ ਮੈਨੀਫੈਸਟੋ ਦਾ ਜ਼ਿਕਰ ਕਰਦਿਆਂ ਜਿਸ ਤਰ੍ਹਾਂ ਕਿਹਾ ਕਿ "ਉਹ ਮਾਵਾਂ ਭੈਣਾਂ ਦੇ ਸੋਨੇ ਦਾ ਹਿਸਾਬ ਕਰਨਗੇ, ਉਸ ਦੀ ਜਾਣਕਾਰੀ ਲੈਣਗੇ ਅਤੇ ਫਿਰ ਵੰਡ ਦੇਣਗੇ ਅਤੇ ਉਨ੍ਹਾਂ ਨੂੰ ਵੰਡਣਗੇ ਜਿਨ੍ਹਾਂ ਨੂੰ ਮਨਮੋਹਨ ਸਿੰਘ ਦੀ ਸਰਕਾਰ ਨੇ ਕਿਹਾ ਸੀ ਕਿ ਜਾਇਦਾਦ ਉੱਤੇ ਪਹਿਲਾ ਹੱਕ ਮੁਸਲਮਾਨਾਂ ਦਾ ਹੈ, ਭਰਾਓ ਅਤੇ ਭੈਣੋ, ਇਹ ਅਰਬਨ ਨਕਸਲ ਦੀ ਸੋਚ, ਮੇਰੀ ਮਾਂ-ਭੈਣੋ, ਇਹ ਤੁਹਾਡਾ ਮੰਗਲਸੂਤਰ ਵੀ ਬਚਣ ਨਹੀਂ ਦੇਣਗੇ, ਇਹ ਇੱਥੇ ਤੱਕ ਜਾਣਗੇ।" ਪ੍ਰਧਾਨ ਮੰਤਰੀ ਦੀ ਉਕਤ ਸ਼ਬਦਾਬਲੀ ਸਵਾਲ ਖੜ੍ਹੇ ਕਰਨ ਵਾਲੀ ਹੈ। ਸਭ ਨੂੰ ਭਲੀਭਾਂਤ ਪਤਾ ਹੈ ਕਿ ਕਾਂਗਰਸ ਦੀਆਂ ਸਰਕਾਰਾਂ ਵੀ ਕੋਈ ਲੋਕ ਪੱਖੀ ਨਹੀਂ ਰਹੀਆਂ ਹਨ ਤੇ ਆਉਣ ਵਾਲੇ ਸਮੇਂ ਵਿਚ ਵੀ ਜੇਕਰ ਕਾਂਗਰਸ ਦੀ ਸਰਕਾਰ ਬਣਦੀ ਹੈ ਤਾਂ ਉਹ ਕੁੱਝ ਵੀ ਵੰਡਣ ਨਹੀਂ ਲੱਗੇ ਪਰ ਇਸ ਤਰ੍ਹਾਂ ਦੀ ਬਿਆਨਬਾਜ਼ੀ ਕਰ ਕੇ ਪ੍ਰਧਾਨ ਮੰਤਰੀ ਨੇ ਵੋਟਰਾਂ ਨੂੰ ਜ਼ਰੂਰ ਬਹੁ-ਗਿਣਤੀ ਬਨਾਮ ਘੱਟ-ਗਿਣਤੀ ਵਿਚ ਵੰਡਣ ਦੀ ਕੋਸ਼ਿਸ਼ ਕੀਤੀ ਹੈ।

ਭਾਜਪਾ ਦੇ ਲੀਡਰ ਹੁਣ ਤੱਕ ਇਹੋ ਕਹਿੰਦੇ ਸੁਣੇ ਜਾਂਦੇ ਸਨ ਕਿ ਉਹ ਹੀ ਅਗਲੀ ਵਾਰ ਸੱਤਾ ਵਿਚ ਆਉਣਗੇ ਪਰ ਹੁਣ ਪਹਿਲੇ ਗੇੜ ਦੀਆਂ ਚੋਣਾਂ ਤੋਂ ਬਾਅਦ ਬਿਹਾਰ ਦੇ ਕਟਿਹਾਰ ਲੋਕ ਸਭਾ ਹਲਕੇ 'ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਸੱਤਾ ਵਿਚ ਵਿਰੋਧੀ ਧਿਰ ਦੀ ਵਾਪਸੀ ਹੁੰਦੀ ਹੈ ਤਾਂ ਦੰਗੇ, ਜ਼ੁਲਮ ਅਤੇ ਗਰੀਬੀ ਹੋ ਸਕਦੇ ਹਨ। ਉਨ੍ਹਾਂ ਜਾਤੀ ਪੱਤਾ ਵੀ ਖੇਡਿਆ ਕਿ ਭਾਜਪਾ ਨੇ ਨਰਿੰਦਰ ਮੋਦੀ ਦੇ ਰੂਪ 'ਚ ਦੇਸ਼ ਨੂੰ ਪਹਿਲਾ ਓ.ਬੀ.ਸੀ. ਪ੍ਰਧਾਨ ਮੰਤਰੀ ਦਿੱਤਾ ਹੈ।

ਮੋਦੀ ਅਤੇ ਸ਼ਾਹ ਦੇ ਭਾਸ਼ਣ ਦਰਸਾਉਂਦੇ ਹਨ ਕਿ ਭਾਜਪਾ ਨੇ ਆਪਣਾ ਫਿਰਕੂ ਪੱਤਾ ਖੁੱਲ੍ਹ ਕੇ ਖੇਡਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਹਿੰਦੀ ਭਾਸ਼ਾਈ ਰਾਜਾਂ 'ਤੇ ਕੇਂਦਰਿਤ ਕਰ ਕੇ ਲੋਕਾਂ ਵਿਚ ਧਾਰਮਿਕ ਵੰਡੀਆਂ ਪਾਉਣ ਦਾ ਕੰਮ ਚਲਾ ਦਿੱਤਾ ਹੈ। ਭਾਜਪਾ ਨੂੰ ਪਤਾ ਹੈ ਕਿ ਦੱਖਣੀ ਭਾਰਤ ਦੇ ਜ਼ਿਆਦਾਤਰ ਸੂਬਿਆਂ ਤੇ ਧਾਰਮਿਕ ਘੱਟਗਿਣਤੀਆਂ ਨਾਲ ਸਬੰਧਤ ਖੇਤਰਾਂ ਵਿਚ ਉਹਨਾਂ ਦਾ ਪੱਤਾ ਨਹੀਂ ਚੱਲੇਗਾ, ਇਸ ਕਰ ਕੇ ਉਹ ਵੋਟਾਂ ਦਾ ਧਰੁਵੀਕਰਨ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ। ਇਸੇ ਨੀਤੀ ਤਹਿਤ ਭਾਜਪਾ ਨੇ ਦੱਖਣੀ ਕਸ਼ਮੀਰ ਵਿਚਲੀ ਅਨੰਤਨਾਗ-ਰਾਜੌਰੀ ਸੀਟ ਤੋਂ ਸਿੱਧੇ ਰੂਪ ਵਿਚ ਚੋਣ ਲੜਨ ਤੋਂ ਟਾਲਾ ਵੱਟ ਕੇ ਉਸ ਸੀਟ 'ਤੇ ਆਪਣੀ ਸਹਿਯੋਗੀ ਪਾਰਟੀ ਦੀ ਹਮਾਇਤ ਕਰਨ ਦਾ ਤੈਅ ਕਰ ਲਿਆ ਹੈ।

ਇਸ ਵਾਰ ਭਾਜਪਾ ਦਾ ਪੁਰਾਣਾ ਦਾਅ ਇਹਨਾਂ ਦੇ ਸਭ ਤੋਂ ਵੱਧ ਆਧਾਰ ਵਾਲੇ ਮੰਨੇ ਜਾਂਦੇ ਸੂਬਿਆਂ ਵਿਚ ਵੀ ਪੁੱਠਾ ਪੈਂਦਾ ਨਜ਼ਰ ਆ ਰਿਹਾ ਹੈ। ਇਸ ਸਮੇਂ ਦੇਸ਼ ਭਰ ਦਾ ਰਾਜਪੂਤ ਭਾਈਚਾਰਾ ਭਾਜਪਾ ਵਿਰੁੱਧ ਖੜ੍ਹਾ ਦਿਖਾਈ ਦੇ ਰਿਹਾ ਹੈ। ਭਾਵੇਂ ਰਾਜਪੂਤ ਭਾਈਚਾਰੇ ਦੇ ਗੁੱਸੇ ਦਾ ਵਕਤੀ ਕਾਰਨ ਭਾਜਪਾ ਦੇ ਗੁਜਰਾਤ ਤੋਂ ਰਾਜ ਸਭਾ ਮੈਂਬਰ ਪ੍ਰਸ਼ੋਤਮ ਰੁਪਾਲਾ ਵੱਲੋਂ ਰਾਜਪੂਤ ਰਾਜਿਆਂ ਬਾਰੇ ਕੀਤੀ ਵਿਵਾਦਤ ਟਿੱਪਣੀ ਬਣੀ ਹੈ ਪਰ ਭਾਜਪਾ ਦੀ ਚੋਟੀ ਦੀ ਲੀਡਰਸ਼ਿਪ ਪ੍ਰਤੀ ਰਾਜਪੂਤਾਂ ਦਾ ਇਹ ਗੁੱਸਾ ਪਿਛਲੇ ਸਮੇਂ ਤੋਂ ਕਈ ਕਾਰਨਾਂ ਕਰ ਕੇ ਭਖਦਾ ਆ ਰਿਹਾ ਸੀ। ਰਾਜਪੂਤ ਭਾਈਚਾਰੇ ਵੱਲੋਂ ਭਾਜਪਾ ਪ੍ਰਤੀ ਅਪਣਾਏ ਰੁੱਖ ਵਿਚ ਭਾਜਪਾ ਦੀ ਅੰਦਰੂਨੀ ਗੁੱਟਬੰਦੀ ਦੀ ਵੀ ਮਹੱਤਵਪੂਰਨ ਭੂਮਿਕਾ ਹੈ। ਇਸ ਸਾਰੇ ਮਾਮਲੇ 'ਤੇ ਯੋਗੀ ਅਦਿੱਤਿਆਨਾਥ, ਵਸੁੰਧਰਾ ਰਾਜੇ, ਰਮਨ ਸਿੰਘ, ਰਾਜਨਾਥ ਸਿੰਘ ਵਰਗੇ ਆਗੂਆਂ ਦੀ ਚੁੱਪ ਕਈ ਸੰਕੇਤ ਖੜ੍ਹੇ ਕਰ ਰਹੀ ਹੈ।

ਪੱਛਮੀ ਉੱਤਰ ਪ੍ਰਦੇਸ਼ ਦੀਆਂ 8 ਸੀਟਾਂ ਲਈ ਪਹਿਲੇ ਗੇੜ ਵਿਚ ਵੋਟਾਂ ਪੈ ਚੁੱਕੀਆਂ ਹਨ ਤੇ 8 ਸੀਟਾਂ ਲਈ ਵੋਟਾਂ 26 ਅਪਰੈਲ ਨੂੰ ਪੈਣਗੀਆਂ ਪਰ ਇਸ ਖੇਤਰ ਵਿਚ ਭਾਜਪਾ ਦੇ ਪੈਰ ਨਹੀਂ ਲੱਗ ਰਹੇ ਹਨ। ਕਾਂਗਰਸ ਸਮੇਤ 'ਇੰਡੀਆ' ਗੱਠਜੋੜ ਵਿਚ ਸ਼ਾਮਲ ਜ਼ਿਆਦਾਤਰ ਪਾਰਟੀਆਂ ਵੀ ਲੋਕ ਮੁੱਦਿਆਂ ਨੂੰ ਉਭਾਰ ਕੇ ਵਿਚਾਰਧਾਰਕ ਰੂਪ ਵਿਚ ਭਾਜਪਾ ਦਾ ਬਦਲ ਦੇਣ ਦੀ ਥਾਂ ਭਾਜਪਾ ਵਾਂਗ ਹੀ ਕਿਸੇ ਨਾ ਕਿਸੇ ਰੂਪ ਵਿਚ 'ਸੱਤਾ' ਵਿਚ ਬਣੇ ਰਹਿਣ ਲਈ ਹੀ ਸਰਗਰਮ ਹਨ।

# ਭਗਵਾ ਹਕੂਮਤ ਦੀ ਨਕਸਲੀ ਸਫਾਏ ਦੀ ਨੀਤੀ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

17 ਅਪਰੈਲ ਨੂੰ ਬੀ.ਐੱਸ.ਐੱਫ. ਅਤੇ ਡੀ.ਆਰ.ਜੀ. ਵੱਲੋਂ ਸਾਂਝੀ ਕਾਰਵਾਈ ਕਰਦਿਆਂ ਬਸਤਰ ਦੇ ਕਾਂਕੇਰ ਜ਼ਿਲ੍ਹੇ ਦੇ ਛੋਟੇਬੇਠੀਆ ਇਲਾਕੇ 'ਚ ਕਥਿਤ ਮੁਕਾਬਲੇ 'ਚ 15 ਔਰਤਾਂ ਸਮੇਤ 29 ਮਾਓਵਾਦੀ ਮਾਰ ਦਿੱਤੇ ਗਏ। ਇਨ੍ਹਾਂ ਵਿਚ ਸੀਨੀਅਰ ਆਗੂ ਸ਼ੰਕਰ ਰਾਓ, ਲਲਿਤਾ ਅਤੇ ਰਾਜੂ ਵੀ ਸਨ ਜਿਨ੍ਹਾਂ ਦੇ ਸਿਰਾਂ ਦੇ ਹਕੂਮਤ ਨੇ ਵੱਡੇ ਮੁੱਲ ਰੱਖੇ ਹੋਏ ਸਨ। ਮੁਕਾਬਲੇ ਵਿਚ ਸੁਰੱਖਿਆ ਦਸਤਿਆਂ ਦਾ ਬਿਲਕੁਲ ਜਾਨੀ ਨੁਕਸਾਨ ਨਾ ਹੋਣ ਅਤੇ ਇਸ ਘਟਨਾ ਤੋਂ ਤੁਰੰਤ ਬਾਅਦ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਛੱਤੀਸਗੜ੍ਹ ਦੇ ਗ੍ਰਹਿ ਮੰਤਰੀ ਨੂੰ ਫੋਨ ਤੋਂ ਸਪਸ਼ਟ ਹੈ ਕਿ ਇਸ ਕਾਰਵਾਈ ਨੂੰ ਅੰਜਾਮ ਹਕੂਮਤ ਦੇ ਸਿਖ਼ਰਲੇ ਪੱਧਰ ਦੀ ਮਨਜ਼ੂਰੀ ਨਾਲ ਦਿੱਤਾ ਗਿਆ ਸੀ। ਕੇਂਦਰੀ ਗ੍ਰਹਿ ਮੰਤਰੀ ਨੇ ਇਸ ਕਾਮਯਾਬੀ ਦੀ ਤਾਰੀਫ਼ ਕਰਦਿਆਂ ਕਿਹਾ ਕਿ 'ਮੋਦੀ ਸਰਕਾਰ ਦੇਸ਼ ਨੂੰ ਨਕਸਲਵਾਦ ਤੋਂ ਮੁਕਤ ਕਰਨ ਦੇ ਆਪਣੇ ਨਿਸ਼ਾਨੇ ਪ੍ਰਤੀ ਦ੍ਰਿੜ ਸੰਕਲਪ ਹੈ। ਛੱਤੀਸਗੜ੍ਹ ਦੇ ਕਾਂਕੇਰ ਵਿਚ ਸੁਰੱਖਿਆ ਦਸਤਿਆਂ ਨੂੰ ਮਿਲੀ ਇਹ ਵੱਡੀ ਕਾਮਯਾਬੀ ਨਕਸਲਵਾਦ ਦੇ ਮੁਕੰਮਲ ਸਫ਼ਾਏ ਦੀ ਦਿਸ਼ਾ 'ਚ ਅਹਿਮ ਕਦਮ ਹੈ।' ਇਸ ਤੋਂ ਪਹਿਲਾਂ ਚੋਣ ਰੈਲੀਆਂ 'ਚ ਆਪਣੇ ਭਾਸ਼ਣਾਂ 'ਚ ਵੀ ਅਮਿਤ ਸ਼ਾਹ ਨੇ ਪੁਲਿਸ ਤੇ ਸੁਰੱਖਿਆ ਦਸਤਿਆਂ ਨੂੰ ਨਕਸਲੀਆਂ ਦਾ ਸਫ਼ਾਇਆ ਕਰਨ ਲਈ ਉਕਸਾਇਆ ਸੀ। ਗ੍ਰਹਿ ਮੰਤਰੀ ਨੇ ਕਿਹਾ ਕਿ ਭਾਜਪਾ ਦੀ ਸਰਕਾਰ ਬਣਨ 'ਤੇ ਤਿੰਨ ਮਹੀਨਿਆਂ 'ਚ ਹੀ 80 ਤੋਂ ਵਧੇਰੇ ਨਕਸਲੀ ਮਾਰੇ ਗਏ ਹਨ, 125 ਗ੍ਰਿਫ਼ਤਾਰ ਕਰ ਲਏ ਗਏ ਹਨ ਅਤੇ 150 ਤੋਂ ਵੱਧ ਨੇ ਆਤਮ-ਸਮਰਪਣ ਕੀਤਾ ਹੈ। ਉਸ ਨੇ ਆਪਣੇ ਪਹਿਲੇ ਦਾਅਵਿਆਂ ਦੀ ਤਰਜ਼ 'ਤੇ ਇਹ ਵਾਅਦਾ ਵੀ ਕੀਤਾ ਕਿ ਅਗਲੇ ਤਿੰਨ ਸਾਲਾਂ 'ਚ ਨਕਸਲਵਾਦ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਜਾਵੇਗਾ।

ਮਾਓਵਾਦੀ ਪਾਰਟੀ ਨੇ ਪ੍ਰੈੱਸ ਬਿਆਨ ਜਾਰੀ ਕਰ ਕੇ ਕਾਂਕੇਰ ਮੁਕਾਬਲੇ ਨੂੰ ਕਤਲੇਆਮ ਕਰਾਰ ਦਿੱਤਾ ਹੈ ਅਤੇ ਇਸ ਵਿਰੁੱਧ ਬਸਤਰ ਦੇ ਜ਼ਿਲ੍ਹਿਆਂ 'ਚ ਬੰਦ ਦਾ ਸੱਦਾ ਦਿੱਤਾ ਹੈ। ਪ੍ਰੈੱਸ ਬਿਆਨ 'ਚ ਮਾਰੇ ਗਏ ਕਾਡਰਾਂ ਦੇ ਵੇਰਵੇ ਦੇਣ ਦੇ ਨਾਲ-ਨਾਲ ਇਹ ਵੀ ਕਿਹਾ ਗਿਆ ਹੈ ਕਿ 'ਹਮਲੇ 'ਚ ਗੋਲੀਆਂ ਲੱਗਣ ਨਾਲ ਸਿਰਫ਼ 12 ਕਾਮਰੇਡਾਂ ਦੀ ਮੌਤ ਹੋਈ; ਬਾਕੀ 17 ਕਾਮਰੇਡਾਂ ਨੂੰ ਪੁਲਿਸ ਨੇ ਫੱਟੜ ਹਾਲਤ 'ਚ ਜਾਂ ਜ਼ਿੰਦਾ ਫੜ ਕੇ ਮਾਰ ਦਿੱਤਾ।'

ਇਸ ਮੁਕਾਬਲੇ ਤੋਂ ਦੋ ਦਿਨ ਬਾਅਦ 'ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ' ਵਿਚ ਲੋਕ ਸਭਾ ਚੋਣਾਂ ਦੇ ਪਹਿਲੇ ਪੜਾਅ ਲਈ ਵੋਟਾਂ ਪੈਣੀਆਂ ਸਨ। ਮਾਓਵਾਦੀ ਪਾਰਟੀ ਨੇ ਅੱਧੀ ਸਦੀ ਤੋਂ ਚਲੀ ਆ ਰਹੀ ਨੀਤੀ ਅਨੁਸਾਰ ਚੋਣਾਂ ਦਾ ਬਾਈਕਾਟ ਕਰਨ ਅਤੇ ਇਸ ਰਾਜ ਪ੍ਰਬੰਧ ਨੂੰ ਖ਼ਤਮ ਕਰ ਕੇ ਨਵੀਂ ਤਰਜ਼ ਦਾ ਜਮਹੂਰੀ ਰਾਜ ਕਾਇਮ ਕਰਨ ਦਾ ਸੱਦਾ ਦਿੱਤਾ ਹੋਇਆ ਹੈ। ਭਗਵਾ ਹਕੂਮਤ ਭਾਰਤੀ ਹੁਕਮਰਾਨ ਜਮਾਤ ਦੀ ਦਹਾਕਿਆਂ ਤੋਂ ਚਲੀ ਆ ਰਹੀ ਨੀਤੀ ਅਨੁਸਾਰ 'ਨਕਸਲੀ ਸਮੱਸਿਆ' ਨੂੰ ਰਾਜਨੀਤਕ ਸਮੱਸਿਆ ਵਜੋਂ ਲੈਣ ਦੀ ਬਜਾਇ ਸਿਰਫ਼ ਅਮਨ-ਕਾਨੂੰਨ ਦੀ ਸਮੱਸਿਆ ਵਜੋਂ ਨਜਿੱਠ ਰਹੀ ਹੈ ਅਤੇ ਮਾਓਵਾਦੀ ਰਸੂਖ਼ ਵਾਲੇ ਇਲਾਕਿਆਂ 'ਚ ਨੀਮ-ਫ਼ੌਜੀ ਤਾਕਤ ਦੇ ਜ਼ੋਰ ਤੇ ਕਿਸੇ ਵੀ ਕੀਮਤ 'ਤੇ ਚੋਣਾਂ ਕਰਵਾ ਕੇ ਸਟੇਟ ਦੀ ਹੋਂਦ ਸਾਬਤ ਕਰਨਾ ਚਾਹੁੰਦੀ ਹੈ।

ਇਹ ਇਸ ਤਰ੍ਹਾਂ ਦਾ ਪਹਿਲਾ ਕਤਲੇਆਮ ਨਹੀਂ; ਪਿਛਲੇ ਮਹੀਨੇ 19 ਮਾਰਚ ਨੂੰ ਇਸੇ ਖੇਤਰ 'ਚ ਮਹਾਰਾਸ਼ਟਰ-ਛੱਤੀਸਗੜ੍ਹ ਸਰਹੱਦ ਉੱਪਰ ਚਾਰ ਸੀਨੀਅਰ ਮਾਓਵਾਦੀ ਆਗੂ ਇਸੇ ਤਰ੍ਹਾਂ 'ਮੁਕਾਬਲੇ' 'ਚ ਮਾਰੇ ਗਏ ਸਨ। ਭਾਰਤੀ ਸਟੇਟ, ਤਿਲੰਗਾਨਾ ਦੇ ਹਥਿਆਰਬੰਦ ਸੰਘਰਸ਼ (1946-51) ਦੇ ਸਮੇਂ ਤੋਂ ਹੀ ਇਨਕਲਾਬੀ ਤਬਦੀਲੀਪਸੰਦ ਕਮਿਊਨਿਸਟਾਂ ਦਾ ਸਫ਼ਾਇਆ ਕਰਨ ਦੀ ਨੀਤੀ 'ਤੇ ਚੱਲ ਰਿਹਾ ਹੈ। ਨਕਸਲੀ/ਮਾਓਵਾਦੀ ਕਮਿਊਨਿਸਟ ਲਹਿਰ ਦੀ ਰੈਡੀਕਲ ਧਾਰਾ ਹੈ। 1960ਵਿਆਂ ਦੇ ਅੰਤ 'ਚ ਨਕਸਲੀ ਲਹਿਰ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਦਹਿ ਹਜ਼ਾਰਾਂ ਨਕਸਲੀ 'ਮੁਕਾਬਲਿਆਂ' ਅਤੇ ਹਿਰਾਸਤੀ ਹੱਤਿਆਵਾਂ 'ਚ ਮਾਰੇ ਜਾ ਚੁੱਕੇ ਹਨ। ਨਕਸਲੀ ਹਮਲਿਆਂ 'ਚ ਵੀ ਪੁਲਿਸ ਤੇ ਸੁਰੱਖਿਆ ਦਸਤਿਆਂ ਤੇ ਕੁਝ ਘਟਨਾਵਾਂ 'ਚ ਆਮ ਲੋਕਾਂ ਦੀਆਂ ਜਾਨਾਂ ਵੀ ਗਈਆਂ ਹਨ। ਕੁਝ ਆਮ ਲੋਕ ਮੁਖ਼ਬਰੀ ਦੇ ਸ਼ੱਕ 'ਚ ਵੀ ਮਾਰੇ ਗਏ ਹਨ। ਨਕਸਲੀ ਇਨਕਲਾਬੀਆਂ ਦੇ ਮੁਕਾਬਲਿਆਂ ਅਤੇ ਜਵਾਬੀ ਨਕਸਲੀ ਹਿੰਸਾ ਦਾ ਇਹ ਸਿਲਸਿਲਾ ਪੰਜ ਦਹਾਕੇ ਪੁਰਾਣਾ ਹੈ ਅਤੇ ਇਹ ਭਾਰਤੀ ਹੁਕਮਰਾਨਾਂ ਦੀ ਰਾਜਨੀਤਕ ਮਸਲਿਆਂ ਦਾ ਗੱਲਬਾਤ ਰਾਹੀਂ ਰਾਜਨੀਤਕ ਹੱਲ ਕਰਨ ਦੀ ਬਜਾਇ ਸਮਾਜ ਦੇ ਰਾਜਨੀਤਕ ਤੌਰ 'ਤੇ ਅਸੰਤੁਸ਼ਟ ਹਿੱਸਿਆਂ ਨੂੰ ਸਟੇਟ ਦੀ ਹਥਿਆਰਬੰਦ ਤਾਕਤ ਨਾਲ ਕੁਚਲਣ ਦੀ ਰਾਜਕੀ ਦਹਿਸ਼ਤਵਾਦੀ ਨੀਤੀ ਦਾ ਨਤੀਜਾ ਹੈ।

ਨਕਸਲਵਾਦ/ਮਾਓਵਾਦ ਦਾ ਹਊਆ ਖੜ੍ਹਾ ਕਰ ਕੇ ਆਰ.ਐੱਸ.ਐੱਸ.-ਭਾਜਪਾ ਜੋ ਖ਼ੁਦ ਘੋਰ ਪਿਛਾਂਹਖਿੱਚੂ ਵਿਚਾਰਧਾਰਾ ਨੂੰ ਪ੍ਰਣਾਈ ਅਤੇ ਕਾਤਲਾਂ, ਬਲਾਤਕਾਰੀਆਂ ਤੇ ਹੋਰ ਮੁਜਰਮਾਂ ਦੀ ਪੁਸ਼ਤਪਨਾਹੀ ਕਰਨ ਵਾਲੀ ਘੋਰ ਦੇਸ਼ਧ੍ਰੋਹੀ ਦਹਿਸ਼ਤਵਾਦੀ ਤਾਕਤ ਹੈ, ਇਸ ਹਕੀਕਤ ਨੂੰ ਲੁਕੋ ਰਹੀ ਹੈ ਕਿ ਨਕਸਲੀ/ਮਾਓਵਾਦੀ ਜਾਂ ਮਾਓਵਾਦੀ ਪਾਰਟੀ ਕੋਈ ਮੁਜਰਮਾਂ ਜਾਂ ਲਹੂ ਦੇ ਤਿਹਾਏ ਦਹਿਸ਼ਤਵਾਦੀਆਂ ਦਾ ਗਰੋਹ ਨਹੀਂ। ਇਸ ਵਿਚ ਵੱਡੀ ਗਿਣਤੀ 'ਚ ਪੜ੍ਹੇ-ਲਿਖੇ ਸੰਵੇਦਨਸ਼ੀਲ ਲੋਕ ਹਨ ਜੋ ਮੌਜੂਦਾ ਜਾਬਰ ਲੋਟੂ ਰਾਜ ਨੂੰ ਹਥਿਆਰਬੰਦ ਤਾਕਤ ਨਾਲ ਖ਼ਤਮ ਕਰ ਕੇ ਸੱਚਾ ਲੋਕਰਾਜ ਲਿਆਉਣ ਦੇ ਆਪਣੇ ਵਿਚਾਰਧਾਰਕ ਅਕੀਦੇ ਨੂੰ ਸਮਰਪਿਤ ਹਨ ਅਤੇ ਉਹ ਆਪਣੇ ਸ਼ਾਨਦਾਰ ਕਰੀਅਰ ਤਿਆਗ ਕੇ ਮਜ਼ਦੂਰਾਂ-ਕਿਸਾਨਾਂ, ਦਲਿਤਾਂ ਅਤੇ ਆਦਿਵਾਸੀਆਂ ਦੀ ਸੰਤਾਪੀ ਜ਼ਿੰਦਗੀ ਨੂੰ ਜਿਊਣ ਦੇ ਕਾਬਲ ਬਣਾਉਣ ਲਈ ਜੂਝ-ਮਰ ਰਹੇ ਹਨ। ਨਕਸਲੀਆਂ ਦੇ ਹਥਿਆਰਬੰਦ ਸੰਘਰਸ਼ ਰਾਹੀਂ ਸਮਾਜਿਕ ਬਦਲਾਓ ਲਿਆਉਣ ਦੀ ਰਾਜਨੀਤਕ ਵਿਚਾਰਧਾਰਾ ਉੱਪਰ ਬਹਿਸ ਹੋ ਸਕਦੀ ਹੈ ਅਤੇ ਭਾਰਤੀ ਸਿਆਸਤਦਾਨਾਂ ਦੇ ਕੋੜਮੇ ਨੂੰ ਉਨ੍ਹਾਂ ਦਾ 'ਮੁੱਖਧਾਰਾ' ਤੋਂ ਬਾਹਰ ਜਾ ਕੇ ਰੈਡੀਕਲ ਸਿਆਸਤ ਕਰਨਾ ਪਸੰਦ ਨਹੀਂ ਹੈ ਪਰ ਇਸ ਤੱਥ ਨੂੰ ਕੋਈ ਵੀ ਨਕਾਰ ਨਹੀਂ ਸਕਦਾ ਕਿ ਭਾਰਤੀ 'ਮੁੱਖਧਾਰਾ' ਸਿਆਸਤਦਾਨਾਂ ਦੇ ਭ੍ਰਿਸ਼ਟਚਾਰੀ, ਖ਼ੁਦਗਰਜ਼ ਅਤੇ ਵਿਸਾਹਘਾਤੀ ਕੋੜਮੇ ਦੇ ਮੁਕਾਬਲੇ ਨਕਸਲੀਆਂ ਦੇ ਕਿਰਦਾਰ ਉੱਚੇ-ਸੁੱਚੇ ਤੇ ਕੁਰਬਾਨੀ ਵਾਲੇ ਹਨ ਅਤੇ ਉਹ ਅੱਜ ਦੇ ਭਗਤ ਸਿੰਘ ਹਨ। ਆਂਧਰਾ ਪ੍ਰਦੇਸ਼ ਦੇ ਮਰਹੂਮ ਮੁੱਖ ਮੰਤਰੀ ਐੱਨ.ਟੀ. ਰਾਮਾ ਰਾਓ ਅਤੇ ਹੋਰ ਕਈ 'ਮੁੱਖਧਾਰਾ' ਸਿਆਸਤਦਾਨਾਂ ਨੇ ਮੰਨਿਆ ਸੀ ਕਿ ਨਕਸਲੀ ਦੇਸ਼ਭਗਤ ਹਨ।

ਇਹ ਕਤਲੇਆਮ ਇਕ ਸੰਦੇਸ਼ ਵੀ ਹੈ ਕਿ ਸਭ ਤੋਂ ਵੱਧ ਹਾਸ਼ੀਏ 'ਤੇ ਧੱਕੇ ਆਦਿਵਾਸੀਆਂ ਦੀ ਬਿਹਤਰੀ ਅਤੇ ਹਕੀਕੀ ਵਿਕਾਸ ਲਈ ਜੂਝਣ ਵਾਲਿਆਂ ਦੀ ਇਸ 'ਲੋਕਤੰਤਰ' ਵਿਚ ਕੀ ਜਗ੍ਹਾ ਹੈ ਜਿੱਥੇ ਦਾਅਵੇ ਤਾਂ 'ਸਭ ਕਾ ਸਾਥ, ਸਭ ਕਾ ਵਿਕਾਸ, ਸਭ ਦਾ ਵਿਸ਼ਵਾਸ' ਦੇ ਕੀਤੇ ਜਾ ਰਹੇ ਹਨ ਪਰ 'ਵਿਕਾਸ' ਦੀ ਸਮੁੱਚੀ ਧੁੱਸ ਹਕੂਮਤੀ ਤਾਕਤ ਅਤੇ ਕਾਲੇ ਕਾਨੂੰਨਾਂ ਦੇ ਜ਼ੋਰ ਅਵਾਮ ਕੋਲੋਂ ਆਰਥਿਕ ਵਸੀਲੇ ਖੋਹਣ, ਕਾਰਪੋਰੇਟਾਂ ਨੂੰ ਮਾਲਾਮਾਲ ਕਰਨ ਅਤੇ ਇੰਝ ਅਮੀਰ-ਗ਼ਰੀਬ ਦੇ ਪਾੜੇ ਨੂੰ ਹੋਰ ਜ਼ਰਬਾਂ ਦੇਣ ਦੀ ਹੈ। ਇਹ ਕਤਲੇਆਮ ਮਾਓਵਾਦੀ ਲਹਿਰ ਦੇ ਗੜ੍ਹ 'ਚ ਕੀਤਾ ਗਿਆ ਹੈ ਜਿੱਥੇ ਹਥਿਆਰਬੰਦ ਨਕਸਲੀ ਬਗ਼ਾਵਤ ਨੂੰ ਕੁਚਲਣ ਲਈ ਕਸ਼ਮੀਰ ਦੀ ਤਰ੍ਹਾਂ ਬਹੁਤ ਵੱਡੀ ਤਾਦਾਦ 'ਚ ਵਿਸ਼ੇਸ਼ ਪੁਲਿਸ ਅਤੇ ਸੁਰੱਖਿਆ ਲਸ਼ਕਰ ਤਾਇਨਾਤ ਹਨ। ਬਸਤਰ ਰੇਂਜ ਦੇ ਆਈ.ਜੀ. ਸੁੰਦਰਰਾਜ ਅਨੁਸਾਰ, 'ਇਸ ਇਲਾਕੇ ਵਿਚ 60 ਹਜ਼ਾਰ ਸੁਰੱਖਿਆ ਦਸਤੇ ਤਾਇਨਾਤ ਕੀਤੇ ਗਏ ਹਨ।'

ਦਰਅਸਲ, ਭਾਰਤੀ ਹੁਕਮਰਾਨਾਂ ਨੇ 21ਵੀਂ ਸਦੀ ਦੇ ਮੁੱਢ ਤੋਂ ਹੀ ਆਪਣੇ ਹੀ ਮੁਲਕ ਦੇ ਸਭ ਤੋਂ ਵੱਧ ਗ਼ਰੀਬ, ਨਿਤਾਣੇ ਅਤੇ ਹਾਸ਼ੀਏ 'ਤੇ ਧੱਕੇ ਲੋਕਾਂ ਵਿਰੁੱਧ ਜੰਗ ਵਿੱਢੀ ਹੋਈ ਹੈ। ਦੂਰ-ਦਰਾਜ ਜੰਗਲੀ ਤੇ ਪਹਾੜੀ ਖੇਤਰਾਂ ਵਿਚੋਂ ਆਦਿਵਾਸੀਆਂ ਨੂੰ ਉਜਾੜ ਕੇ ਅਤੇ ਮਾਰ ਕੇ ਉੱਥੋਂ ਦੀ ਜ਼ਮੀਨ ਤੇ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟ ਕਬਜ਼ਾ ਕਰਾਉਣ ਲਈ ਲਗਾਤਾਰ ਨੀਮ-ਫ਼ੌਜੀ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਇਤਫ਼ਾਕ ਨਾਲ ਬੇਹੱਦ ਕੀਮਤੀ ਖਣਿਜਾਂ ਨਾਲ ਭਰਪੂਰ ਆਦਿਵਾਸੀ ਇਲਾਕੇ ਮਾਓਵਾਦੀ ਲਹਿਰ ਦੇ ਗੜ੍ਹ ਵੀ ਹਨ ਜਿਨ੍ਹਾਂ ਨੇ ਚਾਰ ਦਹਾਕਿਆਂ ਤੋਂ ਇੱਥੋਂ ਦੇ ਲੋਕਾਂ ਨਾਲ ਘੁਲਮਿਲ ਕੇ ਉਨ੍ਹਾਂ ਨੂੰ ਇਨਕਲਾਬੀ ਰਾਜਨੀਤਕ ਚੇਤਨਾ ਨਾਲ ਗੜੁੱਚ ਕੀਤਾ ਹੈ। ਆਦਿਵਾਸੀ ਲੋਕਾਂ ਦਾ ਇਨਕਲਾਬੀ ਟਾਕਰਾ ਕਾਰਪੋਰੇਟ ਪ੍ਰੋਜੈਕਟਾਂ ਦੇ ਰਾਹ ਵਿਚ ਵੱਡਾ ਅੜਿੱਕਾ ਹੈ ਜਿਸ ਨੂੰ ਖ਼ਤਮ ਕਰ ਕੇ ਹੀ ਭਾਰਤੀ ਸਟੇਟ ਉੱਥੇ ਆਪਣੀ ਹੋਂਦ ਦਿਖਾ ਸਕਦਾ ਹੈ।


ਮੂਲਵਾਸੀ ਬਚਾਓ ਮੰਚ ਦੇ ਕਾਰਕੁਨ ਆਦਿਵਾਸੀਆਂ ਨੂੰ ਜਾਗਰੂਕ ਕਰਦੇ ਹੋਏ।

ਬਦੇਸ਼ੀ-ਦੇਸੀ ਕਾਰਪੋਰੇਟ ਸਮੂਹਾਂ ਨਾਲ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ 'ਵਿਕਾਸ ਪ੍ਰੋਜੈਕਟ' ਲਗਾਉਣ ਲਈ ਸੈਂਕੜੇ ਇਕਰਾਰਨਾਮੇ ਕੀਤੇ ਜਾਣ ਨਾਲ ਨਕਸਲਵਾਦ ਵਿਰੁੱਧ ਭਾਰਤੀ ਸਟੇਟ ਦੀ ਜੰਗ 'ਚ ਖ਼ਾਸ ਤੇਜ਼ੀ ਆ ਗਈ। ਨਵੇਂ ਬਣੇ ਆਦਿਵਾਸੀ ਬਹੁਗਿਣਤੀ ਵਾਲੇ ਰਾਜ ਛੱਤੀਸਗੜ੍ਹ, ਝਾਰਖੰਡ ਅਤੇ ਪੁਰਾਣਾ ਰਾਜ ਉੜੀਸਾ 'ਵਿਕਾਸ' ਦੇ ਨਿਸ਼ਾਨੇ 'ਤੇ ਰੱਖੇ ਗਏ। ਇਸੇ ਦੀ ਕੜੀ ਵਜੋਂ, 2005 'ਚ 'ਸਲਵਾ ਜੁਡਮ' ਨਾਂ ਦੀ ਸਾੜਸਤੀ ਰਾਹੀਂ ਛੱਤੀਸਗੜ੍ਹ ਵਿਚ 648 ਆਦਿਵਾਸੀ ਪਿੰਡ ਤਬਾਹ ਕਰ ਦਿੱਤੇ ਗਏ, ਸੈਂਕੜੇ ਆਦਿਵਾਸੀ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ ਅਤੇ ਬੇਤਹਾਸ਼ਾ ਵੱਢ-ਟੁੱਕ ਤੇ ਹੋਰ ਰੂਪਾਂ 'ਚ ਹਕੂਮਤੀ ਦਹਿਸ਼ਤ ਨਾਲ ਆਦਿਵਾਸੀਆਂ ਨੂੰ ਵੱਡੇ ਪੈਮਾਨੇ 'ਤੇ ਉਜਾੜਿਆ ਗਿਆ। ਮਾਓਵਾਦੀਆਂ ਦੀ ਅਗਵਾਈ ਹੇਠ ਆਦਿਵਾਸੀ ਇਨ੍ਹਾਂ ਪ੍ਰੋਜੈਕਟਾਂ ਵਿਰੁੱਧ ਡੱਟ ਗਏ ਅਤੇ ਉਨ੍ਹਾਂ ਦਾ ਜਨਤਕ ਆਧਾਰ ਹੋਰ ਫੈਲ ਗਿਆ। ਆਪਣੇ ਮਨੋਰਥ 'ਚ ਅਸਫ਼ਲ ਰਹਿਣ ਤੋਂ ਬਾਅਦ ਸਤੰਬਰ 2009 'ਚ ਮਨਮੋਹਨ ਸਿੰਘ-ਚਿਦੰਬਰਮ ਦੀ ਯੂ.ਪੀ.ਏ. ਸਰਕਾਰ ਨੇ 'ਖੱਬੇਪੱਖੀ ਅਤਿਵਾਦ' ਨੂੰ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਐਲਾਨ ਕੇ 9 ਰਾਜਾਂ ਦੇ ਆਦਿਵਾਸੀਆਂ ਵਿਰੁੱਧ 'ਅਪਰੇਸ਼ਨ ਗ੍ਰੀਨ ਹੰਟ' ਵਿੱਢ ਦਿੱਤਾ। ਜਿਸ ਨੇ ਆਦਿਵਾਸੀ ਟਾਕਰੇ ਦਾ ਲੱਕ ਤੋੜਨ ਲਈ ਮਾਓਵਾਦੀ ਕਾਡਰਾਂ ਅਤੇ ਆਮ ਲੋਕਾਂ ਨੂੰ ਬੇਕਿਰਕੀ ਨਾਲ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਹਜ਼ਾਰਾਂ ਲੋਕਾਂ ਨੂੰ ਝੂਠੇ ਕੇਸਾਂ 'ਚ ਗ੍ਰਿਫ਼ਤਾਰ ਕਰਕੇ ਜੇਲ੍ਹਾਂ 'ਚ ਡੱਕ ਦਿੱਤਾ। ਹਕੂਮਤੀ ਦਹਿਸ਼ਤਵਾਦ ਦਾ ਇਹ ਸਿਲਸਿਲਾ ਵੱਖ-ਵੱਖ ਨਾਵਾਂ ਹੇਠ ਅੱਜ ਵੀ ਨਾ ਸਿਰਫ਼ ਜਾਰੀ ਹੈ ਸਗੋਂ ਮੁੱਖਧਾਰਾ ਮੀਡੀਆ ਉੱਪਰ ਮੁਕੰਮਲ ਕੰਟਰੋਲ, ਸਵਾਲ ਉਠਾਉਣ ਵਾਲੇ ਮੀਡੀਆ ਹਿੱਸਿਆਂ ਅਤੇ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਦੇ ਮਾਹੌਲ 'ਚ ਇਸ ਹਮਲੇ ਨੇ ਹੋਰ ਵੀ ਕਰੂਰ ਰੂਪ ਅਖ਼ਤਿਆਰ ਕੀਤਾ ਹੋਇਆ ਹੈ। ਪਿਛਲੇ ਦੋ ਸਾਲਾਂ 'ਚ ਬਸਤਰ ਤੋਂ ਡਰੋਨ ਹਮਲਿਆਂ ਦੀਆਂ ਰਿਪੋਰਟਾਂ ਵੀ ਕਈ ਵਾਰ ਆ ਚੁੱਕੀਆਂ ਹਨ। ਪਰ ਪੁਲਿਸ ਅਤੇ ਸੁਰੱਖਿਆ ਅਧਿਕਾਰੀ ਅਜਿਹੀਆਂ ਰਿਪੋਰਟਾਂ ਨੂੰ ਇਹ ਕਹਿ ਕੇ ਰੱਦ ਕਰ ਦਿੰਦੇ ਹਨ ਕਿ ਇਹ ਸਰਕਾਰੀ ਮੁਹਿੰਮ ਦੀ ਕਾਮਯਾਬੀ ਤੋਂ ਬੁਖਲਾਏ ਮਾਓਵਾਦੀਆਂ ਦਾ ਆਪਣੇ ਕਾਡਰਾਂ ਦਾ ਮਨੋਬਲ ਬਣਾਈ ਰੱਖਣ ਲਈ ਝੂਠਾ ਪ੍ਰਚਾਰ ਹੈ ਕਿਉਂਕਿ ਉਨ੍ਹਾਂ ਦੀ ਤਾਕਤ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਹਕੀਕਤ ਇਹ ਹੈ ਕਿ ਜਿਨ੍ਹਾਂ ਇਲਾਕਿਆਂ 'ਚ ਮਾਓਵਾਦੀਆਂ ਦਾ ਡੂੰਘਾ ਆਧਾਰ ਹੈ, ਉੱਥੇ ਰਾਜ-ਮਸ਼ੀਨਰੀ ਵੱਲੋਂ ਸਖ਼ਤ ਘੇਰਾਬੰਦੀ ਕੀਤੀ ਹੋਣ ਕਾਰਨ ਅਤੇ ਉਨ੍ਹਾਂ 'ਵਿਕਾਸ' ਪ੍ਰੋਜੈਕਟਾਂ 'ਚ 'ਮੁੱਖਧਾਰਾ' ਮੀਡੀਆ ਦੇ ਮਾਲਕ ਕਾਰਪੋਰੇਟ ਸਮੂਹਾਂ ਦੇ ਆਪਣੇ ਕਾਰੋਬਾਰੀ ਹਿਤ ਹੋਣ ਕਾਰਨ ਉੱਥੋਂ ਦੇ ਹਾਲਾਤ ਬਾਰੇ ਸੁਤੰਤਰ ਰਿਪੋਰਟਾਂ ਨਹੀਂ ਆ ਰਹੀਆਂ।

ਹਾਲਾਤ ਦਾ ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਅਜਿਹੇ ਫਰਜ਼ੀ ਮੁਕਾਬਲਿਆਂ ਉੱਪਰ ਸਮਾਜ ਦੇ ਜਾਗਰੂਕ ਹਿੱਸਿਆਂ ਵੱਲੋਂ ਜੋ ਸਵਾਲ ਉੱਠਣੇ ਚਾਹੀਦੇ ਹਨ, ਉਹ ਬਿਲਕੁਲ ਨਹੀਂ ਉੱਠ ਰਹੇ। ਇਸ ਦਾ ਸਬੰਧ ਸਿਵਲ ਸੁਸਾਇਟੀ ਵਿਰੁੱਧ ਹਕੂਮਤ ਵੱਲੋਂ ਵਿੱਢੇ ਗਏ ਬੇਕਿਰਕ ਹਮਲੇ ਨਾਲ ਹੈ। ਇਕ ਸਮੇਂ 'ਨਕਸਲੀ ਸਮੱਸਿਆ' ਜਾਂ ਹੋਰ ਬਾਗ਼ੀ ਲਹਿਰਾਂ ਸੰਬੰਧੀ ਜਾਗਰੂਕ ਲੋਕਾਂ ਵੱਲੋਂ ਅਕਸਰ ਹੀ ਹਕੂਮਤ ਤੋਂ ਨਿਰੋਲ 'ਅਮਨ-ਕਾਨੂੰਨ' ਦੀ ਪਹੁੰਚ ਤਿਆਗਣ ਅਤੇ ਇਨ੍ਹਾਂ ਮਸਲਿਆਂ ਦਾ ਰਾਜਨੀਤਕ ਹੱਲ ਕਰਨ ਦੀ ਪੁਰਜ਼ੋਰ ਮੰਗ ਕੀਤੀ ਜਾਂਦੀ ਰਹੀ ਹੈ। ਲਿਹਾਜ਼ਾ, ਇਹ ਆਵਾਜ਼ ਹਕੂਮਤ ਦੀ ਜਾਬਰ ਪਹੁੰਚ ਨੂੰ ਕਟਹਿਰੇ 'ਚ ਖੜ੍ਹਾ ਕਰਦੀ ਸੀ ਅਤੇ ਹਕੂਮਤੀ ਜਬਰ ਵਿਰੁੱਧ ਅਸਰਦਾਰ ਜਨਤਕ ਜਮਹੂਰੀ ਦਬਾਅ ਬਣਦੀ ਸੀ। ਇਸੇ ਆਵਾਜ਼ ਦੇ ਦਬਾਅ ਹੇਠ 2004 'ਚ ਤਿਲੰਗਾਨਾ ਸਰਕਾਰ ਨੂੰ ਪੀਪਲਜ਼ ਵਾਰ (ਮੌਜੂਦਾ ਮਾਓਵਾਦੀ ਪਾਰਟੀ) ਅਤੇ ਜਨਸ਼ਕਤੀ ਗਰੁੱਪ ਨਾਲ ਗੋਲੀਬੰਦੀ ਕਰ ਕੇ ਗੱਲਬਾਤ ਚਲਾਉਣੀ ਪਈ ਸੀ। ਨਕਸਲੀਆਂ ਦੇ ਮੁਕਾਬਲਿਆਂ ਨੂੰ ਤਰੱਕੀਆਂ ਅਤੇ ਇਨਾਮਾਂ ਲਈ ਵਰਤਣ ਲਈ ਬਦਨਾਮ ਪੁਲਿਸ ਅਫ਼ਸਰਸ਼ਾਹੀ ਨੇ ਚੱਲਦੀ ਗੱਲਬਾਤ 'ਚ ਹੀ ਗੋਲੀਬੰਦੀ ਦੀ ਉਲੰਘਣਾ ਕਰ ਕੇ ਗੱਲਬਾਤ ਨਾਕਾਮ ਬਣਾ ਦਿੱਤੀ ਸੀ ਪਰ ਇਸ ਨਾਲ ਇਹ ਸਾਬਤ ਹੋ ਗਿਆ ਸੀ ਕਿ ਨਕਸਲੀ ਗੱਲਬਾਤ ਦੀ ਮੇਜ਼ ਉੱਪਰ ਆ ਕੇ ਬੁਨਿਆਦੀ ਮੁੱਦਿਆਂ ਉੱਪਰ ਗੰਭੀਰ ਚਰਚਾ ਲਈ ਤਿਆਰ ਹਨ। ਗੱਲਬਾਤ ਦੀ ਬਜਾਇ ਕਾਂਗਰਸ ਸਰਕਾਰ ਨੇ ਫਰਜ਼ੀ ਮੁਕਾਬਲਿਆਂ ਉੱਪਰ ਸਵਾਲ ਕਰਨ ਵਾਲਿਆਂ ਨੂੰ ਗ਼ੈਰ-ਕਾਨੂੰਨੀ ਕਾਤਲ ਗਰੋਹਾਂ ਕੋਲੋਂ ਕਤਲ ਕਰਾਉਣ ਦੀ ਨੀਤੀ ਅਪਣਾਈ। ਜਨਤਕ ਜਥੇਬੰਦੀਆਂ ਨੂੰ ਵੀ ਮਾਓਵਾਦੀ ਫਰੰਟ ਕਰਾਰ ਦੇ ਕੇ ਪਾਬੰਦੀ ਲਗਾ ਦਿੱਤੀ ਗਈ। ਇਨਕਲਾਬੀ ਗਾਇਕ ਗ਼ਦਰ ਅਤੇ ਕਵੀ ਵਰਾਵਰਾ ਰਾਓ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਬਹੁਤ ਸਾਰੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਝੂਠੇ ਕੇਸਾਂ ਤਹਿਤ ਜੇਲ੍ਹਾਂ 'ਚ ਵੀ ਸੜਨਾ ਪਿਆ।

ਛੱਤੀਸਗੜ੍ਹ 'ਚ ਅਜਿਹੀਆਂ ਆਵਾਜ਼ਾਂ ਦੀ ਹਕੂਮਤ ਦੇ ਪੱਧਰ 'ਤੇ ਸੰਘੀ ਘੁੱਟਣ ਦੇ ਸਿਲਸਿਲੇ ਨੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੇ ਪ੍ਰਮੁੱਖ ਆਗੂ ਡਾ. ਬਿਨਾਇਕ ਸੇਨ ਦੀ ਗ੍ਰਿਫ਼ਤਾਰੀ ਨਾਲ ਜ਼ੋਰ ਫੜਿਆ। ਡਾ. ਸੇਨ ਨੂੰ ਪੰਜ ਸਾਲ ਜੇਲ੍ਹ 'ਚ ਬੰਦ ਰੱਖਿਆ ਗਿਆ। 'ਅਪਰੇਸ਼ਨ ਗਰੀਨ ਹੰਟ' ਸ਼ੁਰੂ ਕੀਤੇ ਜਾਣ ਨਾਲ ਇਸ ਹਮਲੇ 'ਚ ਆਈ ਖ਼ਾਸ ਤੇਜ਼ੀ ਇਸੇ ਨੀਮ-ਫ਼ੌਜੀ ਮੁਹਿੰਮ ਦਾ ਵਿਸਤਾਰ ਸੀ। ਸੋਨੀ ਸੋਰੀ (ਅਤੇ ਉਸ ਦੇ ਪੱਤਰਕਾਰ ਭਤੀਜੇ) ਨੂੰ ਗ੍ਰਿਫ਼ਤਾਰ ਕਰ ਕੇ ਹਿਰਾਸਤ ਦੌਰਾਨ ਬੇਕਿਰਕੀ ਨਾਲ ਤਸ਼ੱਦਦ ਕੀਤਾ ਗਿਆ। ਸੋਨੀ ਸੋਰੀ ਦੇ ਗੁਪਤ ਅੰਗਾਂ 'ਚ ਪੱਥਰ ਤੁੰਨ ਦਿੱਤੇ ਗਏ। ਉਸ ਨੂੰ ਹੋਰ ਵੀ ਕਈ ਤਰ੍ਹਾਂ ਦੇ ਤਸ਼ੱਦਦ, ਹਮਲਿਆਂ ਅਤੇ ਝੂਠੇ ਕੇਸਾਂ ਦਾ ਸਾਹਮਣਾ ਕਰਨਾ ਪਿਆ। ਉੱਪਰੋਂ ਸਿਤਮ-ਜ਼ਰੀਫ਼ੀ ਇਹ ਹੈ ਕਿ ਇਸ ਘੋਰ ਅਣਮਨੁੱਖੀ ਕਾਰੇ ਨੂੰ ਅੰਜਾਮ ਦੇਣ ਵਾਲੇ ਪੁਲਿਸ ਅਧਿਕਾਰੀ ਨੂੰ ਬਾਕਾਇਦਾ ਹਕੂਮਤੀ ਨੀਤੀ ਦੇ ਤਹਿਤ ਗਣਤੰਤਰ ਦਿਵਸ 'ਤੇ ਵਿਸ਼ੇਸ਼ 'ਪੁਲਿਸ ਬਹਾਦਰੀ ਸਨਮਾਨ' ਨਾਲ ਸਨਮਾਨਿਆ ਗਿਆ। ਬਸਤਰ ਦੇ ਜੰਗਲਾਂ 'ਚ ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਦਾ ਆਸ਼ਰਮ ਢਾਹ ਦਿੱਤਾ ਗਿਆ। ਆਦਿਵਾਸੀਆਂ ਦੇ ਹੱਕ 'ਚ ਆਵਾਜ਼ ਉਠਾਉਣ ਵਾਲੀ ਸਮਾਜੀ ਕਾਰਕੁਨ ਬੇਲਾ ਭਾਟੀਆ ਤੇ ਕਾਨੂੰਨੀ ਸਹਾਇਤਾ ਦੇਣ ਵਾਲੀਆਂ ਵਕੀਲ ਕੁੜੀਆਂ (ਜਗਦਲਪੁਰ ਲੀਗਲ ਏਡ ਗਰੁੱਪ) ਨੂੰ ਡਰਾ-ਧਮਕਾ ਕੇ ਅਤੇ ਉਨ੍ਹਾਂ ਵਿਰੁੱਧ ਬਸਤਰ ਪੁਲਿਸ ਤੇ ਜਰਾਇਮਪੇਸ਼ਾ ਗਰੋਹਾਂ ਕੋਲੋਂ 'ਮੁਜ਼ਾਹਰੇ' ਕਰਵਾ ਕੇ ਉਨ੍ਹਾਂ ਨੂੰ ਬਸਤਰ ਵਿਚੋਂ ਕੱਢ ਦਿੱਤਾ ਗਿਆ। ਪ੍ਰੋਫੈਸਰ ਸਾਈਬਾਬਾ ਸਮੇਤ ਛੇ ਕਾਰਕੁਨਾਂ ਨੂੰ ਝੂਠੇ ਕੇਸ 'ਚ ਫਸਾ ਕੇ ਉਮਰ ਕੈਦ ਦੀ ਸਜ਼ਾ ਕਰਵਾ ਦਿੱਤੀ ਗਈ। ਇਹ ਸਾਰੇ ਕਥਿਤ ਵਿਕਾਸ ਪ੍ਰੋਜੈਕਟਾਂ ਦਾ ਪਰਦਾਫਾਸ਼ ਕਰ ਰਹੇ ਸਨ ਅਤੇ ਆਦਿਵਾਸੀਆਂ, ਹੋਰ ਨਿਤਾਣੇ ਹਿੱਸਿਆਂ ਦੇ ਉਜਾੜੇ, ਝੂਠੇ ਮੁਕਾਬਲਿਆਂ, ਝੂਠੇ ਕੇਸਾਂ ਤਹਿਤ ਜੇਲ੍ਹਬੰਦੀਆਂ ਵਿਰੁੱਧ ਆਵਾਜ਼ ਉਠਾ ਰਹੇ ਸਨ।

ਭਾਰਤੀ ਹਕੂਮਤ ਦੇ 'ਵਿਕਾਸ ਮਾਡਲ' ਵਿਰੁੱਧ ਵੱਖ-ਵੱਖ ਜੁਝਾਰੂ ਸੰਘਰਸ਼ਾਂ ਦੇ ਰੂਪ 'ਚ ਉੱਭਰ ਰਹੀ ਲੋਕ-ਰਾਇ ਅਤੇ ਇਸ ਨੂੰ ਕੁਚਲਣ ਲਈ ਮਨੁੱਖੀ ਹੱਕਾਂ ਦੇ ਘਾਣ ਦੀ ਹਕੀਕਤ ਦੀਆਂ ਖ਼ਬਰਾਂ ਬਾਹਰ ਜਾਣ ਤੋਂ ਰੋਕਣਾ ਹਕੂਮਤ ਦੀ ਅਣਸਰਦੀ ਲੋੜ ਸੀ। ਇਸੇ ਲੋੜ ਵਿਚੋਂ ਵਿਰੋਧ ਦਾ ਚਿੰਨ੍ਹ ਬਣੇ ਆਦਿਵਾਸੀ ਇਲਾਕਿਆਂ ਵਿਰੁੱਧ ਹੋਰ ਜ਼ਿਆਦਾ ਸਖ਼ਤੀ ਦੀ ਨੀਤੀ ਬਣਾਈ ਗਈ। ਇਸੇ ਨੀਤੀ ਦੇ ਹਿੱਸੇ ਵਜੋਂ ਹੋਰ ਵੀ ਤਿੱਖਾ ਹਮਲਾ ਭਗਵਾ ਹਕੂਮਤ ਵੱਲੋਂ 'ਸ਼ਹਿਰੀ ਨਕਸਲੀ' ਨਾਂ ਦਾ ਦੇਸ਼ਧ੍ਰੋਹ ਦਾ ਨਵਾਂ ਹਊਆ ਖੜ੍ਹਾ ਕਰਕੇ ਕੀਤਾ ਗਿਆ। ਇਸ ਹਮਲੇ ਦੇ ਤਹਿਤ ਮਨੁੱਖੀ ਹੱਕਾਂ ਦੇ ਬਹੁਤ ਸਾਰੇ ਉੱਘੇ ਘੁਲਾਟੀਆਂ ਨੂੰ 2018 'ਚ 'ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ' ਵਿਚ ਫਸਾਕੇ ਜੇਲ੍ਹਾਂ 'ਚ ਡੱਕਿਆ ਗਿਆ। ਛੱਤੀਸਗੜ੍ਹ 'ਚ ਸਰਗਰਮੀ ਰਹੀ ਐਡਵੋਕੇਟ ਸੁਧਾ ਭਾਰਦਵਾਜ, ਮਹਾਰਾਸ਼ਟਰ 'ਚ ਸਰਗਰਮ ਪ੍ਰੋਫੈਸਰ ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਮਹੇਸ਼ ਰਾਵਤ, ਐਡਵੋਕੇਟ ਅਰੁਣ ਫਰੇਰਾ ਅਤੇ ਪ੍ਰੋਫੈਸਰ ਵਰਨੋਨ, ਝਾਰਖੰਡ 'ਚ ਸਰਗਰਮ ਸਟੇਨ ਸਵਾਮੀ ਦੇ ਨਾਲ-ਨਾਲ ਡਾ. ਆਨੰਦ ਤੇਲਤੁੰਬੜੇ, ਗੌਤਮ ਨਵਲੱਖਾ, ਵਰਾਵਰਾ ਰਾਓ, ਪ੍ਰੋਫੈਸਰ ਹਨੀ ਬਾਬੂ ਅਤੇ ਕਬੀਰ ਕਲਾ ਮੰਚ ਦੇ ਕਲਾਕਾਰਾਂ ਉੱਪਰ ਦਹਿਸ਼ਤਵਾਦੀ ਵਿਰੋਧੀ ਵਿਸ਼ੇਸ਼ ਕਾਨੂੰਨ ਯੂਏਪੀਏ ਲਗਾਉਣਾ ਹਕੂਮਤ ਦੀ ਗਿਣੀ-ਮਿਥੀ ਯੋਜਨਾ ਦਾ ਹਿੱਸਾ ਸੀ। ਮੋਦੀ ਦੇ ਕੌਮੀ ਸੁਰੱਖਿਆ ਸਲਾਹਕਾਰ ਮਿਸਟਰ ਅਜੀਤ ਡੋਵਾਲ ਨੇ ਤਾਂ ਨਵੇਂ ਬਣੇ ਆਈਪੀਐੱਸ ਅਫ਼ਸਰਾਂ ਨੂੰ ਸੰਬੋਧਨ ਕਰਦਿਆਂ ਉਚੇਚੇ ਤੌਰ 'ਤੇ ਸੁਚੇਤ ਕੀਤਾ ਸੀ ਕਿ ਭਾਰਤੀ ਰਾਜ ਦੀ ਜੰਗ ਦਾ ਅਗਲਾ ਮੋਰਚਾ 'ਸਿਵਲ ਸੁਸਾਇਟੀ' ਯਾਨੀ ਮਨੁੱਖੀ/ਜਮਹੂਰੀ ਹੱਕਾਂ ਦੀ ਗੱਲ ਕਰਨ ਵਾਲਿਆਂ ਵਿਰੁੱਧ ਹੈ ਅਤੇ ਉਨ੍ਹਾਂ ਨੂੰ ਇਸ ਲਈ ਮਾਨਸਿਕ ਤੌਰ 'ਤੇ ਤਿਆਰ ਰਹਿਣਾ ਚਾਹੀਦਾ ਹੈ।

ਦਰਅਸਲ, ਬਦੇਸ਼ੀ ਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਵੱਲੋਂ ਆਰ.ਐੱਸ.ਐੱਸ.-ਭਾਜਪਾ ਨੂੰ ਇਕ ਖ਼ਾਸ ਮਕਸਦ ਨਾਲ ਸੱਤਾ 'ਚ ਲਿਆਂਦਾ ਗਿਆ ਸੀ। ਜੋ ਜਾਬਰ ਭੂਮਿਕਾ ਮਨਮੋਹਨ-ਚਿਦੰਬਰਮ ਦੀ ਅਗਵਾਈ ਹੇਠਲੀ ਯੂ.ਪੀ.ਏ. ਸਰਕਾਰ ਨਿਭਾ ਚੁੱਕੀ ਸੀ, ਹੁਣ ਕਾਰਪੋਰੇਟ ਸਰਮਾਏਦਾਰੀ ਨੂੰ 'ਆਰਥਿਕ ਸੁਧਾਰਾਂ ਦੇ ਦੂਜੇ ਪੜਾਅ' ਨੂੰ ਅੱਗੇ ਵਧਾਉਣ ਲਈ ਅਜਿਹੀ ਸਰਕਾਰ ਲੋੜੀਂਦੀ ਸੀ ਜੋ ਅਧੂਰੇ ਕਾਰਪੋਰੇਟ ਏਜੰਡਿਆਂ ਨੂੰ ਕਾਂਗਰਸ ਨਾਲੋਂ ਵਧੇਰੇ ਬੇਕਿਰਕ ਦਹਿਸ਼ਤਵਾਦ ਰਾਹੀਂ ਨੇਪਰੇ ਚਾੜ੍ਹ ਸਕੇ। 'ਨਕਸਲਵਾਦ ਦਾ ਸਫ਼ਾਇਆ ਕਰਨਾ' ਭਗਵਾ ਹਕੂਮਤ ਦੀ ਸਾਲਮ ਕਾਰਜ ਸੂਚੀ ਅੰਦਰ ਮੁੱਖ ਕਾਰਜ ਹੈ। ਇਤਿਹਾਸਕ ਤੌਰ 'ਤੇ ਦੇਖੀਏ ਤਾਂ ਵਾਜਪਾਈ ਸਰਕਾਰ ਦੌਰਾਨ 1998 'ਚ ਹੀ ਕੇਂਦਰੀ ਗ੍ਰਹਿ ਮੰਤਰੀ ਅਡਵਾਨੀ ਵੱਲੋਂ 'ਖੱਬੇਪੱਖੀ ਅਤਿਵਾਦ' ਵਿਰੁੱਧ ਜਹਾਦ ਦਾ ਬਾਕਾਇਦਾ ਐਲਾਨ ਕਰ ਦਿੱਤਾ ਗਿਆ ਸੀ। ਮੋਦੀ ਸਰਕਾਰ ਦੇ 'ਗੁਜਰਾਤ ਮਾਡਲ' ਨੇ ਕਾਰਪੋਰੇਟਾਂ ਦੇ ਮਨ ਮੋਹ ਲਏ ਅਤੇ ਆਖ਼ਿਰਕਾਰ 2014 'ਚ ਕਾਰਪੋਰੇਟ-ਹਿੰਦੂਤਵ ਗੱਠਜੋੜ ਸਰਕਾਰ ਬਣ ਗਈ। ਜਿਸ ਨੇ ਆਪਣੇ ਟੀਚਿਆਂ ਦੀ ਪੂਰਤੀ ਲਈ ਫਿਰਕੂ ਸਾਜ਼ਿਸ਼ਾਂ ਦੇ ਨਾਲ-ਨਾਲ ਰਾਜਕੀ ਦਹਿਸ਼ਤਵਾਦ ਦੇ ਪਹਿਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ। ਹਿੰਦੂਤਵ ਬਰਗੇਡ ਦੀ 'ਸੋਸ਼ਲ ਇੰਜੀਨੀਅਰਿੰਗ' ਦੇ ਜ਼ਹਿਰੀਲੇ ਅਸਰ ਹੇਠ ਸਮਾਜ ਦੇ ਇਕ ਹਿੱਸੇ 'ਚ ਇਕ ਖ਼ਤਰਨਾਕ ਸੋਚ ਵੀ ਉੱਭਰੀ ਹੈ ਜੋ ਮੁਕਾਬਲਿਆਂ ਰਾਹੀਂ ਮੌਤ ਦੀਆਂ ਗ਼ੈਰਅਦਾਲਤੀ ਸਜ਼ਾਵਾਂ ਨੂੰ ਸਮਾਜਿਕ ਪ੍ਰਵਾਨਗੀ ਦੇ ਰਹੀ ਹੈ।

ਭਾਰਤ ਦੇ ਲੋਕਾਂ ਨੂੰ, ਖ਼ਾਸ ਕਰਕੇ ਪੜ੍ਹੇ-ਲਿਖੇ ਹਿੱਸਿਆਂ ਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ ਕਿ ਨਕਸਲਵਾਦ ਦੇ ਸਫ਼ਾਏ ਦਾ ਨਿਸ਼ਾਨਾ ਮਹਿਜ਼ ਕੁਝ ਹਜ਼ਾਰਾਂ ਨਕਸਲੀਆਂ ਦਾ ਜਿਸਮਾਨੀ ਸਫ਼ਾਇਆ ਨਹੀਂ ਹੈ। ਇਸ ਦਾ ਘੇਰਾ ਕਿਤੇ ਵਸੀਹ ਹੈ ਜਿਸ ਦਾ ਅਸਲ ਨਿਸ਼ਾਨਾ ਸੰਵਾਦ ਤੇ ਸਵਾਲਾਂ ਦੀ ਜਮਹੂਰੀ ਸਪੇਸ ਸਮੇਤ ਤਮਾਮ ਜਮਹੂਰੀ ਮੁੱਲਾਂ, ਸਮਾਜ ਦੇ ਵਿਕਾਸ ਨੂੰ ਅਗਾਂਹ ਤੋਰਨ ਵਾਲੀ ਵਿਗਿਆਨਕ ਸੋਚ ਅਤੇ ਅਗਾਂਹਵਧੂ ਵਿਚਾਰਧਾਰਾਵਾਂ ਦਾ ਬੀਜਨਾਸ਼ ਕਰਕੇ ਮਨੁੱਖੀ ਸਮਾਜ ਨੂੰ ਰੂੜ੍ਹੀਵਾਦ, ਪਿਛਾਖੜ ਦੀ ਅੰਨ੍ਹੀ ਭਗਤੀ ਦੀ ਦਲਦਲ 'ਚ ਧੱਕਣਾ ਹੈ। ਇਸ ਲਈ, ਮੁਕਾਬਲਿਆਂ ਰਾਹੀਂ ਕਤਲਾਂ ਦੀ ਨੀਤੀ ਨੂੰ ਧੜੱਲੇ ਨਾਲ ਰੱਦ ਕਰਦੇ ਹੋਏ ਇਸ ਵਰਤਾਰੇ ਨੂੰ ਤੁਰੰਤ ਬੰਦ ਕੀਤੇ ਜਾਣ ਦੀ ਮੰਗ ਉੱਠਣੀ ਚਾਹੀਦੀ ਹੈ। ਇਹ ਵਿਸ਼ਾਲ ਲੋਕਰਾਇ ਬਣਾਉਣ ਲਈ ਯਤਨ ਜੁਟਾਉਣੇ ਹੋਣਗੇ ਕਿ ਹਕੂਮਤ ਨਕਸਲੀਆਂ/ਮਾਓਵਾਦੀਆਂ ਵੱਲੋਂ ਉਠਾਏ ਲੋਕਾਂ ਦੇ ਬੁਨਿਆਦੀ ਮੁੱਦਿਆਂ ਨੂੰ ਹੱਲ ਕਿਉਂ ਨਹੀਂ ਕਰ ਰਹੀ।

# ਇਕ ਦਾਸਤਾਨ ਓਨਾਂ ਸੰਤਾਪੇ ਸਮਿਆਂ ਦੀ

## (ਪੰਜਾਬ ਅਤੇ ਯੂ.ਪੀ. ਦੇ ਤਰਾਈ ਏਰੀਏ ਅੰਦਰ ਉਨ੍ਹਾਂ ਦਿਨਾਂ ਵਿਚ)

ਜਗਰੂਪ ਸਿੰਘ ਸੇਖੋਂ
ਫੋਨ: 94170-75563



ਇਹ ਗੱਲ 32 ਕੁ ਸਾਲ ਪਹਿਲਾਂ ਜੂਨ 1991 ਦੀ ਹੈ ਜਦੋਂ ਮੈਨੂੰ ਉਸ ਸਮੇਂ ਦੀ ਇਕ ਅੱਤਵਾਦੀ ਜਥੇਬੰਦੀ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਇਕ ਧੜੇ ਦੇ ਕਮਾਂਡਰ ਦੀ ਸਾਡੇ ਪਰਿਵਾਰ ਪ੍ਰਤੀ ਪੈਦਾ ਹੋਈ ਖੁੰਦਕ ਤੇ ਗੁੱਸੇ ਨੂੰ ਸ਼ਾਂਤ ਕਰਨ ਵਾਸਤੇ ਉਸਦੇ ਪਿੰਡ ਕਾਲੇਕੇ ਵਿਚ ਜਾ ਕੇ ਆਪਣਾ ਸਪਸ਼ਟੀਕਰਨ ਦੇਣਾ ਪਿਆ। ਇਹ ਪਿੰਡ ਉਸ ਜਥੇਬੰਦੀ ਦੇ ਮੁਖੀ ਰਵਿੰਦਰਪਾਲ ਸਿੰਘ ਭੋਲਾ ਦਾ ਵੀ ਸੀ।

ਇਸ ਘਟਨਾ ਦਾ ਪਿਛੋਕੜ ਪੱਛਮੀ ਉਤਰ ਪ੍ਰਦੇਸ਼ ਦੇ ਤਰਾਈ ਏਰੀਏ ਵਿਚ ਪਿਛਲੀ ਸਦੀ ਦੇ 90ਵੇਂ ਦੇ ਸ਼ੁਰੂ ਵਿਚ ਬਹੁਤ ਵਧ ਗਈਆਂ ਅੱਤਵਾਦੀ ਘਟਨਾਵਾਂ ਨਾਲ ਹੈ। ਉਸ ਸਮੇਂ ਪੰਜਾਬ ਤੋਂ ਵੱਡੀ ਗਿਣਤੀ ਵਿਚ ਅੱਤਵਾਦੀ ਪੁਲਿਸ ਦੇ ਡਰ ਤੇ ਹੋਰ ਬਹੁਤ ਸਾਰੇ ਕਾਰਨਾਂ ਕਰਕੇ ਇਨ੍ਹਾਂ ਇਲਾਕਿਆਂ ਵਿਚ ਚਲੇ ਗਏ ਸਨ। ਜ਼ਿਕਰਯੋਗ ਹੈ ਕਿ ਤਰਾਈ ਏਰੀਆ ਵਿਚ ਵੱਡੀ ਗਿਣਤੀ ਚੰਗੇ ਖਾਂਦੇ-ਪੀਂਦੇ ਸਿੱਖ ਜ਼ਿਮੀਂਦਾਰਾਂ ਦੀ ਹੈ ਜੋ ਆਪਣੇ ਡੇਰਿਆਂ 'ਤੇ ਰਹਿੰਦੇ ਹਨ। ਪੰਜਾਬ ਤੋਂ ਗਏ ਕੁਝ ਮੁੰਡਿਆਂ ਦੀ ਇਨ੍ਹਾਂ ਪਰਿਵਾਰਾਂ ਨਾਲ ਰਿਸ਼ਤੇਦਾਰੀ ਜਾਂ ਜਾਣ-ਪਛਾਣ ਸੀ। ਪੰਜਾਬੋਂ ਗਏ ਮੁੰਡਿਆਂ ਨੇ ਉਥੇ ਵੀ ਪੰਜਾਬ ਵਾਲਾ ਮਾਹੌਲ ਪੈਦਾ ਕਰ ਦਿੱਤਾ ਤੇ ਉਥੋਂ ਦੇ ਕਾਫੀ ਮੁੰਡੇ ਇਨ੍ਹਾਂ ਨਾਲ ਰਲ ਗਏ ਤੇ ਮਾਰਨ-ਮਰਵਾਉਣ ਤੇ ਫਿਰੌਤੀਆਂ ਲੈਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਕਾਰਨ ਡੇਰਿਆਂ 'ਤੇ ਰਹਿਣ ਵਾਲੇ ਲੋਕਾਂ ਲਈ ਬਹੁਤ ਵੱਡੀ ਮੁਸੀਬਤ ਬਣ ਗਈ ਤੇ ਉਨ੍ਹਾਂ ਵਿਚੋਂ ਕੁਝ ਆਪਣੀ ਜ਼ਮੀਨ ਵੇਚ ਕੇ ਲਾਗਲੇ ਕਸਬਿਆਂ ਵਿਚ ਚਲੇ ਗਏ। ਸਾਡੇ ਆਪਣੇ ਇਲਾਕੇ ਵਿਚ ਅੱਤਵਾਦੀ ਵਾਰਦਾਤਾਂ ਕਰਕੇ 5-6 ਲੋਕਾਂ ਦਾ ਕਤਲ ਹੋ ਗਿਆ ਜਿਸ ਨਾਲ ਹਾਲਾਤ ਹੋਰ ਖਰਾਬ ਹੋ ਗਏ। ਇਸ ਦੇ ਨਾਲ ਹੀ ਯੂਪੀ ਦੀ ਪੁਲੀਸ ਤੇ ਪ੍ਰੋਵਿਨਸੀਅਲ ਆਰਮਡ ਕਾਨਟਬਿਲਰੀ (ਪੀਏਸੀ) ਦੀ ਦਬਿਸ਼ ਵਧ ਗਈ ਤੇ ਉਨ੍ਹਾਂ ਨੇ ਉਥੇ ਰਹਿੰਦੇ ਲੋਕਾਂ ਨੂੰ ਬਹੁਤ ਤੰਗ ਤੇ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਅੱਤਵਾਦ ਦੀਆਂ ਵਧੀਆਂ ਹੋਈਆਂ ਘਟਨਾਵਾਂ ਕਰਕੇ ਸਾਡੇ ਇਲਾਕੇ ਦੇ 10-12 ਲੋਕਾਂ ਨੂੰ ਅੱਤਵਾਦੀਆਂ ਨੂੰ ਪਨਾਹ ਦੇਣ ਦੇ ਦੋਸ਼ ਵਿਚ ਠਅਦਅ ਵਿਚ ਯੂਪੀ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਕਈ ਸਾਲ ਜੇਲ੍ਹ ਵਿਚ ਰਹਿ ਕੇ ਕੁਝ ਅੱਜ ਵੀ ਪੁਲੀਸ ਦੇ ਰਿਕਾਰਡ ਵਿਚ ਮੁਜਰਮ ਹਨ ਤੇ ਲੰਮੇ ਸਮੇਂ ਤੋਂ ਉਨ੍ਹਾਂ ਨੂੰ ਪਾਸਪੋਰਟ ਬਣਾਉਣ ਦੀ ਮਨਜ਼ੂਰੀ ਨਹੀਂ ਮਿਲ ਰਹੀ ਹੈ।

ਸਾਡੇ ਪਰਿਵਾਰ ਦੀ ਸਮੱਸਿਆ ਮਾਰਚ 1991 ਦੇ ਸ਼ੁਰੂ ਵਿਚ ਘਰ ਵਿਚ ਕਰਵਾਏ ਅਖੰਡਪਾਠ ਤੋਂ ਸ਼ੁਰੂ ਹੁੰਦੀ ਹੈ। ਪਾਠ ਕਰਨ ਵਾਲੇ ਪਾਠੀਆਂ ਵਿਚ ਇਕ ਸਾਡੇ ਫਾਰਮ ਤੋਂ ਉਤਰ ਵੱਲ ਸਥਿਤ ਪਹਾੜੀ ਸ਼ਹਿਰ ਕੋਟਦਵਾਰ (ਹੁਣ ਉਤਰਾਖੰਡ ਵਿਚ) ਦੇ ਗੁਰਦੁਆਰੇ ਦਾ ਨੌਜਵਾਨ ਸੀ। ਬਾਅਦ ਵਿਚ ਪਤਾ ਲੱਗਾ ਕਿ ਉਹ ਭਿੰਡਰਾਂਵਾਲੇ ਦੇ ਸਮੇਂ ਵਿਚ ਚਰਚਿਤ ਵਿਅਕਤੀ ਸੋਢੀ ਦਾ ਛੋਟਾ ਭਰਾ ਸੀ ਜਿਹੜਾ ਉਸਦੇ ਮਰਨ ਤੋਂ ਬਾਅਦ ਪੰਜਾਬ ਤੋਂ ਬਾਹਰ ਇਸ ਗੁਰਦੁਆਰੇ ਵਿਚ ਆ ਗਿਆ ਸੀ। ਉਸਦੇ ਪਾਸ ਪੰਜਾਬ ਤੋਂ ਆਉਂਦੇ ਮੁੰਡਿਆਂ ਦਾ ਆਉਣ-ਜਾਣ ਸੀ ਤੇ ਉਸਦਾ ਸਾਡੇ ਇਲਾਕੇ ਵਿਚ ਕਾਫੀ ਰੋਹਬ ਸੀ। ਉਸਦੀ ਵਜ੍ਹਾ ਕਰਕੇ ਹੀ ਸਾਡੇ ਇਲਾਕੇ ਦੇ ਪੰਜ-ਛੇ ਮੁੰਡੇ ਅੱਤਵਾਦੀ ਗਤੀਵਿਧੀਆਂ ਵਿਚ ਸ਼ਾਮਲ ਹੋ ਗਏ ਜਿਨ੍ਹਾਂ ਵਿਚ ਕੁਝ ਨੂੰ ਪੁਲੀਸ ਨੇ ਮਾਰ ਦਿੱਤਾ ਤੇ ਬਾਕੀ ਲੰਮੀ ਜੇਲ੍ਹ ਕੱਟ ਕੇ ਘਰ ਪਰਤ ਆਏ।

ਅਖੰਡ ਪਾਠ ਦੀ ਸਮਾਪਤੀ ਤੋਂ ਚਾਰ-ਪੰਜ ਦਿਨ ਬਾਅਦ ਉਸ ਪਾਠੀ ਨੇ ਪੰਜਾਬ ਤੋਂ ਆਏ ਇਕ ਹਥਿਆਰਬੰਦ ਟੋਲੇ ਨੂੰ ਰਾਤ ਦੇ ਸਮੇਂ ਸਾਡੇ ਫਾਰਮ 'ਤੇ ਭੇਜ ਦਿੱਤਾ। ਉਨ੍ਹਾਂ ਆਉਂਦੇ ਸਾਰ ਹੀ ਆਪਣਾ ਰੋਹਬ ਦਿਖਾਉਣਾ ਸ਼ੁਰੂ ਕਰ ਦਿੱਤਾ ਤੇ ਪੈਸਿਆਂ ਦੀ ਮੰਗ ਕੀਤੀ। ਇਹ ਸਿਲਸਿਲਾ ਚਾਰ-ਪੰਜ ਦਿਨ ਚਲਦਾ ਰਿਹਾ ਤੇ ਅਖੀਰ ਸਬਕ ਸਿਖਾਉਣ ਦੀ ਗੱਲ ਕਹਿ ਕੇ ਮਿੱਥੇ ਸਮੇਂ ਤਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਧਮਕੀ ਦਿੱਤੀ। ਹਾਲਾਤ ਵਿਗੜਦੇ ਦੇਖ ਕੇ ਪਰਿਵਾਰ ਦੇ ਕੁਝ ਮੈਂਬਰਾਂ ਨੇ ਨੇੜਲੇ ਸ਼ਹਿਰ ਨਜੀਬਾਬਾਦ ਪਰਵਾਸ ਕੀਤਾ ਪਰ ਸਾਡੇ ਮਾਤਾ ਜੀ ਫਾਰਮ 'ਤੇ ਡਟੇ ਰਹੇ ਤੇ ਆਪਣੇ ਹੌਸਲੇ ਨਾਲ ਉਨ੍ਹਾਂ ਨਾਲ ਨਜਿੱਠਦੇ ਰਹੇ। ਕਿਸੇ ਨੇ ਇਸ ਸਾਰੇ ਮਾਮਲੇ ਦੀ ਇਤਲਾਹ ਪੁਲੀਸ ਨੂੰ ਦੇ ਦਿੱਤੀ ਪੁਲੀਸ ਡੇਰਿਆਂ 'ਚ ਰਹਿੰਦੇ ਲੋਕਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਅੱਤਵਾਦੀਆਂ ਦੇ ਹਮਾਇਤੀ ਹੋਣ ਕਰਕੇ ਤਸ਼ੱਦਦ ਕਰਨ ਤੇ ਕੇਸਾਂ ਵਿਚ ਫਸਾਉਣ ਲਈ ਬਹੁਤ ਉਤਸੁਕ ਸੀ। ਸਾਡੇ ਪਰਿਵਾਰ ਦਾ ਬਚਾਅ ਮੇਰੇ ਛੋਟੇ ਭਰਾ ਦਾ ਸਾਡੀ ਤਹਿਸੀਲ ਦੀ ਬਾਰ ਕੌਂਸਲ ਦੇ ਸਕੱਤਰ ਚੁਣੇ ਜਾਣ ਕਰਕੇ ਹੋਇਆ। ਇਸ ਗੱਲ ਦਾ ਪਤਾ ਪੁਲੀਸ ਨੂੰ ਸੀ। ਦੂਸਰੇ ਪਾਸੇ ਹਾਲਾਤ ਦਿਨੋ-ਦਿਨ ਬਹੁਤ ਵਿਗੜ ਰਹੇ ਸਨ। ਹੁਣ ਉਨ੍ਹਾਂ ਨੇ ਪੁਲੀਸ ਦੇ ਆਉਣ ਦੀ ਜ਼ਿੰਮੇਵਾਰੀ ਵੀ ਸਾਡੇ ਸਿਰ ਮੜ ਦਿੱਤੀ ਸੀ। ਹਰ ਪਾਸੇ ਦਹਿਸ਼ਤ ਦਾ ਮਾਹੌਲ ਸੀ। ਪੁਲੀਸ ਦਾ ਕੋਈ ਹੋਰ ਜ਼ੋਰ ਨਾ ਚਲਦਾ ਵੇਖ ਕੇ ਉਹ ਘਰ ਵਿਚ ਖੜ੍ਹੇ ਟਰੈਕਟਰਾਂ ਵਿਚੋਂ ਦੋ ਨਵੇਂ ਟਰੈਕਟਰ ਪੁਲੀਸ ਸਟੇਸ਼ਨ ਲੈ ਗਏ ਤੇ ਆਪਣੇ ਤਰੀਕੇ ਨਾਲ ਕਈ ਕਿਸਮ ਦਾ ਦਬਾਅ ਪਾਉਣ ਲੱਗੇ। ਅਜਿਹਾ ਵਰਤਾਰਾ ਉਨ੍ਹਾਂ ਨੇ ਉਥੇ ਵਸੇ ਬਹੁਤ ਸਾਰੇ ਪਰਿਵਾਰਾਂ ਨਾਲ ਕੀਤਾ ਸੀ। ਪਰ ਇਸ ਸਾਰੇ ਦੀ ਵਜ੍ਹਾ ਪੰਜਾਬ ਤੋਂ ਆਏ ਅੱਤਵਾਦੀਆਂ ਤੇ ਇਲਾਕੇ ਦੇ ਪੰਜ-ਛੇ ਮੁੰਡਿਆਂ ਦਾ ਉਨ੍ਹਾਂ ਨਾਲ ਮਿਲ ਕੇ ਕਤਲ, ਫਿਰੌਤੀਆਂ ਤੇ ਹੋਰ ਅੱਤਵਾਦੀਆਂ ਕਾਰਵਾਈਆਂ ਸਨ। ਪਰ ਸਾਡੇ ਸਮੇਤ ਸਭ ਪਰਿਵਾਰਾਂ ਨੂੰ ਪੁਲੀਸ ਤੋਂ ਜ਼ਿਆਦਾ ਡਰ ਅੱਤਵਾਦੀਆਂ ਦਾ ਸੀ ਜਿਹੜੇ ਕਿਸੇ ਵੇਲੇ ਵੀ ਕਿਸੇ ਦੀ ਜਾਨ ਲੈ ਸਕਦੇ ਸਨ।

ਸਾਡਾ ਪਰਿਵਾਰ ਪੁਲੀਸ ਤੇ ਅੱਤਵਾਦੀਆਂ ਦੀਆਂ ਧਮਕੀਆਂ ਤੇ ਕਾਰਵਾਈਆਂ ਕਰਕੇ ਕਾਫੀ ਮੁਸ਼ਕਿਲ ਵਿਚ ਸੀ। ਇਹ ਸਾਰੇ ਹਾਲਾਤ ਮੈਂ ਪੰਜਾਬ ਵਿਚ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਦੇ ਮੁੰਡਿਆਂ ਨਾਲ ਸਾਂਝੇ ਕੀਤੇ, ਜਿਨ੍ਹਾਂ ਦੀ ਇਸ ਲਹਿਰ ਵਿਚ ਸ਼ਾਮਲ ਕੁਝ ਮੁੰਡਿਆਂ ਨਾਲ ਵਾਕਫੀ ਤੇ ਨੇੜਤਾ ਸੀ। ਉਨ੍ਹਾਂ ਵਿਚੋਂ ਇਕ ਮੁੰਡਾ ਮੇਰੇ ਗੱਲ ਕਰਦੇ ਸਾਰ ਹੀ ਸਮਝ ਗਿਆ ਕਿ ਇਹ ਸਾਰੀ ਉਸ ਪਾਠੀ ਦੀ ਸਕੀਮ ਹੈ। ਟੈਲੀਫੋਨ ਨਾ ਹੋਣ ਕਰਕੇ ਕੋਈ ਵੀ ਲਿੰਕ ਲੱਭਣ ਵਾਸਤੇ ਸਾਰੀ ਭੱਜ-ਨੱਠ ਆਪ ਹੀ ਕਰਨੀ ਪੈਂਦੀ ਸੀ। ਉਨ੍ਹਾਂ ਨੇ ਆਪਣੇ ਸੂਤਰਾਂ ਰਾਹੀਂ ਉਸ ਪਾਠੀ ਨੂੰ ਸੁਨੇਹਾ ਪਹੁੰਚਾਉਣ ਦੀ ਕੋਸ਼ਿਸ ਕੀਤੀ ਜੋ ਸਿਰੇ ਨਾ ਚੜ੍ਹਿਆ। ਗੱਲ ਕਿਸੇ ਪਾਸੇ ਲਗਦੀ ਨਾ ਵੇਖ ਕੇ ਫੈਸਲਾ ਕੀਤਾ ਕਿ ਉਹ ਤਿੰਨੇ ਮੇਰੇ ਨਾਲ ਉਥੇ ਜਾ ਕੇ ਮਸਲੇ ਦਾ ਨਿਪਟਾਰਾ ਕਰਨਗੇ। ਉਨ੍ਹਾਂ ਦਿਨਾਂ ਵਿਚ ਯੂ.ਪੀ. ਨੂੰ ਜਾਣ ਵਾਸਤੇ ਦੋ ਗੱਡੀਆਂ ਹਾਵੜਾ ਮੇਲ ਤੇ ਐਕਸਪ੍ਰੈਸ ਹੀ ਹੁੰਦੀਆਂ ਸਨ। ਰੇਲਵੇ ਸਟੇਸ਼ਨ 'ਤੇ ਭਾਰੀ ਨਿਗਰਾਨੀ ਵਿਚ ਅਸੀਂ ਅੰਮ੍ਰਿਤਸਰ ਸਟੇਸ਼ਨ ਤੋਂ ਸ਼ਾਮ ਦੇ ਛੇ ਵਜੇ ਵਾਲੀ ਹਾਵੜਾ ਗੱਡੀ 'ਤੇ ਬੈਠ ਕੇ ਸਵੇਰੇ 2.30 ਵਜੇ ਨਜੀਬਾਬਾਦ ਸਟੇਸ਼ਨ ਪਹੁੰਚ ਗਏ। ਪਹਿਲਾਂ ਮਿਥੇ ਪ੍ਰੋਗਰਾਮ ਮੁਤਾਬਕ ਅਸੀਂ ਜੀਪ ਤੇ ਸਵਾਰ ਹੋ ਕੇ 15 ਕਿਲੋਮੀਟਰ ਦੂਰ ਇਕ ਰਿਸ਼ਤੇਦਾਰ ਦੇ ਫਾਰਮ ਹਾਊਸ 'ਤੇ ਪਹੁੰਚ ਗਏ। ਦੋ ਘੰਟੇ ਆਰਾਮ ਕਰਕੇ ਦੋ ਮੁੰਡੇ ਦਿਨ ਚੜ੍ਹਨ ਤੋਂ ਪਹਿਲਾਂ ਕੋਟਦਵਾਰ ਉਸ ਗ੍ਰੰਥੀ ਨੂੰ ਮਿਲਣ ਗਏ। ਇਹ ਦੂਰੀ ਇਸ ਫਾਰਮ ਤੋਂ 18-20 ਕਿਲੋਮੀਟਰ ਸੀ। ਇਨ੍ਹਾਂ ਦੋਹਾਂ ਵਿਚੋਂ ਇਕ ਦੀ ਗ੍ਰੰਥੀ ਨਾਲ ਪੁਰਾਣੀ ਜਾਣ-ਪਛਾਣ ਸੀ। ਉਨ੍ਹਾਂ ਨੂੰ ਦੇਖ ਕੇ ਪਾਠੀ ਘਬਰਾ ਗਿਆ ਤੇ ਉਸ ਨੂੰ ਸਾਰੀ ਗੱਲ ਸਮਝ ਆ ਗਈ। ਉਨ੍ਹਾਂ ਪਾਠੀ ਨੂੰ 12 ਵਜੇ ਤਕ ਦੱਸੇ ਹੋਏ ਫਾਰਮ ਹਾਊਸ ਆ ਕੇ ਆਪਣੀ ਸਥਿਤੀ ਸਪਸ਼ਟ ਕਰਨ ਲਈ ਕਿਹਾ। ਉਹ ਦੋਵੇਂ ਵਾਪਸ ਆ ਗਏ ਤੇ ਰੋਟੀ-ਪਾਣੀ ਛਕ ਕੇ ਉਸਦੀ ਉਡੀਕ ਕਰਨ ਲੱਗੇ। ਪਰ ਪਾਠੀ ਸ਼ਾਮ ਤਕ ਨਾ ਆਇਆ। ਸ਼ੱਕ ਪੈਣ 'ਤੇ ਉਨ੍ਹਾਂ ਫਿਰ ਉਸ ਗੁਰਦੁਆਰੇ ਗਏ ਤਾਂ ਇਕ ਬਜ਼ੁਰਗ ਨੇ ਦੱਸਿਆ, ਉਹ ਤਾਂ ਤੁਹਾਡੇ ਮਗਰੋਂ ਛੇਤੀ ਕਿਸੇ ਨੂੰ ਜ਼ਰੂਰੀ ਮਿਲਣ ਜਾਣ ਦਾ ਕਹਿ ਕੇ ਚਲਾ ਗਿਆ ਪਰ ਅਜੇ ਤਕ ਵਾਪਸ ਨਹੀਂ ਆਇਆ। ਅਗਲੇ ਦਿਨ ਪਤਾ ਚੱਲਿਆ ਕਿ ਕਿਸੇ ਜਾਣਕਾਰ ਮੁੰਡੇ ਦਾ ਮੋਟਰ ਸਾਈਕਲ ਲੈ ਕੇ ਮੁਕੇਰੀਆਂ (ਪੰਜਾਬ) ਚਲਾ ਗਿਆ ਤੇ ਉਸ ਤੋਂ ਬਾਅਦ ਉਹ ਵਾਪਸ ਨਹੀਂ ਆਇਆ।

ਇਸ ਘਟਨਾ ਦੀ ਖ਼ਬਰ ਉਸਦੇ ਹੋਰ ਸਾਥੀਆਂ ਨੂੰ ਲੱਗ ਗਈ ਤੇ ਉਸ ਇਲਾਕੇ ਦੇ 4-5 ਮੁੰਡੇ ਵੀ ਆਪਣੇ ਘਰੋਂ ਦੌੜ ਗਏ। ਸਾਡੇ ਇਲਾਕੇ ਵਿਚ ਖੁਸਰ-ਫੁਸਰ ਸ਼ੁਰੂ ਹੋ ਗਈ ਕਿ ਅਸਲੀ ਸਿੰਘ ਆਏ ਹਨ। ਪੂਰੀ ਤਸੱਲੀ ਕਰਨ ਤੋਂ ਬਾਅਦ ਉਹ ਉਨ੍ਹਾਂ ਘਰਾਂ ਵਿਚ ਗਏ ਜਿਨ੍ਹਾਂ ਦੇ ਮੁੰਡੇ ਸਾਡੇ ਲਈ ਸਮੱਸਿਆ ਪੈਦਾ ਕਰ ਰਹੇ ਸਨ। ਉਥੋਂ ਹੀ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਵਿਚੋਂ ਕੁਝ ਮੁੰਡੇ ਦੇਹਰਾਦੂਨ ਦੇ ਪਾਸ ਡੋਈਵਾਲਾ ਦੇ ਇਲਾਕੇ ਵਿਚ ਕਿਸੇ ਫਾਰਮ 'ਤੇ ਰੁਕੇ ਹਨ। ਅਗਲੇ ਦਿਨ ਉਹ ਉਥੇ ਪਹੁੰਚ ਗਏ ਪਰ ਉਨ੍ਹਾਂ ਦੇ ਜਾਣ ਤੋਂ ਪਹਿਲਾਂ ਉਹ ਉਥੋਂ ਜਾ ਚੁੱਕੇ ਸਨ। ਅਗਲੇ ਦਿਨ ਉਨ੍ਹਾਂ ਪਰਿਵਾਰਾਂ ਦੇ ਪੁਰਸ਼ ਬੰਦਿਆਂ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ ਕਿ ਜੇ ਇਸ ਪਰਿਵਾਰ (ਸਾਡੇ ਮਾਮੇ ਦੇ ਟੱਬਰ) ਦਾ ਕੋਈ ਨੁਕਸਾਨ ਹੋਇਆ ਤਾਂ ਇਹ ਸਾਰਾ ਤੁਹਾਨੂੰ ਭਰਨਾ ਪਵੇਗਾ।

ਅਸੀਂ ਉਥੇ ਪੰਜ-ਛੇ ਦਿਨ ਰਹਿ ਕੇ ਵਾਪਸ ਆ ਗਏ। ਇਸ ਦਾ ਨਤੀਜਾ ਇਹ ਨਿਕਲਿਆ ਕਿ ਕੇ.ਐਲ.ਐਫ ਦੇ ਅੱਤਵਾਦੀਆਂ ਦਾ ਟੋਲਾ, ਜਿਹੜਾ ਫਿਰੌਤੀ ਤੇ ਹੋਰ ਕੰਮਾਂ ਵਿਚ ਲੱਗਾ ਸੀ, ਦੀ ਬਹੁਤ ਕਿਰਕਿਰੀ ਹੋਈ ਤੇ ਲੋਕਾਂ ਨੇ ਉਨ੍ਹਾਂ ਤੋਂ ਕਿਨਾਰਾ ਵੱਟਣਾ ਸ਼ੁਰੂ ਕਰ ਦਿੱਤਾ। ਇਹ ਗੱਲ ਇਸ ਗਰੁੱਪ ਨੇ ਪੰਜਾਬ ਵਿਚ ਆਪਣੇ ਕਮਾਂਡਰ ਸੁਰਜੀਤ ਸਿੰਘ ਕੋਲ ਪਹੁੰਚਾਈ ਕਿ ਸਾਨੂੰ ਹੁਣ ਲੋਕ ਘਰ ਨਹੀਂ ਵੜਨ ਦੇਂਦੇ। ਇਸ ਗੱਲ 'ਤੇ ਉਹ ਬਹੁਤ ਦੁਖੀ ਹੋਇਆ ਤੇ ਉਸਨੇ ਬਦਲਾ ਲੈਣ ਦੀ ਧਾਰੀ ਤੇ ਪੰਜਾਬ ਵਿਚ ਆਪਣੀ ਜਥੇਬੰਦੀ ਦੇ ਮੁੰਡਿਆਂ ਨੂੰ ਸਾਡੇ ਜੱਦੀ ਪਿੰਡ ਵਡਾਲਾ ਕਲਾਂ ਜੋ ਬਾਬੇ ਬਕਾਲੇ ਪਾਸ ਹੈ, ਸਾਡੇ ਪਰਿਵਾਰ ਦੀ ਜਾਣਕਾਰੀ ਲੈਣ ਲਈ ਭੇਜਿਆ। ਉਨ੍ਹਾਂ ਦਿਨਾਂ ਵਿਚ ਪਰਿਵਾਰ ਦਾ ਕੋਈ ਵੀ ਜੀਅ ਉਥੇ ਨਹੀਂ ਸੀ। ਬਾਅਦ ਵਿਚ ਪਤਾ ਲੱਗਾ ਕਿ ਉਹ ਮੁੰਡੇ ਸਾਡੇ ਘਰ ਦੇ ਆਲੇ ਦੁਆਲੇ ਫਿਰ ਕੇ ਗਏ ਸੀ ਪਰ ਗੁਆਂਢੀਆਂ ਨੇ ਡਰਦੇ ਮਾਰੇ ਸਾਨੂੰ ਇਸ ਦੀ ਕੋਈ ਖਬਰ ਨਾ ਦਿੱਤੀ। ਕਮਾਂਡਰ ਬਹੁਤ ਗੁੱਸੇ ਵਿਚ ਆਇਆ ਤੇ ਉਸਨੇ ਇਹ ਗੱਲ ਆਪਣੇ ਨਜ਼ਦੀਕੀ ਸਾਥੀ ਪਿੰਡ ਦੇ ਮੁੰਡੇ ਨਾਲ ਸਾਂਝੀ ਕੀਤੀ ਤੇ ਕਿਹਾ ਹੁਣ ਸਬਕ ਸਿਖਾਉਣ ਦਾ ਵੇਲਾ ਆ ਗਿਆ ਹੈ। ਇਹ ਗੱਲ ਉਸ ਮੁੰਡੇ ਨੇ ਆਪਣੀ ਘਰ ਵਾਲੀ ਨੂੰ ਦੱਸੀ, ਜਿਹੜੀ ਸਾਡੇ ਪਿੰਡ ਤੋਂ ਉਸ ਨਾਲ ਵਿਆਹੀ ਹੋਈ ਸੀ। ਜਦੋਂ ਉਹ ਕਮਾਂਡਰ ਅਗਲੇ ਦਿਨ ਉਨ੍ਹਾਂ ਦੇ ਘਰ ਗਿਆ ਤਾਂ ਉਸ ਲੜਕੀ ਨੇ ਉਸ ਨੂੰ ਵਾਸਤਾ ਪਾਇਆ ਤੇ ਕਿਹਾ ਕਿ ਉਹ ਪਰਿਵਾਰ ਬਹੁਤ ਚੰਗਾ ਹੈ। ਅਸਲ ਵਿਚ ਉਸ ਲੜਕੀ ਦਾ ਪਿਤਾ ਮੇਰੇ ਪਿਤਾ ਜੀ ਨਾਲ ਪੰਜਵੀਂ ਜਮਾਤ ਤਕ ਪੜ੍ਹਿਆ ਹੋਇਆ ਸੀ। ਉਸਦਾ ਪਰਿਵਾਰ ਆਪਣੀ ਮੱਝ-ਗਾਂ ਵਾਸਤੇ ਪੱਠੇ ਸਾਡੇ ਖੇਤ ਵਿਚੋਂ ਲੈ ਜਾਇਆ ਕਰਦਾ ਸੀ। ਹਾਲਾਤ ਦੀ ਨਾਜ਼ੁਕਤਾ ਸਮਝਦੇ ਹੋਏ ਉਸ ਲੜਕੀ ਨੇ ਸਾਡੇ ਪਰਿਵਾਰ ਦੇ ਇਕ ਮੈਂਬਰ ਨੂੰ ਕਮਾਂਡਰ ਨਾਲ ਮਿਲਾਉਣ ਦੀ ਜ਼ਿੰਮੇਵਾਰੀ ਲਈ। ਆਪਣੇ ਪਿਤਾ ਜੀ ਦੀ ਮਦਦ ਨਾਲ ਸਾਡੇ ਗੁਆਂਢੀ ਦੇ ਮੁੰਡੇ ਨੂੰ ਮੇਰੇ ਨਾਲ ਸੰਪਰਕ ਕਰ ਕੇ ਉਸਦਾ ਸੁਨੇਹਾ ਪਹੁੰਚਾਉਣ ਲਈ ਕਿਹਾ। ਨਾਲ ਹੀ ਉਸ ਨੇ ਕਿਹਾ ਕਿ ਜਿੰਨੀ ਜਲਦੀ ਹੋ ਸਕੇ ਸੁਰਜੀਤ ਸਿੰਘ ਨੂੰ ਮਿਲ ਕੇ ਸਫਾਈ ਦਿੱਤੀ ਜਾਵੇ, ਨਹੀਂ ਤਾਂ ਬਹੁਤ ਵੱਡਾ ਨੁਕਸਾਨ ਹੋ ਸਕਦਾ ਹੈ। ਅਗਲੇ ਦਿਨ ਮੈਂ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਉਸਦੇ ਪਿੰਡ ਰਈਏ ਕੋਲ ਆ ਕੇ ਮਿਲਿਆ ਤੇ ਸਾਰੀ ਗੱਲਬਾਤ ਦੱਸੀ। ਉਹ ਲੜਕਾ ਵੀ ਸਾਡੇ ਨਾਲ ਯੂਪੀ ਵਿਚ ਸਾਡਾ ਮਸਲਾ ਹੱਲ ਕਰਨ ਵਾਸਤੇ ਸ਼ਾਮਲ ਸੀ। ਸਾਰੀ ਗੱਲ ਸੁਣਨ ਤੋਂ ਬਾਅਦ ਉਸ ਨੇ ਮੈਨੂੰ ਹੌਸਲਾ ਦਿੱਤਾ ਕਿ ਕੱਲ੍ਹ ਨੂੰ ਆਪਾਂ ਉਸਦੇ ਪਿੰਡ ਦੱਸੇ ਹੋਏ ਘਰ ਜਾ ਕੇ ਸਾਰੀ ਗੱਲ ਸਾਫ ਕਰ ਦੇਵਾਂਗੇ। ਇਸ ਤੋਂ ਬਾਅਦ ਮੈਂ ਵਾਪਸ ਅੰਮ੍ਰਿਤਸਰ ਆ ਗਿਆ।

ਅਗਲੀ ਸਵੇਰ ਮੈਂ ਅੰਮ੍ਰਿਤਸਰ ਤੋਂ ਸਕੂਟਰ ਰਾਹੀਂ ਰਈਏ ਪਹੁੰਚ ਗਿਆ। ਉਥੋਂ ਅਸੀਂ ਦੱਸੀ ਹੋਈ ਜਗ੍ਹਾ ਵੱਲ ਚੱਲ ਪਏ ਜਿਹੜੀ ਰਈਏ ਤੋਂ ਉਤਰ ਵਿਚ ਲਿੰਕ ਰੋਡ ਰਾਹੀਂ 6-7 ਕਿਲੋਮੀਟਰ ਸੀ। ਇਸ ਜਗ੍ਹਾ ਤੋਂ ਇਕ ਕਿਲੋਮੀਟਰ ਪਹਿਲਾਂ ਸੁਧਾਰ ਪਿੰਡ ਪੈਂਦਾ ਹੈ। ਉਥੇ ਪਹੁੰਚ ਕੇ ਮੇਰੇ ਸਾਥੀ ਨੇ ਅੱਗੇ ਜਾਣ ਤੋਂ ਮਨ੍ਹਾ ਕਰ ਦਿੱਤਾ ਤੇ ਕਿਹਾ ਤੂੰ ਸਕੂਟਰ ਏਥੇ ਛੱਡ ਕੇ ਉਸ ਨੂੰ ਮਿਲ ਆ। ਉਹ ਐਤਵਾਰ ਦੀ ਛੁੱਟੀ ਹੋਣ ਕਰਕੇ ਸਕੂਲ ਦੀ ਗਰਾਊਂਡ ਵਿਚ ਰੁਕ ਗਿਆ। ਪਿੰਡ ਦੇ ਲੋਕਾਂ ਮੁਤਾਬਕ ਸਕੂਲ ਵਿਚ ਇਕ ਹਫਤਾ ਪਹਿਲਾਂ ਪੁਲੀਸ ਨੇ ਦੋ ਨੌਜਵਾਨ ਮੁੰਡਿਆਂ ਦਾ ਫਰਜ਼ੀ ਮੁਕਾਬਲਾ ਬਣਾਇਆ ਸੀ। ਮੇਰੇ ਪਾਸ ਕੋਈ ਹੋਰ ਚਾਰਾ ਨਾ ਹੋਣ ਕਰਕੇ ਮੈਂ 10-15 ਮਿੰਟ ਚੱਲਣ ਤੋਂ ਬਾਅਦ ਇਕ ਕਿਲੋਮੀਟਰ ਤੋਂ ਘੱਟ ਪੈਂਡਾ ਤਹਿ ਕਰ ਕੇ ਦੱਸੀ ਹੋਈ ਜਗ੍ਹਾ 'ਤੇ ਪਹੁੰਚ ਗਿਆ। ਇਹ ਦੋ ਕਮਰਿਆਂ ਦਾ 4-5 ਮਰਲੇ ਦਾ ਦਾ ਘਰ ਸੀ ਤੇ ਗਲੀ ਵਾਲੇ ਪਾਸੇ ਉਸਦੇ ਮਾਲਕ ਦੀ ਇਕ ਪ੍ਰਚੂਨ ਦੀ ਦੁਕਾਨ ਸੀ। ਘਰ ਦੇ ਦਰਵਾਜ਼ੇ ਕੋਲ ਪਾਣੀ ਵਾਲਾ ਨਲਕਾ ਤੇ ਵਿਹੜੇ ਵਿਚ ਚੁੱਲ੍ਹਾ ਬਣਿਆ ਹੋਇਆ ਸੀ। ਮੈਂ ਗਲੀ ਵਾਲੇ ਪਾਸੇ ਤੋਂ ਦੁਕਾਨ ਵੱਲ ਚਲਾ ਗਿਆ ਜਿਥੇ ਸਾਡੇ ਪਿੰਡ ਦੀ ਲੜਕੀ ਦਾ ਘਰਵਾਲਾ ਮੇਰਾ ਇੰਤਜ਼ਾਰ ਕਰ ਰਿਹਾ ਸੀ। ਉਸਨੇ ਮੈਨੂੰ ਬੜੇ ਪਿਆਰ ਨਾਲ ਸਾਰੀ ਗੱਲ ਸਮਝਾ ਕੇ ਕਿਹਾ, ਹੋ ਸਕਦੈ ਉਹ ਤੇਰੇ ਨਾਲ ਬਹੁਤ ਬਦਤਮੀਜ਼ੀ ਨਾਲ ਪੇਸ਼ ਆਵੇ ਤੇ ਗਾਲ੍ਹਾਂ ਵੀ ਕੱਢ ਦੇਵੇ। ਪਰ ਉਹ ਆਪਣੇ ਆਪ ਥੋੜ੍ਹੇ ਚਿਰ ਬਾਅਦ ਠੰਡਾ ਹੋ ਜਾਵੇਗਾ ਕਿਉਂਕਿ ਉਸ ਨੂੰ ਯੂਪੀ ਵਿਚ ਗਏ ਹੋਏ ਮੁੰਡਿਆਂ ਦਾ ਪਤਾ ਹੈ, ਇਸ ਲਈ ਉਹ ਤੇਰਾ ਕੋਈ ਨੁਕਸਾਨ ਨਹੀਂ ਕਰੇਗਾ। ਮੈਂ ਬਿਨਾਂ ਕਿਸੇ ਭੈਅ ਦੇ ਸੁਰਜੀਤ ਸਿੰਘ ਨੂੰ ਮਿਲਣ ਲਈ ਉਸਦੀ ਦੱਸੀ ਥਾਂ 'ਤੇ ਚਲਾ ਗਿਆ।

ਉਹ ਮੈਨੂੰ ਘਰ ਅੰਦਰ ਲੈ ਗਿਆ। ਮੈਨੂੰ ਦੇਖ ਕੇ ਉਸਦੀ ਪਤਨੀ ਨੇ ਕਿਹਾ, "ਚੰਗਾ ਕੀਤਾ ਵੀਰ ਤੂੰ ਅੱਜ ਆ ਗਿਆਂ। ਇਹ ਬਹੁਤ ਗੁੱਸੇ ਵਿਚ ਕਹਿ ਰਿਹਾ ਸੀ ਕਿ ਅੱਜ ਤੋਂ ਬਾਅਦ ਅਸੀਂ ਆਪਣੀ ਮਰਜ਼ੀ ਕਰਾਂਗੇ। ਉਸਨੇ ਵੀ ਮੈਨੂੰ ਸ਼ਾਂਤ ਰਹਿ ਕੇ ਉਸ ਦੀਆਂ ਗੱਲਾਂ ਸੁਣਨ ਲਈ ਕਿਹਾ। ਸੁਰਜੀਤ ਸਿੰਘ ਜੂਨ ਦੇ ਮਹੀਨੇ ਵਿਚ ਮੰਜੇ 'ਤੇ ਪਤਲੀ ਜਿਹੀ ਚਾਦਰ ਮੂੰਹ 'ਤੇ ਲੈ ਕੇ ਪੱਖੇ ਥੱਲੇ ਲੰਮਾ ਪਿਆ ਹੋਇਆ ਸੀ। ਉਸ ਨੂੰ ਮੇਰੇ ਆਉਣ ਦੀ ਸੂਚਨਾ ਮਿਲ ਚੁੱਕੀ ਸੀ।

ਸਾਡੇ ਕਮਰੇ ਵਿਚ ਅੰਦਰ ਵੜਨ 'ਤੇ ਉਹ ਜਾਣ-ਬੁੱਝ ਕੇ ਉਭੜਵਾਹੇ ਉਠਿਆ ਤੇ ਮੇਰੇ ਵੱਲ ਬੜੀਆਂ ਭੈੜੀਆਂ ਨਜ਼ਰਾਂ ਨਾਲ ਵੇਖਿਆ ਤੇ ਕਿਹਾ ਕਿ ਤੂੰ ਉਥੇ ਮੁੰਡੇ ਲੈ ਕੇ ਗਿਆ ਸੀ। ਮੈਂ ਮੂੰਹ ਹਿਲਾ ਕੇ ਹਾਂ ਕਿਹਾ। ਉਸ ਤੋਂ ਬਾਅਦ ਉਹ ਪੂਰੇ ਜ਼ੋਰ ਨਾਲ ਮੇਰੇ ਤੇ ਚੀਕਾਂ ਮਾਰ-ਮਾਰ ਕੇ ਰੋਹਬ ਪਾਉਣ ਲੱਗਾ ਅਤੇ ਕਾਫੀ ਵੱਧ ਘੱਟ ਬੋਲਿਆ। ਉਸਨੇ ਕਿਹਾ ਕਿ ਜੇ ਇਹ ਕੁੜੀ ਵਿਚ ਨਾ ਪੈਂਦੀ ਤਾਂ ਤੁਹਾਨੂੰ ਪੱਕਾ ਸਬਕ ਸਿਖਾਉਣਾ ਸੀ। 5-7 ਮਿੰਟ ਬਾਅਦ ਉਹ ਕੁਝ ਨਰਮ ਪਿਆ ਤੇ ਮੈਨੂੰ ਯੂਪੀ ਗਏ ਮੁੰਡਿਆਂ ਬਾਰੇ ਪੁੱਛਿਆ। ਅਸਲ ਵਿਚ ਉਹ ਉਨ੍ਹਾਂ ਨੂੰ ਜਾਣਦਾ ਸੀ। ਪਰ ਮੇਰੇ ਕੋਲੋ ਉਨ੍ਹਾਂ ਨਾਲ ਮੇਰਾ ਸਬੰਧ ਪੁੱਛਣਾ ਚਾਹੁੰਦਾ ਸੀ। ਉਸਨੇ ਕੋਟਦੁਆਰ ਵਾਲੇ ਪਾਠੀ ਦਾ ਵੀ ਉਥੋਂ ਚਲੇ ਜਾਣ ਲਈ ਸਾਨੂੰ ਦੋਸ਼ੀ ਠਹਿਰਾਇਆ ਤੇ ਨਾਲ ਹੀ ਉਸ ਦੀ ਜਥੇਬੰਦੀ ਦੇ ਮੈਂਬਰਾਂ ਦੇ ਪਰਿਵਾਰਾਂ ਨੂੰ ਦਿੱਤੀ ਹੋਈ ਚਿਤਾਵਨੀ ਬਾਰੇ ਵੀ ਮੇਰੇ ਨਾਲ ਗਏ ਹੋਏ ਮੁੰਡਿਆਂ ਨੂੰ ਬੁਰਾ ਭਲਾ ਕਿਹਾ। ਇਹ ਵਰਤਾਰਾ ਕੋਈ 40-50 ਮਿੰਟ ਤਕ ਚਲਿਆ ਹੋਵੇਗਾ। ਓਨੀ ਦੇਰ ਨੂੰ ਸਾਡੇ ਪਿੰਡ ਦੀ ਲੜਕੀ ਚਾਹ ਲੈ ਕੇ ਆ ਗਈ। ਉਹ ਲੜਕੀ ਵੀ ਸਾਡੇ ਕੋਲ ਬੈਠ ਗਈ ਤੇ ਅਸੀਂ ਤਿੰਨਾਂ ਨੇ ਚਾਹ ਪੀਤੀ। ਇਸ ਤੋਂ ਬਾਅਦ ਉਹ ਆਪਣੀ ਜਥੇਬੰਦੀ ਦੇ ਲੋਕਾਂ ਦੀ ਖਾਲਿਸਤਾਨ ਦੀ ਪ੍ਰਾਪਤੀ ਲਈ ਸ਼ਹੀਦੀਆਂ ਤੇ ਸਰਕਾਰ ਖਿਲਾਫ਼ ਲੜ ਰਹੀ ਲੜਾਈ ਦੀਆਂ ਗੱਲਾਂ ਕਰਦਾ ਰਿਹਾ ਤੇ ਸਾਡੇ ਵਰਗੇ ਲੋਕਾਂ ਨੂੰ ਕੋਸਦਾ ਤੇ ਬੁਰਾ ਭਲਾ ਕਹਿੰਦਾ ਰਿਹਾ। ਬਾਅਦ ਵਿਚ ਭਾਵੇਂ ਉਸਦੀ ਬੋਲ ਬਾਣੀ ਕੁਝ ਨਰਮ ਹੋ ਗਈ ਸੀ ਪਰ ਉਹ ਬਹੁਤ ਤਲਖੀ ਵਿਚ ਸੀ। ਉਹ ਬਾਰ ਬਾਰ ਕਹਿ ਰਿਹਾ ਸੀ ਕਿ ਤੁਹਾਡੀ ਕਿਸਮਤ ਚੰਗੀ ਹੈ ਕਿ ਤੁਸੀਂ ਆਪਣੇ ਪਿੰਡ ਵਾਲੇ ਘਰ ਵਿਚ ਨਹੀਂ ਮਿਲੇ। ਸਾਡੇ ਮੁੰਡੇ ਤਾਂ ਦੋ ਤਿੰਨ ਵਾਰ ਸਬਕ ਸਿਖਾਉਣ ਵਾਸਤੇ ਗਏ ਸਨ। ਦੂਸਰਾ ਇਸ ਲੜਕੀ ਨੇ ਤੁਹਾਡੇ ਪਰਿਵਾਰ ਦਾ ਬਹੁਤ ਪੱਖ ਪੂਰਿਆ ਸੀ।

ਮੈਂ ਤਕਰੀਬਨ ਦੋ ਘੰਟੇ ਰਿਹਾ। ਇਸ ਸਮੇਂ ਦੌਰਾਨ ਮੇਰੇ ਮਨ ਵਿਚ ਕਿਸੇ ਵੇਲੇ ਵੀ ਉਥੇ ਪੁਲਿਸ ਦੇ ਆ ਜਾਣ ਦਾ ਡਰ ਆਉਂਦਾ ਰਿਹਾ, ਕਿਉਂਕਿ ਉਹ ਗੱਲਾਂ ਹੀ ਅਜੇਹੀਆਂ ਕਰ ਰਿਹਾ ਸੀ। ਗੱਲਬਾਤ ਮੁਕਾਉਣ ਤੋਂ ਬਾਅਦ ਮੈਂ ਜਦੋਂ ਘਰੋਂ ਬਾਹਰ ਗਲੀ ਵਿਚ ਆਇਆ ਤੇ ਉਸਨੇ ਮੈਨੂੰ ਆਵਾਜ਼ ਮਾਰ ਕੇ ਬੁਲਾ ਲਿਆ। ਜਿਸ ਡਬਲਬੈੱਡ ਤੇ ਉਹ ਲੰਮਾ ਪਿਆ ਸੀ, ਉਸਦਾ ਬੋਕਸ ਚੁੱਕਣ ਲਈ ਕਿਹਾ ਤੇ ਦੂਸਰਾ ਉਸਨੇ ਆਪ ਉਠਾਇਆ। ਬਕਸਿਆਂ ਵਿਚ ਕਾਫੀ ਹਥਿਆਰ ਤੇ ਗੋਲਾ ਬਾਰੂਦ ਸੀ। ਉਨ੍ਹਾਂ ਵੱਲ ਇਸ਼ਾਰਾ ਕਰਦੇ ਕਹਿੰਦਾ ਕਿ ਮੈਂ ਤੈਨੂੰ ਇਹ ਦੇਖਣ ਲਈ ਬੁਲਾਇਆ ਹੈ ਕਿ ਕਿਵੇਂ ਅਸੀਂ ਮੌਤ ਨੂੰ ਸਿਰ 'ਤੇ ਚੁੱਕੀ ਫਿਰਦੇ ਹਾਂ। ਮੈਂ ਉਸਦੀ ਇਸ ਗੱਲ ਦਾ ਕੋਈ ਜਵਾਬ ਨਾ ਦਿੱਤਾ। ਉਸਨੇ ਮੈਨੂੰ ਬੋਕਸ ਬੰਦ ਕਰਨ ਲਈ ਕਿਹਾ ਤੇ ਮੈਂ ਬਾਹਰ ਵਿਹੜੇ ਵਿਚ ਆ ਗਿਆ। ਥੋੜ੍ਹੀ ਦੇਰ ਰੁਕਣ ਤੋਂ ਬਾਅਦ ਮੈਂ ਸੁਧਾਰ ਪਿੰਡ ਦੇ ਸਕੂਲ ਵੱਲ ਚੱਲ ਪਿਆ ਜਿਥੇ ਮੇਰਾ ਰਿਸ਼ਤੇਦਾਰ ਇੰਤਜ਼ਾਰ ਕਰ ਰਿਹਾ ਸੀ। ਉਹ ਬਹੁਤ ਘਬਰਾਇਆ ਹੋਇਆ ਸੀ ਤੇ ਉਸਦੇ ਕਹੇ ਮੁਤਾਬਕ ਉਸਦੇ ਮਨ ਵਿਚ ਕਈ ਕਿਸਮ ਦੇ ਬੁਰੇ ਖਿਆਲ ਆ ਰਹੇ ਸਨ। ਫਿਰ ਅਸੀਂ ਦੋਵੇਂ ਸਕੂਟਰ ਲੈ ਕੇ ਰਈਏ ਪਹੁੰਚੇ ਜਿਥੋਂ ਉਹ ਆਪਣੇ ਪਿੰਡ ਚਲਾ ਗਿਆ ਤੇ ਮੈਂ ਅੰਮ੍ਰਿਤਸਰ ਪਹੁੰਚ ਗਿਆ। ਇਸ ਤੋਂ ਬਾਅਦ ਸਾਡਾ ਫਾਰਮ ਵਾਲਾ ਮਸਲਾ ਸ਼ਾਂਤ ਹੋ ਗਿਆ।

ਇਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਪੁਲੀਸ ਤੇ ਨੀਮ ਫੌਜੀ ਦਲਾਂ ਦਾ ਕਾਫੀ ਦਬਾਅ ਵਧ ਗਿਆ ਸੀ। 1992 ਦੀਆਂ ਚੋਣਾਂ ਤੋਂ ਬਾਅਦ ਨਵੀਂ ਬਣੀ ਬੇਅੰਤ ਸਿੰਘ ਦੀ ਸਰਕਾਰ ਨੇ ਥੋੜ੍ਹੇ ਸਮੇਂ ਵਿਚ ਹੀ ਰਾਜ ਦੀ ਤਾਕਤ ਤੇ ਲੋਕਾਂ ਦੇ ਸਮਰਥਨ ਨਾਲ ਅੱਤਵਾਦ ਦਾ ਲੱਕ ਤੋੜ ਦਿੱਤਾ। ਉਨ੍ਹਾਂ ਦਿਨਾਂ ਵਿਚ ਬਹੁਤ ਸਾਰੇ ਮੁੰਡਿਆਂ ਨੇ ਪੁਲੀਸ ਅੱਗੇ ਸਮਰਪਣ ਕੀਤਾ, ਜਿਨ੍ਹਾਂ ਵਿਚ ਇਹ ਕਮਾਂਡਰ ਵੀ ਸੀ। ਸਾਡੇ ਇਲਾਕੇ ਦੇ ਜਾਣਕਾਰ ਦੱਸਦੇ ਹਨ ਕਿ ਕੇ.ਐਲ.ਐਫ ਦੇ ਚੀਫ਼ ਦੀ ਮੌਤ ਤੋਂ ਬਾਅਦ ਇਹ ਪੰਜਾਬ ਪੁਲੀਸ ਦਾ ਸੂਹੀਆ ਬਣ ਗਿਆ ਸੀ। ਉਸ ਨੂੰ ਆਖਰੀ ਵਾਰ ਪਿੰਡ ਦੇ ਲੋਕਾਂ ਨੇ 1993 ਦੇ ਹੋਲੇ-ਮਹੱਲੇ 'ਤੇ ਆਨੰਦਪੁਰ ਵਿਚ ਇਕ ਕਾਲੇ ਸ਼ੀਸ਼ਿਆਂ ਵਾਲੀ ਜਿਪਸੀ ਵਿਚ ਬੈਠੇ ਦੇਖਿਆ ਸੀ। ਉਸ ਤੋਂ ਬਾਅਦ ਅੱਜ ਤਕ ਕਿਸੇ ਨੂੰ ਵੀ ਉਸਦੀ ਕੋਈ ਖ਼ਬਰ ਨਹੀਂ ਹੈ।

*ਸਾਬਕਾ ਅਧਿਆਪਕ, ਰਾਜਨੀਤੀ ਸ਼ਾਸਤਰ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ




ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ
PUNJABI CULTURE SOCIETY OF MICJHIGAN
PRESENTS
ANNUAL PUNJABI MELA MAY 18, 2024 | WINGS EVENT CENTER \ 04:00 PM
3600 VANRICK DRIVE, KALAMAZOO, MI 49001
OPEN DJ
•DINNER
•PERFORMANCES
•SINGERS
GIDHA | NETWORKING | MEDIA PARTNER HARJAS MEDIA GROUP
Chief Guest Darshan Singh Grewal
RSVP
Karnail Singh Jabo
Chairman
Sukhwindar Singh Narwal
President
Ajay Grovar
Vice President
Yadwinder Singh Sohi
Secretary
Rajwinder Bains
Media-Coordinator
Mukhtar Singh Khera
Treasurer
Tarsem Singh
Joint Treasurer
ਪੰਜਾਬੀ ਕਲਚਲ ਸੁਸਾਇਟੀ ਮਿਸ਼ੀਗਨ ਵੱਲੋਂ ਹਰ ਸਾਲ ਵਾਂਗ ਇਸ ਸਾਲ ਵੀ 18 ਮਈ 2024 ਨੂੰ ਸਾਲਾਨਾ ਪੰਜਾਬੀ ਮੇਲਾ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਗਿੱਧਾ, ਭੰਗੜਾ, ਓਪਨ ਡੀ.ਜੇ. ਤੇ ਗੀਤ-ਸੰਗੀਤ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਮਨੋਰੰਜਨ ਭਰਪੂਰ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਸਭਨਾਂ ਨੂੰ ਪਰਿਵਾਰਾਂ ਸਮੇਤ ਮੇਲੇ ਵਿੱਚ ਪੁਜੱਣ ਦਾ ਸੱਦਾ ਦਿੱਤਾ ਜਾਂਦਾ ਹੈ।
ਸਥਾਨ:
Wings Event Cebtre, 3600 Vanrick Drive, Kalamazoo, MI
ਸਮਾਂ: ਸ਼ਾਮ 4 ਵਜੇ ਤੋਂ
Media Partner: Radio Chann Pardesi
ਰੇਡੀਓ ਚੰਨ ਪਰਦੇਸੀ
Free Family Entertainment Event

ਨਿਰਵਿਘਨ ਪ੍ਰਕਾਸ਼ਨ ਦੇ 25ਵੇਂ ਸਾਲ 'ਚ (ਪਹਿਲੀ ਜਨਵਰੀ 2000-2024)

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ ਅਤੇ ਅਯੋਧਿਆ ਸਲਵਾਨ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 18 ਮਈ 2024 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਗੈਸਟ ਆਫ ਆਨਰ



ਮੇਜਰ ਗੁਰਚਰਨ ਸਿੰਘ ਝੱਜ



ਡਾ. ਵਿਕਰਮ ਸਿੰਘ ਗਿੱਲ



ਡਾ. ਦਲਬੀਰ ਸਿੰਘ ਪੰਨੂ

ਯਾਦ ਸਲਾਮਤ ਰਹੇ...



ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ



ਏ ਜੇ ਸੰਧੂ



ਹਰਮਨ ਬਿੰਦ



ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ



ਡਾ. ਹਰਗੁਰਮੁਖਪਾਲ ਸਿੰਘ



ਹਰਦਿਆਲ ਸਿੰਘ ਦਿਓਲ



ਡਾ. ਗੁਰਦਿਆਲ ਸਿੰਘ ਬਸਰਾਨ



ਜੈਦੇਵ ਸਿੰਘ ਭੱਠਲ



ਜਗਦੀਸ਼ਰ ਸਿੰਘ ਕਲੇਰ



ਗੁਰਚਰਨ ਸਿੰਘ ਗਰੇਵਾਲ



ਹਰਜੀਤ ਸਿੰਘ ਸਾਹੀ



ਦਰਸ਼ਨ ਸਿੰਘ ਦਰੜ



ਮਨਦੀਪ ਸਿੰਘ ਭੂਰਾ



ਰਘਬੀਰ ਸਿੰਘ ਘੁੰਨ



ਪਰਮਿੰਦਰ ਸਿੰਘ ਵਾਲੀਆ



ਅਮਰੀਕ ਸਿੰਘ



ਜਸਕਰਨ ਸਿੰਘ ਧਾਲੀਵਾਲ



ਡਾ. ਤੇਜਿੰਦਰ ਸਿੰਘ ਮੰਡੇਰ



ਅਵਤਾਰ ਸਿੰਘ ਸਪਰਿੰਗਫੀਲਡ



ਗੁਲਜ਼ਾਰ ਸਿੰਘ ਮੁਲਤਾਨੀ



ਰਾਜਿੰਦਰ ਸਿੰਘ ਬੈਂਸ




ਗੁਰਵੀਰ ਸਿੰਘ ਗਿੱਲ



ਗੁਰਦੇਵ ਸਿੰਘ ਜੌੜਾ




ਜਸਵੀਰ ਕੌਰ ਢਿਲੋਂ



ਡਾ. ਇਨਕਲਾਬੀ ਥਾਂਦੀ



ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਅੰਮ੍ਰਿਤਪਾਲ ਸਿੰਘ ਸੰਘਾ




ਭੁਪਿੰਦਰ ਸਿੰਘ ਧਾਲੀਵਾਲ



ਹਰਵਿੰਦਰ ਪਾਲ ਸਿੰਘ ਲੈਲ



ਸਰਵਣ ਸਿੰਘ ਟਿਵਾਣਾ



ਅਮੋਲਕ ਸਿੰਘ ਗਾਖਲ



ਜੱਸੀ ਗਿੱਲ

# PUNJAB TIMES NIGHT 2024

## ਵਿਸ਼ੇਸ਼ ਮਹਿਮਾਨ


ਦਰਸ਼ਨ ਸਿੰਘ ਧਾਲੀਵਾਲ (ਚੀਫ਼ ਗੈਸਟ)


ਵਰਿਆਮ ਸਿੰਘ ਸੰਧੂ (ਮੁੱਖ ਬੁਲਾਰਾ)


ਸੁਰਿੰਦਰ ਸਿੰਘ ਸੁੰਨੜ (ਚੀਫ਼ ਗੈਸਟ)



ਸੁੱਖੀ ਬਾਠ (ਚੀਫ਼ ਗੈਸਟ)

## ਪਹੁੰਚ ਰਹੀਆਂ ਅਦਬੀ ਸ਼ਖਸੀਅਤਾਂ


ਡਾ. ਲਖਵਿੰਦਰ ਜੌਹਲ


ਡਾ. ਗੁਰਬਖ਼ਸ਼ ਸਿੰਘ ਭੰਡਾਲ


ਡਾ. ਆਤਮਜੀਤ ਸਿੰਘ


ਰਵਿੰਦਰ ਸਹਿਰਾਅ


ਭੁਪਿੰਦਰ ਦੁਲੇ


ਅਜੇ ਤਨਵੀਰ


ਸੁਰਿੰਦਰ ਸੋਹਲ


ਅਸ਼ੋਕ ਭੌਰਾ


ਬੀਬੀ ਸੁਰਜੀਤ ਕੌਰ ਸੈਕਰਾਮੈਂਟੋ


ਦਵਿੰਦਰ ਕੌਰ ਗੁਰਾਇਆ



ਤਾਹਿਰਾ ਰਿਧਾ



ਪੂਜਾ ਧਾਲੀਵਾਲ


ਰਜਿੰਦਰ ਟਾਂਡਾ


ਹਰਜਿੰਦਰ ਕੰਗ


ਇਕਬਾਲ ਜੱਬੋਵਾਲੀਆ


ਆਬਿਦ ਰਸ਼ੀਦ


ਗੁਲਾਮ ਮੁਸਤਫਾ ਅੰਜੁਮ

## ਵਿਸ਼ੇਸ਼ ਸਹਿਯੋਗੀ


ਜੈਰਾਮ ਸਿੰਘ ਕਾਹਲੋਂ


ਡਾ. ਹਰਜਿੰਦਰ ਸਿੰਘ ਖਹਿਰਾ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ


ਸੁਖਪਾਲ ਗਿੱਲ


ਜਿਗਰਦੀਪ ਸਿੰਘ ਢਿੱਲੋਂ


ਗੁਰਬਖਸ਼ ਸਿੰਘ ਰਾਹੀ

**ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਮੌਕੇ 18 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# ਸਾਹਿਤ ਸਿਰਜਣ ਦਾ ਅਮਲ ਅਤੇ ਸਹਿਜ

**ਰਾਜ਼ੇਸ ਸ਼ਰਮਾ ਇਸ ਪੁਸਤਕ ਵਿਚ ਨਵੀਨ ਸਾਹਿਤਕ ਸਿਰਜਣ ਅਤੇ ਨਵੀਨ ਆਲੋਚਨਾ ਜੁਗਤਾਂ ਵੱਲ ਵੀ ਇਸ਼ਾਰਾ ਕਰਦਾ ਹੈ। ਇਹ ਵਿਸ਼ਿਆਂ ਦੀ ਵਿਭਿੰਨਤਾ ਅਤੇ ਸਮਕਾਲੀ ਚਿੰਤਨ ਦੀਆਂ ਗਹਿਰ ਗੰਭੀਰ ਦ੍ਰਿਸ਼ਟੀਆਂ ਬਾਰੇ ਵੀ ਮੁੱਲਵਾਨ ਪੁਸਤਕ ਹੈ। ਪੁਸਤਕ ਦਾ ਕਰਤਾ ਲਿਖਣ ਸਿਰਜਣ ਪ੍ਰਕਿਰਿਆ ਲਈ ਭਾਸ਼ਾ, ਸਿਰਜਣਾ ਅਤੇ ਸਵੈ ਇਨ੍ਹਾਂ ਤਿੰਨ ਬਿੰਦੂਆਂ ਤੋਂ ਬਣਦੇ ਤਿਕੋਣ ਬਾਰੇ ਚਰਚਾ ਕਰਦਾ ਹੈ ਜਿਸ ਲਈ ਉਹ ਲਿਖਤ ਲਈ ਭਾਸ਼ਾ ਦੀ ਅਹਿਮ ਭੂਮਿਕਾ ਦਾ ਤਸੱਵਰ ਕਰਦਾ ਹੈ। ਭਾਸ਼ਾ ਦੀ ਮੁਹਾਰਤ ਹੋਣ ਨਾਲ ਸਿਰਜਣ ਪ੍ਰਕਿਰਿਆ ਸਹਿਜ ਲੱਗਣ ਲੱਗਦੀ ਹੈ ਅਤੇ ਅਨੁਵਾਦ ਕਰਨ ਸਮੇਂ ਸੱਭਿਆਚਾਰਕ ਬੋਲੀ ਹੋਣਾ ਮਹੱਤਵਪੂਰਨ ਤੇ ਸਾਰਥਿਕ ਬਣਦਾ ਹੈ।**

## ਕਲਾ ਪਰਿਕਰਮਾ

'ਸਾਹਿਤ ਸ਼ਬਦ ਸੰਸਾਰ' ਰਾਜੇਸ਼ ਸ਼ਰਮਾ ਦੀ ਅੱਠਵੀਂ ਕਿਤਾਬ ਹੈ। ਅੰਗਰੇਜ਼ੀ ਦਾ ਪ੍ਰਾਅਧਿਆਪਕ ਹੋਣ ਨਾਤੇ ਰਾਜੇਸ਼ ਸ਼ਰਮਾ ਕੋਲ ਪੰਜਾਬੀ ਅਤੇ ਅੰਗਰੇਜ਼ੀ ਬੋਲੀ ਦੀ ਮੁਹਾਰਤ ਹੈ। ਇਸੇ ਲਈ ਉਸ ਨੇ ਪਾਸ਼, ਲਾਲ ਸਿੰਘ ਦਿਲ ਅਤੇ ਹਰਭਜਨ ਸਿੰਘ ਹੁੰਦਲ ਦੀਆਂ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ। ਅਨੁਵਾਦ ਕਲਾ ਅਤੇ ਅਨੁਵਾਦ ਦੀਆਂ ਬਾਰੀਕੀਆਂ ਤੋਂ ਉਹ ਚੰਗੀ ਤਰ੍ਹਾਂ ਵਾਕਿਫ਼ ਹੈ। ਇਸ ਕਿਤਾਬ ਵਿਚ ਬਹੁਤ ਸਾਰੇ ਲੇਖ ਅਨੁਵਾਦ ਕਲਾ ਦੀਆਂ ਵਿਧੀਆਂ ਅਤੇ ਚੁਣੌਤੀਆਂ ਨੂੰ



**ਜਤਿੰਦਰ ਸਿੰਘ**
**ਫੋਨ: +91-94174-78446**


ਨਜਿੱਠਣ ਦਾ ਉਪਰਾਲਾ ਕਰਦੇ ਹੋਏ ਨਜ਼ਰੀਂ ਪੈਂਦੇ ਹਨ।

ਲੇਖਕ ਵਿਸ਼ਵੀਕਰਨ, ਗਲੋਬਲੀਕਰਨ, ਨਾ-ਬਰਾਬਰੀ ਦੇ ਵਰਤਾਰਿਆਂ ਬਾਰੇ ਚਿੰਤਤ ਹੈ। ਇਸ ਦਾ ਪ੍ਰਭਾਵ ਸਾਹਿਤ ਸਿਰਜਣਾ ਅਤੇ ਆਲੋਚਨਾ ਵਿਧੀ ਦੇ ਵਰਤਾਰਿਆਂ ਉੱਪਰ ਪੈਣਾ ਵੀ ਸੁਭਾਵਿਕ ਹੈ। ਰਾਜੇਸ਼ ਸ਼ਰਮਾ ਮਕਾਨਕੀ ਢੰਗ ਨਾਲ ਕੀਤੀ ਜਾ ਰਹੀ ਸਾਹਿਤਕ ਆਲੋਚਨਾ ਤੋਂ ਗੁਰੇਜ਼ ਕਰ ਕੇ ਸੁਭਾਵਿਕ ਤੌਰ 'ਤੇ ਪਾਠ ਕੇਂਦਰਿਤ ਆਲੋਚਨਾ ਦੇ ਮਾਪਦੰਡ ਅਪਨਾਉਣ ਨੂੰ ਤਰਜੀਹ ਦਿੰਦਾ ਹੈਅਤੇ ਨਾਲ ਹੀ ਦੂਜੀਆਂ ਭਾਸ਼ਾਵਾਂ ਵਿਚ ਰਚੇ ਗਏ ਸਾਹਿਤ ਨੂੰ ਤੁਲਨਾਤਮਕ ਸਾਹਿਤ ਸਿਧਾਂਤ ਦੇ ਸਨਮੁੱਖ ਪਰਖਣ ਉੱਤੇ ਬਲ ਦਿੰਦਾ ਹੈ।

ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰੀ ਸਾਹਿਤ ਵਜੋਂ ਮਾਨਤਾ ਲਈ ਅਨੁਵਾਦ ਕਰ ਕੇ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਹੋਣ ਨਾਲ ਹੀ ਸੰਭਵ ਹੋਣਾ ਮੰਨਦਾ ਹੈ। ਇਸ ਤਰ੍ਹਾਂ ਕਹਿ ਲਿਆ ਜਾਵੇ ਕਿ ਪੰਜਾਬੀ ਸਾਹਿਤ ਵਿਚ ਕੀ ਵਿਸ਼ਵ ਪੱਧਰੀ ਭਾਵ ਨੋਬੇਲ ਜੇਤੂ ਸਾਹਿਤਕ ਰਚਨਾ ਰਚੀ ਗਈ ਹੈ, ਵਰਗੇ ਗੰਭੀਰ ਸਵਾਲਾਂ ਨੂੰ ਉਸ ਨੇ ਉਜਾਗਰ ਕੀਤਾ ਹੈ। ਜੇ ਰਚੀ ਗਈ ਤਾਂ ਭਾਸ਼ਾ ਉਸ ਲਈ ਰੁਕਾਵਟ ਤਾਂ ਨਹੀਂ ਬਣ ਰਹੀ? ਪੰਜਾਬੀ ਸਾਹਿਤ ਨੂੰ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਕਰ ਕੇ ਹੀ ਇਸ ਦੀ ਵਿਸ਼ਵ ਪੱਧਰੀ ਪਛਾਣ ਬਣ ਸਕਦੀ ਹੈ। ਵਿਸ਼ਿਆਂ ਦੀ ਵੰਨ-ਸਵੰਨਤਾ ਅਤੇ ਸਮਰੱਥਾ ਪੰਜਾਬੀ ਸਾਹਿਤ ਵਿਚ ਬਹੁਤ ਪਈ ਹੈ। ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਹੋ ਕੇ ਪ੍ਰਕਾਸ਼ਿਤ ਹੋਣ ਨਾਲ ਇਸ ਦਾ ਮੁੱਲ ਵਧੇਰੇ ਬਣਦਾ ਲੱਗਦਾ ਹੈ।

ਇਸ ਦਾ ਪੈਰਾਮੀਟਰ ਅਨੁਵਾਦ ਕਲਾ ਉੱਪਰ ਵੀ ਨਿਰਭਰ ਕਰਦਾ ਹੈ। ਇਸੇ ਲਈ ਰਾਜੇਸ਼ ਸ਼ਰਮਾ ਅਨੁਵਾਦ ਕਲਾ ਦੇ ਸਿਧਾਂਤ ਤੇ ਮਸਲਿਆਂ ਬਾਰੇ ਚਿੰਤਾ ਜ਼ਾਹਿਰ ਕਰਦਾ ਹੈ ਪਰ ਨਾਲ ਹੀ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੁੰਦਾ ਕਿ ਸਾਹਿਤ ਲਿਪੀਆਂ ਤੋਂ ਪਾਰ ਹੈ। ਇਸ ਦੀ ਮਿਸਾਲ ਸ਼ਾਹਮੁਖੀ ਅਤੇ ਗੁਰਮੁਖੀ ਲਿਪੀ ਬਾਰੇ ਦਿੰਦਾ ਹੈ।

ਡਾ. ਰਾਜੇਸ਼ ਸ਼ਰਮਾ ਸਾਹਿਤਕ ਕਿਰਤ ਨੂੰ ਪਰਿਭਾਸ਼ਤ ਕਰਦਿਆਂ ਲਿਖਦਾ ਹੈ ਕਿ ਸਾਹਿਤ ਦਾ ਬੁਨਿਆਦੀ ਕਾਰਜ ਅਤੇ ਉਦੇਸ਼ ਸਿਰਫ਼ ਮਨਪ੍ਰਚਾਵੇ ਅਤੇ ਯਥਾਰਥ ਦੀ ਪੇਸ਼ਕਾਰੀ ਹੀ ਨਹੀਂ ਸਗੋਂ ਸਮਾਜ ਦੀਆਂ ਜਟਿਲਤਾਵਾਂ ਨੂੰ ਪੇਸ਼ ਕਰਨਾ ਹੁੰਦਾ ਹੈ। ਉਹ ਸਾਹਿਤਕਾਰਾਂ ਨੂੰਆਦਰਸ਼ ਵਜੋਂ ਤਸੱਵਰ ਕਰਦਾ ਹੈ।




*ਰਾਜੇਸ਼ ਸ਼ਰਮਾ ਦੀ ਕਿਤਾਬ 'ਸਾਹਿਤ ਸ਼ਬਦ ਸੰਸਾਰ' ਦਾ ਮੁਖੜਾ।*



*ਰਾਜੇਸ਼ ਸ਼ਰਮਾ*

> ***ਡਾ. ਰਾਜੇਸ਼ ਸ਼ਰਮਾ ਸਾਹਿਤਕ ਕਿਰਤ ਨੂੰ ਪਰਿਭਾਸ਼ਤ ਕਰਦਿਆਂ ਲਿਖਦਾ ਹੈ ਕਿ ਸਾਹਿਤ ਦਾ ਬੁਨਿਆਦੀ ਕਾਰਜ ਅਤੇ ਉਦੇਸ਼ ਸਿਰਫ਼ ਮਨਪ੍ਰਚਾਵੇ ਅਤੇ ਯਥਾਰਥ ਦੀ ਪੇਸ਼ਕਾਰੀ ਹੀ ਨਹੀਂ ਸਗੋਂ ਸਮਾਜ ਦੀਆਂ ਜਟਿਲਤਾਵਾਂ ਨੂੰ ਪੇਸ਼ ਕਰਨਾ ਹੁੰਦਾ ਹੈ।***

'ਸਾਹਿਤ ਸ਼ਬਦ ਸੰਸਾਰ' ਕਿਤਾਬ ਦੀ ਖ਼ਾਸੀਅਤ ਅਨੁਵਾਦ ਕਲਾ ਅਤੇ ਅਨੁਵਾਦਿਤ ਸਾਹਿਤ ਬਾਰੇ ਵਿਚਾਰ ਪੇਸ਼ ਕਰਨਾ ਹੈ। ਪੁਸਤਕ ਦਾ ਕਰਤਾ ਅਜੀਤ ਕੌਰ ਦੀਆਂ ਕਹਾਣੀਆਂ ਦੀ ਪੁਸਤਕ ਦੇ ਪੰਜਾਬੀ ਤੋਂਅੰਗਰੇਜ਼ੀ ਵਿਚ ਹੋਏ ਅਨੁਵਾਦ 'ਲਾਈਫ ਵਾਜ਼ ਹਿਅਰ ਸਮਵੇਅਰ' ਦੀਆਂ ਗੜਬੜੀਆਂ ਦਾ ਹਵਾਲਾ ਦਿੰਦਾ ਹੈ। ਦੂਜੇ ਪਾਸੇ ਪੰਜਾਬੀ ਤੋਂ ਅੰਗਰੇਜ਼ੀ ਵਿਚ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਦੇ ਅਨੁਵਾਦ ਨੂੰ ਦੇਖਿਆ ਜਾ ਸਕਦਾ ਹੈ ਜਿਸ ਵਿਚ 'ਮੀਂਹ ਜਾਵੇ ਹਨ੍ਹੇਰੀ ਜਾਵੇ', 'ਮੁੜ ਵਿਧਵਾ', 'ਪੇਮੀ ਦੇ ਨਿਆਣੇ'' ਆਦਿ ਕਹਾਣੀਆਂ ਉਚਤਮ ਅਨੁਵਾਦਤ ਸਾਹਿਤ ਦੀ ਕਸਵੱਟੀ 'ਤੇ ਪਰਖੀਆਂ ਜਾ ਸਕਦੀਆਂ ਹਨ।

ਰਾਜ਼ੇਸ ਸ਼ਰਮਾ ਇਸ ਪੁਸਤਕ ਵਿਚ ਨਵੀਨ ਸਾਹਿਤਕ ਸਿਰਜਣ ਅਤੇ ਨਵੀਨ ਆਲੋਚਨਾ ਜੁਗਤਾਂ ਵੱਲ ਵੀ ਇਸ਼ਾਰਾ ਕਰਦਾ ਹੈ। ਇਹ ਵਿਸ਼ਿਆਂ ਦੀ ਵਿਭਿੰਨਤਾ ਅਤੇ ਸਮਕਾਲੀ ਚਿੰਤਨ ਦੀਆਂ ਗਹਿਰ ਗੰਭੀਰ ਦ੍ਰਿਸ਼ਟੀਆਂ ਬਾਰੇ ਵੀ ਮੁੱਲਵਾਨ ਪੁਸਤਕ ਹੈ। ਪੁਸਤਕ ਦਾ ਕਰਤਾ ਲਿਖਣ ਸਿਰਜਣ ਪ੍ਰਕਿਰਿਆ ਲਈ ਭਾਸ਼ਾ, ਸਿਰਜਣਾ ਅਤੇ ਸਵੈ ਇਨ੍ਹਾਂ ਤਿੰਨ ਬਿੰਦੂਆਂ ਤੋਂ ਬਣਦੇ ਤਿਕੋਣ ਬਾਰੇ ਚਰਚਾ ਕਰਦਾ ਹੈ ਜਿਸ ਲਈ ਉਹ ਲਿਖਤ ਲਈ ਭਾਸ਼ਾ ਦੀ ਅਹਿਮ ਭੂਮਿਕਾ ਦਾ ਤਸੱਵਰ ਕਰਦਾ ਹੈ। ਭਾਸ਼ਾ ਦੀ ਮੁਹਾਰਤ ਹੋਣ ਨਾਲ ਸਿਰਜਣ ਪ੍ਰਕਿਰਿਆ ਸਹਿਜ ਲੱਗਣ ਲੱਗਦੀ ਹੈ ਅਤੇ ਅਨੁਵਾਦ ਕਰਨ ਸਮੇਂ ਸੱਭਿਆਚਾਰਕ ਬੋਲੀ ਹੋਣਾ ਮਹੱਤਵਪੂਰਨ ਤੇ ਸਾਰਥਿਕ ਬਣਦਾ ਹੈ। ਇਸ ਗੱਲ ਦੀ ਪੁਸ਼ਟੀ ਉਹ ਹਾਇਡੈਗਰ ਦੇ ਹਵਾਲੇ ਨਾਲ ਕਰਦਾ ਹੈ ਕਿ ਭਾਸ਼ਾ ਉਹ ਆਫ ਬੀਇੰਗ ਹੈ ਸਾਡਾ ਹੋਣਾ ਭਾਸ਼ਾ ਵਿਚ ਹੁੰਦਾ ਹੈ। ਭਾਸ਼ਾ ਦੇ ਹਾਊਸ ਆਫ ਬੀਇੰਗ ਹੋਣ ਦੇ ਕੀ ਅਰਥ ਹੋ ਸਕਦੇ ਹਨ? ਦੂਜੇ ਪਾਸੇ, ਨਾਬਕੋਵ ਦੇ ਤਰੀਕੇ ਨੂੰ ਵਿਚਾਰਦਾ ਹੈ ਕਿ ਵਾਕ ਵਿਚਲੀ ਸ਼ਬਦ ਵਿਵਸਥਾ ਨੂੰ ਅੱਗੇ ਪਿੱਛੇ ਕਰਨਾ ਸਿਰਫ਼ ਕਿਸੇ ਮਸ਼ੀਨ ਦੇ ਪੁਰਜ਼ੇ ਖੋਲ੍ਹ ਕੇ ਨਵੀਂ ਤਰ੍ਹਾਂ ਜੜਨ ਵਾਂਗ ਹੀ ਹੈ। ਕਿਤਾਬ ਦਾ ਲੇਖਕ ਆਪ ਯਾਯਾਵਰੀ ਰਾਜੇਸ਼ਵਰ ਦੇ ਵਿਚਾਰ ਦੀ ਪ੍ਰੋੜਤਾ 'ਤੇ ਬਲ ਦਿੰਦਾ ਹੈ ਕਿ ਕਾਵਿ ਸਿਰਜਣਾ ਦੇ ਦੋ ਪੱਖ ਹਨ- ਇੱਕ ਹੈ ਪਦ ਅਤੇ ਵਾਕ ਦੀ ਵਿਵਸਥਾ ਦੇ ਪੱਧਰ ਉੱਪਰ ਸਿਰਜਣਾ ਇਹ ਵਿਰਚਨਾ ਕਹਾਉਂਦੀ ਹੈ ਅਤੇ ਦੂਜਾ ਇਸ ਤੋਂ ਪਰ੍ਹੇ ਦਾ ਪੱਧਰ।

ਇਸ ਪੁਸਤਕ ਦਾ ਖਾਸਾ ਇਹ ਵੀ ਹੈ ਕਿ ਇਸ ਵਿਚ ਸਾਹਿਤ ਅਤੇ ਖੋਜ ਪ੍ਰਤੀ ਯੂਨੀਵਰਸਿਟੀਆਂ ਦੀ ਜ਼ਿੰਮੇਵਾਰੀ, ਮਿਥਿਹਾਸ ਦੇ ਸਮਕਾਲ ਵਿਚ ਮਹੱਤਵ, ਨਵੇਂ ਪੰਜਾਬੀ ਆਲੋਚਕਾਂ ਅਤੇ ਜੀਵਨ ਦੀਆਂ ਕੁਝ ਤਲਖ਼ ਹਕੀਕਤਾਂ ਸਬੰਧੀ ਲੇਖ ਹਨ ਅਤੇ ਨਾਲ ਹੀ ਸਮਕਾਲ ਤੇ ਤਕਨਾਲੋਜੀ ਦੇ ਪ੍ਰਭਾਵ ਨਾਲ ਪੰਜਾਬੀ ਸਿਰਜਣ ਪ੍ਰਕਿਰਿਆ ਅਤੇ ਆਲੋਚਨਾ 'ਤੇ ਪਏ ਪ੍ਰਭਾਵ ਨਾਲ ਸਬੰਧਿਤ ਨਵੀਂ ਭਾਸ਼ਾ ਦੀ ਘਾੜਤ ਦਾ ਨਮੂਨਾ ਵੀ ਇਸ ਕਿਤਾਬ ਦਾ ਹਿੱਸਾ ਹੈ ਜਿਸ ਵਿਚ ਸੰਤਾਪ ਦਾ ਵਾਇਰਸ ਅਤੇ ਇਹ ਇਨਕਲਾਬ ਵਾਇਰਲ ਲੇਖ ਹਨ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਮਈ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-636



**ਇੱਕ ਮਾਂ ਹੈ ਦੂਜੀ ਗ੍ਰਹਿਣੀ, ਦੋ ਚੁੱਕਦੀ ਤਨ 'ਤੇ ਭਾਰ,**
**ਛੋਟਾ ਬੱਚਾ ਬੰਨ੍ਹ ਕੇ ਬੁੱਕਲੇ, ਦੂਜਾ ਸਿਰ 'ਤੇ ਰੁਜ਼ਗਾਰ।**
**ਮਾਰਿਆ ਸਭ ਮਜਬੂਰੀਆਂ, ਇਹ ਖੇਲ੍ਹ ਰਚੇ ਕਰਤਾਰ,**
**ਗਰੀਬੀ ਵੱਟਦੀ ਘੂਰੀਆਂ, ਜੀਣਾ ਕੀਤਾ ਹੈ ਦੁਸ਼ਵਾਰ।**

### ਕੈਪਸ਼ਨ ਮੁਕਾਬਲਾ-634




ਕੁਦਰਤ ਕੀ ਕੀ ਖੇਡਾਂ ਖੇਡੇ,
ਨਾਟਕ ਕਰੇ ਵਚਿੱਤਰ,
ਧਰਤੀ ਖੋਰ ਕੇ ਕੁੰਦਰਾਂ ਕੱਢੇ,
ਵਿਚ ਦੋਂ ਕਰੇ ਸੁਚਿੱਤਰ।
ਦੁਨੀਆਂ ਵਾਲ਼ੇ ਭੱਜ ਕੇ ਜਾਂਦੇ,
ਧਰਤੀ ਦੇਖ ਦੇ ਅੰਦਰ,
ਜੇਬਾਂ ਕੱਟ ਅਮਰੀਕਾ ਵਾਲ਼ੇ,
ਤਮਾਸ਼ੇ ਕਰਨ ਕਲੰਦਰ।
***-ਸੇਵਾ ਸਿੰਘ ਨੂਰਪੁਰੀ***

---

ਡਾਇਨਾਸੋਰ ਦਾ ਕਲਪਿਤ ਆਂਡਾ
ਧਰਤੀ ਵਿਚੋਂ ਨਿੱਕਲ ਆਇਆ।
ਤਰੇੜਾਂ ਪੈ ਕੇ ਟੁੱਟਿਆ ਲਗਦਾ
ਆਰ ਪਾਰ ਹੈ ਰਾਹ ਬਣਾਇਆ।
ਯਾਦਾਂ ਤਾਜ਼ਾ ਰੱਖਣ ਖਾਤਰ
ਬੱਚੀ ਨੇ ਫੋਟੂ ਖਿਚਵਾਇਆ।
***-ਜਗਮੀਤ ਸਿੰਘ ਪੰਧੇਰ***
***ਕੈਲਗਰੀ (ਕੈਨੇਡਾ)***

---

ਕ੍ਰਿਸਟਲ ਕੇਵ ਭਾਵ ਗੁਫਾ
ਦੇਖੋਗੇ ਅਕਸਰ
ਕੁਦਰਤੀ ਬਣੀਆਂ ਪਹਾੜਾਂ 'ਚ
ਅਫਗਾਨਿਸਤਾਨ ਆਮ ਦੇਖੋਗੇ
ਭਿਕਸ਼ੂ, ਸਾਧੂ, ਸੰਤ
ਅਕਸਰ ਬੁੱਧੂ ਬਣਾਉਂਦੇ ਰਹੇ।
ਡਰ ਵਾਲੀ ਜਗ੍ਹਾ ਦਿਖਾ ਕੇ ਤਪ ਕਰਦੇ ਹਨ
ਅਸਚਰਜ ਕਿ ਨੰਨ੍ਹੀ ਬੱਚੀ ਖੜ੍ਹ ਅੱਗੇ
ਫੋਟੋ ਖਿੱਚਣਾ ਮਾਣ ਮਹਿਸੂਸ ਕਰਦੀ
ਕਲਪਨਾ ਬੜੀ ਬਲਵਾਨ ਹੁੰਦੀ ਹੈ
ਉਂਕਰ ਦਿੱਤੀ ਹੂਬਹੂ ਕੇਵ।
***-ਦਰਸ਼ਨ ਪਾਲ ਦੋਸਾਂਝ***

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਦਲ ਬਦਲੂ ਅਤੇ ਦਲ ਬਦਲ ਵਿਰੋਧੀ ਕਾਨੂੰਨ

ਦੇਸ਼ ਵਿਚ ਦਲ ਬਦਲਣ ਦੀ ਖੇਡ 60 ਸਾਲ ਪੁਰਾਣੀ ਹੈ। ਅਸਲ ਵਿਚ ਦਲ ਬਦਲ 'ਸਿਆਸੀ ਦਿਲ' ਬਦਲਣ ਦੀ ਨਿਵੇਕਲੀ ਖੇਡ ਹੈ। ਇਹ ਕਦੇ ਇੱਕ ਪਾਰਟੀ ਵਿਚ ਆਦਰ-ਮਾਣ-ਸਨਮਾਨ ਨਾ ਮਿਲਣ ਤੋਂ ਨਿਰਾਸ਼ ਹੋਣ ਉਤੇ ਹੁੰਦਾ ਹੈ ਅਤੇ ਕਦੇ "ਮਨ ਦੀ ਅਵਾਜ਼" ਸੁਣਨ 'ਤੇ। ਤਾਕਤ ਦੀ ਹਵਾ ਜਿਸ ਪਾਸੇ ਵੱਲ ਵਗਦੀ ਹੈ, ਦਲ ਬਦਲ ਵੀ ਉਸ ਪਾਰਟੀ ਵੱਲ ਵੱਧ ਹੁੰਦਾ ਹੈ। ਭਾਰਤ ਵਿਚ ਇਹ ਕਿਸੇ ਵੇਲੇ ਕਾਂਗਰਸ ਵੱਲ ਵੱਧ ਹੁੰਦਾ ਸੀ, ਹੁਣ ਭਾਜਪਾ ਵੱਲ ਜ਼ਿਆਦਾ ਹੈ।

ਦੇਸ਼ ਦੇ ਚੋਣ ਮਹਾਂਕੁੰਭ ਦਾ ਦ੍ਰਿਸ਼ ਇਸ ਵਰ੍ਹੇ ਨਿਰਾਲਾ ਹੈ। ਥੋਕ ਦੇ ਭਾਅ ਹੋ ਰਿਹਾ ਦਲ ਬਦਲ ਲੋਕਾਂ ਨੂੰ ਹੈਰਾਨ-ਪ੍ਰੇਸ਼ਾਨ ਕਰ ਰਿਹਾ ਹੈ। ਇਕ ਵਿਸ਼ਲੇਸ਼ਣ ਅਨੁਸਾਰ ਸਾਲ 2024 ਦੀਆਂ ਚੋਣਾਂ 'ਚ ਭਾਜਪਾ ਦਾ ਹਰ ਚੌਥਾ ਉਮੀਦਵਾਰ ਦਲ ਬਦਲੂ ਹੈ। ਭਾਜਪਾ ਹੁਣ ਤੱਕ 417 ਉਮੀਦਵਾਰ ਐਲਾਨ ਚੁੱਕੀ ਹੈ। ਇਨ੍ਹਾਂ ਵਿਚੋਂ 116 (28 ਫੀਸਦੀ) ਉਹ ਉਮੀਦਵਾਰ ਹਨ, ਜੋ ਸਿਆਸੀ ਧਿਰ ਬਦਲ ਕੇ ਭਾਜਪਾ ਵੱਲ ਆਏ ਹਨ। ਇਨ੍ਹਾਂ 116 ਵਿਚੋਂ 37 ਕਾਂਗਰਸ ਵਿਚੋਂ ਆਏ ਹਨ।



**ਗੁਰਮੀਤ ਸਿੰਘ ਪਲਾਹੀ**
**ਫੋਨ: +91-98158-02070**

ਇਸੇ ਤਰ੍ਹਾਂ 2016 ਤੋਂ 2020 ਦੇ ਦੌਰਾਨ ਐਮ.ਪੀ. ਅਤੇ ਐਮ ਐਲ ਏ ਵਿਚੋਂ ਸਿਆਸੀ ਧਿਰਾਂ ਬਦਲਣ ਦੀ ਰਿਪੋਰਟ ਸਾਹਮਣੇ ਆਈ ਸੀ ਜਿਸ ਅਨੁਸਾਰ 405 ਵਿਧਾਇਕਾਂ ਅਤੇ 16 ਪਾਰਲੀਮੈਂਟ ਮੈਂਬਰਾਂ ਨੇ ਪਾਰਟੀ ਬਦਲੀ ਸੀ। ਦਲ ਬਦਲ ਕਰਨ ਵਾਲੇ 182 ਵਿਧਾਇਕ ਅਤੇ 10 ਐਮ.ਪੀ, ਭਾਜਪਾ 'ਚ ਸ਼ਾਮਲ ਹੋਏ।

ਜਦੋਂ ਕਦੇ ਕਾਂਗਰਸ ਦਾ ਸੂਰਜ ਚਮਕਦਾ ਸੀ, ਉਸ ਵੇਲੇ ਕਾਂਗਰਸ ਨੂੰ ਇਸ ਦਾ ਫਾਇਦਾ ਹੋਇਆ। ਸਾਲ 1957 ਤੋਂ 1967 ਦਰਮਿਆਨ 419 ਵਿਧਾਇਕ ਕਾਂਗਰਸ ਵਿਚ ਸ਼ਾਮਲ ਹੋਏ ਸਨ।

ਦਲ ਬਦਲ ਦੇ ਰੌਚਕ ਕਿੱਸਿਆਂ ਦਾ ਵਰਣਨ ਕਰਨਾ ਬਹੁਤ ਹੀ ਜ਼ਰੂਰੀ ਹੈ। ਮਹਾਂਰਾਸ਼ਟਰ ਵਿਚ 7 ਮਾਰਚ 1978 ਨੂੰ ਬਸੰਤ ਦਾਦਾ ਪਾਟਿਲ ਦੀ ਅਗਵਾਈ 'ਚ ਸਰਕਾਰ ਸੱਤਾ ਵਿਚ ਆਈ। 18 ਜੁਲਾਈ 1978 ਨੂੰ ਸ਼ਰਦ ਪਵਾਰ (ਦੇਸ਼ ਦੇ ਪ੍ਰਸਿੱਧ ਸਿਆਸੀ ਨੇਤਾ) ਦੁਪਿਹਰ ਵੇਲੇ ਵਿਧਾਨ ਸਭਾ 'ਚ ਪਾਟਿਲ ਸਰਕਾਰ ਦੇ ਹੱਕ 'ਚ ਕਸੀਦੇ ਪੜ੍ਹਦੇ ਨਜ਼ਰ ਆਏ, ਪਰੰਤੂ ਸ਼ਾਮ ਹੁੰਦਿਆਂ ਹੀ ਉਹ ਰਾਜ ਭਵਨ ਪੁੱਜੇ ਅਤੇ ਉਥੇ ਜਾ ਕੇ ਬਗ਼ਾਵਤ ਦੀ ਚਿੱਠੀ ਗਵਰਨਰ ਨੂੰ ਪੇਸ਼ ਕੀਤੀ ਅਤੇ ਫਿਰ ਖੁਦ ਮੁੱਖ ਮੰਤਰੀ ਬਣ ਗਏ।

ਹਰਿਆਣਾ ਵਿਚ ਭਜਨ ਲਾਲ ਨੇ ਸਿਆਸਤ ਕਾਂਗਰਸੀ ਵਜੋਂ ਸ਼ੁਰੂ ਕੀਤੀ, ਪ੍ਰੰਤੂ 1977 ਵਿਚ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ। ਹਰਿਆਣਾ ਦੀ ਦੇਵੀ ਲਾਲ ਸਰਕਾਰ ਵਿਚ ਉਹ ਮੰਤਰੀ ਬਣ ਗਏ। ਸਾਲ 1980 ਵਿਚ ਇੰਦਰਾ ਗਾਂਧੀ ਦੀ ਕੇਂਦਰ 'ਚ ਸੱਤਾ ਵਾਪਸੀ ਸਮੇਂ ਉਹ ਪੂਰੇ ਮੰਤਰੀ ਮੰਡਲ ਸਮੇਤ ਕਾਂਗਰਸ ਵਿਚ ਸ਼ਾਮਲ ਹੋ ਗਏ। (ਕੀ ਇਹ ਹਿਰਦੇ ਪਰਿਵਰਤਨ ਸੀ ਜਾਂ ਗੱਦੀ ਦੀ ਭੁੱਖ?)

ਦਲ ਬਦਲ ਕਰਨ ਵਾਲਿਆਂ ਲਈ ਅਕਸਰ "ਆਇਆ ਰਾਮ, ਗਿਆ ਰਾਮ" ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਹੈ। ਅਸਲ 'ਚ "ਗਿਆ ਰਾਮ" ਹਰਿਆਣਾ ਦੇ ਹਸਨਪੁਰ ਵਿਧਾਨ ਸਭਾ ਖੇਤਰ (ਹੁਣ ਹੋਡਲ) ਵਿਚ ਐਮ.ਐਲ.ਏ. ਸਨ, ਉਨ੍ਹਾਂ ਦੇ ਚੋਣ ਜਿੱਤਣ ਤੋਂ ਬਾਅਦ 15 ਦਿਨਾਂ 'ਚ ਚਾਰ ਵੇਰ ਆਪਣਾ ਦਲ ਬਦਲਿਆ। 1967 ਵਿਚ ਪਹਿਲੀ ਵੇਰ ਹਰਿਆਣਾ ਵਿਧਾਨ ਸਭਾ ਚੋਣਾਂ ਹੋਈਆਂ। ਇਸ ਵਿਚ 16 ਆਜ਼ਾਦ ਐਮ.ਐਲ.ਏ. ਚੁਣੇ ਗਏ, ਇਨ੍ਹਾਂ ਵਿਚ ਗਿਆ ਰਾਮ ਇੱਕ ਸੀ। ਉਹ ਕਾਂਗਰਸ ਤੋਂ ਟਿਕਟ ਨਾ ਮਿਲਣ ਕਾਰਨ ਬਾਗੀ ਹੋ ਗਿਆ ਸੀ। ਪਰ ਫਿਰ ਚੋਣ ਜਿੱਤ ਕੇ ਕਾਂਗਰਸ 'ਚ ਸ਼ਾਮਲ ਹੋ ਗਿਆ। ਜਦ ਕਾਂਗਰਸ ਨੇ 48 ਸੀਟਾਂ ਲੈ ਕੇ ਵਜ਼ਾਰਤ ਬਣਾਈ ਤਾਂ ਇਹ 10 ਦਿਨਾਂ ਬਾਅਦ ਹੀ ਡਿੱਗ ਪਈ। ਗਿਆ ਰਾਮ ਨੇ 12 ਵਿਧਾਇਕਾਂ ਨਾਲ ਰਲ ਕੇ ਪਾਰਟੀ ਛੱਡ ਦਿੱਤੀ ਅਤੇ ਯੂਨਾਈਟਡ ਫਰੰਟ 'ਚ ਸ਼ਾਮਲ ਹੋ ਗਏ। ਫਿਰ ਕੁਝ ਘੰਟਿਆਂ 'ਚ ਹੀ ਗਿਆ ਰਾਮ ਦਾ ਮਨ ਬਦਲ ਗਿਆ ਤੇ ਉਹ ਕਾਂਗਰਸ ਵਿਚ ਆ ਗਏ। ਪਰ ਕਾਂਗਰਸ ਵਿਚ ਉਹ ਸਿਰਫ਼ 9 ਘੰਟੇ ਟਿਕੇ ਅਤੇ ਕਾਂਗਰਸ ਛੱਡ ਕੇ ਮੁੜ ਯੂਨਾਈਟਡ ਫਰੰਟ 'ਚ ਚਲੇ ਗਏ। ਕਮਾਲ ਦੀ ਗੱਲ ਤਾਂ ਇਹ ਕਿ ਉਨ੍ਹਾਂ ਨੇ ਇੱਕ ਦਿਨ ਵਿਚ ਤਿੰਨ ਵੇਰ ਦਲ ਬਦਲਣ ਦਾ ਤਮਾਸ਼ਾ ਕੀਤਾ। ਕੁਝ ਦਿਨਾਂ ਬਾਅਦ ਫਿਰ ਉਹ ਕਾਂਗਰਸ ਵਿਚ ਸ਼ਾਮਲ ਹੋ ਗਏ। ਕਾਂਗਰਸ ਵਾਪਸੀ ਤੋਂ ਬਾਅਦ ਮੌਕੇ ਦੇ ਪ੍ਰਭਾਵਸ਼ਾਲੀ ਨੇਤਾ ਰਾਓ ਬਰੇਂਦਰ ਸਿੰਘ ਨੇ ਉਨ੍ਹਾਂ ਨੂੰ ਪ੍ਰੈੱਸ ਕਾਨਫਰੰਸ 'ਚ ਪੇਸ਼ ਕੀਤਾ ਤੇ ਕਿਹਾ "ਗਿਆ ਰਾਮ ਹੁਣ ਆਇਆ ਰਾਮ ਹੈ" ਇਸ ਤੋਂ ਬਾਅਦ ਭਾਰਤੀ ਸਿਆਸਤ ਵਿਚ ਦਲ ਬਦਲੂਆਂ ਦੇ ਲਈ "ਆਇਆ ਰਾਮ ਗਿਆ ਰਾਮ" ਦਾ ਮੁਹਾਵਰਾ ਬਣ ਗਿਆ।

ਸਾਲ 2014 ਤੋਂ ਹੁਣ ਤੱਕ ਕਾਂਗਰਸ ਦੇ 50 ਤੋਂ ਵੀ ਜ਼ਿਆਦਾ ਪ੍ਰਭਾਵਸ਼ਾਲੀ ਨੇਤਾ ਜਿਨ੍ਹਾਂ ਵਿਚ 15 ਮੁੱਖ ਮੰਤਰੀ, ਇੰਨੇ ਹੀ ਕੇਂਦਰੀ ਮੰਤਰੀ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਜਾਂ ਅਹੁਦੇਦਾਰ, ਜਾਂ ਤਾਂ ਕਿਸੇ ਹੋਰ ਪਾਰਟੀ ਵਿਚ ਜਾ ਚੁੱਕੇ ਹਨ ਜਾਂ ਨਵੀਂ ਪਾਰਟੀ ਬਣਾ ਚੁੱਕੇ ਹਨ। ਇਨ੍ਹਾਂ ਵਿਚ ਐਸ.ਐਮ. ਕ੍ਰਿਸ਼ਨਨ, ਗੁਲਾਮ ਨਬੀ ਆਜ਼ਾਦ, ਕੈਪਟਨ ਅਮਰਿੰਦਰ ਸਿੰਘ, ਨਰਾਇਣ ਦੱਤ ਤਿਵਾੜੀ (ਸਵ:) ਅਸ਼ੋਕ ਚੌਹਾਨ, ਪੇਮਾ ਖਾਡੂੰ, ਕਿਰਣ ਰੈਡੀ, ਵਿਜੈ ਬਹੁਗੁਣਾ, ਦਿਗੰਬਰ ਕਾਮਤ, ਰਵੀ ਨਾਇਕ, ਨਰਾਇਣ ਰਾਏ, ਮੁਕੁਲ ਸੰਗਮਾ ਸ਼ਾਮਲ ਹਨ। ਇਨ੍ਹਾਂ ਵਿਚੋਂ ਗੁਲਾਮ ਨਬੀ ਆਜ਼ਾਦ ਨੇ ਕਾਂਗਰਸ ਤੋਂ ਅਸਤੀਫ਼ਾ ਦਿੱਤਾ ਅਤੇ ਫਿਰ ਨਵੀਂ ਪਾਰਟੀ "ਡੈਮੋਕਰੇਟਿਕ ਪ੍ਰੋਗਰੈਸਿਵ ਆਜ਼ਾਦ ਪਾਰਟੀ" ਦਾ ਗਠਨ ਕੀਤਾ।

ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਪੂਰਾ ਪਰਿਵਾਰ, ਪਿਛਲੇ ਸੌ ਸਾਲ ਤੋਂ ਕਾਂਗਰਸ ਨਾਲ ਜੁੜਿਆ ਕਾਂਗਰਸੀ ਨੇਤਾ ਗੁਰਬੰਤਾ ਸਿੰਘ ਦਾ ਚੌਧਰੀ ਪਰਿਵਾਰ, ਧੁਰੰਤਰ ਕਾਂਗਰਸੀ ਨੇਤਾ ਬਲਰਾਮ ਜਾਖੜ ਦਾ ਪੁੱਤਰ ਸੁਨੀਲ ਜਾਖੜ, (ਜੋ ਸੂਬਾ ਕਾਂਗਰਸ ਦਾ ਪ੍ਰਧਾਨ ਰਿਹਾ) ਅਨੇਕਾਂ ਮੈਂਬਰ ਪਾਰਲੀਮੈਂਟ ਸਮੇਤ ਪੰਜਾਬ ਦੇ ਧੱਕੜ ਕਾਂਗਰਸੀ ਨੇਤਾ ਬੇਅੰਤ ਸਿੰਘ ਤਤਕਾਲੀ ਮੁੱਖ ਮੰਤਰੀ ਦਾ ਪੋਤਾ ਰਵਨੀਤ ਬਿੱਟੂ ਵੀ ਇਸ ਲਿਸਟ ਵਿਚ ਸ਼ਾਮਲ ਹਨ।

ਦੇਸ਼ ਦੇ ਹੋਰ ਸੂਬਿਆਂ ਨਾਲੋਂ ਵੱਧ ਹਰਿਆਣਾ ਦਲ ਬਦਲੂਆਂ ਦਾ ਕੇਂਦਰ ਰਿਹਾ ਹੈ। ਸਾਲ 1967 ਤੋਂ 1983 ਦੇ ਵਿਚਕਾਰ ਸੂਬੇ ਵਿਚ 2700 ਤੋਂ ਵੀ ਜ਼ਿਆਦਾ ਵੇਰ ਦਲ ਬਦਲ ਹੋਇਆ। ਅਨੇਕਾਂ ਦਲ ਬਦਲੂ ਮੁੱਖ ਮੰਤਰੀ ਦੀ ਕੁਰਸੀ ਤੱਕ ਪਹੁੰਚੇ। ਹਰਿਆਣਾ ਵਿਚ ਇੰਨੇ ਵੱਡੇ ਪੈਮਾਨੇ 'ਤੇ ਦਲ ਬਦਲੀ ਨੇ ਇਸ ਸਬੰਧੀ ਕਿਸੇ ਕਾਨੂੰਨ ਦੀ ਲੋੜ ਮਹਿਸੂਸ ਕੀਤੀ ਅਤੇ ਅਖ਼ੀਰ ਕਾਫ਼ੀ ਕੋਸ਼ਿਸ਼ਾਂ ਬਾਅਦ ਸਾਲ 1985 ਵਿਚ 52ਵੀਂ ਸੰਵੀਧਾਨਕ ਸੋਧ ਨਾਲ ਦਲ ਬਦਲੀ ਕਾਨੂੰਨ ਲਾਗੂ ਹੋ ਗਿਆ।




ਉਸ ਵੇਲੇ ਦੇਸ਼ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ (ਸਪੁੱਤਰ ਇੰਦਰਾ ਗਾਂਧੀ) ਸਨ, ਜੋ 400 ਪਾਰਲੀਮੈਂਟ ਸੀਟਾਂ ਜਿੱਤ ਗਏ। ਇਸ ਗੱਲ ਦਾ ਖ਼ਦਸ਼ਾ ਪਾਲੀ ਬੈਠੇ ਸਨ ਕਿ ਉਨ੍ਹਾਂ ਦੀ ਪਾਰਟੀ 'ਚ ਭੰਨ-ਤੋੜ ਨਾ ਹੋ ਜਾਏ। ਇਸੇ ਕਰਕੇ ਉਨ੍ਹਾਂ ਨੇ ਦਲ ਬਦਲ ਰੋਕੂ ਕਾਨੂੰਨ ਬਣਾਉਣ ਲਈ ਤੇਜ਼ੀ ਵਰਤੀ।

1985 ਦੇ ਇਸ ਕਾਨੂੰਨ ਵਿਚ ਪ੍ਰਾਵਾਧਾਨ ਕੀਤਾ ਗਿਆ ਕਿ ਜੇਕਰ ਕੋਈ ਐਮ.ਐਲ.ਏ., ਐਮ.ਪੀ., ਆਪਣੀ ਪਾਰਟੀ ਛੱਡ ਕੇ ਕਿਸੇ ਹੋਰ ਪਾਰਟੀ 'ਚ ਸ਼ਾਮਲ ਹੁੰਦਾ ਹੈ ਤਾਂ ਉਸਦੀ ਸਦਨ ਵਿਚ ਮੈਂਬਰੀ ਖ਼ਤਮ ਹੋ ਜਾਏਗੀ। ਪਰ ਜੇਕਰ ਉਸ ਪਾਰਟੀ ਦੇ ਇੱਕ ਤਿਹਾਈ ਮੈਂਬਰ ਵੱਖਰਾ ਗੁੱਟ ਬਣਾ ਕੇ ਪਾਰਟੀ ਛੱਡਦੇ ਹਨ ਤਾਂ ਇਹ ਕਾਨੂੰਨ ਲਾਗੂ ਨਹੀਂ ਹੋਏਗਾ।

ਸਾਲ 2003 ਵਿਚ ਇਸ ਕਾਨੂੰਨ 'ਚ ਸੋਧ ਕਰ ਦਿੱਤੀ ਗਈ, ਜਿਸ ਅਨੁਸਾਰ ਇਹ ਗਿਣਤੀ ਦੋ ਤਿਹਾਈ ਕਰ ਦਿੱਤੀ ਗਈ। ਜਿਸ ਨਾਲ ਇਸ ਕਾਨੂੰਨ ਦੀ ਪ੍ਰਸੰਗਕਿਤਾ ਬਹੁਤ ਘਟ ਗਈ ਹੈ। ਹੁਣ ਨੇਤਾ, ਸਦਨ ਵਿਚੋਂ ਆਪਣੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੰਦੇ ਹਨ, ਦੂਜੀ ਪਾਰਟੀ ਵਿਚ ਨਹੀਂ ਜਾਂਦੇ, ਸਗੋਂ ਸਾਂਝੇ ਤੌਰ 'ਤੇ ਅਸਤੀਫ਼ਾ ਦੇ ਕੇ ਉਸ ਪਾਰਟੀ ਦਾ ਸਦਨ ਵਿਚੋਂ ਬਹੁਮਤ ਖ਼ਤਮ ਕਰ ਦਿੰਦੇ ਹਨ। ਸਾਲ 2018 'ਚ ਮੱਧ ਪ੍ਰਦੇਸ਼ ਵਿਚ ਵੀ ਇੰਜ ਹੀ ਵਾਪਰਿਆ।

2018 ਵਿਚ ਮੱਧ ਪ੍ਰਦੇਸ਼ 'ਚ ਕਮਲ ਨਾਥ ਨੇ 114 ਸੀਟਾਂ ਜਿੱਤ ਕੇ ਸਰਕਾਰ ਬਣਾਈ। ਭਾਜਪਾ ਨੂੰ 109 ਸੀਟਾਂ ਮਿਲੀਆਂ। ਕਾਂਗਰਸ ਦੇ 22 ਵਿਧਾਇਕਾਂ ਨੇ ਅਸਤੀਫ਼ਾ ਦੇ ਦਿੱਤਾ। ਕਾਂਗਰਸ ਵਜ਼ਾਰਤ ਘੱਟ ਗਿਣਤੀ 'ਚ ਰਹਿ ਗਈ। ਭਾਜਪਾ ਦੀਆਂ ਸੀਟਾਂ ਕਾਂਗਰਸ ਨਾਲੋਂ ਵਧ ਗਈਆਂ। ਭਾਜਪਾ ਦੇ ਸ਼ਿਵਰਾਜ ਸਿੰਘ ਚੌਹਾਨ ਨੂੰ ਸਰਕਾਰ ਬਣਾਉਣ ਦਾ ਮੌਕਾ ਮਿਲ ਗਿਆ। ਫਿਰ ਅਸਤੀਫਾ ਦੇ ਚੁੱਕੇ 22 ਕਾਂਗਰਸੀ ਵਿਧਾਇਕਾਂ ਨੇ ਭਾਜਪਾ ਵਲੋਂ ਚੋਣ ਲੜੀ ਤੇ ਮੁੜ ਭਾਜਪਾ ਦੇ ਵਿਧਾਇਕ ਵਜੋਂ ਜਿੱਤ ਕੇ ਸਦਨ 'ਚ ਆ ਗਏ।

ਇਸੇ ਸਾਲ ਕਰਨਾਟਕ 'ਚ 224 ਮੈਂਬਰੀ ਸਦਨ ਵਿਚੋਂ ਕਾਂਗਰਸ 80, ਜਨਤਾ ਦਲ (ਸ) 37 ਅਤੇ ਭਾਜਪਾ ਨੇ 104 ਸੀਟਾਂ ਜਿੱਤੀਆਂ। ਕਾਂਗਰਸ ਤੇ ਜਨਤਾ ਦਲ (ਸ) ਦੇ ਗੱਠਜੋੜ ਨੇ ਸਰਕਾਰ ਬਣਾਈ। ਕੁਝ ਮਹੀਨਿਆਂ ਬਾਅਦ ਕਾਂਗਰਸ ਦੇ 13 ਅਤੇ ਜਨਤਾ ਦਲ ਦੇ 4 ਵਿਧਾਇਕ ਅਸਤੀਫ਼ਾ ਦੇ ਗਏ, ਵਜ਼ਾਰਤ ਟੁੱਟ ਗਈ। ਭਾਜਪਾ ਨੇ ਮੁੜ ਕੁਝ ਆਜ਼ਾਦ ਮੈਂਬਰਾਂ ਦੀ ਸਹਾਇਤਾ ਨਾਲ ਵਜ਼ਾਰਤ ਬਣਾ ਲਈ।

ਇਹ ਦਲ ਬਦਲੀ ਵਿਰੋਧੀ ਕਾਨੂੰਨ ਦੀ ਦੁਰਵਰਤੋਂ ਦੀਆਂ ਉਦਾਹਰਨਾਂ ਹਨ। ਦਲ ਬਦਲੀ ਵਿਰੋਧੀ ਕਾਨੂੰਨ ਤਾਂ ਇਸ ਕਰਕੇ ਲਿਆਂਦਾ ਗਿਆ ਸੀ ਕਿ ਭਾਰਤੀ ਲੋਕਤੰਤਰ ਮਜ਼ਬੂਤ ਹੋਵੇ ਤੇ ਕੁਝ ਸਵਾਰਥੀ ਲੋਕ ਲੋਕਤੰਤਰ ਦਾ ਮਜ਼ਾਕ ਨਾ ਬਣਾ ਦੇਣ ਜਿਵੇਂ ਕਿ ਹਕੂਮਤ ਪ੍ਰਾਪਤੀ ਲਈ ਇਸ ਸਮੇਂ ਵੀ ਹੋ ਰਿਹਾ ਹੈ। ਲੋਕਤੰਤਰਿਕ ਪ੍ਰਕਿਰਿਆ ਵਿਚ ਤਾਂ ਸਿਆਸੀ ਦਲਾਂ ਦੀ ਭੂਮਿਕਾ ਅਹਿਮ ਹੁੰਦੀ ਹੈ ਉਹ ਸਿਧਾਂਤਕ ਤੌਰ 'ਤੇ, ਸਮੂਹਿਕ ਰੂਪ ਵਿਚ ਲੋਕ-ਹਿੱਤ ਵਿਚ ਫ਼ੈਸਲੇ ਲੈ ਕੇ ਲਾਗੂ ਕਰਨ ਲਈ ਜਾਣੇ ਜਾਂਦੇ ਹਨ।

ਪਰੰਤੂ ਆਜ਼ਾਦੀ ਦੇ ਕੁਝ ਸਾਲਾਂ ਬਾਅਦ ਹੀ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਸਿਆਸੀ ਦਲ ਲੋਕਾਂ ਦੇ ਵੋਟਾਂ 'ਚ ਦਿੱਤੇ ਫ਼ੈਸਲੇ ਦੀ ਅਣਦੇਖੀ ਕਰਨ ਲਗ ਪਏ ਸਨ ਅਤੇ ਵਿਧਾਇਕਾਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਦੀ ਜੋੜ-ਤੋੜ ਕਰ ਕੇ ਸਰਕਾਰਾਂ ਡੇਗਣ ਦੇ ਰਾਹ ਪੈ ਗਏ। ਕਾਂਗਰਸ ਰਾਜ ਵੇਲੇ ਇਹ ਵਰਤਾਰਾ ਸ਼ੁਰੂ ਹੋਇਆ, ਜੋ ਕਿ ਹੁਣ ਚਰਮ ਸੀਮਾ 'ਤੇ ਹੈ।

ਜਨਤਾ ਦਾ, ਜਨਤਾ ਲਈ ਅਤੇ ਜਨਤਾ ਰਾਹੀਂ ਸਾਸ਼ਨ ਹੀ ਲੋਕਤੰਤਰ ਹੈ। ਲੋਕਤੰਤਰ ਵਿਚ ਜਨਤਾ ਹੀ ਸੱਤਾਧਾਰੀ ਹੁੰਦੀ ਹੈ, ਉਸਦੀ ਪ੍ਰਵਾਨਗੀ ਨਾਲ ਹੀ ਸਾਸ਼ਨ ਚਲਦਾ ਹੈ। ਪਰ ਪਾਰਟੀਆਂ ਵਲੋਂ ਦਲ ਬਦਲੂਆਂ ਦੀ ਮਦਦ ਨਾਲ ਇਸ ਤੱਥ ਨੂੰ ਜਿਵੇਂ ਹੁਣ ਸਮੇਟ ਹੀ ਦਿੱਤਾ ਗਿਆ ਹੈ। ਹੁਣ ਸਥਿਤੀ ਤਾਂ ਇਹ ਹੈ ਕਿ ਸਿਆਸੀ ਦਲਾਂ 'ਚ ਨੇਤਾਵਾਂ ਦਾ ਸ਼ਖ਼ਸੀ ਉਭਾਰ ਅਤੇ ਪਰਿਵਾਰਵਾਦ ਭਾਰੂ ਹੋ ਗਿਆ ਹੈ।

ਪਾਰਟੀਆਂ ਵਿਚ ਉਪਰਲੇ ਦੋ-ਚਾਰ ਨੇਤਾ ਹੀ ਪ੍ਰਭਾਵੀ ਰਹਿੰਦੇ ਹਨ। ਸਿਆਸੀ ਦਲ ਲੋਕਤੰਤਰਿਕ ਢੰਗ ਨਾਲ ਨਹੀਂ ਚੱਲ ਰਹੇ। ਨਾ ਹੀ ਪਾਰਟੀਆਂ 'ਚ ਲੋਕ ਮਸਲਿਆਂ ਬਾਰੇ ਗੰਭੀਰ ਚਰਚਾ ਹੁੰਦੀ ਹੈ। ਕਹਿਣ ਨੂੰ ਤਾਂ ਦੇਸ਼ ਵਿਚ ਸਿਆਸੀ ਲੋਕ, ਲੋਕ ਸੇਵਾ ਦੀ ਗੱਲ ਕਰਦੇ ਹਨ ਪਰ ਇਸ ਸਮੇਂ ਉਨ੍ਹਾਂ ਦੇ ਨਿੱਜੀ ਹਿੱਤ ਭਾਰੂ ਪਏ ਵਿਖਾਈ ਦਿੰਦੇ ਹਨ। ਇਸ ਲਈ ਉਨ੍ਹਾਂ ਦਾ ਇੱਕ ਦਲ ਛੱਡ ਕੇ ਦੂਜੇ ਦਲ ਵਿਚ ਚਲੇ ਜਾਣਾ ਕੋਈ ਵੱਡੀ ਗੱਲ ਨਹੀਂ ਰਹੀ। ਦਲ ਬਦਲ ਦਾ ਮੂਲ ਕਾਰਨ ਕੇਵਲ ਸੱਤਾ ਪ੍ਰਾਪਤੀ, ਅਹੁਦੇ ਦੀ ਭੁੱਖ ਤੱਕ ਸੀਮਤ ਹੋ ਕਿ ਰਹਿ ਗਿਆ ਹੈ। ਸਿਧਾਂਤ ਜਾਂ ਨੀਤੀ ਨਾਲ ਉਨ੍ਹਾਂ ਦਾ ਕੋਈ ਲੈਣਾ-ਦੇਣਾ ਹੀ ਨਹੀਂ ਰਿਹਾ। ਦਲ ਬਦਲ ਨੇ ਜਿਸ ਢੰਗ ਨਾਲ ਸਿਆਸੀ ਕਦਰਾਂ-ਕੀਮਤਾਂ ਅਤੇ ਲੋਕਤੰਤਰ ਨੂੰ ਢਾਅ ਲਾਈ ਹੈ, ਉਸ ਨਾਲ ਲੋਕਾਂ ਦਾ ਸਿਆਸਤਦਾਨਾਂ 'ਚ ਵਿਸ਼ਵਾਸ ਗੁਆਚ ਗਿਆ ਹੈ।

ਹੁਣ ਵਾਲਾ ਦਲ ਬਦਲ ਰੋਕੂ ਕਾਨੂੰਨ ਕੀ ਹੋਰ ਵੀ ਕੋਈ ਦਲ ਬਦਲ ਰੋਕੂ ਕਾਨੂੰਨ, ਉਦੋਂ ਤੱਕ ਸਾਰਥਕ ਨਹੀਂ ਹੋਏਗਾ, ਜਦੋਂ ਤੱਕ ਦੇਸ਼ ਦੇ ਨੇਤਾਵਾਂ ਅਤੇ ਸਿਆਸੀ ਪਾਰਟੀਆਂ ਦੀ ਸੋਚ, ਭਾਰਤੀ ਸੰਵਿਧਾਨ ਅਨੁਸਾਰ ਕੰਮ ਕਰਨ ਲਈ ਆਪਣੀ ਵਚਨਬੱਧਤਾ ਨਹੀਂ ਦਰਸਾਉਂਦੀ।

---

# ਕਾਵਿ-ਕਿਆਰੀ

## ਔਰਤ

******

ਅੱਧੀ ਧਰਤ ਦੀ ਮਾਲਕ, ਜਨਮੋਂ ਹੱਕ ਜਤਾਵੇ ਔਰਤ,
ਮੁੱਦਤੋਂ ਹੈ ਚੁੱਪ ਦੀ ਮੂਰਤ, ਦੇਵੀ ਰੂਪ ਕਹਾਵੇ ਔਰਤ।
ਲੁੱਟੇ ਪੁਰਸ਼ਾਂ ਹੱਕ ਬਹੁਤੇ, ਮਨ ਤੋਂ ਝੱਟ ਭੁਲਾਵੇ ਔਰਤ,
ਜੱਗ ਦੀ ਹੋਂਦ ਤਾਂ ਸੰਭਵ, ਜੇ ਪਿਆਰ ਲੁਟਾਵੇ ਔਰਤ।

ਉਦਰ ਤੋਂ ਅੰਤ ਤੱਕ ਦੇਖੋ,
ਕਿਤਨੇ ਰੂਪ ਦਿਖਾਵੇ ਔਰਤ,
ਕਿਤੇ ਦਿਲ ਦੀ ਰਾਣੀ ਤੋਂ, ਮਾਂ ਦਾ ਰੂਪ ਵਟਾਵੇ ਔਰਤ।
ਆਸ ਬੱਝੇ ਤੇ ਖੀਵੀ ਹੋਏ, ਗਿਣ ਦਿਨ ਲੰਘਾਵੇ ਔਰਤ,
ਮਨ ਵਿਚ ਰੀਝਾਂ ਪਾਲ਼ ਕੇ, ਪੀੜਾਂ ਸੀਨੇ ਹੰਢਾਵੇ ਔਰਤ।

ਰਾਜੇ ਰਾਣੇ ਸੂਰਮੇ ਜੰਮ ਕੇ, ਜੀਵਨ ਧੰਨ ਬਣਾਵੇ ਔਰਤ,
ਵਿਚ ਮੈਦਾਨੇ ਜੰਗ ਚੜ੍ਹ ਕੇ, ਚੰਡੀ ਬਣ ਦਿਖਾਵੇ ਔਰਤ।
ਗੁਰੂ, ਪੀਰ-ਫਕੀਰ ਦੀ ਮਾਂ,
ਸਿੱਧੇ ਰਸਤੇ ਪਾਵੇ ਔਰਤ,
ਜੂਹੇ ਹਾਰੀ ਦ੍ਰੋਪਦੀ ਕਿਤੇ, ਅਬਲਾ ਬਣ ਜਾਵੇ ਔਰਤ।

ਮਾਂ ਤੋਂ ਧੀ, ਭੈਣ ਬਣ ਜਾਵੇ, ਸੰਸਾਰ ਗੰਢ ਪਾਵੇ ਔਰਤ,
ਦੇ ਕੇ ਮਿੱਠੀਆਂ ਲੋਰੀਆਂ, ਸੰਤਾਨ ਨੂੰ ਖਿਡਾਵੇ ਔਰਤ।
ਗਿੱਲੀ ਥਾਂ 'ਤੇ ਆਪ ਪੈ ਕੇ,
ਸੁੱਕੇ 'ਤੇ ਬੱਚੇ ਪਾਵੇ ਔਰਤ,
ਉੱਤਮ ਦਰਜਾ ਮਾਂ ਵਾਲ਼ਾ, ਜੱਗ ਤੋਂ ਫਿਰ ਪਾਵੇ ਔਰਤ।

ਪਤੀ ਦੇ ਦੁੱਖ-ਸੁੱਖ ਵਿਚ, ਹਮੇਸ਼ਾਂ ਹੱਥ ਵਟਾਵੇ ਔਰਤ,
ਸਬਰ ਸੰਤੋਖ ਦੀ ਮੂਰਤ, ਤੇ ਰੁੱਖੀ ਮਿੱਸੀ ਖਾਵੇ ਔਰਤ।

ਪੋਟਾ ਪੋਟਾ ਜਿਸਮ ਵੰਡ ਕੇ, ਰਿਸ਼ਤੇ ਤਾਂ ਪੁਗਾਵੇ ਔਰਤ,
ਮਾਂ-ਮਾਸੀ ਤੇ ਤਾਈ-ਚਾਚੀ, ਭਾਬੀ ਵੀ ਕਹਾਵੇ ਔਰਤ।

ਦਰਦ ਛੁਪਾਏ ਸੀਨੇ ਵਿਚ, ਸੀ ਨ ਮੂੰਹੋਂ ਸੁਣਾਵੇ ਔਰਤ,
ਲੱਖ ਤੋਹਮਤਾਂ ਲਾਵੇ ਜੱਗ, ਮੱਥੇ 'ਤੇ ਸਹਿ ਜਾਵੇ ਔਰਤ।
ਦੁਨੀਆਂ ਭਰ ਤੋਂ ਟੁੱਟੇ ਭੱਜੇ, ਵੱਟ ਕਸੀਸ ਜਾਵੇ ਔਰਤ,
ਸਮੇਂ ਸਮੇਂ ਦੀ ਗੱਲ ਸਾਰੀ, ਸ਼ਾਲਾ! ਟਾਕੀ ਲਾਵੇ ਔਰਤ।

***-ਸੇਵਾ ਸਿੰਘ 'ਨੂਰਪੁਰੀ'***

---

## ਲਾਜਵਾਬ

ਜੇ ਲੋੜ ਨਹੀਂ ਹਿਸਾਬ ਦੀ, ਤਾਂ ਨਾ ਹਿਸਾਬ ਕਰ।
ਕਰਨੀ ਹੈ ਜੋ ਵੀ ਦੋਸਤਾ, ਜ਼ਰਾ ਲਾਜਵਾਬ ਕਰ।

ਦਿਲ ਜਾਨੀਆਂ ਤੂੰ ਜੀਅ ਦਾ, ਇਹ ਸਬਕ ਚੇਤੇ ਰੱਖੀਂ,
ਦਿਲ ਨਾਲ ਜੀਣਾ ਪੈਣਾ, ਦਿਲ ਨਾ ਖ਼ਰਾਬ ਕਰ।

ਜਿਹੜਾ ਜਾ ਰਿਹਾ ਹੈ ਜਾਣ ਦੇ, ਮੁੜਨਾ ਨਾ ਓਸ ਨੇ,
ਚਿੱਤ ਆਪਣਾ ਅਜਾਈਂ, ਕਿੰਨਾ ਬੇਤਾਬ ਕਰ!

ਹੋਰਾਂ ਨੂੰ ਪਿਆਰ ਦੇ ਕੇ, ਖੁਦ ਪਿਆਰ ਪਿਆਰ ਹੋਵੇ,
ਹੱਥ ਘੁੱਟ ਨਾ ਤੂੰ ਐਵੇਂ, ਪੁੰਨ ਬੇਹਿਸਾਬ ਕਰ।

ਮੰਨਿਆ ਕਿ ਜ਼ਿੰਮੇਵਾਰੀ, ਤੇਰੀ ਹੋਰ ਹੈ ਬਥੇਰੀ,
ਕਰਨੇ ਵਾਲਾ ਹੈ ਜੋ ਕੰਮ, ਪਹਿਲਾਂ ਜਨਾਬ ਕਰ।

ਤੂਤੀ ਕਿਸੇ ਦੀ ਬੋਲਦੀ, ਤੈਨੂੰ ਬੋਲਦੀ ਸੁਣੇ ਨਾ,
ਚਿੱਤ ਆਪਣਾ ਤੂੰ ਸਭ ਤੋਂ, ਵਧ ਕੇ ਨਵਾਬ ਕਰ।

ਬੇਵੱਸ ਹੈਂ ਤੂੰ ਮੇਘਲੇ, ਛਾਏ ਜੋ ਅੰਬਰਾਂ 'ਤੇ,
ਧੁੱਪ ਮਾਨਣੀ ਜੇ ਜੂਹ ਦੀ, ਰੂਹ ਨਾ ਸਲ੍ਹਾਬ ਕਰ।

ਕਰਨਾ ਜੇ ਦਾਨ ਚਾਹੇਂ, ਮਨ ਮੌਜ ਵੰਡਿਆ ਕਰ,
ਕਰ ਦਏ ਜੋ ਜੀਣ ਜੋਗੇ, ਐਸਾ ਸੁਆਬ ਕਰ।

ਸ਼ੌਂਕੀ ਹੈ ਇਤਰ ਦਾ ਤੂੰ, 'ਢੇਸੀ' ਇਹ ਕਿਹਨੂੰ ਕੀਲੇ?
ਮਹਿਕੇ ਮਹਿਕਾਏ ਜਿਹੜਾ, ਹਿਰਦਾ ਗੁਲਾਬ ਕਰ।

***-ਕੁਲਵੰਤ ਸਿੰਘ 'ਢੇਸੀ'***

---

## ਸਬਰ ਦਾ ਫ਼ਲ

ਜ਼ਿੰਦਗੀ ਭਾਵੇਂ ਚੱਲ ਸੋ ਚੱਲ।
ਸਬਰ ਦਾ ਹੁੰਦਾ ਮਿੱਠਾ ਫ਼ਲ।

ਅੱਜ ਨੂੰ ਅੱਜ ਦੇ ਵਿਚ ਹੀ ਜੀ ਲਓ,
ਭਲਾਂ ਵੇਖਿਆ ਕਿਸ ਨੇ ਕੱਲ੍ਹ।

ਪਿਆਰ ਮੁਹੱਬਤ ਬਾਝੋਂ ਅੜਿਆ,
ਜੀਵਨ ਬਣਦਾ ਮਾਰੂਥਲ।

ਬੰਦਿਆ ਕਰਨੀ ਪਊ ਮੁਸ਼ੱਕਤ,
ਮਾਰਨੀ ਚਾਹੁੰਨੈ ਜੇ ਕੋਈ ਮੱਲ।

ਜੋ ਸਿਦਕੀ ਤੇ ਸਿਰੜੀ ਹੁੰਦੇ,
ਜ਼ੁਲਮ ਨੂੰ ਉਹੀਓ ਪਾਉਂਦੇ ਠੱਲ੍ਹ।

ਧਰਤੀ ਵਿਚੋਂ ਮੁੱਕ ਨਾ ਜਾਏ,
ਸੰਜਮ ਦੇ ਨਾਲ ਵਰਤੋ ਜਲ਼।

ਨੀਵਾਂ ਹੋ ਕੇ ਜੋ ਵੀ ਚੱਲਦਾ,
ਰੱਬ ਹਮੇਸ਼ਾ ਉਹਦੇ ਵੱਲ।

ਉਨ੍ਹਾਂ ਨੂੰ ਕੋਈ ਮੂੰਹ ਨਾ ਲਾਵੇ,
ਕਰਦੇ ਨੇ ਜੋ ਚੱਕਵੀਂ ਗੱਲ।

ਪੰਡ ਪਾਪਾਂ ਦੀ ਭਾਰੀ ਹੋਣ 'ਤੇ,
ਰੱਬ ਕੋਈ ਰਹਿਬਰ ਦੇਵੇ ਘੱਲ।

ਭਾਵੇਂ ਲੱਖਾਂ ਜੱਗ ਕਰਾ ਲਓ,
ਸਕਦੀ ਨਹੀਂ ਮੁਸੀਬਤ ਟਲ਼।


'ਨਾਗਰਾ' ਮਨ ਪਵਿੱਤਰ ਰੱਖੀਂ,
ਰੱਖੀਂ ਨਾ ਕੋਈ ਵਲ਼ ਤੇ ਛੱਲ।

***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'***
***ਫੋਨ: +13604481989***

# ਬੰਦਾ ਸਿੰਘ ਬਹਾਦਰ: ਕ੍ਰਾਂਤੀ ਦੇ ਸਰੋਕਾਰ

**ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਦੀ ਸਭ ਤੋਂ ਵੱਡੀ ਮਹਾਨਤਾ ਸਾਂਝੀਵਾਲਤਾ, ਸਮਾਨਤਾ ਅਤੇ ਮਾਨਵਤਾ ਵੱਲ ਵੱਡੀ ਪੁਲਾਂਘ ਸੀ। ਸਰਹੰਦ ਫਤਹਿ ਦੁਨੀਆ ਦੀ ਪਹਿਲੀ ਸਫਲ ਕਰਾਂਤੀ ਸੀ ਜਿਸ ਵਿਚ ਰਾਜ ਭਾਗ 'ਤੇ ਕਬਜ਼ਾ ਕਰ ਲੈਣ ਉਪਰੰਤ ਪਹਿਲੇ ਐਲਾਨ ਨਾਲ ਹੀ ਜਗੀਰਦਾਰੀ ਦਾ ਖਾਤਮਾ ਕਰ ਦਿੱਤਾ ਗਿਆ ਸੀ। ਪੂਰੇ ਵਿਸ਼ਵ ਵਿਚ ਇਹ ਪਹਿਲੀ ਵਾਰ ਹੋਇਆ ਸੀ ਜਦੋਂ ਜ਼ਮੀਨਾਂ ਤੋਂ ਜਗੀਰਦਾਰੀ ਦਾ ਕਬਜ਼ਾ ਤੋੜ ਦਿੱਤਾ ਗਿਆ।**

ਪੰਜਾਬ ਦੀ ਹੋਣੀ ਅਣਹੋਣੀ ਵਿਚ ਸਭ ਤੋਂ ਅਹਿਮ ਕੇਂਦਰੀ ਤਾਕਤ ਜ਼ਮੀਨ ਹੈ ਜਿਸ ਦੀ ਕੋਝੀ ਅਤੇ ਕਾਣੀ ਵੰਡ ਸਮਾਜ ਨੂੰ ਜਾਤਾਂ ਤੇ ਜਮਾਤਾਂ ਵਿਚ ਵੰਡਦੀ ਹੈ। ਇਸ ਬੁਨਿਆਦੀ ਨੁਕਤੇ ਕਰ ਕੇ ਹੀ ਇਸ ਜ਼ਮੀਨ ਵਿਚ ਟਕਰਾਅ ਇਤਿਹਾਸ ਦੇ ਹਰ ਪੰਨੇ ਉਪਰ ਉਭਰੇ ਪਏ ਹਨ। ਜਿਨ੍ਹਾਂ ਨੇ ਇਹ ਕਾਣੀ ਵੰਡ ਖਤਮ ਕਰਨ ਦਾ ਜੇਰਾ ਕੀਤਾ, ਉਹ ਸਦੀਆਂ ਤੋਂ ਇਤਿਹਾਸ ਦੇ ਪੰਨਿਆਂ 'ਤੇ ਸੰਘਰਸ਼ਾਂ ਨੂੰ ਰੋਸ਼ਨ ਕਰਦੇ ਹਨ, ਦੌਰ ਅਤੇ ਸਮਾਂ ਭਾਵੇਂ ਕੋਈ ਵੀ ਹੋਵੇ। ਇਨ੍ਹਾਂ ਦਾ ਸਿਲਸਿਲਾ ਲਗਾਤਾਰ ਹਰ ਸੰਘਰਸ਼ ਵਿਚ ਕਾਰਜਸ਼ੀਲ ਰਹਿੰਦਾ ਹੈ। ਇਤਿਹਾਸ ਦੀਆਂ ਰਮਜ਼ਾਂ ਨੂੰ ਜਾਨਣ ਸਮਝਣ ਵਾਲੇ ਇਸ ਦੀ ਸਿਰਜਣਾ ਲਈ



ਲਗਾਤਾਰ ਇਤਿਹਾਸਕ ਪੰਨਿਆਂ ਰਾਹੀਂ ਜੂਝਦੇ ਰਹੇ ਜਿਹੜੇ ਅਜੋਕੇ ਸੰਘਰਸ਼ਾਂ ਲਈ ਵੀ ਸਮਝਦਾਰੀ ਮੁਹੱਈਆ ਕਰਦੇ ਹਨ ਅਤੇ ਦਿਸ਼ਾ ਦਿਖਾਉਂਦੇ ਹਨ ਕਿ ਕਿਸ ਤਰ੍ਹਾਂ ਵੱਖੋ-ਵੱਖਰੇ

ਸਤਨਾਮ ਚਾਨਾ

ਸਮਿਆਂ ਦੇ ਸੰਕਟਾਂ ਨਾਲ ਜੂਝਣਾ ਹੁੰਦਾ ਹੈ।

### ਸਫਲ ਕਰਾਂਤੀ ਦਾ ਨਾਇਕ

ਤਿੰਨ ਸਦੀਆਂ ਦੇ ਆਸ-ਪਾਸ ਬੰਦਾ ਸਿੰਘ ਬਹਾਦਰ ਦਾ ਬਿੰਬ ਵਿਗਾੜ ਕੇ ਪੇਸ਼ ਕੀਤਾ ਜਾਂਦਾ ਰਿਹਾ; ਇੱਥੋਂ ਤੱਕ ਕਿ ਉਨ੍ਹਾਂ ਨੂੰ 'ਖ਼ੂਨ ਦਾ ਪਿਆਸਾ ਰਾਖਸ਼' ਤੱਕ ਵੀ ਕਿਹਾ ਜਾਂਦਾ ਰਿਹਾ ਪਰ ਹੁਣ ਜਿਉਂ-ਜਿਉਂ ਨਵੀਆਂ ਖੋਜਾਂ ਸਾਹਮਣੇ ਆ ਰਹੀਆਂ ਹਨ, ਤਿਉਂ-ਤਿਉਂ ਉਨ੍ਹਾਂ ਦੀ ਮਹਾਨਤਾ ਦਾ ਅਹਿਸਾਸ ਵਧ ਰਿਹਾ ਹੈ। ਪਿਛਲੀ ਅੱਧੀ ਕੁ ਸਦੀ ਦੀਆਂ ਲੱਭਤਾਂ ਨੇ ਉਨ੍ਹਾਂ ਨੂੰ ਦੁਨੀਆ ਦੇ ਮਹਾਨ ਜੇਤੂ ਨਾਇਕਾਂ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ ਹੈ। ਹੁਣ ਇਹ ਕਹਿਣ ਲਈ ਕਾਫੀ ਸਬੂਤ ਹਨ ਕਿ ਬੰਦਾ ਸਿੰਘ ਬਹਾਦਰ ਨਾਲ ਮਿੱਥ ਕੇ ਬੇਇਨਸਾਫੀ ਕੀਤੀ ਗਈ ਸੀ, ਅਣਜਾਣੇ ਵਿਚ ਨਹੀਂ ਹੋਈ ਸੀ। ਇਸ ਬੇਇਨਸਾਫੀ ਨੇ ਸਾਡੀਆਂ ਕਈ ਪੀੜ੍ਹੀਆਂ ਨੂੰ ਗੁਮਰਾਹ ਕੀਤਾ। ਵਿਗਿਆਨਕ ਦ੍ਰਿਸ਼ਟੀ ਨਾਲ ਪੜਤਾਲ ਕਰਨ ਵਾਲੇ ਆਧੁਨਿਕ ਖੋਜਕਾਰ ਬੇਬਾਕੀ ਨਾਲ ਕਹਿ ਰਹੇ ਹਨ ਕਿ ਅਠਾਰਵੀਂ ਅਤੇ ਉਨੀਵੀਂ ਸਦੀ ਦੇ ਇਤਿਹਾਸਕਾਰਾਂ ਨੇ ਵੱਖ-ਵੱਖ ਕਾਰਨਾਂ ਕਰ ਕੇ ਅਤੇ ਵਿਸ਼ੇਸ਼ ਹਿੱਤਾਂ ਦੀ ਪੂਰਤੀ ਲਈ ਜਾਣ ਬੁੱਝ ਕੇ ਤੱਥਾਂ ਨੂੰ ਤੋੜਿਆ-ਮਰੋੜਿਆ ਸੀ, ਉਹ ਇਤਿਹਾਸਕਾਰ ਭਾਵੇਂ ਮੁਸਲਮਾਨ ਸਨ, ਭਾਵੇਂ ਗੈਰ-ਮੁਸਲਮਾਨ। ਤੱਥਾਂ 'ਤੇ ਆਧਾਰਿਤ ਵਿਗਿਆਨਕ ਖੋਜ ਵੀ ਵਿਦੇਸ਼ੀ ਇਤਿਹਾਸਕਾਰਾਂ ਨੇ ਹੀ ਆਰੰਭ ਕੀਤੀ ਪ੍ਰਤੀਤ ਹੁੰਦੀ ਹੈ।

ਇੱਥੇ ਇੱਕ ਮਹੱਤਵਪੂਰਨ ਘਟਨਾ ਯਾਦ ਕਰ ਲਈਏ ਜਿਹੜੀ ਮਾਰਚ 1716 ਦੀ ਹੈ ਜਦੋਂ ਬੰਦਾ ਸਿੰਘ ਬਹਾਦਰ ਨੂੰ ਉਸ ਦੇ ਜੰਗੀ ਸਾਥੀਆਂ ਸਮੇਤ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਫੜ ਕੇ ਦਿੱਲੀ ਲਿਆਂਦਾ ਸੀ ਅਤੇ ਉਨ੍ਹਾਂ ਵਿਚੋਂ ਹਰ ਰੋਜ਼ ਇੱਕ ਸੌ ਨੂੰ ਲੋਕਾਂ ਦੀ ਭੀੜ ਸਾਹਮਣੇ ਸ਼ਹੀਦ ਕੀਤਾ ਜਾਂਦਾ ਸੀ। ਕਤਲਾਂ ਦਾ ਇਹ ਸੀਨ ਦੇਖਣ ਵਾਲਿਆਂ ਵਿਚ ਈਸਟ ਇੰਡੀਆ ਕੰਪਨੀ ਦੇ ਦੋ ਪ੍ਰਤੀਨਿਧ ਜੌਹਨ ਸਰਮਨ ਅਤੇ ਐਡਵਰਡ ਸਟੀਫਨ ਵੀ ਸਨ ਜਿਹੜੇ ਉਨ੍ਹਾਂ ਦਿਨਾਂ ਵਿਚ ਦਿੱਲੀ ਹੀ ਸਨ। ਉਨ੍ਹਾਂ ਬੰਗਾਲ ਵਿਚ ਸਥਿਤ ਵਿਲੀਅਮ ਫੋਰਟ ਦੇ ਪ੍ਰਧਾਨ ਰੌਬਰਟ ਹੱਜ ਨੂੰ ਪੱਤਰ ਲਿਖ ਕੇ ਦੱਸਿਆ ਸੀ ਕਿ "... ਮਹਾਨ ਗੁਰੂ (ਬੰਦਾ ਸਿੰਘ) ਜਿਸ ਨੇ ਲਾਹੌਰ ਦੇ ਸੂਬੇ ਨੂੰ ਪਿਛਲੇ ਵੀਹ ਸਾਲਾਂ ਤੋਂ ਵਖਤ ਪਾਇਆ ਹੋਇਆ ਸੀ, ਨੂੰ ਸੂਬੇਦਾਰ ਅਬਦੁਲ ਸਮੱਦ ਖਾਨ, ਉਸ ਦੇ ਪਰਿਵਾਰ ਤੇ ਸ਼ਰਧਾਲੂਆਂ ਸਮੇਤ ਗ੍ਰਿਫਤਾਰ ਕਰ ਕੇ ਦਿੱਲੀ ਲਿਆਇਆ ਹੈ। ਉਸ ਨੂੰ ਅਤੇ ਬਚ ਗਏ ਹੋਏ ਉਸ ਦੇ ਸੱਤ ਸੌ ਅੱਸੀ ਸ਼ਰਧਾਲੂਆਂ ਨੂੰ ਬੇੜੀਆਂ ਵਿਚ ਜਕੜਿਆ ਹੋਇਆ ਸੀ ਜੋ ਕੁਝ ਦਿਨ ਪਹਿਲਾਂ ਦਿੱਲੀ ਵਿਚ ਪ੍ਰਵੇਸ਼ ਕੀਤੇ ਸਨ। ਉਨ੍ਹਾਂ ਨੂੰ ਊਠਾਂ 'ਤੇ ਬਿਠਾਇਆ ਹੋਇਆ ਸੀ ਅਤੇ ਜਿਹੜੇ ਤਲਵਾਰ ਦੀ ਭੇਟ ਚੜ੍ਹ ਗਏ ਸਨ, ਉਨ੍ਹਾਂ ਦੇ ਦੋ ਹਜ਼ਾਰ ਦੇ ਕਰੀਬ ਸਿਰ ਬਾਂਸਾਂ 'ਤੇ ਟੰਗੇ ਹੋਏ ਸਨ। ਉਸ (ਬੰਦਾ ਸਿੰਘ) ਨੂੰ ਬਾਦਸ਼ਾਹ ਅੱਗੇ ਪੇਸ਼ ਕਰਨ ਉਪਰੰਤ ਕੈਦਖਾਨੇ ਵਿਚ ਭੇਜ ਦਿੱਤਾ ਗਿਆ। ਉਸ ਅਤੇ ਉਸ ਦੇ ਕਰੀਬੀਆਂ ਦੀ ਮੌਤ ਨੂੰ ਅਜੇ ਅੱਗੇ ਪਾ ਦਿੱਤਾ ਗਿਆ ਹੈ ਕਿਉਂਕਿ ਉਹ ਉਸ ਦੇ ਰਾਜ ਵਿਚ ਕਈ ਥਾਵਾਂ 'ਤੇ ਦੱਬੇ ਖਜ਼ਾਨੇ ਬਾਰੇ ਜਾਨਣਾ ਚਾਹੁੰਦੇ ਹਨ। ਉਸ ਤੋਂ ਬਾਅਦ ਉਸ ਦਾ ਵੀ ਕਤਲ ਕਰ ਦਿੱਤਾ ਜਾਏਗਾ। ਬਾਕੀਆਂ ਦਾ ਸੌ-ਸੌ ਕਰ ਕੇ ਰੋਜ਼ਾਨਾ ਹੀ ਸਿਰ ਕਲਮ ਕੀਤਾ ਜਾਂਦਾ ਹੈ। ਇਹ ਕੋਈ ਘੱਟ ਮਹੱਤਵਪੂਰਨ ਨਹੀਂ ਕਿ ਉਨ੍ਹਾਂ ਵਿਚੋਂ ਹਰ ਕੋਈ ਸ਼ਾਂਤ ਚਿੱਤ ਹੋ ਕੇ ਆਪਣੀ ਹੋਣੀ ਦਾ ਸਾਹਮਣਾ ਕਰਦਾ ਹੈ ਪਰ ਕਿਸੇ ਨੇ ਵੀ ਆਪਣਾ ਧਰਮ ਨਹੀਂ ਤਿਆਗਿਆ ਜੋ ਕੋਈ ਨਵਾਂ ਧਰਮ



*ਉਘੇ ਚਿੱਤਰਕਾਰ ਕਿਰਪਾਲ ਦਾ ਬਣਾਇਆ ਚਿੱਤਰ ਬਾਬਾ ਬੰਦਾ ਸਿੰਘ ਬਹਾਦੁਰ।*

ਹੈ।" (ਭਾਵੇਂ ਵੀਹ ਸਾਲਾਂ ਵਾਲੀ ਗੱਲ ਉਨ੍ਹਾਂ ਦੀ ਠੀਕ ਨਹੀਂ ਹੈ)। ਇਸ ਪੱਤਰ ਤੋਂ ਤਕਰੀਬਨ ਢਾਈ ਮਹੀਨੇ ਬਾਅਦ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਮਸੂਮ ਪੁੱਤਰ ਸਮੇਤ ਸਤਾਰਾਂ ਸਾਥੀ ਸਿੰਘਾਂ ਨੂੰ ਮਹਿਰੌਲੀ ਦੀ ਕਤਲਗਾਹ ਵਿਚ ਲਿਆ ਕੇ ਅਤਿਅੰਤ ਜ਼ਾਲਮਾਨਾ ਵਿਧੀ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ ਜੋ ਸਭਨਾਂ ਦੇ ਚੇਤੇ ਵਿਚ ਤਾਜ਼ਾ ਹੈ।

ਇਸ ਘਟਨਾ ਦੀ ਪ੍ਰੇਰਨਾ ਸਦਕਾ ਪੱਛਮੀ ਇਤਿਹਾਸਕਾਰਾਂ ਨੇ ਵੀ ਸਿੱਖ ਧਰਮ ਦੇ ਇਤਿਹਾਸ ਬਾਰੇ ਸੰਜੀਦਾ ਖੋਜ ਦੀ ਲੋੜ ਮਹਿਸੂਸ ਕੀਤੀ ਸੀ ਅਤੇ ਫਿਰ ਸਾਡੇ ਆਪਣੇ ਅਧੁਨਿਕ ਖੋਜਕਾਰਾਂ ਦੀਆਂ ਨਵੀਆਂ ਲੱਭਤਾਂ ਵੀ ਰਜਿਸਟਰ ਹੋਣ ਲੱਗ ਪਈਆਂ। ਇਹ ਸੱਚ ਹੈ ਕਿ ਜਿਹੜੀਆਂ ਕੌਮਾਂ ਨੂੰ ਅੱਗੇ ਵਧਣ ਅਤੇ ਸਫਲਤਾਵਾਂ ਹਾਸਲ ਕਰਨ ਵਿਚ ਦਿੱਕਤਾਂ ਆਉਂਦੀਆਂ ਹਨ, ਉਹ ਜਾਂ ਤਾਂ ਆਪਣੇ ਇਤਿਹਾਸ ਬਾਰੇ ਅਸਪੱਸ਼ਟ ਹੁੰਦੀਆਂ ਹਨ ਜਾਂ ਫਿਰ ਉਨ੍ਹਾਂ ਦੇ ਪੁਰਖਿਆਂ ਨੇ ਆਪਣਾ ਇਤਿਹਾਸ ਤੋੜ-ਮਰੋੜ ਕੇ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਸੌਂਪਿਆ ਹੁੰਦਾ ਹੈ। ਇਤਿਹਾਸ ਵਿਗਾੜਨਾ ਭਵਿੱਖ ਦੇ ਪੈਰਾਂ 'ਤੇ ਕੁਲਹਾੜੀ ਮਾਰਨ ਸਮਾਨ ਹੁੰਦਾ ਹੈ; ਫਿਰ ਵੀ ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਹੈ ਕਿ ਇਤਿਹਾਸ ਨੂੰ ਸਿਰਫ ਕਾਗ਼ਜ਼ ਹੀ ਨਹੀਂ ਸੰਭਾਲਦੇ ਸਗੋਂ ਲੋਕ ਮਾਨਸਿਕਤਾ ਵੀ ਸੰਭਾਲ ਕੇ ਰੱਖਦੀ ਹੈ। ਲੋਕ ਮਾਨਸਿਕਤਾ ਦਾ ਸੰਭਾਲਿਆ ਇਤਿਹਾਸ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੋਂ ਅੱਗੇ ਸੌਂਪਿਆ ਜਾਂਦਾ ਰਹਿੰਦਾ ਹੈ। ਸਮਾਜੀ ਅਵਚੇਤਨ ਵਿਚ ਚੱਲ ਰਿਹਾ ਇਤਿਹਾਸ ਇੱਕ ਨਾ ਇੱਕ ਦਿਨ ਲਿਖਤ ਇਤਿਹਾਸ ਨੂੰ ਵੀ ਸੁਧਰ ਜਾਣ ਲਈ ਮਜਬੂਰ ਕਰ ਦਿੰਦਾ ਹੈ।

ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਦੀ ਸਭ ਤੋਂ ਵੱਡੀ ਮਹਾਨਤਾ ਸਾਂਝੀਵਾਲਤਾ, ਸਮਾਨਤਾ ਅਤੇ ਮਾਨਵਤਾ ਵੱਲ ਵੱਡੀ ਪੁਲਾਂਘ ਸੀ। ਸਰਹੰਦ ਫਤਹਿ ਦੁਨੀਆ ਦੀ ਪਹਿਲੀ ਸਫਲ ਕਰਾਂਤੀ ਸੀ ਜਿਸ ਵਿਚ ਰਾਜ ਭਾਗ 'ਤੇ ਕਬਜ਼ਾ ਕਰ ਲੈਣ ਉਪਰੰਤ ਪਹਿਲੇ ਐਲਾਨ ਨਾਲ ਹੀ ਜਗੀਰਦਾਰੀ ਦਾ ਖਾਤਮਾ ਕਰ ਦਿੱਤਾ ਗਿਆ ਸੀ। ਪੂਰੇ ਵਿਸ਼ਵ ਵਿਚ ਇਹ ਪਹਿਲੀ ਵਾਰ ਹੋਇਆ ਸੀ ਜਦੋਂ ਜ਼ਮੀਨਾਂ ਤੋਂ ਜਗੀਰਦਾਰੀ ਦਾ ਕਬਜ਼ਾ ਤੋੜ ਦਿੱਤਾ ਗਿਆ। ਹਲ ਵਾਹਕ ਆਪਣੀ ਉਪਜ ਦੇ ਖ਼ੁਦ ਮਾਲਕ ਬਣ ਗਏ ਸਨ। ਉਸ ਸਮੇਂ ਵੀ ਅਤੇ ਉਸ ਤੋਂ ਅਨੇਕ ਸਦੀਆਂ ਪਹਿਲਾਂ ਵੀ ਸੰਸਾਰ ਵਿਚ ਅਨੇਕ ਕਿਸਾਨ ਲਹਿਰਾਂ ਉੱਠੀਆਂ ਸਨ, ਕੁਝ ਨਾ ਕੁਝ ਅੱਗੇ ਵੀ ਵਧੀਆਂ ਸਨ ਪਰ ਜਗੀਰਦਾਰੀ ਦਾ ਖਤਮਾ ਕਿਤੇ ਵੀ ਨਹੀਂ ਕੀਤਾ ਜਾ ਸਕਿਆ ਸੀ। ਜਗੀਰਦਾਰੀ ਉੱਤੇ ਮੁਕੰਮਲ ਫਤਹਿ ਚੱਪੜਚਿੜੀ ਦੇ ਮੈਦਾਨ ਵਿਚ ਹੀ ਹੋਈ ਸੀ; ਅਥਵਾ ਵਿਸ਼ਵ ਇਤਿਹਾਸ ਵਿਚ ਜਗੀਰਦਾਰੀ ਦੇ ਖਾਤਮੇ ਦਾ ਪਹਿਲਾ ਐਲਾਨ ਪੰਜਾਬ ਦੀ ਧਰਤੀ 'ਤੇ ਹੋਇਆ ਸੀ। ਇਸ ਨੂੰ ਅਸੀਂ 'ਪੰਜਾਬ ਕਮਿਊਨ' ਕਹਾਂਗੇ। ਇਸ ਪਹਿਲੇ ਕਮਿਊਨ ਦੀ ਦੁਖਦੀ ਰਗ਼ ਇਹ ਹੈ ਕਿ ਇਸ ਨੂੰ ਕੁਚਲਣ ਲਈ ਉਨ੍ਹਾਂ ਲੋਕਾਂ ਨੇ ਵੀ ਅੱਗੇ ਹੋ ਕੇ ਹਿੱਸਾ ਪਾਇਆ ਸੀ ਜਿਹੜੇ ਸਾਂਝੀਵਾਲਤਾ ਨੂੰ ਪ੍ਰਣਾਏ ਹੋਣ ਦਾ ਦਮ ਭਰਦੇ ਸਨ ਪਰ ਇੱਛਾ ਸਾਮੰਤਸ਼ਾਹੀ ਵਾਲੀ ਪਾਲੀ ਫਿਰਦੇ ਸਨ। ਬਾਬਾ ਬੰਦਾ ਸਿੰਘ ਦੇ ਆਪਣੇ ਹੀ ਕੁਝ ਜਰਨੈਲਾਂ ਨੇ ਆਰਥਿਕ ਧਰੁਵੀਕਰਨ ਦੇ ਆਧਾਰ 'ਤੇ ਵਫਾਦਾਰੀਆਂ ਬਦਲ ਲਈਆਂ ਸਨ। ਇਹ ਕ੍ਰਿਸ਼ਮਾ ਨਿੱਜੀ ਜਾਇਦਾਦ ਦੀ ਲਾਲਸਾ ਦਾ ਸੀ।

ਸਦੀਆਂ ਤੋਂ ਚਲੀ ਆਉਂਦੀ ਵਿਵਸਥਾ ਮਰਦੇ-ਮਰਦੇ ਵੀ ਆਪਣਾ ਰੰਗ ਦਿਖਾਉਂਦੀ ਹੀ ਹੈ। ਕੁਝ ਇਤਿਹਾਸਕਾਰ ਦੱਸਦੇ ਹਨ ਕਿ ਇਸ ਖਿੱਤੇ ਦੇ ਸਾਰੇ ਧਰਮਾਂ ਨਾਲ ਸਬੰਧਿਤ ਜਗੀਰਦਾਰਾਂ ਨੇ ਕਲਾਨੌਰ ਵਿਚ ਇਕੱਠ ਕਰ ਕੇ ਕਸਮਾਂ ਖਾਧੀਆਂ ਸਨ ਕਿ ਉਹ ਉਨ੍ਹਾਂ ਦੀਆਂ ਜਗੀਰਦਾਰੀਆਂ ਨੂੰ ਖਤਮ ਕਰਨ ਵਾਲੇ ਬੰਦਾ ਸਿੰਘ ਬਹਾਦਰ ਨੂੰ ਖਤਮ ਕਰ ਕੇ ਹੀ ਦਮ ਲੈਣਗੇ। ਬਾਅਦ ਵਿਚ ਜਗੀਰਾਂ ਦੀ ਲਾਲਸਾ ਰੱਖਣ ਵਾਲੇ ਵੀ ਉਸ ਪਾਲੇ ਵਿਚ ਚਲੇ ਗਏ। ਦੂਜੇ ਪਾਸੇ, ਅਤਿਅੰਤ ਮਹੱਤਵਪੂਰਨ ਘਟਨਾ ਇਹ ਹੈ ਕਿ ਉਸੇ ਹੀ ਕਲਾਨੌਰ ਵਿਚ ਬਹੁਤ ਵੱਡਾ ਇਕੱਠ ਹੋਇਆ ਜਿਸ ਵਿਚ ਪੰਜ ਹਜ਼ਾਰ ਮੁਸਲਮਾਨ ਬਾਬਾ ਬੰਦਾ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ ਸਨ। ਉਹ ਮੁਸਲਮਾਨ ਘਾਲ ਖਾਣ ਵਾਲੇ ਕਿਰਤੀ ਸਨ। ਕਿਰਤ ਜਾਗੀਰ ਨਾਲ ਸਿੱਧਾ ਟਕਰਾ ਗਈ ਸੀ।

ਅਸੀਂ ਬੰਦਾ ਸਿੰਘ ਬਹਾਦਰ ਦੀ ਕਰਾਂਤੀ ਦੇ ਚਰਿੱਤਰ ਉੱਤੇ ਕੇਂਦਰਤ ਕਰਨ ਦੀ ਥਾਂ ਆਪਣੀ ਚਰਚਾ ਨੂੰ ਉਨ੍ਹਾਂ ਦੀ ਬਹਾਦਰੀ, ਜੰਗੀ ਕਲਾ, ਜਿੱਤਾਂ ਅਤੇ ਸ਼ਹੀਦੀ ਤੱਕ ਸੰਕੋਚ ਲੈਂਦੇ ਹਾਂ। ਉਨ੍ਹਾਂ ਦੇ ਫਲਸਫੇ ਅਤੇ ਨੀਤੀਆਂ ਨਾਲੋਂ ਘਟਨਾਵਾਂ ਦੀ ਨਿਸ਼ਾਨਦੇਹੀ ਨੂੰ ਵਧੇਰੇ ਵਜ਼ਨ ਦਿੰਦੇ ਹਾਂ। ਇੱਥੋਂ ਤੱਕ ਸੀਮਤ ਕਰ ਲੈਂਦੇ ਹਾਂ ਕਿ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਲੈ ਕੇ ਚੱਲੇ, ਸਿਹਰੀ ਖੇਡਾ ਤੋਂ ਜੇਤੂ ਮਾਰਚ ਕਰਦੇ ਹੋਏ ਸੋਨੀਪਤ, ਕੈਥਲ, ਸਮਾਣਾ, ਸਢੌਰਾ ਆਦਿ ਨੂੰ ਮਸਲ ਕੇ ਚੱਪੜਚਿੜੀ ਦੇ ਮੈਦਾਨ ਵਿਚ ਪਹੁੰਚੇ ਜਿੱਥੇ ਵਜ਼ੀਰ ਖਾਨ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਸਾਮਰਾਜ ਬੰਦਾ ਸਿੰਘ ਦੇ ਇਸ ਜੇਤੂ ਮਾਰਚ ਨੂੰ ਰੋਕ ਨਾ ਸਕਿਆ। (ਅਸੀਂ) ਗੁਰੂ ਸਾਹਿਬ ਦੇ ਫਲਸਫੇ ਨੂੰ ਅਮਲ ਵਿਚ ਲਿਆਉਣ ਦੇ ਕਦਮਾਂ ਵੱਲ ਲੋੜੀਂਦੀ ਤਵੱਜੋ ਨਹੀਂ ਦਿੰਦੇ ਜਿਸ ਦਾ ਵਿਸ਼ਵੀ ਮਹੱਤਵ ਹੈ; ਇਸ ਮਹੱਤਵ ਦੀ ਨੀਂਹ ਸਮਾਣੇ ਦੀ ਜਿੱਤ ਸਮੇਂ ਹੀ ਰੱਖ ਦਿੱਤੀ ਗਈ ਸੀ। ਬਾਬਾ ਬੰਦਾ ਸਿੰਘ ਨੇ ਖ਼ੁਦ ਆਪਣੀਆਂ ਜਿੱਤਾਂ ਨੂੰ ਜਿੱਤਾਂ ਦੇ ਰੂਪ ਵਿਚ ਨਹੀਂ ਸਗੋਂ ਸਿੱਖ ਫਲਸਫੇ ਦੀ ਜਿੱਤ ਦੇ ਰੂਪ ਵਿਚ ਉਭਾਰਿਆ ਸੀ। ਉਨ੍ਹਾਂ ਨੇ ਇਸ ਜਿੱਤ ਦੇ ਅਸਲ ਮਹੱਤਵ ਦਾ ਐਲਾਨ ਸਿੱਖ ਰਾਜ ਦੀ ਰਾਜਧਾਨੀ ਲੋਹਗੜ੍ਹ ਵਿਚ ਕੀਤਾ ਸੀ ਜਦੋਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਸਿੱਕਾ ਜਾਰੀ ਕੀਤਾ ਤੇ ਉਨ੍ਹਾਂ ਦੇ ਨਾਮ ਦੀ ਮੋਹਰ ਦਾ ਠੱਪਾ ਲਾਇਆ ਸੀ। ਬੰਦਾ ਸਿੰਘ ਨੇ ਐਲਾਨ ਕੀਤਾ ਸੀ ਕਿ ਇਹ ਰਾਜ ਗੁਰੂ ਨਾਨਕ ਦੇ ਫਲਸਫੇ, ਗੁਰੂ ਗੋਬਿੰਦ ਸਿੰਘ ਦੀ ਯੋਜਨਾ ਅਨੁਸਾਰ ਸਥਾਪਤ ਹੋਇਆ ਹੈ। ਇਸ ਦਾ ਅਰਥ ਹੈ ਕਿ ਜਿਹੜੀ ਜੰਗ ਚੱਪੜਚਿੜੀ ਦੇ ਮੈਦਾਨ ਵਿਚ ਜਿੱਤੀ ਗਈ ਸੀ, ਉਸ ਦਾ ਬਿਗੁਲ ਸਵਾ ਦੋ ਸੌ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਵਜਾਇਆ ਸੀ ਅਤੇ ਉਨ੍ਹਾਂ ਦੇ ਫਲਸਫੇ ਨੂੰ ਲਾਗੂ ਕਰਨ ਦਾ ਮੈਨੀਫੈਸਟੋ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਕੀਤਾ ਸੀ। ਦੁਨੀਆ ਭਰ ਦੇ ਵਿਦਵਾਨ ਇਸ ਨੂੰ ਇਸੇ ਤਰ੍ਹਾਂ ਸਮਝਦੇ ਹਨ। ਇੱਥੇ ਇਹ ਨੋਟ ਕਰਨਾ ਵੀ ਬਹੁਤ ਜ਼ਰੂਰੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਵਿਸ਼ਵ ਦਾ ਇੱਕੋ ਇਕ ਹਾਕਮ ਸੀ ਜਿਸ ਨੇ ਆਪਣੇ ਨਾਮ ਦਾ ਕੋਈ ਸਿੱਕਾ ਨਹੀਂ ਚਲਾਇਆ ਅਤੇ ਨਾ ਹੀ ਆਪਣੇ ਨਾਮ ਦੀ ਮੋਹਰ ਬਣਾਈ ਸੀ।

ਉਘੇ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਰਾਜ ਦਾ ਬਾਨੀ ਦੱਸਦਿਆਂ ਹੋਇਆਂ ਕਹਿੰਦੇ ਹਨ ਕਿ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸੁਪਨਾ ਉਨ੍ਹਾਂ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਇੱਕ ਸਾਲ ਦੇ ਅੰਦਰ-ਅੰਦਰ ਪੂਰਾ ਕਰ ਦਿੱਤਾ ਸੀ। ਇਕ ਹੋਰ ਚੋਟੀ ਦਾ ਅੰਗਰੇਜ਼ ਇਤਿਹਾਸਕਾਰ ਜੇ.ਡੀ. ਕਨਿੰਘਮ ਲਿਖਦਾ ਹੈ ਕਿ ਸਿੱਖਾਂ ਦਾ ਆਖਰੀ ਗੁਰੂ ਆਪਣੇ ਉਦੇਸ਼ਾਂ ਨੂੰ ਪੂਰਾ ਹੁੰਦਾ ਦੇਖਣ ਲਈ ਜਿਊਂਦਾ ਨਾ ਰਹਿ ਸਕਿਆ ਪਰ ਉਸ ਗੁਰੂ ਨੇ ਦੱਬੇ ਕੁਚਲੇ ਲੋਕਾਂ ਦੀ ਸੁੱਤੀ ਹੋਈ ਸ਼ਕਤੀ ਨੂੰ ਜ਼ਬਰਦਸਤ ਤਰੀਕੇ ਨਾਲ ਜਾਗਰਤ ਕਰ ਦਿੱਤਾ ਸੀ ਆਦਿ। ਗੁਰੂ ਨਾਨਕ ਦੇਵ ਜੀ ਦੇ ਫਲਸਫੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਸੁਪਨਾ ਜਾਬਰ ਜਗੀਰੂ ਵਿਵਸਥਾ ਤੇ ਉਸ ਦੀ ਸੱਤਾ ਦਾ ਖਾਤਮਾ ਕਰ ਕੇ ਸਾਂਝੀਵਾਲਤਾ ਤੇ ਮਾਨਵਤਾ ਵਾਲੀ ਬਦਲਵੀਂ ਵਿਵਸਥਾ ਸਥਾਪਤ ਕਰਨਾ ਸੀ ਜਿੱਥੇ ਕਾਣੀ ਵੰਡ ਨਾ ਰਹੇ।

ਇਸ ਨੂੰ ਕਈ ਵਿਦਵਾਨਾਂ ਨੇ ਧਰਮ ਦੀ ਰੱਖਿਆ ਲਈ ਸੰਘਰਸ਼ ਅਤੇ ਸ਼ਹਾਦਤ ਦਾ ਨਾਮ ਦਿੱਤਾ ਹੈ। ਇਨ੍ਹਾਂ ਉਦੇਸ਼ਾਂ ਦੇ ਨਿਖਰ ਜਾਣ ਨਾਲ ਅਸੀਂ ਧਰਮ ਦੀ ਪਰਿਭਾਸ਼ਾ ਬਾਰੇ ਬਹੁਤ ਸਾਰੇ ਭਰਮਾਂ ਤੋਂ ਮੁਕਤ ਹੋ ਜਾਂਦੇ ਹਾਂ। ਧਰਮ ਦੀ ਪਰਿਭਾਸ਼ਾ ਦਾ ਅਨਰਥ ਹੋਣ ਨਾਲ ਸੰਘਰਸ਼ ਅਤੇ ਸ਼ਹਾਦਤ ਦਾ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮਨੋਰਥ ਉੱਕਾ ਹੀ ਗਾਇਬ ਹੋ ਕੇ ਰਹਿ ਜਾਂਦਾ ਹੈ। ਸਿੱਖ ਧਰਮ ਨੇ ਸਾਂਝੀਵਾਲਤਾ ਨੂੰ ਆਪਣੇ ਏਜੰਡੇ 'ਤੇ ਰੱਖਿਆ ਸੀ ਜਿਹੜਾ ਪਹਿਲਾਂ ਕਿਸੇ ਵੀ ਧਰਮ ਦੇ ਏਜੰਡੇ 'ਤੇ ਨਹੀਂ ਰਿਹਾ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਦਿਸ਼ਾ ਵੱਲ ਲੰਬੀ ਛਲਾਂਗ ਲਾਈ ਸੀ। ਉਨ੍ਹਾਂ ਦਾ ਰਾਜ ਕੇਵਲ ਸਰਹੰਦ ਦੇ ਸੂਬੇ ਤੱਕ ਹੀ ਸੀਮਤ ਨਹੀਂ ਸੀ ਸਗੋਂ ਜਿਵੇਂ ਪ੍ਰਸਿੱਧ ਇਤਿਹਾਸਕਾਰ ਡਾ. ਸ਼ਵਿੰਦਰ ਸਿੰਘ ਲਿਖਦੇ ਹਨ, ਉਨ੍ਹਾਂ ਦਾ ਰਾਜ ਜਮਨਾ ਤੋਂ ਰਾਵੀ ਤੱਕ ਫੈਲਿਆ ਹੋਇਆ ਸੀ। ਉਹ ਲਿਖਦੇ ਹਨ ਕਿ ਪੰਜਾਬ ਆਜ਼ਾਦ ਕਿਸਾਨੀ ਦਾ ਠਾਠਾਂ ਮਾਰਦਾ ਹੋਇਆ ਸਮੁੰਦਰ ਬਣ ਗਿਆ ਸੀ। ਮੁਗਲ ਰਾਜ ਕੋਲ ਸਿਰਫ ਦੋ ਛੋਟੇ-ਛੋਟੇ ਟਾਪੂ ਰਹਿ ਗਏ ਸਨ- ਇੱਕ ਲਾਹੌਰ ਤੇ ਦੂਜਾ ਅਫਗਾਨ ਕਸਬਾ ਕਸੂਰ। ਜਮਨਾ ਤੋਂ ਲੈ ਕੇ ਰਾਵੀ ਤੱਕ ਜੇ ਕਿਸੇ ਸ਼ਖਸ ਦਾ ਬੋਲਬਾਲਾ ਸੀ ਤਾਂ ਉਹ ਸਿਰਫ ਬੰਦਾ ਸੀ ਅਤੇ ਜਿਸ ਸ਼ਕਤੀ ਦਾ ਸਤਿਕਾਰ ਸੀ, ਉਹ ਕੇਵਲ ਕਿਸਾਨਾਂ ਦੀ ਫੌਜ ਸੀ।

ਇਸੇ ਪ੍ਰਕਾਰ ਦਾ ਦਾਅਵਾ ਮੈਕਲਿਊਡ ਕਰਦਾ ਹੈ ਕਿ ਗੁਰੂ (ਗੋਬਿੰਦ ਸਿੰਘ) ਜੀ ਦੀ ਮੌਤ ਤੋਂ ਤੁਰੰਤ ਬਾਅਦ ਪੰਜਾਬ ਵਿਚ ਕਿਸਾਨੀ ਵਿਦਰੋਹ ਉੱਠਿਆ ਜਿਸ ਦੀ ਅਗਵਾਈ ਗੁਰੂ ਜੀ ਦੇ ਪੈਰੋਕਾਰ ਬੰਦਾ ਨੇ ਕੀਤੀ। ਇਸ ਵਿਦਰੋਹ ਦੌਰਾਨ ਇੱਕ ਸਮੇਂ ਤੇ ਸਾਰੇ ਪੰਜਾਬ ਵਿਚ ਮੁਗਲ ਹਕੂਮਤ ਦੀ ਚੌਧਰ ਖਤਮ ਹੋ ਗਈ ਸੀ। ਕਨਿੰਘਮ ਇਸ ਦੀ ਤਸਦੀਕ ਕਰਦਾ ਹੋਇਆ ਕਹਿੰਦਾ ਹੈ ਕਿ ਬੰਦਾ ਸਿੰਘ ਬਹਾਦਰ ਨੇ ਉੱਤਰ ਦੀਆਂ ਪਹਾੜੀਆਂ ਵਿਚ ਜੰਮੂ ਲਾਗੇ ਆਪਣੇ ਆਪ ਨੂੰ ਸਥਾਪਤ ਕਰ ਲਿਆ ਸੀ। ਉਸ ਸਮੇਂ ਪੰਜਾਬ ਦਾ ਵੱਡਾ ਹਿੱਸਾ ਉਸ ਨੂੰ ਲਗਾਨ ਭਰਦਾ ਸੀ। ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਸਿੱਖ ਸਲਤਨਤ ਉਸ ਸਮੇਂ ਦੀ ਅਟੱਲ ਹੋਣੀ ਸੀ ਜੋ ਸਿਰਲੱਥ ਸੰਘਰਸ਼ ਨਾਲ ਹੋਂਦ ਵਿਚ ਆਈ ਸੀ।

ਅਰਨਲਡ ਟੋਇੰਬੀ ਪੁੱਛਦਾ ਹੈ ਕਿ ਸਾਰੇ ਹਿੰਦੋਸਤਾਨ ਨੂੰ ਪ੍ਰਭਾਵ ਹੇਠ ਲੈਣ ਦੀਆਂ ਸੰਭਾਨਾਵਾਂ ਸਿੱਖਇਜ਼ਮ ਦੇ ਹੱਥੋਂ ਕਿਉਂ ਖੁੰਝ ਗਈਆਂ? ਉਸ ਦਾ ਮੰਨਣਾ ਹੈ ਕਿ ਜਿਵੇਂ ਚੀਨ ਵਿਚਲੇ ਮੁਸਲਮਾਨਾਂ ਉੱਪਰ ਕੀਤੇ, ਮੰਗੋਲਾਂ ਦੇ ਜ਼ੁਲਮਾਂ ਨੇ ਚੀਨ ਵਿਚ ਇਸਲਾਮ ਦੇ ਪੈਰ ਤਾਂ ਪੱਕੀ ਤਰ੍ਹਾਂ ਲੁਆ ਦਿੱਤੇ ਪਰ ਇਸਲਾਮ ਉਸ ਖਿੱਤੇ ਦੀ ਪ੍ਰਮੁੱਖ ਵਸੋਂ ਦਾ ਧਰਮ ਬਣ ਸਕਣ ਦਾ ਮੌਕਾ ਨਾ ਸੰਭਾਲ ਸਕਿਆ। ਉਸੇ ਤਰ੍ਹਾਂ ਭਾਰਤ ਵਿਚ ਸਿੱਖਇਜ਼ਮ ਨਾਲ ਵਾਪਰਿਆ ਜਿਹੜਾ ਹਿੰਦੂ ਯੂਨੀਵਰਸਲ ਧਰਮ ਵਿਚੋਂ ਉੱਠ ਕੇ ਮੁਗਲਾਂ ਦੇ ਅਤਿਆਚਾਰਾਂ ਦਾ ਸਾਹਮਣਾ ਕਰਦਾ ਹੋਇਆ ਜੁਝਾਰੂ ਰਾਜਨੀਤਕ ਸ਼ਕਤੀ ਵਜੋਂ ਉਭਰਿਆ ਸੀ। ਅਰਨਲਡ ਟੋਇੰਬੀ ਨੇ ਇਸ ਪ੍ਰਸ਼ਨ ਦਾ ਉੱਤਰ ਖੁਦ ਨਹੀਂ ਦਿੱਤਾ, ਸਾਡੇ ਲਈ ਛੱਡਿਆ ਹੈ। ਜਾਪਦਾ ਹੈ, ਸਿੱਖਇਜ਼ਮ ਦੇ 'ਜਾਮ ਹੋਣ' ਦੇ ਕਾਰਨ ਸ਼ਾਇਦ ਉਸੇ ਹੀ ਸਰਦਖਾਨੇ ਵਿਚ ਪਏ ਹਨ ਜਿੱਥੇ ਬਾਬਾ ਬੰਦਾ ਸਿੰਘ ਵੱਲੋਂ ਅਰੰਭੇ ਸਾਂਝੀਵਾਲਤਾ ਸਥਾਪਤ ਕਰਨ ਦੇ ਕੰਮ ਬੰਦ ਕਰ ਦਿੱਤੇ ਗਏ ਸਨ। ਐੱਮ.ਐੱਸ. ਚਾਂਦਲਾ ਅਨੁਸਾਰ ਡਬਲਿਊ.ਐੱਚ. ਮੈਕਲਿਊਡ ਮਹਿਸੂਸ ਕਰਦਾ ਹੈ ਕਿ ਪੰਥ ਦੀ ਮੁੱਖ ਦਿਲਚਸਪੀ ਸੰਗਤ ਦੀ ਬਜਾਇ ਪਹਿਲਾਂ ਜੱਥਿਆਂ ਵਿਚ ਅਤੇ ਫੇਰ ਮਿਸਲਾਂ ਵਿਚ ਰਹੀ ਸੀ ਆਦਿ ਜਦੋਂ ਕਿ ਗੁਰੂ ਸਾਹਿਬ ਨੇ ਸੰਗਤ ਨੂੰ ਸਭ ਤੋਂ ਉੱਚਾ ਸਥਾਨ ਦਿੱਤਾ ਹੈ। ਮਾਨਵ ਕਲਿਆਣ ਲਈ ਕਿਰਤ ਕਮਾਈ ਕਰਨ ਵਾਲੇ ਸੰਘਰਸ਼ਸ਼ੀਲ ਲੋਕ ਹੀ ਸੰਗਤ ਹਨ ਜਿਨ੍ਹਾਂ ਵਿਚੋਂ ਮਲਕ ਭਾਗੋਆਂ ਅਤੇ ਬਲੀ ਕੰਧਾਰੀਆਂ ਨੂੰ ਬਾਹਰ ਰੱਖਿਆ ਹੋਇਆ ਹੈ। ਬਦਲੇ ਹੋਏ ਹਾਲਾਤ ਵਿਚ ਅਸੀਂ ਇਸ ਨੂੰ ਕਿਸ ਪ੍ਰਕਾਰ ਦੇਖਦੇ ਹਾਂ?

*(ਬਾਕੀ ਅਗਲੇ ਸਫੇ 'ਤੇ)*

## ਖੇਤੀ ਤੇ ਖੁਰਾਕ ਨੀਤੀ ਦਾ ਵਰਤਮਾਨ ਪ੍ਰਸੰਗ

ਲੱਗਦਾ ਹੈ, ਜਿਵੇਂ ਖੇਤਾਂ ਦੀ ਲੁੱਟ-ਖੋਹ ਦਾ ਦੌਰ ਚੱਲ ਰਿਹਾ ਹੈ। ਖੇਤ ਲੁੱਟ ਲਏ ਸੀ, ਖੇਤ ਲੁੱਟੀ ਜਾ ਰਹੇ ਹਨ, ਖੇਤ ਲੁੱਟਣ ਨੂੰ ਫਿਰਦੇ ਹਨ। ਚਾਰ-ਚੁਫੇਰੇ ਇਸੇ ਤਰ੍ਹਾਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਇਹ ਸਾਡੇ ਕੰਨ ਨਹੀਂ ਵੱਜ ਰਹੇ, ਆਵਾਜ਼ਾਂ ਅਸਲੀ ਹਨ। ਇਥੇ ਹੀ ਨਹੀਂ, ਸਾਰੀ ਦੁਨੀਆ ਵਿਚ ਹੀ। ਹੁਣ ਹੀ ਨਹੀਂ, ਕਾਫੀ ਸਮੇਂ ਤੋਂ ਕਿਸਾਨਾਂ ਦੇ ਉਜਾੜੇ ਦਾ ਅਮਲ ਚੱਲ ਰਿਹਾ ਹੈ। ਇਹ ਉਜਾੜਾ ਵੱਡੇ ਪੈਮਾਨੇ 'ਤੇ ਵੀ ਹੋ ਰਿਹਾ ਹੈ ਅਤੇ ਛੋਟੇ ਪੈਮਾਨੇ 'ਤੇ ਵੀ ਹੋ ਰਿਹਾ। ਸ਼ਹਿਰਾਂ ਵਿਚ ਲੋਕਾਂ ਦਾ ਜਮਘਟਾ ਹੋਈ ਜਾਂਦਾ ਹੈ ਜਿਨ੍ਹਾਂ ਦਾ ਢਿੱਡ ਭਰਨ ਲਈ ਖੁਰਾਕ ਖੇਤਾਂ ਵਿਚੋਂ ਜਾਂਦੀ ਹੈ। ਮੁਨਾਫਾਖੋਰ ਗਰੋਹ ਹਰ ਹਰਬਾ ਵਰਤ ਕੇ ਵਿਸ਼ਵ ਦੀ ਮੰਡੀ ਅਤੇ ਸਨਅਤੀ ਉਤਪਾਦਨ ਨੂੰ ਹੜੱਪ ਲੈਣ ਉਪਰੰਤ, ਆਖਰਕਾਰ ਇਸ ਨਤੀਜੇ 'ਤੇ ਪਹੁੰਚਾ ਹੈ ਕਿ ਉਨ੍ਹਾਂ ਦੀ ਬੇਲਗਾਮ ਹਵਸ ਵਾਸਤੇ ਅਸਲ ਮਹੱਤਵ ਜ਼ਮੀਨ ਅਤੇ ਖੁਰਾਕ ਦਾ ਹੈ। ਇਸੇ ਕਰ ਕੇ ਹੁਣ ਉਹ ਖੇਤ ਅਤੇ ਖੁਰਾਕ ਉੱਤੇ ਕਬਜ਼ੇ ਲਈ ਟੁੱਟ ਪਏ ਹਨ। ਹੁਣ ਤੱਕ ਉਹ ਕਦਮ-ਦਰ-ਕਦਮ ਪੈਰ ਜਮ੍ਹਾ ਕੇ ਚੱਲਦੇ ਰਹੇ ਹਨ। ਉਨ੍ਹਾਂ ਵਿਸ਼ਵੀ ਲੁਟੇਰਿਆਂ ਦਾ ਪਹਿਲਾ ਕਦਮ ਸੀ- ਵਿਸ਼ਵ ਦੀਆਂ ਸਰਕਾਰਾਂ ਨੂੰ ਨਕੇਲ ਪਾਉਣਾ।

ਇਹ ਕੰਮ ਉਨ੍ਹਾਂ ਨੇ ਆਪਣੀਆਂ ਵਿੱਤੀ ਸੰਸਥਾਵਾਂ ਰਾਹੀਂ ਵਿਸ਼ਵ ਦੀਆਂ ਸਰਕਾਰਾਂ ਨੂੰ ਕਰਜ਼ਿਆਂ ਦੇ ਜਾਲ ਵਿਚ ਫਸਾ ਕੇ ਸਫਲਤਾ ਨਾਲ ਕਰ ਲਿਆ। ਸਥਿਤੀ ਇਹ ਹੈ ਕਿ ਵਿਸ਼ਵ ਦੀ ਸ਼ਾਇਦ ਹੀ ਕੋਈ ਸਰਕਾਰ ਹੋਵੇ ਜਿਹੜੀ ਇਸ ਗਰੋਹ ਦੀ ਕਰਜ਼ਾਈ ਨਹੀਂ ਹੈ। ਉਨ੍ਹਾਂ ਨੇ ਸਾਰੇ ਦੇਸ਼ਾਂ ਦੀਆਂ ਆਰਥਿਕ ਵਿਵਸਥਾਵਾਂ ਅਤੇ ਸਮਾਜਿਕ ਢਾਂਚਿਆਂ ਨੂੰ ਆਪਣੇ ਪੈਟਰੋਲੀਅਮ ਦੇ ਗੁਲਾਮ ਬਣਾ ਲਿਆ ਹੈ। ਸਥਿਤੀ ਇਹ ਹੈ ਕਿ ਜੇਕਰ ਉਹ ਆਪਣੇ ਤੇਲ ਦੀ ਟੂਟੀ ਬੰਦ ਕਰ ਦੇਣ ਤਾਂ ਲੜਾਕੂ ਜਹਾਜ਼ਾਂ ਤੋਂ ਲੈ ਕੇ ਸਕੂਟਰੀਆਂ ਤੱਕ ਜਾਮ ਹੋ ਕੇ ਰਹਿ ਜਾਣਗੇ। ਹੁਣ ਉਨ੍ਹਾਂ ਨੇ ਵਿਸ਼ਵ ਦੀ ਜਨ ਸੰਖਿਆ ਨੂੰ ਮੁੱਠੀ ਵਿਚ ਕਰਨ ਦਾ ਕਦਮ ਉਠਾਇਆ ਹੈ। ਵਿਸ਼ਵ ਦੀ ਜਨ ਸੰਖਿਆ ਨੂੰ ਅਧੀਨ ਕਰਨ ਲਈ ਉਨ੍ਹਾਂ ਨੇ ਲੋਕਾਂ ਦਾ ਪੇਟ ਆਪਣੀ ਮੁੱਠੀ ਵਿਚ ਕਰਨਾ ਆਰੰਭ ਕਰ ਦਿੱਤਾ ਹੈ। ਉਹ ਹੁਣ ਖੇਤੀ ਅਤੇ ਖੁਰਾਕ ਦੀ ਅਜਾਰਾਦਾਰੀ ਸਥਾਪਤ ਕਰਨ ਵਿਚ ਲੱਗ ਗਏ ਹਨ। ਇਸ ਯੋਜਨਾ ਨੂੰ ਸਿਰੇ ਲਾਉਣ ਲਈ ਪਹਿਲਾਂ ਵਿਸ਼ਵੀ ਕਾਰਪੋਰੇਟਾਂ ਨੇ ਪ੍ਰਿਥਵੀ ਦੇ ਤਮਾਮ ਬੀਜ ਇਕੱਤਰ ਕਰ ਕੇ ਆਪਣੇ ਪੇਟੈਂਟ ਕਰ ਲਏ ਅਤੇ ਹੁਣ ਖੇਤਾਂ ਨੂੰ ਕਾਬੂ ਕਰਨ ਵੱਲ ਵਧ ਰਹੇ ਹਨ। ਅਨਾਜ ਸਮੇਤ ਅਨੇਕਾਂ ਖੁਰਾਕੀ ਵਸਤਾਂ ਵੱਸ ਵਿਚ ਕੀਤੀਆਂ ਜਾ ਰਹੀਆਂ ਹਨ ਅਤੇ ਦੁਨੀਆ ਵਿਚ 'ਫੂਡ ਚੇਨਜ' ਦਾ ਜਾਲ ਵਿਛਾਇਆ ਜਾ ਰਿਹਾ ਹੈ। ਪੀਜ਼ੇ-ਬਰਗਰ, ਗਲੀ-ਮੁਹੱਲਿਆਂ ਤੱਕ ਪਹੁੰਚ ਗਏ ਹਨ। ਨਾਲ ਦੀ ਨਾਲ ਲੋਕਾਂ ਦੀ ਬੌਧਿਕ ਸ਼ਕਤੀ ਨਿੱਸਲ ਕਰ ਕੇ ਆਪਣੇ ਉੱਤੇ ਨਿਰਭਰ ਕਰੀ ਜਾ ਰਹੇ ਹਨ ਤਾਂ ਕਿ ਉਪਭੋਗਤਾਵਾਂ ਦੀ ਚੇਤਨਾ ਉਲ-ਜਲੂਲ 'ਚ ਬਦਲ ਦਿੱਤੀ ਜਾਵੇ ਅਤੇ ਸਮੁੱਚੀ ਵਸੋਂ ਨੂੰ ਸਮਾਜੀ ਜੀਵਨ ਵਿਚੋਂ ਉਠਾ ਕੇ ਵੈਬ ਵਿਚ ਧਕੇਲ ਰਹੇ ਹਨ। ਮੁਨਾਫਾਖੋਰ ਸਮਝ ਗਏ ਹਨ ਕਿ ਮਨੁੱਖ ਦਾ ਜੀਵਨ ਖੁਰਾਕ ਅਤੇ ਖੇਤ ਕਾਰਨ ਹੀ ਹੋਂਦ ਵਿਚ ਹੈ। ਖੇਤ ਮਨੁੱਖ ਨੂੰ ਕੇਵਲ ਸਰੀਰਕ ਤੌਰ 'ਤੇ ਹੀ ਜਿਊਂਦਾ ਅਤੇ ਕਿਰਿਆਸ਼ੀਲ ਨਹੀਂ ਰੱਖ ਰਹੇ ਸਗੋਂ ਉਨ੍ਹਾਂ ਦੀਆਂ ਰੂਹਾਂ ਵੀ ਖੇਤ ਕਾਰਨ ਹੀ ਸਜ਼ਿੰਦ ਹਨ। ਇਸ ਕਰ ਕੇ ਮਨੁੱਖਾਂ ਦੇ ਸਰੀਰ ਅਤੇ ਰੂਹਾਂ ਨੂੰ ਅਧੀਨ ਕਰਨ ਲਈ ਵਿਸ਼ਵੀ ਕਾਰਪੋਰੇਟਾਂ ਨੇ ਖੇਤ ਤੇ ਖੁਰਾਕ ਨੂੰ ਅਧੀਨ ਕਰਨ ਦਾ ਏਜੰਡਾ ਬਣਾ ਲਿਆ ਹੈ ਅਤੇ ਇਸ ਦਿਸ਼ਾ ਵਿਚ ਤੇਜ਼ੀ ਨਾਲ ਤੁਰ ਪਏ ਹਨ।

ਖੇਤ ਅਤੇ ਖੁਰਾਕ ਦੇ ਮਹੱਤਵ ਨੂੰ ਸਮਝਣ ਵਾਲੇ ਵਿਸ਼ਵੀ ਕਾਰਪੋਰੇਟ ਪਹਿਲੇ ਬੰਦੇ ਨਹੀਂ ਹਨ। ਖੇਤ ਤੇ ਖ਼ੁਰਾਕ ਦਾ ਮਹੱਤਵ ਸਾਡੇ ਪੁਰਖਿਆਂ ਨੇ ਹਜ਼ਾਰਾਂ ਸਾਲ ਪਹਿਲਾਂ ਜਾਣ ਲਿਆ ਸੀ ਜਿਹੜੇ ਮਾਨਵਤਾ ਦੇ ਚਸ਼ਮੇ ਵਿਚੋਂ ਦੇਖਦੇ ਸਨ ਪਰ ਇਹ ਲੁੱਟ ਦੇ ਚਸ਼ਮੇ ਵਿਚੋਂ ਦੇਖਣ ਵਾਲੇ ਪਹਿਲੇ ਬੰਦੇ ਮੁਨਾਫਾਖ਼ੋਰ ਹਨ ਜਿਹੜੇ ਫੇਲਦੇ-ਫੈਲਦੇ ਵਿਸ਼ਵੀ ਕੱਦ ਕਰ ਗਏ ਹਨ। ਸਾਡੇ ਪੁਰਖਿਆਂ ਨੇ ਬਹੁਤ ਪਹਿਲਾਂ ਧਰਤੀ ਅਤੇ ਮਾਨਵ ਦੀ ਖੁਦਮੁਖਤਾਰੀ ਦੀ ਉੱਤਮਤਾ ਬਣਾਈ ਰੱਖਣ ਲਈ ਸੰਘਰਸ਼ ਜਾਰੀ ਰੱਖਿਆ ਸੀ। ਪ੍ਰਕਿਰਤੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨਾਲ ਉਹ ਪ੍ਰਤੀਬੱਧ ਰਹੇ ਸਨ। ਅਜੋਕੇ ਮੁਨਾਫਾਖੋਰਾਂ ਨੇ ਖੇਤ ਅਤੇ ਖੁਰਾਕ ਨੂੰ ਆਪਣੀ ਅਸੀਮ ਲਾਲਸਾ ਦਾ ਨਿਸ਼ਾਨਾ ਬਣਾ ਲਿਆ ਹੈ। ਮਨੁੱਖ ਦੀ ਲਾਲਸਾ ਭਾਵੇਂ ਧਰਤੀ ਤੇ ਉੱਤਰੀ ਕੋਈ ਨਵੀਂ ਚੀਜ਼ ਨਹੀਂ ਹੈ ਪਰ ਇਸ ਦੀ ਕੋਈ ਸੀਮਾ ਨਹੀਂ ਹੁੰਦੀ। ਇਸ ਦੀ ਜਾਣਕਾਰੀ ਮੁਨਾਫ਼ੇ ਤੋਂ ਹੀ ਪ੍ਰਾਪਤ ਹੁੰਦੀ ਹੈ। ਮੁਨਾਫੇ ਤੋਂ ਹੀ ਪਤਾ ਲੱਗਦਾ ਹੈ ਕਿ ਮਾਨਵਤਾ ਸਬਰ ਦਾ ਹੀ ਦੂਜਾ ਨਾਮ ਹੈ। ਸਬਰ ਦਾ ਜਦੋਂ ਬੰਨ੍ਹ ਟੁੱਟਦਾ ਹੈ ਤਾਂ ਮਨੁੱਖ ਅੰਦਰੋਂ ਇਨਸਾਨੀਅਤ ਬਾਹਰ ਵਹਿ ਜਾਂਦੀ ਹੈ ਅਤੇ ਹੈਵਾਨੀਅਤ ਉਸੇ ਰਸਤਿਓਂ ਅੰਦਰ ਪ੍ਰਵੇਸ਼ ਕਰ ਜਾਂਦੀ ਹੈ।

ਇਸ ਪ੍ਰਸੰਗ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਖੇਤ ਅਤੇ ਖ਼ੁਰਾਕ ਨੀਤੀ 'ਤੇ ਚਰਚਾ ਕਰਦੇ ਹਾਂ। ਖੇਤ ਤੇ ਖੁਰਾਕ ਲਈ ਉਨ੍ਹਾਂ ਦਾ ਸੰਘਰਸ਼ ਸਿੱਖ ਗੁਰੂ ਸਾਹਿਬਾਨ ਦੇ ਫਲਸਫੇ ਦਾ ਹੀ ਸਾਕਾਰ ਰੂਪ ਸੀ ਜੋ ਸਮਾਜ ਨੂੰ ਮਾਨਵਤਾ ਦੀਆਂ ਨੀਹਾਂ 'ਤੇ ਉਸਾਰਦਾ ਹੈ। ਮੁੱਢਲੀਆਂ ਇਤਿਹਾਸਕ ਲਿਖਤਾਂ ਉਨ੍ਹਾਂ ਦੇ ਸੰਘਰਸ਼ ਦੇ ਰਾਜਨੀਤਕ ਸੰਕਲਪ ਨੂੰ ਵਧੇਰੇ ਉਭਾਰਦੀਆਂ ਹਨ। ਇਨ੍ਹਾਂ ਲਿਖਤਾਂ ਦਾ ਲੋਕ ਮਾਨਸਿਕਤਾ ਉੱਤੇ ਅਤੇ ਬੁੱਧੀਜੀਵੀਆਂ ਦੇ ਦ੍ਰਿਸ਼ਟੀਕੋਣ ਉੱਤੇ ਚਿਰਜੀਵੀ ਛਾਪ ਛੱਡੀ ਸੀ। ਉਨ੍ਹਾਂ ਦੇ ਆਰਥਕ ਅਤੇ ਸਮਾਜਿਕ ਸ਼ਾਸਤਰ ਉੱਤੇ ਵਧੇਰੇ ਚਰਚਾ ਕੀਤੇ ਜਾਣ ਦੀ ਲੋੜ ਹੈ, ਵਿਸ਼ੇਸ਼ ਕਰ ਕੇ ਉਨ੍ਹਾਂ ਦੀ ਖੇਤੀ ਨੀਤੀ ਅਤੇ ਖੁਰਾਕ ਨੀਤੀ ਉੱਤੇ। ਇਸੇ ਤਰ੍ਹਾਂ ਪ੍ਰਦੂਸ਼ਣ ਦੇ ਆਲਮ ਵਿਚ ਇਹ ਜਾਨਣਾ ਵੀ ਵੱਡੇ ਮਹੱਤਵ ਵਾਲਾ ਹੈ ਕਿ ਜ਼ਮੀਨ ਅਤੇ ਮਨੁੱਖ ਦੇ ਕੁਦਰਤੀ ਰਿਸ਼ਤੇ ਨੂੰ ਪਾਕ-ਪਵਿੱਤਰ ਰੱਖਣ ਲਈ ਸੁਚੇਤ ਲੋਕ ਕਦੋਂ ਤੋਂ ਚਿੰਤਾ ਕਰ ਰਹੇ ਹਨ ਅਤੇ ਕਦੋਂ ਤੋਂ ਲੜਦੇ ਰਹੇ ਹਨ ਕਿ ਜ਼ਮੀਨ ਤੇ ਮਨੁੱਖ ਕਿਸੇ ਦੀ ਨਿੱਜੀ ਮਾਲਕੀ ਨਹੀਂ ਸਗੋਂ ਜ਼ਮੀਨ ਅਤੇ ਮਨੁੱਖ ਇੱਕ ਦੂਜੇ ਦੇ ਮਾਲਕ ਹਨ।



*ਮੁਹਾਲੀ ਨੇੜੇ ਚੱਪੜਚਿੜੀ ਵਿਚ ਬਣਾਈ ਬਾਬਾ ਬੰਦਾ ਸਿੰਘ ਬਹਾਦੁਰ ਦੀ ਯਾਦਗਾਰ।*

ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਰਾਜ ਦੀ ਵਿਧੀਵਤ ਸਥਾਪਨਾ ਲਈ ਨਾ ਸਮਾਂ ਮਿਲਿਆ, ਨਾ ਸਥਿਰਤਾ। ਉਨ੍ਹਾਂ ਦੇ ਰਾਜ ਦਾ ਵਿਧਾਨ ਅਤੇ ਨੀਤੀਆਂ ਨੂੰ ਉਨ੍ਹਾਂ ਵੱਲੋਂ ਜਾਰੀ ਕੀਤੇ ਸਿੱਕਿਆਂ, ਮੋਹਰਾਂ ਅਤੇ ਹੁਕਮਾਂ ਰਾਹੀਂ ਹੀ ਜਾਣਿਆ ਜਾ ਹੈ। ਉਨ੍ਹਾਂ ਦਾ ਲਿਖਤੀ ਵਿਧਾਨ ਕੇਵਲ ਗੁਰਬਾਣੀ ਅਤੇ ਗੁਰੂ ਸਹਿਬਾਨ ਦੇ ਵਚਨ ਹੀ ਸਨ। ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਦੱਸਦੇ ਹਨ ਕਿ ਬੰਦਾ ਸਿੰਘ ਕੋਲ ਭਾਵੇਂ ਬਾਕਾਇਦਾ ਪ੍ਰਸ਼ਾਸਨ ਤਾਂ ਨਹੀਂ ਸੀ ਪਰ ਉਸ ਨੇ ਭਵਿੱਖੀ ਪੰਜਾਬ ਦੇ ਮਾਲੀਆ ਇਤਿਹਾਸ ਉੱਪਰ ਚਿਰਸਥਾਈ ਪ੍ਰਭਾਵ ਛੱਡਿਆ। ਜਗੀਰਦਾਰੀ ਪ੍ਰਬੰਧ ਦਾ ਖਾਤਮਾ ਕਰ ਦਿੱਤਾ ਗਿਆ ਸੀ ਜਿਸ ਨੂੰ ਪਹਿਲੀ ਸ਼ਕਲ ਵਿਚ ਮੁੜ ਕੇ ਬਹਾਲ ਕਰਨਾ ਸੰਭਵ ਨਾ ਰਿਹਾ। ਜਗੀਰਦਾਰ ਆਮ ਕਰ ਕੇ ਸਰਕਾਰੀ ਅਧਿਕਾਰੀ ਸਨ ਜਿਨ੍ਹਾਂ ਨੂੰ ਅਸਲ ਵਿਚ ਮਾਲੀਆ ਇਕੱਤਰ ਕਰਨ 'ਤੇ ਲਾਇਆ ਗਿਆ ਸੀ ਪਰ ਉਹ ਆਪਣੇ ਆਪ ਹੀ ਖੁੱਲ੍ਹ ਲੈ ਕੇ ਜ਼ਮੀਨਾਂ ਦੇ ਮਾਲਕ ਬਣ ਗਏ ਸਨ ਅਤੇ ਖੇਤੀ ਕਰਨ ਵਾਲੇ ਮੁਜ਼ਾਰਿਆਂ ਦੀ ਹਾਲਤ ਗੁਲਾਮਾਂ ਵਰਗੀ ਬਣਾ ਦਿੱਤੀ ਸੀ। ਬਾਦਸ਼ਾਹ ਨੇ ਵੀ ਉਨ੍ਹਾਂ ਨੂੰ ਮਨਮਾਨੀਆਂ ਕਰਨ ਦੀ ਖੁੱਲ੍ਹ ਦਿੱਤੀ ਹੋਈ ਸੀ ਕਿਉਂਕਿ ਉਹ ਸ਼ਾਹੀ ਖਜ਼ਾਨੇ ਦੀਆਂ ਲੋੜਾਂ ਪੂਰੀਆਂ ਕਰ ਰਹੇ ਸਨ। ਜਿਨ੍ਹਾਂ ਇਤਿਹਾਸਕਾਰਾਂ ਨੇ ਬੰਦਾ ਸਿੰਘ ਬਹਾਦਰ ਦੀ ਜ਼ਮੀਨੀ ਨੀਤੀ ਨੂੰ ਉਭਾਰਿਆ ਵੀ ਹੈ, ਉਨ੍ਹਾਂ ਨੇ ਇਸ ਦੀ ਵਿਆਖਿਆ ਇਕ ਫਿਕਰੇ ਵਿਚ ਇੰਝ ਕੀਤੀ ਹੈ ਕਿ ਬੰਦਾ ਸਿੰਘ ਬਹਾਦਰ ਨੇ 'ਹਲਵਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ'।

ਉਨ੍ਹਾਂ ਇਤਿਹਾਸਕਾਰਾਂ ਦਾ ਇਹ ਫਿਕਰਾ-ਨਿਚੋੜ ਉਸ ਸਿਧਾਂਤ ਦੇ ਅਨੁਕੂਲ ਨਹੀਂ ਬੈਠਦਾ ਜਿਸ ਉੱਪਰ ਬਾਬਾ ਬੰਦਾ ਸਿੰਘ ਅਮਲ ਕਰ ਰਹੇ ਸਨ ਅਤੇ ਜਿਸ ਪ੍ਰਕਾਰ ਦੇ ਹੁਕਮ ਉਨ੍ਹਾਂ ਨੇ ਸਮਾਣੇ ਦੀ ਜਿੱਤ ਉਪਰੰਤ ਅਤੇ ਜਿਸ ਤਰ੍ਹਾਂ ਦੇ ਹੁਕਮ ਸਰਹਿੰਦ ਦੀ ਫਤਹਿ ਤੋਂ ਤੁਰੰਤ ਬਾਅਦ ਜਾਰੀ ਕੀਤੇ ਸਨ। ਬਹੁਤ ਹੀ ਚਰਚਿਤ ਘਟਨਾ ਦੇ ਹਵਾਲੇ ਨਾਲ ਪ੍ਰਸਿੱਧ ਖੋਜਕਾਰ ਮੱਲ ਸਿੰਘ ਨੇ ਲਿਖਿਆ ਹੈ ਕਿ ਸਢੌਰਾ ਦੇ ਗੁਆਂਢ ਤੋਂ ਹਲਵਾਹਕ (ਮੁਜ਼ਾਰੇ) ਬਾਬਾ ਬੰਦਾ ਸਿੰਘ ਪਾਸ ਵੱਡੇ ਜ਼ਿਮੀਦਾਰਾਂ ਦੇ ਖਿਲਾਫ ਸ਼ਿਕਾਇਤ ਲੈ ਕੇ ਆਏ। ਬਾਬਾ ਜੀ ਨੇ ਬਾਜ ਸਿੰਘ ਨੂੰ ਆਖਿਆ ਕਿ ਉਨ੍ਹਾਂ ਉੱਪਰ ਗੋਲੀ ਚਲਾ ਦਿੱਤੀ ਜਾਵੇ। ਬਾਜ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਦੱਸਿਆ ਕਿ ਇਹ ਹਲਵਾਹਕ ਫਰਿਆਦ ਲੈ ਕੇ ਆਏ ਹਨ, ਜ਼ਿਮੀਦਾਰਾਂ ਤੋਂ ਦੁਖੀ ਹਨ, ਇਨ੍ਹਾਂ ਨਾਲ ਚੰਗਾ ਵਰਤਾਓ ਕਰਨਾ ਬਣਦਾ ਹੈ। ਬਾਬਾ ਜੀ ਨੇ ਪੁੱਛਿਆ ਕਿ ਇਹ ਮੁਜ਼ਾਰੇ ਹਜ਼ਾਰਾਂ ਦੀ ਗਿਣਤੀ ਵਿਚ ਹਨ, ਫਿਰ ਵੀ ਮੁੱਠੀ ਭਰ ਜ਼ਿਮੀਦਾਰਾਂ ਨੂੰ ਜ਼ੁਲਮ ਕਰਨ ਦੀ ਆਗਿਆ ਕਿਉਂ ਦਿੰਦੇ ਹਨ? ਫਿਰ ਬਾਬਾ ਜੀ ਨੇ (ਹਲਵਾਹਕਾਂ ਨੂੰ) ਆਖਿਆ ਕਿ ਜਾਓ ਤੇ ਵੱਡੇ ਜ਼ਿਮੀਦਾਰਾਂ ਨੂੰ ਸੋਧ ਦਿਓ। ਸਿੰਘ ਤੁਹਾਡੇ ਨਾਲ ਜਾਣਗੇ। ਜ਼ਮੀਨਾਂ ਸਾਂਭ ਲਈਆਂ ਜਾਣ ਅਤੇ (ਹੇਠ ਲਿਖੇ) ਹੁਕਮ ਲਾਗੂ ਕੀਤੇ ਜਾਣ।

1) ਹਰ ਇੱਕ ਪਿੰਡ 'ਚ ਜ਼ਮੀਨ ਦੀ ਮਾਲਕੀ ਨਿੱਜੀ ਨਾ ਹੋ ਕੇ ਸਾਰੀ ਜ਼ਮੀਨ ਸਾਰੇ ਪਿੰਡ ਦੀ ਸਾਂਝੀ ਮਲਕੀਅਤ ਹੋਵੇਗੀ।

2) ਹਰ ਪਿੰਡ ਦੀ ਸੰਗਤ (ਲੋਕ) ਗੁਰੂ ਜੀ ਦੀ ਸਿੱਖਿਆ ਅਨੁਸਾਰ 'ਕਿਰਤ ਕਰੋ, ਵੰਡ ਛਕੋ' ਦੇ ਰਾਹ 'ਤੇ ਤੁਰੇ।

3) ਪਿੰਡ ਪੱਧਰ 'ਤੇ ਹਰ ਰੋਜ਼ ਸਾਂਝੇ ਲੰਗਰ ਚਲਾਏ ਜਾਣ ਤੇ ਕੋਈ ਵੀ ਪ੍ਰਾਣੀ ਭੁੱਖਾ ਨਾ ਸੌਂਵੇ।

4) ਹਰ ਪਿੰਡ ਦੀ ਸੰਗਤ ਦੇ ਹਰ ਮੈਂਬਰ ਦੇ ਨਿੱਜੀ ਤੇ ਸਮਾਜਿਕ ਕਾਰਜ ਗੁਰੂ ਘਰਾਂ (ਧਰਮਸਾਲਾ) ਦੇ ਪ੍ਰਬੰਧ ਵਿਚੋਂ ਹੀ ਪੂਰੇ ਕਰਨੇ ਹੋਣਗੇ।

ਲੇਖਕ ਮੱਲ ਸਿੰਘ ਇਸ ਬਾਰੇ ਅੱਗੇ ਦੱਸਦਾ ਹੈ ਕਿ ਇਹ ਹੁਕਮ ਦੇਸ ਪੰਜਾਬ ਵਿਚ ਲਾਗੂ ਹੋ ਗਿਆ ਸੀ।

ਇਸ ਐਲਾਨ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਖੇਤੀ ਅਤੇ ਖੁਰਾਕ ਨੀਤੀ ਦੀ ਸਰਲ ਵਿਆਖਿਆ ਹੋ ਜਾਂਦੀ ਹੈ। ਲੇਖਕ ਦੱਸਦਾ ਹੈ ਕਿ ਬਾਬਾ ਬੰਦਾ ਸਿੰਘ ਨੇ ਐਲਾਨ ਕਰਵਾ ਦਿੱਤਾ ਕਿ ਕੁਦਰਤ ਦੀ ਬਖਸ਼ੀ ਹੋਈ ਜ਼ਮੀਨ ਅਕਾਲ ਪੁਰਖ ਦੀ ਸਾਜੀ ਹੋਈ ਲੋਕਾਈ ਲਈ ਹੈ, ਸੰਗਤ ਲਈ ਹੈ, ਗੁਰੂ ਕੇ ਖਾਲਸੇ ਲਈ ਹੈ। ਅੱਤ ਦੀ ਕਾਣੀ ਵੰਡ ਤੇ ਤਫਰਕੇ ਦਾ ਭੋਗ ਪਾ ਦਿੱਤਾ ਗਿਆ ਹੈ। ਸਭ ਆਪਸ 'ਚ ਮਿਲ ਕੇ ਪਿਆਰ ਨਾਲ ਰਹਿਣ। ਧਰਤੀ ਕੁਝ ਵਿਸ਼ੇਸ਼ ਮਨੁੱਖਾਂ ਲਈ ਨਹੀਂ ਹੈ ਆਦਿ। ਸੰਤ ਕਬੀਰ ਜੀ ਨੇ ਇਨ੍ਹਾਂ ਕਥਿਤ ਵਿਸ਼ੇਸ਼ ਮਨੁੱਖਾਂ ਜਿਹੜੇ ਸਾਧਨ ਹੜੱਪ ਕਰ ਕੇ ਬੈਠੇ ਹਨ, ਨੂੰ ਤਸਕਰ ਕਿਹਾ ਹੈ ਜੋ ਧਰਤੀ ਉੱਤੇ ਭਾਰ ਹਨ। ਕਬੀਰ ਜੀ ਨੇ ਇਹ ਹੁਕਮ ਵੀ ਕੀਤਾ ਹੋਇਆ ਹੈ ਕਿ ਧਰਤੀ ਉੱਤੋਂ ਇਨ੍ਹਾਂ ਤਸਕਰਾਂ ਦਾ ਭਾਰ ਲਾਹ ਦੇਣਾ ਚਾਹੀਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਸੰਤ ਕਬੀਰ ਦੇ ਹੁਕਮ ਲਾਗੂ ਕਰ ਦਿੱਤੇ ਸਨ। ਲਾਗੂ ਕਰਨ ਵਾਲੇ ਉਨ੍ਹਾਂ ਦੇ ਸੈਨਿਕ ਕਿਰਤ ਕਮਾਈ ਕਰਨ ਵਾਲੇ ਲੋਕ ਸਨ ਜਿਨ੍ਹਾਂ ਨੂੰ ਕਥਿਤ ਤੌਰ 'ਤੇ ਨੀਚ ਜਾਤੀਆਂ ਸਮਝਿਆ ਜਾਂਦਾ ਸੀ ਜਿਨ੍ਹਾਂ ਨੇ ਉਪਰੋਕਤ ਉਦੇਸ਼ ਲਾਗੂ ਕਰਨ ਲਈ ਭਿਅੰਕਰ ਜੰਗਾਂ ਲੜੀਆਂ ਸਨ ਤੇ ਸ਼ਹੀਦ ਹੋਏ ਸਨ।

ਫਿਰ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਦਾ ਸੰਕਲਪ ਕਿਵੇਂ ਅਤੇ ਕਦੋਂ ਪੈਦਾ ਹੋਇਆ? ਇਸ ਵਿਸ਼ੇ ਵਿਚ ਜਾਣ ਤੋਂ ਪਹਿਲਾਂ ਇਹ ਦੱਸ ਦੇਈਏ ਕਿ ਜਗੀਰਦਾਰੀ ਦੇ ਖਾਤਮੇ ਲਈ ਬੰਦਾ ਸਿੰਘ ਬਹਾਦਰ ਵੱਲੋਂ ਕੀਤੇ ਗਏ ਹਮਲੇ ਨੂੰ ਪਛਾੜਨ ਅਤੇ ਬੰਦਾ ਸਿੰਘ ਨੂੰ ਕੁਚਲਣ ਲਈ ਜਿਹੜੇ ਜਗੀਰਦਾਰ ਟੋਲੇ ਨੇ ਕਸਮਾਂ ਖਾਧੀਆਂ ਸਨ ਅਤੇ ਮੁਗਲਾਂ ਨਾਲ ਰਲ ਕੇ ਮਰਨ-ਮਾਰਨ ਦੀ ਜੰਗ ਲੜਨ ਲਈ ਇੱਕਜੁੱਟ ਹੋਏ ਸਨ, ਉਹ ਸਾਰੇ ਹੀ ਧਰਮਾਂ ਅਤੇ ਜਾਤਾਂ ਦੇ ਜਗੀਰਦਾਰ ਸਨ, ਅਹਿਲਕਾਰ ਸਨ, ਰਜਵਾੜੇ ਸਨ। ਇਸ ਲੁਟੇਰੇ ਗਰੋਹ ਦਾ ਇਲਾਕਾ ਰਾਜਸਥਾਨ ਤੋਂ ਲੈ ਕੇ ਜੰਮੂ ਕਸ਼ਮੀਰ ਅਤੇ ਪਹਾੜੀ ਰਿਆਸਤਾਂ ਤੱਕ ਫੈਲਿਆ ਹੋਇਆ ਸੀ। ਇਨ੍ਹਾਂ ਦੀ ਗਿਣਤੀ 45 ਤੋਂ ਉੱਪਰ ਬਣਦੀ ਹੈ; ਅਥਵਾ, ਬੰਦਾ ਸਿੰਘ ਬਹਾਦਰ ਦਾ ਇਨਕਲਾਬ ਜਗੀਰਦਾਰੀ ਨੂੰ ਕਾਇਮ ਰੱਖਣ ਵਾਲੀਆਂ ਅਤੇ ਜਗੀਰਦਾਰੀ ਨੂੰ ਖਤਮ ਕਰਨ ਵਾਲੀਆਂ ਦੋ ਵਿਰੋਧੀ ਸ਼ਕਤੀਆਂ ਵਿਚਕਾਰ ਸਿੱਧੀ ਜੰਗ ਸੀ। ਇੱਕ ਪਾਸੇ ਹਾਕਮ, ਜਗੀਰਦਾਰ ਤੇ ਅਹਿਲਕਾਰ ਸਨ; ਦੂਜੇ ਪਾਸੇ ਹਲਵਾਹਕ, ਕਿਰਤੀ ਤੇ ਦਸਤਕਾਰ ਸਨ ਜਿਨ੍ਹਾਂ ਨੂੰ ਭਾਰਤੀ ਸਮਾਜਿਕ ਮਿਆਰਾਂ ਅਨੁਸਾਰ ਨੀਚ ਜਾਤੀਆਂ ਜਾਂ ਸ਼ੂਦਰ ਕਿਹਾ ਜਾਂਦਾ ਸੀ। ਇੱਥੇ ਹੀ ਬੱਸ ਨਹੀਂ, ਮੁਗ਼ਲ ਹਕੂਮਤ ਜਗੀਰਦਾਰਾਂ ਦੀਆਂ ਜਗੀਰਦਾਰੀਆਂ ਸੁਰੱਖਿਅਤ ਰੱਖਣ ਦੇ ਵਾਅਦਿਆਂ ਨਾਲ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੇ, ਵਧੇਰੇ ਤੋਂ ਵਧੇਰੇ ਲਾਲਚ ਦੇ ਕੇ ਬੰਦਾ ਸਿੰਘ ਬਹਾਦਰ ਵਿਰੁੱਧ ਜੰਗ ਵਿਚ ਝੋਕਦੀ ਸੀ। ਇਸ ਦਾ ਅਰਥ ਹੈ- ਮੁਜ਼ਾਰੇ, ਕਿਰਤੀ, ਦਸਤਕਾਰ ਆਦਿ ਪੰਜਾਹ ਤੋਂ ਵਧੇਰੇ ਹਾਕਮਾਂ ਦੇ ਮੋਰਚੇ ਵਿਰੁੱਧ ਇੱਕਜੁੱਟ ਹੋ ਕੇ ਲੜੇ ਸਨ ਅਤੇ ਉਨ੍ਹਾਂ ਦਾ ਲੱਕ ਤੋੜ ਦਿੱਤਾ ਸੀ। ਇਹ ਜਗੀਰਦਾਰੀ ਵਿਰੁੱਧ ਜਨਤਕ ਉਭਾਰ ਸੀ ਜਿਸ ਨੇ ਇੱਕ ਵਾਰ ਤਾਂ ਜਗੀਰਦਾਰਾਂ ਨੂੰ ਮਿੱਟੀ ਵਿਚ ਮਿਲਾ ਦਿੱਤਾ ਸੀ। ਹੁਣ ਮੁਗਲ ਸਲਤਨਤ ਦੀ ਸਭ ਤੋਂ ਵੱਡੀ ਚਿੰਤਾ ਇਹ ਬਣ ਗਈ ਸੀ ਕਿ ਉਹ ਇਸ ਜਨਤਕ ਉਭਾਰ ਅਤੇ ਜਨਤਕ ਇੱਕਜੁੱਟਤਾ ਨੂੰ ਜਲਦੀ ਤੋਂ ਜਲਦੀ ਭੰਗ ਕਿਵੇਂ ਕਰੇ। ਸਲਤਨਤ ਆਪਣੇ ਇਨ੍ਹਾਂ ਯਤਨਾਂ ਨੂੰ ਸਫਲ ਕਰਨ ਲਈ ਸਾਜ਼ਿਸ਼ ਘੜਨ ਵਿਚ ਸਫਲ ਹੋਈ।

ਆਖਰਕਾਰ ਬਾਬਾ ਬੰਦਾ ਸਿੰਘ ਦੇ ਪੰਥ ਵਿਚ ਦੁਫੇੜ ਪਾ ਦਿੱਤੀ ਗਈ। ਮੱਲ ਸਿੰਘ ਦੱਸਦੇ ਹਨ ਕਿ ਤੱਤ ਖਾਲਸੇ ਦੇ ਮੁਖੀ ਬਾਬਾ ਬਿਨੋਦ ਸਿੰਘ ਤੇ ਕਾਹਨ ਸਿੰਘ (ਜੋ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਪੰਥ ਦੇ ਸਭ ਤੋਂ ਵੱਡੇ ਜਰਨੈਲ ਮੰਨੇ ਗਏ ਸਨ) ਦੇ ਮੁਗਲ ਸਰਕਾਰ ਨਾਲ ਹੋਏ ਸਮਝੌਤੇ ਦੇ ਸਿੱਟੇ ਵਜੋਂ ਜ਼ਮੀਨ ਹਲਵਾਹਕਾਂ (ਮੁਜ਼ਾਰਿਆਂ) ਦੀ ਸਾਂਝੀ ਮਾਲਕੀ ਦੀ ਥਾਂ ਸਰਕਾਰ ਨੇ ਇਹ ਐਲਾਨ ਕੀਤੇ ਸਨ:

ੳ) ਵਪਾਰ ਕਰਨ ਵਾਲੇ ਵਪਾਰ ਕਰਨ।

ਅ) ਖੇਤੀ (ਵਾਹੀ-ਜੋਤੀ) ਕਰਨ ਵਾਲੇ ਖੇਤੀ ਕਰਨ।

ੲ) ਨੌਕਰੀ ਕਰਨ ਵਾਲੇ ਨੌਕਰੀ ਕਰਨ।

ਸ) ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਬਾਬਾ ਬਿਨੋਦ ਸਿੰਘ ਦੇ ਧੜੇ ਤੱਤ ਖਾਲਸੇ ਪਾਸ ਹੋਵੇਗਾ।

ਲੇਖਕ ਦੱਸਦਾ ਹੈ ਕਿ ਸਮਝੌਤਾ ਕਰਨ ਸਮੇਂ ਤੱਤ ਖਾਲਸਾ ਦੇ ਮੁਖੀ ਬਾਬਾ ਬਿਨੋਦ ਸਿੰਘ ਨਾਲ ਮੁਜ਼ਾਰੇ ਕਿਸਾਨਾਂ ਦਾ ਕੋਈ ਨੁਮਾਇੰਦਾ ਮੌਜੂਦ ਨਹੀਂ ਸੀ। ਬਾਬਾ ਬਿਨੋਦ ਸਿੰਘ ਨੂੰ ਪਤਾ ਸੀ ਕਿ ਹਲਵਾਹਕਾਂ ਵਿਚ ਫੁੱਟ ਪਾ ਕੇ ਹੀ ਉਨ੍ਹਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨਾਲੋਂ ਤੋੜਿਆ ਜਾ ਸਕਦਾ ਹੈ। ਅਜਿਹਾ ਹੀ ਹੋਇਆ।... ... ਬਾਬਾ ਬੰਦਾ ਸਿੰਘ ਦੀ ਨੀਤੀ ਕਿ 'ਜ਼ਮੀਨ ਸਾਰੇ ਭਾਈਚਾਰੇ ਦੀ ਸਾਂਝੀ ਮਲਕੀਅਤ ਹੈ' ਦੇ ਉਲਟ ਮੁਜ਼ਾਰੇ ਕਿਸਾਨਾਂ ਨੂੰ ਜ਼ਮੀਨਾਂ ਦੀ ਨਿੱਜੀ ਮਾਲਕੀ ਦੇਣ ਦਾ ਫੈਸਲਾ, ਮੁਗਲ ਸਰਕਾਰ ਨੂੰ, ਬੰਦਾ ਸਿੰਘ ਦੀ ਜੰਗ ਦੇ ਦਬਾਅ ਹੇਠ ਕਰਨਾ ਪਿਆ ਸੀ। ਇਸ ਨਾਲ ਜ਼ਮੀਨ ਉੱਤੇ ਪਿੰਡ ਦੇ ਸਮੁੱਚੇ ਭਾਈਚਾਰੇ ਦੇ 'ਸਾਂਝੇ ਹੱਕ' ਦਾ ਭੋਗ ਪੈ ਗਿਆ। ਜ਼ਮੀਨ ਹਲਵਾਹਕਾਂ ਦੀ ਨਿੱਜੀ ਮਲਕੀਅਤ ਬਣ ਗਈ ਜੋ ਪਹਿਲਾਂ ਸਿਰਫ ਮੁਜ਼ਾਰੇ ਹੀ ਸਨ। ਗਿਆਨੀ ਗਿਆਨ ਸਿੰਘ ਦੇ ਹਵਾਲੇ ਨਾਲ ਇਹ ਵੀ ਕਿਹਾ ਗਿਆ ਹੈ ਕਿ ਸਰਕਾਰ ਨੇ ਕਿ 'ਬੁੱਢੇ-ਬੁੱਢੇ ਸਿੰਘ ਤਾਂ ਜਗੀਰਾਂ ਛਕੋ ਤੇ ਜਵਾਨ-ਜਵਾਨ ਨੌਕਰੀ ਕਰ ਲਓ' ਆਦਿ। ਦੂਜੇ ਪਾਸੇ ਡਾ. ਗੰਡਾ ਸਿੰਘ 'ਜ਼ਮੀਨ ਹਲਵਾਹਕ ਦੀ' ਨੂੰ ਬਾਬਾ ਬੰਦਾ ਸਿੰਘ ਦੀਆਂ ਪ੍ਰਮੁੱਖ ਪ੍ਰਾਪਤੀਆਂ ਵਿਚੋਂ ਇੱਕ ਮੰਨਦਾ ਹੈ। ਉਹ ਕਹਿੰਦਾ ਹੈ ਕਿ ਇਨ੍ਹਾਂ ਲੀਹਾਂ 'ਤੇ ਚੱਲਦਿਆਂ ਬੰਦਾ ਸਿੰਘ ਬਹਾਦਰ ਨੇ ਸਭ ਤੋਂ ਪਹਿਲਾਂ ਧਾੜਵੀਆਂ (ਗੁੰਡਿਆਂ) ਨੂੰ ਨੱਥ ਪਾਈ ਜੋ ਪਿੰਡਾਂ ਦੇ ਲੋਕਾਂ ਨੂੰ ਲੁੱਟਦੇ ਸਨ। ਇਸ ਤੋਂ ਪਿੱਛੋਂ ਹਲਵਾਹਕਾਂ ਨੂੰ ਜ਼ਿਮੀਦਾਰਾਂ ਤੋਂ ਨਿਜਾਤ ਦੁਆਈ ਜੋ ਫਸਲ ਦਾ ਲੇਖਾ-ਜੋਖਾ ਲਵਾ ਕੇ ਮੁਜ਼ਾਰਿਆਂ ਪਾਸੋਂ ਜਿਣਸਾਂ ਦਾ ਅੱਧਾ ਹਿੱਸਾ ਵੰਡਾ ਕੇ ਲੁੱਟ ਦੇ ਰੂਪ 'ਚ ਲਿਜਾਇਆ ਕਰਦੇ ਸਨ। ਬੰਦਾ ਸਿੰਘ ਨੇ ਹਲਵਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਪਰ ਮੱਲ ਸਿੰਘ ਅਨੁਸਾਰ, ਬੰਦਾ ਸਿੰਘ ਬਹਾਦਰ ਦੀ ਜ਼ਮੀਨੀ ਨੀਤੀ ਪਿੰਡ ਦੀ ਸਰਬ ਸਾਂਝੀ ਮਾਲਕੀ ਵਾਲੀ ਸੀ।

ਖੇਤੀ ਅਤੇ ਖੁਰਾਕ ਬਾਰੇ ਬਾਬਾ ਬੰਦਾ ਸਿੰਘ ਬਹਾਦਰ ਕਹਿੰਦੇ ਹਨ ਕਿ 'ਕੁਦਰਤ ਨੇ ਹਰ ਪ੍ਰਾਣੀ ਲਈ ਪਹਿਲਾਂ ਧਰਤੀ ਸਾਜੀ, ਫਿਰ ਇਨਸਾਨ ਪੈਦਾ ਹੋਇਆ। ਧਰਤੀ ਅਤੇ ਪ੍ਰਾਣੀ ਉਸ ਦੀ ਹੀ ਦੇਣ ਹਨ। ਇਸ ਲਈ ਜ਼ਮੀਨ ਦਾ ਸਾਂਝਾ ਹੱਕ ਹਰ ਇਨਸਾਨ ਲਈ ਹੈ'। ਉਨ੍ਹਾਂ ਆਪਣਾ ਇਹ ਫਲਸਫਾ ਆਪਣੇ ਰਾਜ ਵਿਚ ਲਾਗੂ ਕਰ ਦਿੱਤਾ ਸੀ ਜੋ ਭਾਵੇਂ ਜਲਦੀ ਹੀ ਢਹਿ-ਢੇਰੀ ਕਰ ਦਿੱਤਾ ਗਿਆ ਸੀ ਤੇ ਉਨ੍ਹਾਂ ਦੇ ਹੁਕਮ ਜ਼ਿਆਦਾ ਦੇਰ ਲਾਗੂ ਨਹੀਂ ਰਹਿ ਸਕੇ ਸਨ ਪਰ ਸਾਂਝੀਵਾਲਤਾ ਦੇ ਮਾਨਸਿਕ ਪ੍ਰਭਾਵ ਸਦੀਵੀ ਹੋ ਨਿਬੜੇ। ਜਿੱਥੋਂ ਤੱਕ ਖੁਰਾਕ ਨੀਤੀ ਦਾ ਸਬੰਧ ਹੈ, ਉਸ ਬਾਰੇ ਬੰਦਾ ਸਿੰਘ ਬਹਾਦਰ ਦਾ ਫਲਸਫਾ ਹਰ ਪ੍ਰਾਣੀ ਨੂੰ ਢਿੱਡ ਭਰਨ ਦਾ ਅਧਿਕਾਰ ਹੀ ਨਹੀਂ ਦਿੰਦਾ ਸਗੋਂ ਖੁਰਾਕ ਮੁਹੱਈਆ ਕਰਨਾ ਯਕੀਨੀ ਬਣਾਉਂਦਾ ਹੈ ਜਿਸ ਕਰ ਕੇ ਜੋ 'ਗੁਰੂ ਕਾ ਲੰਗਰ' ਪਹਿਲਾਂ ਚੱਲਦਾ ਸੀ, ਉਸ ਦਾ ਘੇਰਾ ਪਿੰਡ ਪੱਧਰ ਤੱਕ ਵਧਾ ਦਿੱਤਾ ਗਿਆ ਸੀ ਤਾਂ ਕਿ ਹਰ ਕੋਈ ਸੇਵਾ ਕਰੇ, ਕਿਰਤ ਕਰੇ ਅਤੇ ਸਾਂਝੇ ਲੰਗਰ ਵਿਚੋਂ ਪ੍ਰਸ਼ਾਦਾ ਛਕੇ। ਮੱਲ ਸਿੰਘ ਅਨੁਸਾਰ, ਬਾਬਾ ਬੰਦਾ ਸਿੰਘ ਦੇ ਰਾਜ ਵਿਚ ਇਹ ਵਰਤਾਰਾ ਆਮ ਹੋ ਗਿਆ ਸੀ।

ਜ਼ਮੀਨ ਉੱਪਰ ਕੁਝ ਵਿਸ਼ੇਸ਼ ਜਾਂ ਮੁੱਠੀ ਭਰ ਲੋਕਾਂ ਦਾ ਕਬਜ਼ਾ ਨਾ ਹੋਵੇ, ਇਸ ਬਾਰੇ ਮਨੁੱਖ ਕਿੰਨੀ ਕੁ ਦੇਰ ਤੋਂ ਲੜਦ ਰਿਹਾ ਹੈ, ਇਸ ਦਾ ਅੰਦਾਜ਼ਾ ਲਾਉਣਾ ਸੰਭਵ ਨਹੀਂ ਪਰ ਪੁਰਾਣੇ ਸਮਿਆਂ ਤੋਂ ਦੁਨੀਆ ਦੇ ਕਈ ਭਾਗਾਂ ਵਿਚ ਇਸ ਸੰਘਰਸ਼ ਦੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ। ਉਂਝ, ਖੇਤ ਅਤੇ ਖੁਰਾਕ ਦਾ ਮਹੱਤਵ ਮਨੁੱਖ ਦੀ ਚੇਤਨਾ ਵਿਚ ਕਦੋਂ ਬੈਠਣਾ ਆਰੰਭ ਹੋਇਆ, ਇਹ ਵੀ ਖੋਜਣ ਯੋਗ ਵਿਸ਼ਾ ਹੈ ਅਤੇ ਇਹ ਵਿਸ਼ਾ ਵੀ ਸੋਚਣ ਤੇ ਸੂਤਣ ਯੋਗ ਹੈ ਕਿ ਅਜੋਕੇ ਮੁਨਾਫਾਖੋਰਾਂ ਨੂੰ ਖੇਤ ਅਤੇ ਖੁਰਾਕ ਉੱਪਰ ਕਬਜ਼ਾ ਕਰਨ ਤੋਂ ਕਿਵੇਂ ਰੋਕਿਆ ਜਾਵੇ। ਖੇਤ ਤੇ ਖੁਰਾਕ ਸਾਂਝੀਵਾਲਤਾ ਦੇ ਹਿੱਸੇ ਆਉਂਦੇ ਹਨ।

ਖੇਤ ਤੇ ਖ਼ੁਰਾਕ ਹੀ ਨਹੀਂ ਸਗੋਂ ਮਨੁੱਖਾਂ ਨੂੰ ਵੀ ਕਿਸੇ ਦੀ ਨਿੱਜੀ ਮਾਲਕੀ ਵਿਚ ਸ਼ਾਮਿਲ ਕਰ ਕੇ ਉੱਚਾ ਅਤੇ ਨੀਵਾਂ ਕਰ ਦਿੱਤਾ ਗਿਆ ਹੈ। ਵਿਤਕਰੇ ਦੀ ਵਿਚਾਰਧਾਰਾ ਆਰਥਿਕ ਨਾ-ਬਰਾਬਰੀ ਨੂੰ ਵਾਜਬ ਠਹਿਰਾਉਂਦੀ ਹੈ ਜਿਸ ਦਾ ਅਰਥ ਹੈ ਉਚ-ਨੀਚ ਨੂੰ ਸਹੀ ਠਹਿਰਾਉਣਾ। ਜਿੱਥੋਂ ਤੱਕ ਕਥਿਤ ਨੀਚ ਜਾਤੀਆਂ ਪ੍ਰਤੀ ਬੰਦਾ ਸਿੰਘ ਬਹਾਦਰ ਦੀਆਂ ਨੀਤੀਆਂ ਦਾ ਪ੍ਰਸ਼ਨ ਹੈ, ਉਸ ਬਾਰੇ ਡਾ. ਸੁਖਦਿਆਲ ਸਿੰਘ ਦਾ ਮੰਨਣਾ ਹੈ ਕਿ ਨੀਚ ਲੋਕਾਂ ਦੀ ਬਾਂਹ ਖੁੱਲ੍ਹੇ ਅਤੇ ਐਲਾਨੀਆ ਰੂਪ ਵਿਚ ਪਹਿਲੀ ਵਾਰ ਸਿੱਖ ਧਰਮ ਨੇ ਫੜੀ, ਬੰਦਾ ਸਿੰਘ ਬਹਾਦਰ ਨੇ ਗਰੀਬ ਅਤੇ ਨੀਚ ਲੋਕਾਂ ਨੂੰ ਪਿੰਡਾਂ ਦੇ ਚੌਧਰੀ ਅਤੇ ਰਾਜ-ਭਾਗ ਦੇ ਮਾਲਕ ਬਣਾਇਆ ਸੀ। ਮੁਹੰਮਦ ਕਾਸਿਮ ਦੇ ਹਵਾਲੇ ਨਾਲ ਡਾ. ਸੁਖਦਿਆਲ ਸਿੰਘ ਦੱਸਦੇ ਹਨ ਕਿ ਐਸੇ ਲੋਕਾਂ ਦੇ ਸਮੂਹ ਬੰਦਾ ਸਿੰਘ ਵੱਲ ਉਮੜ ਪਏ ਸਨ ਜਿਨ੍ਹਾਂ ਪਾਸ ਨਾ ਖਾਣ ਲਈ ਰੋਟੀ ਸੀ ਅਤੇ ਨਾ ਹੀ ਪਹਿਨਣ ਲਈ ਕੱਪੜਾ ਸੀ। ਉਹ ਬੰਦਾ ਸਿੰਘ ਪਾਸ ਪਹੁੰਚ ਕੇ ਹਥਿਆਰ ਅਤੇ ਘੋੜਾ ਪ੍ਰਾਪਤ ਕਰਦੇ ਸਨ। ਇਸੇ ਤਰ੍ਹਾਂ ਹਾਦੀ ਕਾਮਵਰ ਖਾਨ ਦੇ ਹਵਾਲੇ ਨਾਲ ਦੱਸਿਆ ਹੈ ਕਿ ਸਫਾਈ ਕਰਨ ਵਾਲੇ, ਮਜ਼ਦੂਰੀ ਕਰਨ ਵਾਲੇ ਅਤੇ ਵਣਜਾਰਿਆਂ ਦੀ ਪੂਰੀ ਦੀ ਪੂਰੀ ਕੌਮ ਤੇ ਹੋਰ ਘਟੀਆ ਅਤੇ ਨੀਚ ਸਮਝੀਆਂ ਜਾਂਦੀਆਂ ਜਾਤਾਂ ਦੇ ਲੋਕ ਬਹੁਤ ਭਾਰੀ ਗਿਣਤੀ ਵਿਚ ਉਸ (ਬੰਦਾ ਸਿੰਘ) ਦੇ ਦੁਆਲੇ ਇਕੱਤਰ ਹੋਏ ਅਤੇ ਉਸ ਦੇ ਸਿਪਾਹੀ ਬਣ ਗਏ।

ਇੱਥੇ ਸਭ ਤੋਂ ਮਹੱਤਵਪੂਰਨ ਅਤੇ ਢੁੱਕਵੀਂ ਟੂਕ ਵਿਲੀਅਮ ਇਰਵਿਨ ਦੀ ਹੈ ਜਿਸ ਨੇ ਲਿਖਿਆ ਹੈ ਕਿ 'ਭਾਰਤੀ ਸਮਾਜ ਵਿਚ ਜੋ ਵੀ ਨੀਚ ਤੋਂ ਨੀਚ ਜਾਤੀ ਦਾ ਚਮਿਆਰ ਜਾਂ ਭੰਗੀ ਹੁੰਦਾ ਸੀ, ਆਪਣੇ ਘਰੋਂ ਚੱਲ ਕੇ ਜਦੋਂ ਬਾਗੀ ਗੁਰੂ (ਬੰਦਾ ਸਿੰਘ) ਪਾਸ ਪਹੁੰਚਦਾ ਸੀ ਤਾਂ ਉਹ ਥੋੜ੍ਹੇ ਹੀ ਸਮੇਂ ਵਿਚ ਆਪਣੇ ਪਿੰਡ ਦਾ ਹਾਕਮ ਬਣਨ ਦੇ ਹੁਕਮ ਆਪਣੇ ਹੱਥ ਵਿਚ ਲੈ ਕੇ ਹੀ ਵਾਪਸ ਮੁੜਦਾ ਸੀ। ਇਸ ਤਰ੍ਹਾਂ ਦੇ ਹੁਕਮਾਂ ਨਾਲ ਲੈਸ ਹੋਇਆ ਉਹ ਕਥਿਤ ਨੀਚ ਭੰਗੀ ਵੀ ਜਦ ਆਪਣੇ ਪਿੰਡ ਪਹੁੰਚਦਾ ਸੀ ਤਾਂ ਉਸੇ ਪਿੰਡ ਦੇ ਜੱਦੀ ਤੇ ਅਖੌਤੀ ਉੱਚੀ ਕੁਲ ਵਾਲੇ ਚੌਧਰੀ ਉਸ ਪਿੰਡ ਦੀਆਂ ਬਰੂਹਾਂ 'ਤੇ ਉਸ ਦਾ ਸਵਾਗਤ ਕਰਨ ਲਈ ਪਹੁੰਚੇ ਹੋਏ ਹੁੰਦੇ ਸਨ ਅਤੇ ਉਹ ਉੱਚੀ ਕੁਲ ਦੇ ਲੋਕ ਉਸ ਨੀਚ ਆਦਮੀ ਨੂੰ ਜਲੂਸ ਦੀ ਸ਼ਕਲ ਵਿਚ ਪਿੰਡ ਲੈ ਕੇ ਆਉਂਦੇ ਸਨ। ਪਿੰਡ ਪਹੁੰਚ ਕੇ ਉਹ ਉਸ ਨਵੇਂ ਬਣੇ ਹਾਕਮ ਦੇ ਸਾਹਮਣੇ ਹੱਥ ਬੰਨ੍ਹ ਕੇ ਖੜ੍ਹੇ ਉਸ ਦੇ ਨਵੇਂ ਹੁਕਮ ਨੂੰ ਉਡੀਕਦੇ ਰਹਿੰਦੇ ਸਨ। ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ਨੇ ਕਥਿਤ ਨੀਚ ਜਾਤਾਂ ਤੇ ਦੱਬੇ-ਕੁਚਲੇ ਵਰਗਾਂ ਨੂੰ ਫੌਜ ਵਿਚ ਨੌਕਰੀਆਂ ਦੇ ਕੇ ਨਾ ਕੇਵਲ ਉਨ੍ਹਾਂ ਦਾ ਜੀਵਨ ਮਿਆਰ ਹੀ ਉੱਪਰ ਚੁੱਕਿਆ ਸੀ ਸਗੋਂ ਸਮਾਜਿਕ ਕ੍ਰਾਂਤੀ ਦਾ ਬੀਜ ਵੀ ਬੀਜਿਆ ਸੀ। ਇਹ ਅਜਿਹੀ ਕ੍ਰਾਂਤੀ ਸੀ ਜਿਸ ਨੇ ਵਰਣ ਵਿਵਸਥਾ ਦੀਆਂ ਚੂਲਾਂ ਹਿਲਾ ਦਿੱਤੀਆਂ ਸਨ। ਸਥਾਪਤੀ ਪੱਖੀ ਸ਼ਕਤੀਆਂ ਲਈ ਇਹ ਸਭ ਅਸਹਿ ਸੀ ਜਿਸ ਕਾਰਨ ਉਹ ਬਾਬਾ ਬੰਦਾ ਸਿੰਘ ਬਹਾਦਰ ਅਤੇ 'ਬੰਦਾਵਾਦ' ਨੂੰ ਹਮੇਸ਼ਾ ਲਈ ਕੁਚਲ ਦੇਣ ਵਾਸਤੇ ਇੱਕਜੁੱਟ ਹੋ ਗਈਆਂ ਸਨ।

# ਚੋਣ ਮਰਯਾਦਾ

ਚੋਣਾਂ ਦੇ ਡੰਕੇ ਨਾਲ ਹੀ ਪਿਆਕੜਾਂ ਦੀ ਮੌਜ ਲੱਗ ਗਈ, ਚਾਂਦੀ ਚਾਂਦੀ ਹੋ ਗਈ ਸਭਨਾਂ ਦੀ। ਹਰ ਪਾਸੇ ਹਰ ਗਲੀ ਨੁੱਕਰੇ ਵੱਖ-ਵੱਖ ਉਮੀਦਵਾਰਾਂ ਦੇ ਏਜੰਟ ਬੋਤਲਾਂ ਕੈਨੀਆਂ ਤੇ ਭੁੱਕੀ, ਸਮੈਕ ਦੀਆਂ ਥੈਲੀਆਂ ਫੜੀ ਘਰ ਘਰ ਜਾ ਕੇ ਪੁੜੀਆਂ ਵੰਡਦੇ, ਪਰਚੀਆਂ ਵੰਡਦੇ, ਜਾਮ ਵੰਡਦੇ ਨਜ਼ਰ ਆਏ। ਕਿਸੇ ਨੂੰ ਪੈੱਗ, ਕਿਸੇ ਨੂੰ ਬੋਤਲ ਤੇ ਕਿਸੇ ਨੂੰ ਪੇਟੀ ਦੇ ਕੇ ਬੋਤਲ 'ਤੇ ਹੱਥ ਧਰਾ ਕੇ ਵੋਟ ਪਾਉਣ ਦਾ ਇਕਰਾਰ ਲੈਂਦੇ ਸੌਂਹ ਖੁਆਉਂਦੇ। ਵੋਟਰ ਸਭ ਨੂੰ ਹਾਂ ਕਰਦੇ ਸਭ ਦੀ ਝੋਲੀ ਮੁੰਡੇ ਪਾਈ ਜਾਂਦੇ, ਨਹਿਲੇ 'ਤੇ ਦਹਿਲਾ ਹੋ ਕੇ ਟੱਕਰਦੇ।

'ਰੱਬ ਕਰੇ ਇਹ ਚੋਣਾਂ ਹਰ ਮਹੀਨੇ ਆਉਂਦੀਆਂ ਰਹਿਣ। ਇਹ ਸਾਡੇ ਲੀਡਰ ਵੀ ਤਾਂ ਸੌਣ ਭਾਦੋਂ ਦੇ ਡੱਡੂਆਂ ਵਾਂਗ ਚੋਣਾਂ ਦੇ ਦਿਨਾਂ ਵਿਚ ਹੀ ਦਿਖਾਈ ਦਿੰਦੇ ਨੇ। ਵੋਟਾਂ ਬਟੋਰਨ ਪਿੱਛੋਂ ਗਰੁੜ ਭਗਵਾਨ ਵਾਂਗ ਅਲੋਪ ਹੋ ਜਾਂਦੇ ਨੇ ਤੇ ਦਿੱਲੀ ਜਾ ਬੈਠਦੇ ਨੇ ਛਿਪ ਕੇ ਸੋਨੇ ਦੇ ਆਲ੍ਹਣਿਆਂ ਵਿਚ, ਸੋਨੇ ਦੇ ਅੰਡਿਆਂ ਉੱਤੇ। ਫਿਰ ਇਨ੍ਹਾਂ ਦਾ ਮਨੋਰਥ ਜੋਕਾਂ ਵਾਂਗ ਸਮਾਜ ਦੇ ਲੋਕਾਂ ਦਾ ਖ਼ੂਨ ਪੀ ਕੇ ਗੋਗੜਾਂ ਵਧਾਉਣੀਆਂ ਤੇ ਚਿੱਚੜ ਵਾਂਗ



ਚਰਨਜੀਤ ਸਿੰਘ ਪੰਨੂੰ
ਫੋਨ: 408-608-4961

ਕੁਰਸੀ ਨੂੰ ਚੰਬੜੇ ਰਹਿਣਾ ਹੀ ਰਹਿ ਜਾਂਦਾ ਹੈ।' ਤਖ਼ਤਪੋਸ਼ 'ਤੇ ਗੁਫ਼ਤਗੂ ਚੱਲ ਰਹੀ ਸੀ।

ਧੂਤੂਆਂ ਅਤੇ ਝੰਡੀਆਂ ਵਾਲੀਆਂ ਕਾਰਾਂ ਦਾ ਕਾਫ਼ਲਾ ਗਲੀ ਦੇ ਚੌਕ ਵਿਚ ਆ ਕੇ ਰੁਕਿਆ। ਦੋ ਜਣਿਆਂ ਨੇ ਮੋਢੇ ਤੋਂ ਫੜ ਕੇ ਕਾਰ 'ਚੋਂ ਬਾਹਰ ਕੱਢਿਆ ਉਮੀਦਵਾਰ ਕੁਰਸੀ 'ਤੇ ਬਿਠਾ ਦਿੱਤਾ।

'ਇਹਦੀਆਂ ਤਾਂ ਲੱਤਾਂ ਕਬਰ ਵਿਚ ਨੇ, ਇਹ ਕੀ ਕਰੂ?' ਕੁੱਝ ਚਾਕੂੜ-ਹੱਥੇ ਮੁੰਡਿਆਂ ਨੇ ਫੁਸ-ਫੁਸ ਕੀਤੀ। ਅਮਲੀ ਸਮੇਤ ਸਾਰਿਆਂ ਨੇ ਸਰਸਰੀ ਸੁਆਗਤ ਨਾਲ ਹੱਥ ਜੋੜ ਕੇ ਉਨ੍ਹਾਂ ਨੂੰ ਜੀ ਆਇਆਂ ਕਿਹਾ। ਸੱਤ-ਸਲਾਮ ਤੋਂ ਬਾਅਦ ਗੱਲ ਇਕ ਦਮ ਨੁਕਤੇ 'ਤੇ ਆਨੇ ਵਾਲੀ ਥਾਂ ਪਹੁੰਚ ਗਈ।

ਉਮੀਦਵਾਰ ਕੁੱਝ ਕਾਹਲ ਵਿਚ ਸੀ, ਉਸ ਨੇ ਕਈ ਥਾਈਂ ਹੋਰ ਜਲਸਿਆਂ ਨੂੰ ਵੀ ਸੰਬੋਧਨ ਕਰਨਾ ਸੀ। ਉਸ ਦੀ ਸੈਨਤ ਨਾਲ ਉਸ ਦੇ ਇੱਕ ਸਾਥੀ ਨੇ ਲਿਖਿਆ ਹੋਇਆ ਭਾਸ਼ਣ ਪੜ੍ਹਨਾ ਸ਼ੁਰੂ ਕੀਤਾ।

'ਪਰਮ ਪਿਆਰੇ ਭਰਾਓ! ਰੱਬ ਵਰਗੇ ਦੋਸਤੋ, ਤੁਹਾਨੂੰ ਪਤਾ ਹੀ ਹੈ ਕਿ ਅਸੀਂ ਪਿਤਾ-ਪੁਰਖੀ ਤੁਹਾਡੇ ਖ਼ਾਨਦਾਨੀ ਸੇਵਾਦਾਰ ਹਾਂ ਤੇ ਜੱਦੀ ਪੁਸ਼ਤੀ ਸਿਆਸਤ ਸਾਡੇ ਪੁਰਖਿਆਂ ਕੋਲੋਂ ਸਾਡੇ ਹੱਥੀਂ ਪਹੁੰਚੀ ਹੈ। ਅਸੀਂ ਭਾਰਤ ਦੇ ਹਰ ਨਾਗਰਿਕ ਨੂੰ ਅਮਰੀਕਾ ਜਿਹੇ ਉੱਨਤ ਦੇਸ਼ ਵਾਂਗ ਹਰ ਕਿਸਮ ਦੀ ਲੋੜੀਂਦੀ ਸਹੂਲਤ ਦੇਣ ਦੇ ਪਾਬੰਦ ਹਾਂ। ਕੁੱਲੀ, ਗੁੱਲੀ, ਜੁੱਲੀ ਹਰ ਇਕ ਦਾ ਮੌਲਿਕ ਅਧਿਕਾਰ ਰਹੇਗਾ। ਖਪਤਕਾਰਾਂ ਨੂੰ ਬਿਜਲੀ, ਪਾਣੀ ਮੁਫ਼ਤ ਹੀ ਨਹੀਂ ਸਗੋਂ ਸਾਡੀ ਪਾਰਟੀ ਨੇ ਮੋਟਰਾਂ ਤੇ ਹੋਰ ਹਰ ਕਿਸਮ ਦੀ ਫਿਟਿੰਗ ਵੀ ਫ਼ਰੀ ਕਰਾਉਣ ਦਾ ਤਹੱਈਆ ਕੀਤਾ ਹੋਇਆ ਹੈ। ਹਰ ਨਵੀਂ ਜੰਮੀ ਬੱਚੀ ਦੇ ਨਾਮ ਦਸ ਹਜ਼ਾਰ ਰੁਪੇ ਜਮ੍ਹਾਂ, ਹਰ ਲੜਕੀ ਦੇ ਵਿਆਹ 'ਤੇ ਦਸ ਹਜ਼ਾਰ ਸ਼ਗਨ, ਹਰ ਬੁੱਢੀ-ਬੁੱਢੇ ਬਜ਼ੁਰਗ ਦੇ ਸਹਾਰੇ-ਗੁਜ਼ਾਰੇ ਵਾਸਤੇ ਪੰਜ ਹਜ਼ਾਰ ਰੁਪੇ ਮਹੀਨਾ ਪੈਨਸ਼ਨ ਲਗਾਉਣ ਦਾ ਸਾਡਾ ਏਜੰਡਾ ਹੈ। ਅਸੀਂ ਤੁਹਾਡੇ ਪਿੰਡ ਦੀ ਹੀ ਨਹੀਂ, ਸਾਰੇ ਦੇਸ਼ ਦੀ ਕਾਇਆ-ਕਲਪ ਕਰ ਦਿਆਂਗੇ। ਕੋਈ ਕਵਾਰਾ ਛੜਾ ਨਹੀਂ ਰਹੇ ਗਾ। ਕੋਈ ਅੰਗੂਠਾ-ਸ਼ਾਪ ਅਨਪੜ੍ਹ ਨਹੀਂ ਰਹੇਗਾ। ਕੋਈ ਭੁੱਖਾ ਨਹੀਂ ਮਰੇਗਾ, ਕੋਈ ਪਗਡੰਡੀਆਂ ਉੱਤੇ ਨਹੀਂ ਸੌਂਏਂਗਾ, ਕੋਈ ਬੇਕਾਰ ਗਲੀਆਂ ਵਿਚ ਨਹੀਂ ਭਟਕੇਗਾ।'

'ਜੇਲ੍ਹਾਂ 'ਚ ਬੰਦ ਕਰ ਦਿਓਗੇ ਉਨ੍ਹਾਂ ਨੂੰ! ਜਾਂ ਗੋਲੀ ਮਾਰ ਦਿਓਗੇ?' ਸਰੋਤਿਆਂ ਵੱਲੋਂ ਢੇਮ ਵਾਂਗ ਟਕੋਰਾਂ ਆਈਆਂ।

'ਨਹੀਂ! ਨਹੀਂ ਜੇਲ੍ਹਾਂ 'ਚ ਨਹੀਂ, ਉਨ੍ਹਾਂ ਨੂੰ ਨੌਕਰੀ ਦਿਆਂਗੇ, ਕੰਮ ਦਿਆਂਗੇ, ਸਵੈ-ਰੁਜ਼ਗਾਰ ਪੈਦਾ ਕਰ ਕੇ ਦਿਆਂਗੇ। ਸਾਨੂੰ ਵੋਟਾਂ ਪਾ ਕੇ ਇਕੇਰਾਂ ਜਿਤਾਓ ਤੇ ਪਰਖੋ! ਅਸੀਂ ਤੁਹਾਡੀ ਹਰ ਮਦਦ ਕਰਾਂਗੇ।' ਉਮੀਦਵਾਰ ਨੇ ਗੱਲ ਪੂਰੀ ਕੀਤੀ। ਪੀ ਏ ਹੱਥ ਜੋੜਦਾ ਪਰਚੀ ਜੇਬ 'ਚ ਪਾ ਕੇ ਥੱਲੇ ਬੈਠ ਗਿਆ।

'ਤੇ ਸਾਹਿਬ ਜੀ, ਐਹ ਜੋ ਰੱਬ ਦੇ ਮਾਰੇ ਕਿਸਾਨ ਵਿਚਾਰੇ! ਕੁਰਕੀਆਂ ਤੋਂ ਡਰਦੇ ਸਲਫਾਸ ਖਾ ਰਹੇ ਨੇ, ਗਲ ਰੱਸੇ ਪਾ ਰਹੇ ਨੇ, ਆਪਣੀ ਜੀਵਨ ਲੀਲ੍ਹਾ ਖ਼ਤਮ ਕਰੀ ਜਾ ਰਹੇ ਨੇ, ਉਨ੍ਹਾਂ ਦਾ ਕੀ ਬੰਦੋਬਸਤ ਕਰੋਗੇ? ਕਿਹੜੀ ਸੰਜੀਵਨੀ-ਬੂਟੀ ਸੁੰਘਾਓਗੇ ਉਨ੍ਹਾਂ ਨੂੰ? ਉਨ੍ਹਾਂ ਬਾਰੇ ਤੁਹਾਡੀ ਪਰਚੀ ਚੁੱਪ ਹੈ?'

'ਬੜਾ ਔਖਾ ਸਵਾਲ ਪਾ ਦਿੱਤਾ ਤੂੰ ਅਮਲੀਆ! ਜਿਹੜੇ ਲੋਗ ਅਣਚਾਹਿਆ ਬੇਲੋੜਾ ਕਰਜ਼ਾ ਲੈ ਕੇ ਕਲਗ਼ੀ ਉੱਚੀ ਕਰਨ ਲਈ ਵਿਆਹਾਂ ਸ਼ਾਦੀਆਂ 'ਤੇ ਗਲਤ ਇਸਤੇਮਾਲ ਕਰਦੇ ਹਨ ਤੇ ਫਿਰ ਸਰਕਾਰ ਦੇ ਸਿਰ ਚੜ੍ਹ ਕੇ ਆਪ ਮਰਨਾ ਚਾਹੁੰਦੇ ਨੇ ਉਨ੍ਹਾਂ ਦਾ ਰੱਬ ਹੀ ਰਾਖਾ! ਪਰ ਯਾਦ ਰੱਖੋ ਕਿ ਕਿਸੇ ਵੀ ਕਿਸਾਨ ਨੂੰ ਗੰਨਾ, ਕਣਕ, ਝੋਨਾ ਜਾਂ ਕੋਈ ਹੋਰ ਫ਼ਸਲ ਵੇਚਣ ਚਾਰ ਘੰਟੇ ਤੋਂ ਵੱਧ ਮੰਡੀ ਵਿਚ ਉਡੀਕ ਨਹੀਂ ਕਰਨੀ ਪਵੇਗੀ, ਇਹ ਮੇਰਾ ਹਿੱਕ ਠੋਕ ਕੇ ਵਾਅਦਾ ਰਿਹਾ, ਭਾਵੇਂ ਚੋਣ ਮਨੋਰਥ-ਪੱਤਰ ਵਿਚ ਅਸੀਂ ਅਜੇਹੀ ਕਿਸੇ ਧਾਰਾ ਦੀ ਵਿਵਸਥਾ ਨਹੀਂ ਕਰ ਸਕਦੇ। ਚੋਣ ਜ਼ਾਬਤਾ ਸ਼ੁਰੂ ਹੋ ਚੁੱਕਾ ਹੈ। ਚੋਣ ਕਮਿਸ਼ਨ ਦਾ ਡੰਡਾ ਬੜਾ ਸਖ਼ਤ ਹੈ।' ਸਾਹਿਬ ਨੇ ਸਿਆਸਤ ਤੋਂ ਉੱਪਰ ਨਸੀਹਤ ਵਰਗੀ ਫਲਾਉਣੀ ਨਾਲ ਆਪਣੀ ਮਜਬੂਰੀ ਦੱਸ ਦਿੱਤੀ।

'ਬਾਬੂ ਜੀ! ਪੁੱਤ ਕਿੱਥੇ ਖੜ੍ਹਾਇਆ ਜੇ? ਨੂੰਹ ਕਿੱਥੇ? ਘਰ ਵਾਲੀ ਕਿੱਥੇ? ਧੀ ਜਵਾਈ ਕਿੱਥੇ? ਅਸੀਂ ਉਨ੍ਹਾਂ ਨੂੰ ਵੀ ਸ਼ਾਨਦਾਰ ਜਿੱਤ ਦਿਵਾਵਾਂਗੇ।' ਅਮਲੀ ਚਾਰ ਕਦਮ ਅੱਗੇ ਹੋ ਤੁਰਿਆ।

'ਨਹੀਂ ਕਿਤੇ ਨਹੀਂ! ਮੈਂ ਇਕੱਲਾ ਹੀ ਖੜਿਆ ਹਾਂ ਇਸ ਵਾਰੀਂ।' ਉਮੀਦਵਾਰ ਨੇ ਸਪਸ਼ਟੀਕਰਨ ਦਿੱਤਾ।

'ਤੁਸੀਂ ਕਿਹੜੇ ਸਿਆਸਤਦਾਨ ਹੋਏ ਫਿਰ! ਤੁਸੀਂ ਤਾਂ ਅੱਜ ਵੀ ਗਏ ਤੇ ਕੱਲ੍ਹ ਵੀ ਗਏ, ਤੁਹਾਡੀ ਯਾਰੀ ਕਾਹਦੀ? ਜੇ ਆਪਣੀ ਇਹ ਰਾਮ-ਤੋਰੀ ਜਾਰੀ ਰੱਖਣੀ ਜੇ ਤਾਂ ਮੇਰੇ ਵਰਗਾ ਡਰਾਉਣਾ ਨਜ਼ਰਵੱਟੂ ਹੀ ਖੜ੍ਹਾ ਕਰ ਛੱਡੋ। ਚੰਗੇ ਰਹੋਗੇ...ਤੁਹਾਡਾ ਬੂਟਾ ਲੱਗਾ ਰਹੇਗਾ...ਵਧਦਾ ਫੁੱਲਦਾ ਰਹੇਗਾ। ਸਿਆਸਤ ਵਿਚ ਹੁਣ ਸਿਧਾਂਤ ਦੀ ਨਹੀਂ, ਲੋਕ ਭਲਾਈ ਦੀ ਵੀ ਨਹੀਂ, ਲਾਹੇ ਦੀ ਨੀਤੀ ਚਲਦੀ ਹੈ ਲੂੰਬੜੀ ਵਾਲੀ। ਲੋਕਾਂ ਦਾ ਕੀ ਹੈ, ਉਹ ਤਾਂ ਵਿਚਾਰੇ ਛੇਤੀ ਭੁੱਲ ਜਾਂਦੇ ਨੇ ਮੇਰੇ ਵਰਗੇ। ਉਨ੍ਹਾਂ ਦੀ ਯਾਦ ਸ਼ਕਤੀ ਬੜੀ ਕਮਜ਼ੋਰ ਹੈ।' ਅਮਲੀ ਦੇ ਮੂੰਹੋਂ ਅਫ਼ੀਮ ਦੀ ਗੋਲੀ ਵਰਗੀ ਅਵੱਲੀ ਕਾਟ ਉਨ੍ਹਾਂ ਨੂੰ ਪੈਰਾਂ 'ਤੋਂ ਹਿਲਾ ਗਈ।

'ਕੁੱਛੜ ਚੜ੍ਹ ਕੇ ਦਾੜ੍ਹੀ ਪੁੱਟਣ ਲੱਗੈਂ! ਤੂੰ ਕਰ ਲੈ ਮਸ਼ਕਰੀਆਂ ਅਮਲੀਆ...ਆਪਣੇ ਹੀ ਤਾਂ ਕਰਦੇ ਨੇ।' ਕੋਟੀ ਧਾਰੀ ਨੇ ਹੱਸ ਕੇ ਅਪਣੱਤ ਦਿਖਾਈ।

'ਹਾਈ ਸ਼ਾਵਾ ਸ਼ੇ, ਭਾਈ ਜੀ ਮੈਂ ਤਾਂ ਤੁਹਾਨੂੰ ਪਛਾਣਿਆ ਈ ਨਹੀਂ ਸੀ। ਤੁਸੀਂ ਪਿਛਲੀ ਵੇਰਾਂ ਮੈਨੂੰ ਵੀ ਆਪਣੇ ਵਰਗਾ ਨਕਲੀ ਜਬਾੜਾ ਲਗਾ ਕੇ ਦੇਣ ਦਾ ਲਾਰਾ ਲਾਇਆ ਸੀ? ਤੁਸੀਂ ਪਿਛਲੀ ਚੋਣ ਸਮੇਂ ਕਾਲੀਆਂ ਝੰਡੀਆਂ ਲਗਾ ਕੇ ਆਏ ਸੀ, ਕਾਲੀਆਂ ਵੱਲੋਂ ਖੜ੍ਹੇ ਸੀ! ਨਾਂ ਭੁੱਲ ਗਿਆ ਓਹੋ ਹੀ ਹੋ ਨਾ? ਤੁਹਾਡਾ ਹੂਰਾ ਵੀ ਬੜਾ ਤਕੜਾ ਹੈ, ਉਹ ਵਿਚਾਰਾ ਚਿੱਬੜ ਸਿਹੁੰ! ਐਵੇਂ ਬੋਲ ਬੈਠਾ ਬੜਬੋਲਾ ਜਿਹਾ। ਅਜੇ ਤੱਕ ਡਾਕਟਰਾਂ ਪਿੱਛੇ ਤੁਰਿਆ ਫਿਰਦਾ। ਪਰਸੋਂ ਸੁਣਿਆ ਸੀ ਤੁਸੀਂ ਫੁਲ ਸੁੰਘਦੇ ਫਿਰਦੇ ਸੀ ਤੇ ਅੱਜ ਛਤਰੀ ਤਾਣ ਕੇ ਆ ਗਏ ਓ!'

'ਹਾਂ ਜੀ ਹਾਂ...ਪਛਾਣ ਲਿਆ ਤੂੰ ਅਮਲੀਆ। ਮੌਸਮ ਵੇਖ ਕੇ ਸਮਾਂ ਸੰਭਾਲਣਾ ਪੈਂਦਾ।' ਉਮੀਦਵਾਰ ਦੇ ਅੰਗ-ਰੱਖਿਅਕ ਨੇ ਅਮਲੀ ਦਾ ਘਰ ਪੂਰਾ ਕਰ ਦਿੱਤਾ।

'ਐਤਕੀਂ ਉਨ੍ਹਾਂ ਨੇ ਟਿਕਟ ਨਹੀਂ ਦਿੱਤੀ, ਅਖੇ ਕਿਸੇ ਉੱਪਰਲੇ ਬਾਹਰਲੇ ਵਜ਼ੀਰ ਦੇ ਮੁੰਡੇ ਨੂੰ ਖੜ੍ਹਾਉਣਾ ਇੱਥੇ। ਬੜੀ ਬੇਇਨਸਾਫ਼ੀ ਕੀਤੀ ਉਨ੍ਹਾਂ ਤੁਹਾਡੇ ਨਾਲ। ਮੈਂ ਖਬਾਰ ਪੜ੍ਹੀ ਸੀ...ਏਨੀ ਤਾਂ ਸੋਝੀ ਰੱਖੀ ਦੀ ਐ ਜਥੇਦਾਰ ਸਾਹਿਬ। ਚੰਗਾ ਕੀਤਾ ਤੁਸਾਂ...ਬੜਾ ਚੰਗਾ ਕੀਤਾ। ਪਾਰਟੀ ਬਦਲ ਲਈ। ਭੇਸ ਦਾ ਕੀ ਏ, ਜੇਹਾ ਦੇਸ ਤੇਹਾ ਭੇਸ, ਮਖੌਟੇ ਬਦਲੀ ਜਾਓ। ਕਿੰਨਾ ਸਸਤਾ ਸੌਦਾ! ਸਾਨੂੰ ਤਾਂ ਸਵਾਰੀ ਚਾਹੀਦੀ ਹੈ, ਕਾਰ ਨਹੀਂ ਤਾਂ ਬੱਸ, ਬੱਸ ਨਹੀਂ ਤਾਂ ਗੱਡਾ ਸੈਕਲ ਹੀ ਸਹੀ।' ਅਮਲੀ ਟਿਚਕਰ-ਬਾਜ਼ੀ 'ਚ ਉੱਤਰ ਆਇਆ।

'ਜੀਂਦਾ ਰਹੁ ਅਮਲੀਆ! ਰੱਬ ਤੈਨੂੰ ਦੋ ਦੋ ਵਹੁਟੀਆਂ ਦੇਵੇ।'

'ਸਾਨੂੰ ਵਹੁਟੀ ਮਿਲੇ ਜਾਂ ਨਾ ਮਿਲੇ...ਤੈਨੂੰ ਵੋਟ ਜ਼ਰੂਰ ਮਿਲੂ, ਧਰਵਾਸ ਰੱਖੋ। ਮੈਂ ਤੇਰਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲ ਸਕਦਾ। ਤੂੰ ਮੇਰਾ ਭਤੀਜਾ ਮਾਰਕਫੈੱਡ ਵਿਚ ਲਵਾਇਆ ਸੀ...ਪੈਸਿਆਂ ਦਾ ਕੀ ਐ! ਉਹ ਤਾਂ ਪੰਦਰਾਂ ਹਜਾਰ ਜੋ ਤੂੰ ਲਏ ਉਸ ਨੇ ਪਹਿਲੇ ਮਹੀਨਿਆਂ ਵਿਚ ਹੀ ਮਾਠ ਕੇ ਪੂਰੇ ਕਰ ਲਏ ਸਨ। ਪਾਰਟੀ ਨੂੰ ਨਹੀਂ, ਅਸੀਂ ਤਾਂ ਤੈਨੂੰ ਵੋਟ ਪਾਉਣੀ ਐ, ਸਿਰਫ਼ ਤੈਨੂੰ। ਹੁਣ ਅਸੀਂ ਕਿਹੜੇ ਮੁੰਡੇ ਨਹੀਂ ਰਖਾਉਣੇ।'

'ਪਾਓ ਭਈ ਪੈਗ ਦਿਓ ਲੰਬੜਦਾਰ ਨੂੰ।' ਕੋਟੀ ਧਾਰੀ ਦੀ ਆਵਾਜ਼ ਸੁਣ ਕੇ ਅਮਲੀ ਮੁੱਛਾਂ ਨੂੰ ਵਟਣਾ ਚਾੜ੍ਹ ਕੇ ਤਿਆਰ ਬਰ ਤਿਆਰ ਹੋ ਗਿਆ।

'ਅਸੀਂ ਤਾਂ ਐਤਕੀਂ ਆਪਣੀਆਂ ਗਲੀਆਂ ਪੱਕੀਆਂ ਕਰਾਉਣੀਆਂ ਨੇ। ਜੋ ਕਰਵਾਏਗਾ...ਉਸ ਨੂੰ ਵੋਟ ਪਾਵਾਂਗੇ। ਐਹ ਇਕੱਲੀ ਦਾਰੂ ਜਿਹੀ ਨਾਲ ਕੰਮ ਨਹੀਂ ਬਣਨਾ ਐਕਰਾਂ ਜਥੇਦਾਰਾ।'

ਬੂਝਾ ਅਮਲੀ ਹੈਗਾ ਤਾਂ ਭਾਵੇਂ ਬੂਝੜ ਜਿਹਾ ਹੀ ਸੀ ਪਰ ਸਿੱਖਿਆ-ਸਿਖਾਇਆ ਉਸ ਨੇ ਗੱਲ ਪਤੇ ਦੀ ਕਹਿ ਮਾਰੀ। ਸਰਪੰਚ ਕਈ ਅਜੇਹੇ ਬੇ-ਸ਼ੁਕਰੇ ਕੰਮ ਮੂੰਹ-ਫੱਟ ਅਮਲੀ ਦੇ ਮੂੰਹ ਪਾ ਕੇ ਆਪਣਾ ਉੱਲੂ ਸਿੱਧਾ ਕਰ ਲੈਂਦਾ ਸੀ।

'ਲੈ ਬਈ ਅਮਲੀਆ...ਤੇਰੇ ਮੂੰਹ ਦੀ ਕੱਢੀ ਅਸਾਂ ਪੂਰੀ ਕਰ ਦੇਣੀ ਆ। ਐਹ ਲੈ ਬੋਤਲ! ਤੇ ਖਾਹ ਸੌਂਹ।' ਸੇਵਾਦਾਰ ਅਮਲੀ ਦੇ ਨੇੜੇ ਹੋ ਗਿਆ।

'ਨਾਲੇ ਕੋਈ ਉਰੀ-ਪਰੀ ਕਰਦਾ ਟੰਗ ਅੜਾਉਣ ਵਾਲਾ ਭੜਵਾ ਹੈ ਤਾਂ ਉਹ ਵੀ ਦੱਸ ਦੇਹ, ਅਸੀਂ ਗੱਡੀ ਚੜ੍ਹਾ ਦਿਆਂਗੇ ਉਹਨੂੰ ਰਾਤੋ-ਰਾਤ!' ਡੱਬ ਨੂੰ ਹੱਥ ਮਾਰਦਾ ਕੰਨ ਵਿਚ ਫੁਸ-ਫੁਸਾਇਆ।

ਤਿਕੋਣੀ ਜਿਹੀ ਇੱਲ ਦੇ ਕਲਬੂਤ ਵਰਗੀ ਬੋਤਲ ਵੇਖ ਕੇ ਸਾਰੀ ਮੰਢੀਰ ਚਾਂਭਲ ਉੱਠੀ। ਸਾਰੇ ਲਾਰਾਂ ਸੁੱਟਣ ਲੱਗੇ।

'ਮੈਂ ਇਸ ਦਾਰੂ ਦੀ ਬੋਤਲ ਦੀ ਸੌਂਹ ਖਾਂਦਾ ਹਾਂ। ਮੇਰੀਆਂ ਸਾਰੀਆਂ ਵੋਟਾਂ ਤੇਰੀਆਂ, ਅਸੀਂ ਸਾਰੇ ਤੇਰੀ ਪਾਰਟੀ ਨੂੰ ਵੋਟਾਂ ਪਾਵਾਂਗੇ।'

'ਜੀਂਦਾ ਰਹੁ ਅਮਲੀਆ...ਆਪਾਂ ਫੇਰ ਵੀ ਕੰਮ ਆਉਣ ਵਾਲੇ ਬੰਦੇ ਹਾਂ। ਜਦ ਮਰਜ਼ੀ ਅਜ਼ਮਾ ਲਈਂ ਰਾਤ ਬਰਾਤੇ।' ਜਥੇਦਾਰ ਨਛੱਤਰ ਸਿੰਘ ਦੀ ਤਸੱਲੀ ਹੋ ਗਈ। ਉਸ ਨੇ ਅਮਲੀ ਦਾ ਮੋਢਾ ਨੱਪਿਆ। ਇਕ ਸੇਵਾਦਾਰ ਨੇ ਲਾਲ ਗੁੱਥੀ ਵਿਚੋਂ ਮੁੱਠਾਂ ਭਰੀਆਂ ਤੇ ਵਿਆਹ ਦੀ ਸੁੱਟ ਵਾਂਗ ਦੋ ਚਾਰ ਸਰੋਤਿਆਂ ਵੱਲ ਮਾਰਦੇ 'ਰੱਬ ਰਾਖਾ' ਕਹਿੰਦੇ ਅਗਲੇ ਰਸਤੇ ਪੈ ਗਏ।

ਅਗਲੇ ਦਿਨ ਇੱਟਾਂ ਦੀਆਂ ਲੱਦੀਆਂ ਟਰਾਲੀਆਂ ਆ ਗਈਆਂ, ਸੀਮਿੰਟ ਆ ਗਿਆ...ਮਿਸਤਰੀ ਆ ਗਏ ਤੇ ਗਲੀਆਂ ਪੱਕੀਆਂ ਹੋਣ ਲੱਗੀਆਂ।

ਸੜਕ ਵੱਲੋਂ ਢੋਲ-ਢਮੱਕੇ ਦੀ ਆਵਾਜ਼ ਉੱਠੀ ਤੇ ਪਿੰਡ ਵੱਲ ਵਧੀ। ਜੰਜ ਵਾਂਗ ਤੁਰ੍ਹਲੇ ਵਾਲੀਆਂ ਪੱਗਾਂ ਤੇ ਸਤਰੰਗੀ ਪੀਂਘ ਵਰਗੇ ਲਿਬਾਸ! ਇਕ ਭੰਗੜਾ ਪਾਰਟੀ, ਤੇ ਪਿੱਛੇ ਪਿੱਛੇ ਪਹਿਲਵਾਨਾ ਵਾਂਗ ਲੱਤਾਂ ਚੌੜੀਆਂ ਕਰ-ਕਰ ਤੁਰਦਾ ਬਿੱਛੂ ਰਾਮ ਵਕੀਲ ਗਲ ਵਿਚ ਨੋਟਾਂ ਦੇ ਹਾਰ ਪਾਈ ਗਭਲੇ ਚੌਂਕ ਵਿਚ ਆ ਪਹੁੰਚਿਆ। ਆਜ਼ਾਦ ਉਮੀਦਵਾਰ ਨੇ ਆਉਂਦੇ ਹੀ ਆਪਣਾ ਹਾਰ ਲਾਹ ਕੇ ਸਰਪੰਚ ਦੇ ਗਲ ਪਾ ਦਿੱਤਾ। ਗਾਉਣ ਵਾਲੀ ਨੇ ਅਖਾੜਾ ਬੰਨ੍ਹ ਦਿੱਤਾ। ਵੇਖਦੇ-ਵੇਖਦੇ ਤਕੜਾ ਹਜੂਮ ਇਕੱਠਾ ਹੋ ਗਿਆ। ਬਿੱਛੂ ਰਾਮ ਨੇ ਸਾਰੀਆਂ ਪਾਰਟੀਆਂ ਨੂੰ ਨਕਾਰਦੇ ਆਪਣੇ ਆਪ ਨੂੰ ਦੁੱਧ-ਧੋਤਾ ਦਰਸਾ ਕੇ ਵੋਟ ਮੰਗਿਆ। ਉਸ ਨੇ ਹਲਕੇ ਵਿਚ ਵੱਡੇ ਕਾਰਖ਼ਾਨੇ ਲਗਵਾਉਣ ਦਾ ਇਕਰਾਰ ਕੀਤਾ ਤੇ ਦਾਅਵਾ ਕੀਤਾ ਕਿ ਉਹ ਅਜੇਹੇ ਵੱਡੇ ਪ੍ਰੋਜੈਕਟਾਂ ਵਿਚੋਂ ਕੋਈ ਗ਼ਬਨ ਨਹੀਂ ਕਰੇ ਗਾ ਨਾ ਹੋਣ ਦੇਵੇ ਗਾ। ਲੋਕਾਂ ਦੇ ਕੰਮ ਕਰਾਉਣ ਦੇ ਇਵਜ਼ ਵਿਚ ਕੋਈ ਬਖ਼ਸ਼ੀਸ਼, ਇਨਾਮ ਜਾ ਰਿਸ਼ਵਤ ਨਹੀਂ ਵਸੂਲੇ ਗਾ। ਜ਼ਿੰਦਗੀ ਦੀ ਥਕਾਉਣ ਤੇ ਉਦਰੇਵਾਂ ਲਾਹੁਣ ਲਈ ਹਰ ਮਹੀਨੇ ਹਰ ਪਿੰਡ ਵਿਚ ਲੋਕਾਂ ਦੇ ਮਨੋਰੰਜਨ ਲਈ ਇਕ ਅਜੇਹਾ ਮਜਮਾ ਲਾਇਆ ਕਰੇਗਾ। ਇਕ ਵੱਡਾ ਟੀ ਵੀ ਸੈੱਟ ਭੇਟ ਕਰਦਿਆਂ ਕਿਹਾ ਕਿ ਇਹ ਪੁਰਜਾ ਇਸ ਚੌਂਕ ਵਿਚ ਰੱਖੋ। ਜਦ ਟੀ ਵੀ ਚੈਨਲ ਤੇ ਚੱਲ ਰਹੀ ਬਹਿਸ ਵਿਚ ਉਮੀਦਵਾਰਾਂ ਦੇ ਮੁਕਾਬਲੇ ਹੋਣਗੇ, ਉਹ ਘਸੁੰਨ-ਮੁੱਕੀ ਕਰਨਗੇ, ਇਕ ਦੂਸਰੇ ਦੀ ਪੱਗ ਰੋਲਣਗੇ, ਦਾੜ੍ਹੀ ਫੜ੍ਹ ਹੂਰੋ-ਹੂਰੀ ਕਰਨਗੇ, ਦੰਗਲ ਕਰਨਗੇ, ਤੁਸੀਂ ਠੀਕ ਤਰ੍ਹਾਂ ਵੇਖ ਕੇ ਤਕੜੇ-ਮਾੜੇ ਦੀ ਪਛਾਣ ਕਰ ਸਕੋ ਗੇ। ਉਸ ਦੇ ਵਿਖਿਆਨ ਤੇ ਪੇਸ਼ਕਸ਼ ਨੂੰ ਭੀੜ ਨੇ ਤਾੜੀਆਂ ਨਾਲ ਖੂਬ ਸਲਾਹਿਆ।

ਏਸੇ ਤਰ੍ਹਾਂ ਕਾਰਲੀ ਪਾਰਟੀ ਨੇ ਧਰਮਸ਼ਾਲਾ ਲਈ ਇੱਟਾਂ ਸੁਟਵਾ ਕੇ ਕੰਮ ਜਲਦੀ ਸ਼ੁਰੂ ਕਰ ਦੇਣ ਦਾ ਇਕਰਾਰ ਕੀਤਾ ਤੇ ਨੀਂਹ ਪੱਥਰ ਵੀ ਅਮਲੀ ਦੇ ਹੱਥੋਂ ਲੁਆ ਕੇ ਅਮਲੀ ਦਾ ਤੁਰ੍ਹਲਾ ਉੱਚਾ ਕਰ ਦਿੱਤਾ।

ਅਗਲੀ ਰਾਤ ਨੂੰ ਤੀਸਰੀ ਪਾਰਟੀ ਆ ਧਮਕੀ...ਲਾਲਟੈਣਾਂ ਸਨ, ਉਨ੍ਹਾਂ ਦੇ ਕਾਫ਼ਲੇ ਵਿਚ। ਵਿਰੋਧੀ ਧਿਰ ਵੱਲੋਂ ਹੁੰਦੇ ਹੋਏ ਉਹ ਅਮਲੀ ਦਾ ਵੀ ਮੂੰਹ ਸੁੰਘਣ ਲੱਗੇ।

ਅਮਲੀ ਵੱਖੀਆਂ ਵਿਚ ਹੱਸਿਆ।

'ਆਓ ਜੀ ਜਨਾਬ! ਲਾਲਟੈਣ ਸਾਹਿਬ! ਜੀ ਆਇਆਂ ਨੂੰ! ਆਉ ਬੈਠੋ।' ਉਸ ਨੇ ਇਕ ਲੀਡਰ ਲਗਦੇ ਭੱਦਰ ਪੁਰਸ਼ ਨੂੰ ਮੰਜੇ ਦੀ ਚਤੱਈ ਪੱਧਰੀ ਕਰਦੇ ਬੈਠਣ ਦਾ ਇਸ਼ਾਰਾ ਕੀਤਾ।

'ਲੰਬੜਦਾਰਾ! ਤੇਰੀ ਸ਼ਰਨ ਆਏ ਹਾਂ, ਤੂੰ ਪਿੰਡ ਦਾ ਮੁਹਤਬਰ ਆਦਮੀ ਹੈਂ, ਸਾਨੂੰ ਵੋਟਾਂ ਪੁਆ। ਮੇਰਾ ਚੋਣ ਨਿਸ਼ਾਨ ਲਾਲਟੈਣ ਹੈ। ਅਸੀਂ ਇਸ ਲਾਲਟੈਣ ਨਾਲ ਤੁਹਾਡੀ ਹਰ ਗਲੀ, ਹਰ ਕੋਨਾ ਇੱਥੋਂ ਤੱਕ ਕਿ ਤੁਹਾਡੇ ਦਿਲਾਂ ਦੇ ਅੰਦਰ ਦੇ ਸਾਰੀਆਂ ਕੁੰਦਰਾ ਕੋਨੇ ਤੱਕ ਰੁਸ਼ਨਾ ਦਿਆਂਗੇ। ਤੁਹਾਡਾ ਸਕੂਲ ਵੱਡਾ ਕਰਾ ਦਿਆਂਗੇ। ਹਸਪਤਾਲ ਖੋਲ੍ਹ ਦਿਆਂਗੇ। ਐਹ ਲਓ ਲਾਲਟੈਣਾਂ ਤੇ ਰੱਖ ਦਿਓ ਖੋਲਿਆਂ ਤੇ ਹਨੇਰੀਆਂ ਗੁਫਾਵਾਂ ਵਿਚ। ਹੁਣ ਕੋਈ ਤੁਹਾਡੇ ਬੱਚੇ ਉਧਾਲ਼ ਕੇ ਮਾਰ ਕੇ ਹਨੇਰੇ ਦਾ ਫ਼ਾਇਦਾ ਨਹੀਂ ਉਠਾਏ ਗਾ।' ਬੜੀ ਨਿਮਰਤਾ ਤੇ ਅਧੀਨਗੀ ਭਰੇ ਬੋਲਾਂ ਨਾਲ ਉਸ ਨੇ ਇੱਕ ਲਾਲਟੈਣ ਅਮਲੀ ਦੇ ਹੱਥ ਫੜਾ ਦਿੱਤੀ ਤੇ ਪੰਜ ਦਸ ਹੋਰ ਖੜੇ ਲੋਕਾਂ ਵੱਲ ਵਧਾ ਦਿੱਤੀਆਂ।

'ਧੰਨਭਾਗ ਭਾਊ ਜੀ! ਲਾਲਟੈਣਾਂ ਸਾਡੇ ਸਿਰ ਮੱਥੇ! ਪਰ ਸੱਚੀ ਗੱਲ ਦੱਸਾਂ? ਸਾਡੇ ਪਿੱਛੇ ਤਾਂ ਵੱਡੀਆਂ ਵੱਡੀਆਂ ਹਾਕਮ ਪਾਰਟੀਆਂ ਫਿਰਦੀਆਂ ਨੇ, ਉਹ ਪਹਿਲਾਂ ਹੀ ਕਰਾਰ-ਨਾਮਾ ਲੈ ਗਏ ਨੇ। ਕੋਈ ਉਮੀਦਵਾਰ ਗਲੀਆਂ ਬਣਾ ਰਿਹਾ...ਕੋਈ ਧਰਮਸ਼ਾਲਾ ਬਣਾ ਰਿਹਾ ਤੇ ਤੁਸੀਂ ਆਏ ਹੋ ਧੰਨਭਾਗ ਜੀ ਸਦਕੇ। ਤੁਸੀਂ ਪਛੜ ਗੇ ਥੋੜਾ ਜਿਹਾ, ਸਾਨੂੰ ਚਾਨਣ ਵੀ ਵੰਡੋ ਤੇ ਨਾਲ ਪਾਣੀ ਵੀ। ਸਕੂਲ ਵੱਡਾ ਕਰੋ ਜੰਮ ਜਮ, ਪਰ ਮਾਸਟਰ ਜ਼ਰੂਰ ਭੇਜ ਦਿਓ ਇੱਥੇ ਬੱਚਿਆਂ ਨੂੰ ਸਾਂਭਣ ਪੜ੍ਹਾਉਣ ਵਾਸਤੇ। ਹਸਪਤਾਲ ਬਣਾਓ ਪਰ ਡਾਕਟਰ ਨਰਸਾਂ ਦਾ ਜ਼ਰੂਰ ਇੰਤਜ਼ਾਮ ਕਰ ਜਾਇਓ। ਹਾਲ ਦੀ ਘੜੀ ਇੱਕ ਐਸ ਚੌਂਕ ਵਿਚ ਤੇ ਇੱਕ ਧਰਮਸ਼ਾਲਾ ਵਾਲੇ ਚੌਂਕ ਵਿਚ ਨਲਕੇ ਲੁਆ ਦਿਓ। ਬੜਾ ਸਸਤਾ ਕੰਮ ਜੇ। ਲੋਕ ਪਾਣੀ ਪੀਣ ਗੇ...ਤੇਰੇ ਗੁਣ ਗਾਉਣਗੇ, ਤੈਨੂੰ ਸੀਸਾਂ ਦੇਣਗੇ। ਬਾਕੀ ਵੋਟਾਂ ਤਾਂ ਪਹਿਲਾਂ ਹੀ ਤੇਰੀਆਂ...ਅਸੀਂ ਵੀ ਤੇਰੇ ਤੇ ਵੋਟਾਂ ਵੀ ਤੇਰੀਆਂ। ਜਿਸ ਖੂਹ-ਖਾਤੇ ਮਰਜ਼ੀ ਪੁਆ ਲੈ।' ਅਮਲੀ ਨੇ ਸਿੱਧ-ਪੱਧਰੀ ਭਾਸ਼ਾ ਵਿਚ ਉਸ ਨੂੰ ਨਿਹਾਲ ਨਿਹਾਲ ਕਰ ਦਿੱਤਾ।

'ਠੀਕ ਆ, ਜਿੰਦਾਂ ਕਹੋ ਕਰ ਦਿਆਂਗੇ। ਨਲਕੇ ਤਾਂ ਕੀ ਅਸੀਂ ਕੂਲਰ ਵੀ ਲਵਾ ਦਿਆਂਗੇ ਪਰ ਵੋਟਾਂ ਦੀ ਪੱਕੀ ਕਰੋ, ਕੋਈ ਵੋਟ ਬਾਹਰ ਨਾ ਜਾਏ।'

'ਹੈ ਕਮਲਾ! ਅਸਾਂ ਤਾਂ ਪਹਿਲਾਂ ਹੀ ਸੋਚਿਆ ਸੀ ਪਈ ਅਸੀਂ ਤੈਨੂੰ ਹੀ ਜਿਤਾਵਾਂ ਗੇ...ਪੱਥਰ ਤੇ ਲੀਕ।' ਅਮਲੀ ਨੇ ਧਰਤੀ 'ਤੇ ਲਕੀਰ ਖਿੱਚਦੇ ਲਾਲਟੈਣ ਸਾਹਿਬ ਨੂੰ ਬਾਗੋ-ਬਾਗ ਕਰ ਦਿੱਤਾ।

'ਅਮਲੀਆ! ਤੇਰੇ ਮੂੰਹ ਘਿਉ ਸ਼ੱਕਰ! ਨਲਕੇ ਇਕ ਦੋ ਦਿਨਾਂ 'ਚ ਲੱਗ ਜਾਣਗੇ। ਪਰ ਦਾਰੂ ਦੀ ਮੁਸ਼ਕਲ ਬਣੇਗੀ। ਮੈਂ ਸੋਚਿਆ ਸੀ ਪਈ ਇਕ ਦੋ ਪੇਟੀਆਂ ਤੇਰੇ ਕੋਲ ਸੁੱਟ ਜਾਂਦੇ, ਆਪਣੇ ਵੋਟਰਾਂ ਦੀ ਪਾਰਟੀ-ਪੂਰਟੀ ਕਰ ਦਿੰਦਾ ਪਰ ਠੇਕੇ ਬੰਦ ਹੋ ਗਏ ਨੇ। ਸਰਕਾਰ ਨੇ ਬੜੀ ਸਖ਼ਤੀ ਕਰ ਦਿੱਤੀ ਹੈ। ਪਹਿਲਾਂ ਤਾਂ ਏਨੀ ਕੁ ਬੁੱਤੀ ਥਾਣੇ ਅੰਦਰੋਂ ਪੂਰੀ ਹੋ ਜਾਂਦੀ ਸੀ, ਪਰ ਹੁਣ ਚੌਕਸੀ ਵਾਲਿਆਂ ਨੇ ਇਨ੍ਹਾਂ ਦੀਆਂ ਬਹੁਤ ਲਗਾਮਾਂ ਕੱਸ ਦਿੱਤੀਆਂ ਨੇ। ਚੋਣ ਕਮਿਸ਼ਨ ਨੇ ਨਿਗਰਾਨ ਨੁਮਾਇੰਦੇ ਭੇਜ ਕੇ ਨਿਰਪੱਖ ਚੋਣਾ ਕਰਾਉਣ ਦਾ ਪੱਕਾ ਫ਼ੈਸਲਾ ਕਰ ਰੱਖਿਆ ਹੈ। ਐਤਕੀਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰਾ ਹੋਣਾ ਹੈ। ਇਹ ਚੋਰ-ਮੋਰੀਆਂ ਬੰਦ ਕਰ ਦਿੱਤੀਆਂ ਹਨ।' ਲਾਲਟੈਣ ਸਾਹਿਬ ਨੇ ਆਪਣੀ ਬੇਬਸੀ ਤੇ ਅਸਮਰਥਾ ਪ੍ਰਗਟਾਈ।

'ਤੂੰ ਵੀ ਕਮਲੈਂ ਦਾਰੂ ਦੀ ਕਿੱਲਤ! ਆ ਮੇਰੇ ਨਾਲ! ਕਹੇਂ ਤਾਂ ਨਹਿਰਾਂ ਵਗਾ ਦਿਆਂ, ਨਹਾ ਲੈ ਭਾਵੇਂ ਚੁੱਭੀਆਂ ਮਾਰ ਕੇ।' ਅਮਲੀ ਨੇ ਚਾਦਰ ਟੰਗ ਕੇ ਉੱਪਰ ਨੂੰ ਕੀਤੀ, ਪਰਨਾ ਮੋਢੇ ਤੇ ਧਰਿਆ 'ਤੇ ਇਕ ਛਕੜਾਨੁਮਾ ਜੀਪ ਵਿਚ ਉਨ੍ਹਾਂ ਨਾਲ ਜਾ ਚੜ੍ਹਿਆ।

ਠੇਕੇ ਲਾਗੇ ਪਹੁੰਚ ਕੇ ਵੇਖਿਆ...ਸੱਚ-ਮੁਚ ਹੀ ਬੰਦ ਸੀ। ਤਾਲਾ ਹੀ ਬੰਦ ਨਹੀਂ ਸਗੋਂ ਉਸ ਉੱਪਰ ਲਾਖ ਦੀਆਂ ਮੁਹਰਾਂ ਵੀ ਲੱਗੀਆਂ ਹੋਈਆਂ ਸਨ ਤੇ ਲਾਗੇ ਖੜ੍ਹੇ ਦੋ ਸਿਪਾਹੀ ਇਨ੍ਹਾਂ ਸੀਲਾਂ ਦੀ ਨਿਗਰਾਨੀ ਕਰ ਰਹੇ ਸਨ।

ਵੋਟਾਂ ਵਾਲੀ ਗੱਡੀ ਵੇਖ ਕੇ ਸਿਪਾਹੀ ਉੱਠ ਕੇ ਸਾਵਧਾਨ ਹੋ ਗਏ। ਉਨ੍ਹਾਂ ਦੂਰੋਂ ਹੀ ਸਲੂਟ ਮਾਰਿਆ। ਬੂਝਾ ਅਮਲੀ ਮਾੜਾ ਜਿਹਾ ਲੰਗ ਮਾਰਦਾ ਉਨ੍ਹਾਂ ਕੋਲ ਪਹੁੰਚਿਆ।

'ਕਿਉਂ ਭਾਈ ਸਾਂਢੂਆ। ਦਾਰੂ ਦਾ ਕੀ ਬਣੂੰ ਹੁਣ?'

'ਦੱਸ ਸਾਂਢੂਆ? ਕੀ ਹੁਕਮ ਐ? ਠੇਕੇ ਤਾਂ ਬੰਦ ਨੇ।'

'ਠੇਕੇ ਬੰਦ ਤਾਂ ਸਾਨੂੰ ਪਤੈ, ਦਿਸਦੈ! ਪਰ ਤੇਰਾ ਕੀ ਫ਼ਾਇਦਾ...? ਕਰ ਦੇ ਕੁੱਝ ਜੁਗਾੜ। ਇਹ ਪਾਰਟੀ ਵੀ ਆਪਣੀ ਤੇ ਖਰਚਾ ਵੀ ਆਪਣਾ...ਤੁਹਾਨੂੰ ਵੀ ਨਿਹਾਲ ਕਰ ਦਿਆਂਗੇ।' ਅਮਲੀ ਨੇ ਦਾਣਾ ਸੁੱਟਿਆ।

'ਕਿੰਨੀ ਚਾਹੀਦੀ?' ਇੱਕ ਸਿਪਾਹੀ ਨੇ ਰਮਜ਼ ਜਿਹੀ ਮਾਰੀ।

'ਦੇ ਦੇ ਯਾਰ! ਕਰ ਦੇ ਅਮਲੀ ਦਾ ਚਿੱਤ ਖ਼ੁਸ਼...ਰੱਬ ਵਰਗੇ ਹੁੰਦੇ ਨੇ ਅਮਲੀ ਨਿਰਛਲ।' ਦੂਜੇ ਸਿਪਾਹੀ ਨੇ ਹਲਾਸ਼ੇਰੀ ਦੇ ਕੇ ਹਾਂ ਵਿਚ ਸਿਰ ਹਿਲਾਇਆ।

ਤੂੜੀ ਦੇ ਕੁੱਪ ਵੱਲ ਨੂੰ ਤੁਰਦਾ ਸਿਪਾਹੀ ਪਿੱਛੇ ਅਮਲੀ ਨੂੰ ਲਾ ਕੇ ਨੋਟਾਂ ਦੀ ਥੱਦੀ ਗਿਣਦਾ ਕਮਾਦ ਦੀ ਇਕ ਨੁੱਕਰੇ ਜਾ ਖੜ੍ਹਾ ਹੋਇਆ।

'ਇੱਕੋ ਵੇਰਾਂ ਲੈ ਲਾ ਜਿੰਨੀਆਂ ਚਾਹੀਦੀਆਂ, ਸਾਨੂੰ ਤਾਂ ਇਕ ਸੌ ਰੁਪੇ ਪੇਟੀ ਦਾ ਖਰਚਾ ਚਾਹੀਦਾ।' ਸਿਪਾਹੀ ਨੇ ਆਪਣਾ ਲਾਗ ਦੱਸ ਦਿੱਤਾ।

'ਬੱਸ ਦਸ ਹੀ ਕਾਫ਼ੀ ਨੇ ਅਸੀਂ ਕਿਹੜੀ ਛਬੀਲ ਲਗਾਉਣੀ! ਭਲਾ ਹੋਵੇ ਤੇਰਾ, ਤੇਰੇ ਬੱਚੇ ਜਿਊਣ।' ਅਮਲੀ ਨੇ ਉਸ ਦੀ ਪਿੱਠ ਤੇ ਥਾਪੀ ਦਿੱਤੀ। ਜੀਪ ਵਿਚੋਂ ਡਰਾਈਵਰ ਨੇ ਬੰਦ ਮੁੱਠੀ ਬਾਹਰ ਕੱਢ ਕੇ ਹੌਲਦਾਰ ਨਾਲ ਦਸਤ-ਪੰਜਾ ਕਰਕੇ ਧੰਨਵਾਦ ਕੀਤਾ।

ਪੇਟੀਆਂ ਗੱਡੀ ਵਿਚ ਸਵਾਰ ਹੋ ਕੇ ਅਮਲੀ ਦੇ ਮੁਹੱਲੇ ਪਹੁੰਚ ਗਈਆਂ। ਲੋਕ ਉਮੀਦਵਾਰਾਂ ਦਾ ਘੱਟ ਤੇ ਅਮਲੀ ਦੇ ਗੁਣ ਜ਼ਿਆਦਾ ਗਾ ਰਹੇ ਸਨ।

ਸਵੇਰੇ ਚੌਂਕਾਂ ਵਿਚ ਨਲਕਿਆਂ ਦਾ ਸਮਾਨ ਤੇ ਪੰਚਾਇਤ ਘਰ ਵਿਚ ਵੱਡਾ ਸਾਰਾ ਪਾਣੀ ਠੰਢਾ ਕਰਨ ਵਾਲਾ ਕੂਲਰ ਪਿਆ ਵੇਖ ਕੇ ਲੋਕ ਅਮਲੀ ਦੀ ਚਤੁਰਾਈ ਤੇ ਹੈਰਾਨ ਰਹਿ ਗਏ।

'ਵੇਖਿਆ ਏਦਾਂ ਕੰਮ ਹੁੰਦੇ...ਇਹ ਹਫ਼ਤਾ ਦਸ ਦਿਨ ਇਨ੍ਹਾਂ ਤੋਂ ਜੋ ਮਰਜ਼ੀ ਕਰਵਾ ਲਓ। ਫਿਰ ਚਿੜੀ ਖੰਭ ਛੁਡਾ ਗਈ ਧੇਲੇ ਦਾ ਗੁੜ ਖਾ ਗਈ।'

ਅਮਲੀ ਦੇ ਛੱਡੇ ਤੀਰ ਟਿਕਾਣੇ ਡਿੱਗੇ ਵੇਖ ਕੇ ਉਸ ਦੇ ਗਰਾਂਈਂ ਉਸ ਦਾ ਧੰਨਵਾਦ ਕਰਨ ਲੱਗੇ।

ਵਿਆਹ ਦੇ ਜਸ਼ਨਾਂ ਵਾਂਗ ਇਹ ਦਿਨ ਲੰਘ ਗਏ। ਗਲੀਆਂ ਵਿਚ ਰੋਡੇ ਸ਼ਾਹ ਦੇ ਮੇਲੇ ਵਾਂਗ ਅਮਲੀ ਦੇ ਚਹੇਤੇ ਲੋਟਣੀਆਂ ਲੈਂਦੇ ਰਹੇ। ਕੁੱਤੇ-ਬਿੱਲੀਆਂ ਸ਼ਰਾਬੀਆਂ ਦੇ ਮੂੰਹ ਸੁੰਘਦੇ ਚੱਟਦੇ ਆਨੰਦ ਮਾਣਦੇ ਰਹੇ। ਵੋਟਾਂ ਦਾ ਦਿਨ ਆ ਗਿਆ, ਪਰਚੀਆਂ ਪਈਆਂ। ਹੋਰਾਂ ਬੂਥਾਂ ਤੋਂ ਜ਼ਿਆਦਾ ਵੋਟਰਾਂ ਦੀ ਰੌਣਕ ਅਮਲੀ ਦੇ ਤੰਬੂ ਥੱਲੇ ਵੇਖ ਕੇ ਦੂਸਰੀਆਂ ਧਿਰਾਂ ਕੰਨੀਂ ਖਿਸਕਾ ਗਈਆਂ। ਅਮਲੀ ਦੇ ਕਹੇ ਅਨੁਸਾਰ ਸਭ ਨੇ ਸਾਰੇ ਖਿਲਾੜੀਆਂ ਨੂੰ ਮਾਲਾ-ਮਾਲ ਕਰ ਦਿੱਤਾ। ਉਮੀਦਵਾਰਾਂ ਦੇ ਦਲਾਲਾਂ ਨੇ ਚੋਣ ਅਮਲੇ ਨੂੰ ਮੁੰਦੀਆਂ ਛੱਲੇ ਤੇ ਨਵੇਂ ਨੋਟਾਂ ਦੀਆਂ ਥੱਦੀਆ ਦਿਖਾ ਕੇ ਚਾਟ ਖਿਲਾਰ ਦਿੱਤੀ। ਚੋਣ ਅਧਿਕਾਰੀ ਅਮਲੀ ਦੀ ਭੂਰੀ ਖੰਡ, ਭੰਗ ਤੇ ਨਾਗਣੀ ਡੁੰਗ ਕੇ ਲੋਟਣੀਆਂ ਲੈਂਦੇ ਬਾਗੋ-ਬਾਗ ਹੋ ਗਏ।

ਵੋਟਾਂ ਦੀ ਗਿਣਤੀ ਵੇਲੇ ਚੋਣ ਕਰਮਚਾਰੀ ਬੜੇ ਚਿੰਤਤ ਅਤੇ ਅਚੰਭਿਤ ਹੋ ਰਹੇ ਸਨ। ਬਹੁਤੇ ਵੋਟਰਾਂ ਨੇ ਤਿੰਨਾਂ ਹੀ ਉਮੀਦਵਾਰਾਂ ਦੇ ਨਾਵਾਂ 'ਤੇ ਠੱਪੇ ਲਗਾ ਕੇ ਆਪਣੇ ਹਲਫ਼/ ਇਕਰਾਰ ਦੀ ਪੁਸ਼ਟੀ ਕਰ ਦਿੱਤੀ ਸੀ। ਡੱਬਿਆਂ ਵਿਚੋਂ ਸਾਰੇ ਪਿੰਡ ਦੀਆਂ ਕੁੱਲ ਵੋਟਾਂ ਨਾਲੋਂ ਡੇਢ ਸੌ ਵੋਟ ਵੱਧ ਨਿਕਲੀ ਸੀ। ਉਮੀਦਵਾਰਾਂ ਦੇ ਦਲਾਲ ਕੰਨ ਲਪੇਟ ਕੇ ਆਪਣੀ ਕਾਰਗੁਜ਼ਾਰੀ ਦਾ ਖੇਖਣ ਢੂੰਡਦੇ ਬਾਕੀ ਬਚੀ ਲਾਲ ਪਰੀ ਦੇ ਪਿਆਲਿਆਂ ਵਿਚ ਡੁੱਬ ਗਏ।

ਚੋਣ ਅਧਿਕਾਰੀ ਦਾ ਰੁਤਬਾ ਅਤੇ ਨੌਕਰੀ ਖ਼ਤਰੇ ਵਿਚ ਭਾਂਪ ਕੇ ਅਮਲੀ ਤੇ ਉਸ ਦੇ ਸਾਥੀ ਹਮਦਰਦੀ ਪ੍ਰਗਟਾ ਰਹੇ ਸਨ। ਅਗਲੇ ਦਿਨ ਸਵੇਰੇ ਲੋਕ ਹੈਰਾਨ ਰਹਿ ਗਏ। ਨਲਕਿਆਂ ਦਾ ਸਮਾਨ ਗ਼ਾਇਬ ਸੀ ਚੌਂਕਾਂ ਵਿਚੋਂ ਅਤੇ ਧਰਮਸ਼ਾਲਾ ਵਿਚੋਂ ਇੱਟਾਂ ਤੇ ਸੀਮਿੰਟ ਗ਼ਾਇਬ ਸੀ। ਇਹ ਸਾਰਾ ਪਾਰਟੀ ਦੇ ਨਿਸ਼ਕਾਮ ਸਿਰ-ਕੱਢ ਵਰਕਰਾਂ ਤੇ ਸੇਵਕਾਂ ਦੀਆਂ ਹਵੇਲੀਆਂ ਵਿਚ ਪਹੁੰਚ ਚੁੱਕਾ ਸੀ।

'ਚਲੋ ਕੋਈ ਨਾ, ਇਹ ਵੀ ਮਾੜਾ ਸੌਦਾ ਨਹੀਂ, ਸਾਡੀ ਗਲੀ ਤਾਂ ਬਣ ਗਈ ਇਸ ਵੇਰਾਂ। ਬਾਕੀ ਅਗਲੇ ਮਹੀਨੇ ਫਿਰ ਵੋਟਾਂ ਆਈਆਂ ਖੜ੍ਹੀਆਂ, ਫਿਰ ਪੂਰੀਆਂ ਕਰਵਾ ਲਵਾਂਗੇ ਪਤੰਦਰਾਂ ਕੋਲੋਂ। ਸਾਨੂੰ ਝਕਾਨੀ ਦੇਣ ਵਾਲੇ ਤਲਬਗਾਰ ਅਸੈਂਬਲੀ ਵਿਚ ਕਦੇ ਵੀ ਬਹੁਮਤ ਸਿੱਧ ਨਹੀਂ ਕਰ ਸਕਣਗੇ। ਇਹ ਵੀ ਕੀ ਯਾਦ ਕਰਨ ਗੇ ਛੜੇ ਅਮਲੀ ਦਾ ਸਰਾਫ਼!' ਅਮਲੀ ਹੱਥਾਂ 'ਤੇ ਹੱਥ ਮਾਰਦਾ ਦੂਹਰਾ-ਚੌਹਰਾ ਹੋਈ ਜਾ ਰਿਹਾ ਸੀ।

# ਜਾਲਿ ਮੋਹੁ ਘਸਿ ਮਸੁ ਕਰਿ

ਸਿਰੀਰਾਗੁ ਮਹਲੁ ੧ ॥
ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥
ਬਾਬਾ ਏਹੁ ਲੇਖਾ ਲਿਖਿ ਜਾਣੁ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥੧॥ ਰਹਾਉ ॥



ਡਾ. ਆਸਮਾ ਕਾਦਰੀ

ਇਹ ਸ਼ਬਦ ਗੁਰੂ ਨਾਨਕ ਦਾ ਲਿਖਿਆ ਏ। ਲਿਖਣ ਹਾਰ ਨੇ ਜੀਵਨ ਪੰਧ ਵਿਚ ਜੋ ਵੇਖਿਆ, ਝਾਗਿਆ ਯਾ ਵਿਚਾਰਿਆ ਉਸ ਨੂੰ ਲਿਖਤ ਬਣਾ ਕੇ ਸਾਂਝਾ ਕੀਤਾ ਏ। ਏਸ ਸ਼ਬਦ ਨੂੰ ਸਮਝਣ ਲਈ ਇੱਕ ਇੱਕ ਹਰਫ ਨੂੰ ਸਹਿਜੇ ਸਹਿਜੇ ਪੜ੍ਹਨਾ ਪੈਣਾ ਏ। ਲਿਖਤ ਦੀ ਬਣਤਰ ਨੂੰ ਵੀ ਵੇਖਣ ਪੜਚੋਲਣ ਦੀ ਲੋੜ ਏ। ਜੇ ਅਸੀਂ ਹਾਜ਼ਰ ਹੋਈਏ ਤਾਂ ਸ਼ਬਦਾਂ ਦੀ ਸੰਗਤ ਸੁਰਾਂ ਦਾ ਸੰਗ ਕਰ ਕੇ ਆਪਣੇ ਅਰਥ ਆਪ ਵੀ ਦਸੇਂਦੀ ਏ। ਵਿਹਾਰੀ ਮੈਂ ਦੇ ਬਣਾਏ ਰਾਗ ਸੁਣਨ ਗਿੱਝੇ ਕੰਨਾਂ ਨੂੰ ਕੁਦਰਤ ਦੀ ਇਕਾਈ ਦਾ ਰਾਗ ਘੱਟ ਈ ਸੁਣੀਂਦਾ ਏ। ਆਓ ਮਿਲ ਕੇ ਸ਼ਬਦ ਨੂੰ ਪੜ੍ਹਨ, ਸਮਝਣ ਦਾ ਯਤਨ ਕਰੀਏ।

"ਜਾਲਿ ਮੋਹੁ ਘਸਿ ਮਸੁ ਕਰਿ", ਮੋਹੁ ਦਾ ਜੋ ਪਸਾਰ ਪਸਰਿਆ ਹੈ ਉਸ ਨੂੰ ਸਾੜਨਾ ਹੈ ਪਹਿਲੋਂ। "ਜਾਲਿ" ਦੇ ਇੱਕ ਅਰਥ ਤੇ ਜਾਲ ਨੇਂ, ਜਿਸ ਵਿਚ ਕਿਸੇ ਨੂੰ ਫਸਾਇਆ ਜਾਂਦਾ ਏ ਤੇ "ਜਾਲਿ" ਦੇ ਦੂਜੇ ਅਰਥ ਸਾੜਨਾ ਵੀ ਏ। "ਮੋਹੁ" ਧੋਖਾ ਏ, ਜੋ ਅਸਲ ਵਿਚ ਹੈ ਨਹੀਂ, ਪਰ ਦਿਸਦਾ ਏ ਤੇ ਆਪਣੇ ਵੱਲ ਖਿੱਚਦਾ ਏ, ਮੋਹ ਭੁਲੇਖਾ ਵੀ ਏ, ਬੇਸੁਰਤੀ, ਬੇਹੋਸ਼ੀ। ਮੋਹਣਾ ਹੈ ਕਿਸੇ ਨੂੰ ਸਭ ਤੋਂ ਵੱਖਰਾ ਕਰ ਕੇ ਆਪਣਾ ਕਰ ਲੈਣਾ। ਏਸ ਕੂੜ ਵਿਹਾਰ ਦੀ ਏਹਾ ਕਰਨੀ ਹੈ ਜੋ ਕੁੱਲ ਕੁਦਰਤ ਤੋਂ ਵੱਖ ਕਰ ਕੇ ਆਪਣਾ ਕਰ ਲੈਂਦੀ ਹੈ। ਚਾਲੂ ਰਾਸਵਾਲ ਵਿਹਾਰ ਦੀ ਕੌੜੀ ਲਿਸ਼ਕ ਮੋਹ ਲੈਂਦੀ ਏ ਤੇ ਇਨਸਾਨ ਦਾ ਰਿਸ਼ਤਾ ਇਕਾਈ ਨਾਲੋਂ ਤ੍ਰੋੜ ਕੇ, ਬੰਦਿਆਈ ਦੇ ਤੱਤ ਸੱਤ ਨਾਲੋਂ ਵਿਜੋਗ ਦਿੰਦੀ ਏ। ਇਸੇ ਮੋਹ ਨੂੰ ਸਾੜ ਕੇ ਸੁਆਹ ਕਰਨਾ ਹੈ ਪਹਿਲੋਂ ਫੇਰ ਉਸ ਸੁਆਹ ਨੂੰ ਰਗੜ ਕੇ ਘਸਾ ਕੇ ਸਿਆਹੀ ਬਣਾਉਣਾ ਹੈ। "ਮਸੁ" ਸਿਆਹੀ ਏ। ਸਿਆਹੀ ਲਿਖਣ ਦੇ ਕੰਮ ਆਉਂਦੀ ਏ। ਅਜੋਕੇ ਸਮੇਂ ਸਿਆਹੀ ਬਣੀ ਬਣਾਈ ਬਜ਼ਾਰੋਂ ਲੱਭ ਜਾਂਦੀ ਏ, ਪੁਰਾਣੇ ਵੇਲੇ ਵਿਚ ਸਿਆਹੀ ਬਣਾਈ ਜਾਂਦੀ ਸੀ। ਦੀਵੇ ਦੀ ਲਾਟ ਉਪਰ ਕੋਈ ਸ਼ੈਅ ਮੂਧੀ ਮਾਰ ਕੇ ਕਾਲਖ ਇਕੱਠੀ ਕੀਤੀ ਜਾਂਦੀ ਸੀ ਫੇਰ ਉਸ ਕਾਲਖ ਵਿਚ ਕੁੱਝ ਰਲਾ ਕੇ ਸਿਆਹੀ ਬਣਦੀ ਸੀ। ਜਿਸ ਮੋਹ ਨੂੰ ਸਾੜਿਆ ਏ ਹੁਣ ਉਸ ਨੂੰ ਘਸਾ ਕੇ, ਰਗੜ ਕੇ, "ਮਸੁ" ਬਨਾਣਾ ਏ। ਸਿਆਹੀ ਬਣਾਉਣੀ ਏ ਜੋ ਲਿਖਣ ਦੇ ਕੰਮ ਆਉਂਦੀ ਏ। "ਘਸਿ ਮਸੁ ਕਰਿ" ਵਿਚ "ਕਰਿ" ਕਰਨ ਵੀ ਹੈ ਤੇ ਹੱਥ ਵੀ। ਹੱਥ ਈ ਹਨ ਜੋ ਵਹੀ ਖਾਤੇ ਲਖੀਂਦੇ ਨੇਂ। ਇਨ੍ਹਾਂ ਹੱਥਾਂ ਨਾਲ ਮੋਹ ਨੂੰ ਸਾੜ ਕੇ ਮਸੁ ਬਣਾਉਣੀ ਹੈ। ਸਿਆਹੀ ਬਣ ਗਈ ਹੁਣ ਲਿਖਣ ਲਈ ਕਾਗਜ਼ ਦੀ ਲੋੜ ਏ। ਕਾਗਜ਼ ਬਣਸੀ ਮੱਤ ਦਾ। "ਮਤਿ" ਦੇ ਅਰਥ ਹਨ, ਅਕਲ, ਸਮਝ, ਵਿਚਾਰਲੀ, ਆਈਡਿਆਲੌਜੀ। ਵਿਚਾਰਲੀ ਦਾ ਕਾਗਜ਼ ਬਣਾਉਣਾ ਏ। ਸਿਆਹੀ ਮੋਹ ਸਾੜ ਕੇ ਬਣੀ ਅਕਲ ਮਤਿ ਦਾ ਕਾਗਜ਼ ਬਣਿਆ, ਹੁਣ "ਕਰਿ ਸਾਰੁ" ਬਣਸੀ। "ਕਰਿ" ਹੱਥ ਏ ਜਿਸ ਕਲਮ ਫੜ ਕੇ ਲਿਖਣਾ ਏ। ਲਿਖਣਾ ਕੀ ਏ? ਏਸ ਦੀ ਸਾਰ ਹੋਵਣੀ ਲਾਜ਼ਮੀ ਏ।"ਸਾਰੁ" ਏ ਤੱਤ ਕਿਸੇ ਸ਼ੈਅ ਦਾ ਅੰਦਰਲਾ, ਅਸਲ ਹੋਂਦ, ਸਾਵਧਾਨੀ, ਨਿਆਂ, ਪਾਣੀ ਤੇ ਵਾਅ ਵੀ। ਜਿਉਂਦੀ ਹੋਂਦ ਨੂੰ ਆਪਣੇ ਮੁਢਲੇ ਤੱਤ (ਅੱਗ, ਪਾਣੀ, ਵਾਅ, ਮਿੱਟੀ, ਆਕਾਸ਼) ਦੀ ਸਿਆਣ ਥੀਵੇ ਤਾਹੀਓਂ ਸੁਰਤ ਸਿਆਣ ਬਣਦੀ ਏ। ਹੁਣ ਲਿਖਤ ਲਈ ਲੋੜੀਂਦੀ ਕਲਮ ਭਾਉ ਦੀ ਬਣਸੀ। ਭਾਉ ਹੈ ਪਿਆਰ, ਅਸਰ, ਹੋਂਦ, ਭਾਗ। "ਚਿਤੁ" ਦਿਲ, ਦਿਮਾਗ, ਚੇਤਾ, ਧਿਆਨ ਹੈ। ਏਸ ਚਿੱਤ ਨੇ ਹੁਣ ਲਿਖਾਰੀ ਬਣਨਾ ਏ। ਜੋ ਪਹਿਲੀ ਮੋਹ ਭਰੀ ਵਿਹਾਰੀ ਹੋਂਦ ਵਹੀ ਖਾਤੇ ਲਿਖੀਂਦੀ ਆਹੀ, ਉਹ ਹੁਣ ਮੁੱਕ ਕੇ ਨਵੀਂ ਹੋਂਦ ਜੰਮੀ ਏ, ਜੋ ਨਵੇਂ ਲੇਖ ਲਿਖਸੀ। ਲਿਖਣਾ ਕੀ ਹੈ, ਏਸ ਨਵੇਂ ਲਿਖਾਰੀ ਨੇ? ਲਿਖਾਰੀ ਪਹਿਲੋਂ ਤਾਂ ਆਪਣੀ ਵਿਚਾਰਲੀ ਸਿਆਣੇ, ਉਸ ਵਿਚਾਰਲੀ ਨੂੰ ਆਪਣਾ ਗੁਰੂ ਮੰਨੇ ਤਾਂ ਲਿਖੇ। ਆਪਣੇ ਲਿਖੇ ਨੂੰ ਵਿਚਾਰੇ ਮੁੜ ਕੇ ਸਮਝੇ, ਜਾਂਚੇ, ਪਰਖੇ, ਜੋ ਲਿਖਿਆ ਕੀ ਹੈ, ਤੇ ਲਿਖਣਾ ਕੀ ਹੈ?

ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥

ਲਿਖਣਾ ਹੈ "ਨਾਮੁ"। "ਨਾਮੁ"ਸਾਂਝੀ ਪਛਾਣ ਹੈ ਕੁੱਲ ਕੁਦਰਤ ਦੀ। ਵੱਖੋ-ਵੱਖ ਨਾਵਾਂ ਦੀ ਕੈਦੋਂ ਉਧਾਰਦਾ ਹੈ ਨਾਮ। ਵੱਖਰਿਆਂ-ਵੱਖਰਿਆਂ ਨਾਵਾਂ ਨੂੰ ਤੇ ਵੱਖਰੀਆਂ-ਵੱਖਰੀਆਂ ਪਛਾਣਾਂ ਨੂੰ ਛੱਡ ਕੇ ਜਦੋਂ ਅਸੀਂ ਇਕਾਈ ਦੀ ਪਛਾਣ ਕਰਨੇ ਹਾਂ ਤੇ ਫੇਰ ਨਾਮ ਨੂੰ ਜਾਣ ਸਕਣੇ ਹਾਂ। ਨਾਮ ਗਿਆਨ ਏ, ਇਲਮ ਏ, ਸੁਰਤ ਏ। ਜਿਤਨੀ ਨਾਮ ਦੀ ਪਛਾਣ ਵੱਧਦੀ ਏ ਉਤਨੀ ਇਕਾਈ ਦੀ ਸਿਆਣ ਪੱਕਦੀ ਏ। ਮੋਹ ਨੂੰ ਸਾੜ ਕੇ, ਸਿਆਹੀ ਬਣਾ ਕੇ, ਆਪਣੀ ਵਿਚਾਰਲੀ ਦੇ ਕਾਗਜ਼ ਉਪਰ ਪਿਆਰ ਦੇ ਕਲਮ ਨਾਲ ਆਪਣੇ ਚੇਤੇ ਨੂੰ ਹਾਜ਼ਰ ਕਰ ਕੇ ਲਿਖਣਾ ਏ ਨਾਮ ਤੇ ਨਾਮ ਦੀ ਸਿਫਤ ਸਲਾਹ ਲਿਖਣੀ ਏ। ਸਿਫਤ ਨਿਰੀ ਰੂਪ ਦੀ ਵਡਿਆਈ ਨਹੀਂ ਏ, ਗੁਣਾਂ ਦੀ ਵਡਿਆਈ ਏ। ਕੁਦਰਤ ਦੀ ਸਿਫਤ ਅੰਦਰ, ਕੁਦਰਤ ਦੀ ਕੁੱਲ ਸਿਰਜਣਾ ਹਾਜ਼ਰ ਹੈ। ਸਿਰਜਣਾ ਦੀ ਸਿਫਤ ਜੇ ਨਿਰੀ ਇਕੱਲੀ ਹੋਂਦੀ ਦੀ ਹੈ, ਤਾਂ ਉਹ ਸਿਫਤ ਨਹੀਂ। ਸਿਫਤ ਤਾਹੀਓਂ ਸਿਫਤ ਹੈ ਜੇ ਉਹ ਹੋਂਦ ਦੇ ਤੱਤ ਸੱਤ ਦੀ ਸਿਆਣ ਨਾਲ ਹੋਵੇ। ਸਿਫਤ ਸਾਲਾਹ ਤੋਂ ਵੱਖ ਤਾਂ ਕੁੱਝ ਵੀ ਲਿਖਣ ਦੀ ਲੋੜ ਨਹੀਂ ਹੈ, ਨਾ ਅੰਤ ਲਿਖਣ ਦੀ ਲੋੜ ਹੈ ਨਾ ਪਾਰ ਉਰਾਰ। "ਅੰਤੁ" ਦੇ ਇੱਕ ਹੋਰ ਅਰਥ ਜੋ ਨਜਮ ਹੁਸੈਨ ਨੇ ਸੰਗਤ ਨੂੰ ਦੱਸੇ ਉਹ "ਏਜੰਡਾ" ਦੇ ਨੇਂ। ਅੰਤੁ ਏਜੰਡਾ ਏ, ਟੀਚਾ, ਪਲਾਣ ਕੋਈ ਕੰਮ ਕਰਨ ਦਾ ਮਨਸੂਬਾ। ਪਾਰ ਉਰਾਰ ਤੇ ਅੰਤ ਲਿਖਣ ਦੀ ਲੋੜ ਨਹੀਂ। ਸਿਰਫ਼ ਨਾਮ ਲਿਖਣਾ ਏ ਤੇ ਅੰਤ ਯਾ ਪਾਰ ਉਰਾਰ ਨਹੀਂ ਲਿਖਣਾ। ਅੰਤ ਤੇ ਪਾਰ ਉਰਾਰ ਕੀ ਹੈ? ਇਹ ਹੈ ਵੀ ਯਾ ਇਹ ਵੀ ਭਰਮ ਹੈ ਕੋਈ ਪਾਰ ਉਰਾਰ ਦਾ, ਮੋਹ ਵਿਹਾਰ ਦਾ ਪਾਇਆ। ਅੰਤ ਤੇ ਪਾਰ ਉਰਾਰ ਦੇ ਲੇਖੇ ਲਖੀਂਦੇ ਆਏ ਨੇਂ ਮੁੱਢਲਾਂ ਤੋਂ। ਹਰ ਅੰਤ ਮੁੱਢ ਹੈ ਕਿਸੇ ਨਵੀਂ ਹੋਂਦ ਦਾ, ਪਾਣੀ, ਮਿੱਟੀ, ਵਾਅ, ਅੱਗ ਨੂੰ ਵੇਖੋ ਨਿੱਤ ਨਵੇਂ ਰੂਪ ਪਏ ਵਟੀਂਦੇ ਨੇਂ। ਇਨ੍ਹਾਂ ਦੇ ਸੰਗ ਨਾਲ ਬਣੀ ਹੋਂਦ ਦਾ ਅੰਤ ਨਹੀਂ ਏ, ਬੱਸ ਰੂਪ ਵੱਟਦਾ ਹੈ। ਨਿੱਕਾ ਜਿਹਾ ਪੱਤਰ ਜੀਵਨ ਹੰਢਾ ਕੇ, ਵੰਨੋ ਵੰਨ ਰੰਗ ਵੱਟਾ ਕੇ, ਮਿੱਟੀ ਅੰਦਰ ਸਮਾ ਕੇ, ਰੁੱਖ ਦੀਆਂ ਜੜ੍ਹਾਂ ਨੂੰ ਸੱਤਿਆ ਦਿੰਦਾ ਨਵਾਂ ਪੱਤਰ ਬਣ ਖਿੜਦਾ ਹੈ। ਇਨਸਾਨੀ ਜੀਵਨ ਦੀ ਕਰਨੀ ਇੰਵ ਈ ਏ ਏਸ ਵਿਹਾਰ ਅੰਦਰ ਜਿਵੇਂ ਇੱਕ ਪੱਤਰ ਦੀ, ਇੱਕ ਬੀ ਦੀ, ਇੱਕ ਰੁੱਖ ਦੀ ਹਯਾਤੀ ਏ। ਐਵੇਂ ਈ ਪਾਰ ਉਰਾਰ ਹੈ ਪਾਣੀ ਦੇ ਉਰਲੇ ਕੰਢੇ ਵਾਲੇ ਲਈ, ਪਾਰ ਪਰਲਾ ਕੰਢਾ ਹੈ ਤੇ ਪਰਲੇ ਕੰਢੇ ਵਾਲੇ ਲਈ ਉਰਾਰ ਵਾਲਾ ਕੰਢਾ ਪਾਰ ਹੈ। ਪਾਰਉਰਾਰ ਦੀ ਵੰਡ, ਵੇਖਣ ਵਾਲੀ ਅੱਖ ਤੇ ਸੋਚਣ ਹਾਰ ਚਿੱਤ-ਚੇਤੇ ਦੀ ਹੈ। ਨੇੜ ਉਰਾਰ ਹੈ ਤੇ ਦੂਰ ਪਾਰ। ਜੀਵਨ ਸਾਂਝ ਸੰਗ, ਜੀਆਂ ਅੰਦਰ ਨੇੜ ਹੈ, ਪਿਆਰ ਹੈ ਤਾਂ ਸਭ ਉਰਾਰ ਹੈ। ਜਦੋਂ ਮਨ ਅੰਦਰ ਦੂਈ ਬਣਦੀ ਏ ਤਾਂ ਸਭ ਦੂਰ ਦਿਸਦਾ ਏ। ਰਾਂਝੇ ਨੂੰ ਹੀਰ ਪਾਰਲੇ ਕੰਢੇ ਈ ਲੱਭੀ। ਰਾਂਝਾ ਵੀ ਇਸੇ ਇਕਾਈ ਨੂੰ ਲੱਭਣ ਟੁਰਿਆ ਸੀ ਤੇ ਹੀਰ ਤੱਤ ਸੱਤ ਦਾ ਨਿਸ਼ਾਨ ਬਣੀ ਰਾਂਝੇ ਲਈ ਕੁੱਲ ਇਕਾਈ ਦਾ। ਰਾਂਝੇ ਦੀ ਕਰਨੀ, ਰਾਂਝੇ ਦੀ ਲਿਖਤ ਐ ਜੋ ਅੱਜ ਵੀ ਪੜ੍ਹਨੇ ਹਾਂ ਅਸੀਂ। ਪਾਰਉਰਾਰ ਤੇ ਅੰਤ, ਨਾਮ ਦਾ ਵੀ ਨਹੀਂ ਏ, ਪਾਰ ਉਰਾਰ ਤੇ ਅੰਤ ਕੁੱਲ ਕੁਦਰਤ ਦਾ ਵੀ ਨਹੀਂ ਏ। ਲਿਖਣ ਨਿਰਾ ਲਿਖਣ ਨਹੀਂ ਏ, ਕਰਨ ਏ। ਕਰਨੀ ਹੀ ਲਿਖਤ ਏ ਸੱਚੀ ਤੇ ਸੁੱਚੀ। ਵੇਖਣ ਵੀ ਲਿਖਣ ਏ, ਪੜ੍ਹਨ ਵੀ ਲਿਖਣ ਏ, ਸੁਣਨ ਵੀ ਲਿਖਣ ਏ, ਬੋਲਣ ਵੀ ਲਿਖਣ ਏ। ਪਹਿਲਾ ਅੰਤਰਾ ਕਰਨੀ ਦੀ ਦੱਸ ਪਾਉਂਦਾ ਹੈ। ਇਹ ਕਾਰ ਕਿਵੇਂ ਸਰਣੀ ਹੈ। ਕਿਵੇਂ ਇਹ ਲੇਖਾ ਲਿਖੀਂਵਣਾ ਹੈ। ਹੁਣ ਰਹਾਉ ਵੇਖੀਏ:

ਬਾਬਾ ਏਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥

"ਬਾਬਾ" ਬੁਲਾਰਾ ਏ ਪਿਆਰ ਦਾ। ਗੱਲ ਓਹੀ ਸੁਣੀ ਜਾਂਦੀ ਏ ਜੋ ਪਿਆਰ ਨਾਲ ਕੀਤੀ ਜਾਏ। "ਲੇਖਾ" ਤਾਂ ਹੋਇਆ ਲਕੀਰ, ਲਿਖਤ, ਦਸਤਖਤ, ਜ਼ਰਬ, ਫੈਸ਼ਨ, ਢੰਗ, ਰੋਜ਼ ਦੇ ਹਿਸਾਬ ਦੀ ਕਿਤਾਬ, ਵਹੀ ਖਾਤਾ। "ਜਾਣੁ" ਹੈ ਸਾਹ, ਜੀਵਨ, ਰੂਹ, ਦਿਮਾਗ, ਹੋਂਦ, ਸੱਤਿਆ, ਸਭ ਤੋਂ ਵਧੀਆ ਹਿੱਸਾ, ਤੱਤ ਸੱਤ ਜੋ ਸੋਹਣ ਵਧਾਏ, ਸੱਜਣ, ਪਿਆਰਾ, ਮਹਿਬੂਬ। ਆਪਣੇ ਸਾਹ, ਆਪਣਾ ਜੀਵਨ, ਆਪਣੀ ਰੂਹ ਲਿਖ। "ਲਿਖਿ ਜਾਣੁ" ਕੱਠਾ ਵੀ ਪੜ੍ਹ ਸਕਣੇ ਹਾਂ ਕਿ ਲਿਖਣਾ ਸਿੱਖ, ਲਿਖਣਾ ਜਾਣ, ਲੇਖਾ ਲਿਖਣਾ ਸਿੱਖ। "ਬਾਬਾ" ਪਿਆਰ ਤੇ ਆਦਰ ਨਾਲ ਬਲਾਵਣ ਦਾ ਢੰਗ ਹੈ। ਸ਼ਬਦ ਗੱਲ ਕਰੇਂਦਾ ਹੈ ਪਿਆ ਆਦਰ ਨਾਲ ਜੋ ਆਪਣੇ ਸਾਹਵਾਂ ਦਾ ਵਹੀ ਖਾਤਾ ਲਿਖੋ। "ਜਾਣੁ" ਜਾਨਣ ਏ, ਪਛਾਣ ਕਰਨ। ਜੋ ਵੀ ਲਿਖਣਾ ਏ ਮੋਹ ਨੂੰ ਸਾੜ ਕੇ ਬਣੀ ਸਿਆਹੀ ਨਾਲ, ਪਿਆਰ ਦੀ ਕਲਮ ਨਾਲ, ਮੱਤ ਦੇ ਕਾਗ਼ਜ਼ ਉਪਰ, ਉਸ ਦੀ ਪਛਾਣ ਪੂਰੀ ਹੋਣੀ ਜ਼ਰੂਰੀ ਏ। ਲੇਖਾ ਅਜਿਹਾ ਲਿਖੋ ਜੋ ਹਰ ਪਲ ਹਰ ਦਮ ਹਾਜ਼ਰ ਹੋਵੇ। ਜਿੱਥੇ ਕੋਈ ਲੇਖਾ ਮੰਗੇ ਓਥੇ ਈ ਆਪਣੀ ਸੱਤ ਸੱਤਿਆ ਦਾਨ ਥੀਵੇ। ਲੇਖਾ ਕਰਨੀ ਏ ਸਾਡੀ ਜੋ ਹਸਤੀ ਦੀ ਸਾਂਝ, ਕੁੱਲ ਕੁਦਰਤ ਨਾਲ ਬਣਾਉਂਦੀ ਏ। ਲੇਖਾ ਹੁਣ ਹਾਜ਼ਰ ਵੇਲੇ ਵਿਚ ਨਿਰਾ ਵਹੀ ਖਾਤਾ ਰਹਿ ਗਿਆ ਹੈ, ਧਨ ਦੌਲਤ ਦਾ ਹਿਸਾਬ ਕਿਤਾਬ। ਕਿਤਨਾ ਮਾਲ ਆਇਆ, ਕਿਤਨਾ ਵਿਕਿਆ, ਕੀ ਲਾਹਾ ਜੁੜਿਆ ਏਸ ਦਾ ਹਿਸਾਬ ਕਿਤਾਬ ਹੈ, ਵਹੀ ਖਾਤੇ ਅੰਦਰ। ਗੁਰੂ ਨਾਨਕ ਨੇ ਜੀਵਨ ਦਾ ਵਹੀ ਖਾਤਾ ਮੂਹਰੇ ਧਰਿਆ ਹੈ ਸੰਗਤ ਸੰਗੀਆਂ ਦੇ। ਧਨ ਦਾ ਲੇਖਾ ਤਾਂ ਕਰੇਂਦੇ ਓ ਪਏ ਆਨੇ ਦਿਵਾਨੀ ਦਾ ਵੀ, ਏਸ ਜਿਉਂਦੀ ਹੋਂਦ ਅੰਦਰ ਜੋ ਬੇਅੰਤਾ ਧਨ ਧਰਿਆ ਹੈ ਕੁਦਰਤ ਨੇ, ਉਸ ਦਾ ਲੇਖਾ ਕਿੱਥੇ ਹੈ? ਆਪਣੀ ਕਰਨੀ ਨੂੰ ਸਾਵਧਾਨ ਹੋ ਕੇ ਪਰਖੋ, ਜਾਚੋ ਤੇ ਅਜਿਹਾ ਲੇਖਾ ਲਿਖੋ ਜੋ ਤੁਹਾਡਾ ਨਿਸ਼ਾਨ ਬਣੇ, ਤੁਹਾਡੀ ਪਛਾਣ ਬਣੇ, ਤੁਹਾਡਾ ਇਲਮ ਬਣੇ। ਰਾਸਵਾਲ ਵਿਹਾਰ ਦੇ ਉਲਟ ਲੇਖਾ ਕਰਨਾ ਸਿਖਾਉਂਦਾ ਏ ਸ਼ਬਦ।


## Punjab Sports Club, Chicago

'ਪੰਜਾਬ ਟਾਈਮਜ਼', ਜੋ ਪਿਛਲੇ 25 ਵਰ੍ਹਿਆਂ ਤੋਂ ਪੰਜਾਬੀ ਭਾਈਚਾਰੇ ਅਤੇ ਮਾਂ ਬੋਲੀ ਦੀ ਸੇਵਾ ਕਰ ਰਿਹਾ ਹੈ, ਦੇ ਸਮੂਹ ਪਾਠਕਾਂ ਨੂੰ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਵਲੋਂ 25ਵੀਂ ਵਰ੍ਹੇਗੰਢ ਦੀਆਂ ਬਹੁਤ-ਬਹੁਤ ਮੁਬਾਰਕਾਂ। ਸਾਡਾ ਕਲੱਬ ਪੰਜਾਬ ਟਾਈਮਜ਼ ਨੂੰ ਹਮੇਸ਼ਾ ਸਹਿਯੋਗ ਦਿੰਦਾ ਰਹੇਗਾ।


ਕਲੱਬ ਮੈਂਬਰ


ਸੰਤੋਖ ਸਿੰਘ ਘੁੰਮਣ


ਨਰਿੰਦਰ ਸਿੰਘ ਸਰਾਂ


ਲਖਵੀਰ ਸਿੰਘ ਸਹੋਤਾ


ਅਜੈਬ ਸਿੰਘ ਲੱਖਣ


ਮੁਖਤਿਆਰ ਸਿੰਘ (ਹੈਪੀ ਹੀਰ)


ਡਾ. ਹਰਜਿੰਦਰ ਸਿੰਘ ਖਹਿਰਾ


ਜਸਕਰਨ ਸਿੰਘ ਧਾਲੀਵਾਲ


ਰਜਿੰਦਰ ਦਿਆਲ


ਹਰਵਿੰਦਰ ਸਿੰਘ ਬਿੱਲਾ


ਹਰਦੀਪ ਗਿੱਲ


ਪਰਮਿੰਦਰ ਸੈਂਬੀ


ਜਸਪਾਲ ਮਿੱਢਾ

# ਚੀਨ ਦਾ ਡੋਲ ਰਿਹਾ ਅਰਥਚਾਰਾ ਅਤੇ ਭਾਰਤ

***ਚੀਨ ਤੋਂ ਸਬਕ ਲੈਂਦਿਆਂ 4 ਜੂਨ ਤੋਂ ਬਾਅਦ ਬਣਨ ਵਾਲੀ ਭਾਰਤ ਸਰਕਾਰ ਨੂੰ ਨੀਤੀਘਾੜਿਆਂ ਨਾਲ ਸਲਾਹ ਕਰ ਛੋਟੀ ਅਤੇ ਲੰਮੀ ਮਿਆਦ ਵਾਲੀ ਪੂੰਜੀ ਨਿਵੇਸ਼ ਰਣਨੀਤੀ ਤਿਆਰ ਕਰਨ ਦੀ ਜ਼ਰੂਰਤ ਹੈ ਤਾਂ ਜੋ ਲੋਕਾਂ ਨੂੰ ਵੱਡੇ ਪੱਧਰ 'ਤੇ ਸਹੀ ਨੌਕਰੀਆਂ ਮੁਹੱਈਆ ਕਰ ਕੇ ਮੰਗ ਨੂੰ ਸੁਰਜੀਤ ਕੀਤਾ ਜਾ ਸਕੇ ਜਿਸ ਨਾਲ ਨਿੱਜੀ ਨਿਵੇਸ਼ ਨੂੰ ਵੀ ਹੁਲਾਰਾ ਮਿਲੇ ਅਤੇ ਸਹੀ ਅਰਥਾਂ 'ਚ ਭਾਰਤ ਦਾ ਵਿਕਾਸ ਹੋ ਸਕੇ।***


ਕੁਝ ਮਹੀਨਿਆਂ ਦੌਰਾਨ ਚੀਨ ਤੋਂ ਆਉਣ ਵਾਲੀਆਂ ਆਰਥਿਕ ਖ਼ਬਰਾਂ ਉੱਥੋਂ ਦੇ ਅਰਥਚਾਰੇ ਦੇ ਨਿਘਾਰ ਵਾਲੇ ਰੁਝਾਨ ਦੱਸ ਰਹੀਆਂ ਹਨ। ਚੀਨ ਵਿਚ ਲਗਾਤਾਰ ਕੀਮਤਾਂ ਡਿੱਗਣਾ, ਬਰਾਮਦਾਂ ਤੇ ਦਰਾਮਦਾਂ ਵਿਚ ਗਿਰਾਵਟ, ਵਧਦੀ ਬੇਰੁਜ਼ਗਾਰੀ, ਜ਼ਮੀਨ-ਜਾਇਦਾਦ (ਰੀਅਲ ਅਸਟੇਟ) ਵਿਚ ਸੰਕਟ ਦਾ ਡੂੰਘਾ ਹੋਣਾ ਆਦਿ ਕੁਝ ਅਜਿਹੀਆਂ ਖ਼ਬਰਾਂ ਹਨ ਜੋ ਕੌਮਾਂਤਰੀ ਅਤੇ ਘਰੇਲੂ ਅਖਬਾਰਾਂ ਤੇ ਮੀਡੀਆ ਵਿਚ ਪ੍ਰਮੁੱਖਤਾ ਨਾਲ ਨਸ਼ਰ ਹੋ ਰਹੀਆਂ ਹਨ। ਪ੍ਰਮੁੱਖ ਕੌਮਾਂਤਰੀ ਬੈਂਕਾਂ ਤੇ ਸੰਸਥਾਵਾਂ ਦੇ ਮਾਹਿਰ ਤਾਂ ਇਹ ਵੀ ਮੰਨ ਰਹੇ ਹਨ ਕਿ ਚੀਨ ਦੀ ਵਿਕਾਸ ਦਰ ਇਸ ਸਾਲ ਦੌਰਾਨ 5% ਤੋਂ ਹੇਠਾਂ ਹੀ ਰਹੇਗੀ। ਇੱਥੋਂ ਤਕ ਵੀ ਅਨੁਮਾਨ ਹੈ ਕਿ ਸੰਪਤੀ ਸੰਕਟ, ਕਮਜ਼ੋਰ ਖ਼ਪਤ ਅਤੇ ਤੇਜ਼ੀ ਨਾਲ ਬੁਢਾਪੇ ਵੱਲ ਵਧਦੀ ਆਬਾਦੀ ਦੀਆਂ ਚੁਣੌਤੀਆਂ ਕਾਰਨ 2025 ਅਤੇ 2026 ਵਿਚ ਵਿਕਾਸ ਦਰ 4.4%

**ਰਾਜੀਵ ਖੋਸਲਾ**
**ਫੋਨ: +91-79860-36776**

ਅਤੇ 4.2% ਹੀ ਰਹੇਗੀ। ਸੰਸਾਰ ਦੀ ਜੀ.ਡੀ.ਪੀ. ਵਿਚ ਚੀਨ ਦਾ ਹਿੱਸਾ ਜੋ 2021 ਵਿਚ 18.3% ਸੀ, 2023 ਵਿਚ ਘਟ ਕੇ 16.9% ਹੋ ਚੁੱਕਾ ਹੈ। ਯਕੀਨ ਨਹੀਂ ਹੁੰਦਾ, ਇਹ ਉਹੀ ਚੀਨ ਹੈ ਜੋ ਸਾਲ 1978 ਤੋਂ ਆਪਣੇ ਅਰਥਚਾਰੇ ਵਿਚ ਸੁਧਾਰ ਕਰ ਕੇ 2018 ਤੱਕ ਔਸਤਨ 9.5% ਦੀ ਵਾਧਾ ਦਰ ਦੇ ਨਾਲ ਸੰਸਾਰ ਦਾ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਅਰਥਚਾਰਾ ਰਿਹਾ ਹੈ।

ਚੀਨ ਦਾ ਵਿਕਾਸ ਮਾਡਲ: ਚੀਨ ਦੇ ਇਤਿਹਾਸ 'ਤੇ ਝਾਤੀ ਮਾਰੀਏ ਹਾਂ ਤਾਂ ਪਤਾ ਲੱਗਦਾ ਹੈ ਕਿ 1949 (ਚੀਨ ਦੀ ਜਪਾਨ ਤੋਂ ਆਜ਼ਾਦੀ) ਤੋਂ 1976 ਤਕ ਮਾਓ ਜ਼ੇ-ਤੁੰਗ ਦੇ ਰਾਜ ਅਧੀਨ ਚੀਨ ਦਾ ਅਰਥਚਾਰਾ ਪੂਰੀ ਤਰ੍ਹਾਂ ਸਰਕਾਰ ਦੇ ਕੰਟਰੋਲ ਵਿਚ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਮਾਓ ਦੇ ਵਿਕਾਸ ਮਾਡਲ ਨੇ ਚੀਨ ਨੂੰ ਪੇਂਡੂ ਅਤੇ ਗਰੀਬ ਅਰਥਚਾਰੇ ਤੱਕ ਸੀਮਤ ਰੱਖਿਆ। 1978 ਦੌਰਾਨ ਜਦੋਂ ਚੀਨ ਦੇ ਕੁਝ ਅਹਿਮ ਖੇਤਰ ਨਿਵੇਸ਼ ਦੀ ਘਾਟ ਦਾ ਸਾਹਮਣਾ ਕਰ ਰਹੇ ਸਨ ਤਾਂ ਡੈਂਗ ਜ਼ਿਆਓਪਿੰਗ ਨੇ ਮੁਲਕ ਦੇ ਅਰਥਚਾਰੇ ਨੂੰ ਬਾਜ਼ਾਰ ਆਧਾਰਿਤ ਸੁਧਾਰਾਂ ਲਈ ਖੋਲ੍ਹਿਆ। ਡੈਂਗ ਦੀ ਰਣਨੀਤੀ ਵੱਡੇ ਤੌਰ 'ਤੇ ਪੇਂਡੂ ਉਦਯੋਗਾਂ ਅਤੇ ਨਿੱਜੀ ਕਾਰੋਬਾਰਾਂ ਦੇ ਨਾਲ-ਨਾਲ ਵਿਦੇਸ਼ੀ ਵਪਾਰ ਅਤੇ ਨਿਵੇਸ਼ ਨੂੰ ਉਦਾਰ ਬਣਾਉਣ 'ਤੇ ਕੇਂਦਰਿਤ ਸੀ। 1978 ਤੋਂ ਬਾਅਦ ਚੀਨ ਨੇ ਆਪਣਾ ਵਿਕਾਸ ਵੱਡੇ ਤੌਰ 'ਤੇ ਨਿਵੇਸ਼ ਅਤੇ ਬਰਾਮਦ ਮੁਖੀ ਨਿਰਮਾਣ 'ਤੇ ਆਧਾਰਿਤ ਕੀਤਾ। ਘੱਟ ਕਿਰਤ ਲਾਗਤਾਂ, ਘੱਟ ਟੈਕਸ, ਮਜ਼ਬੂਤ ਵਪਾਰਕ ਢਾਂਚਾ ਅਤੇ ਕਮਜ਼ੋਰ ਮੁਦਰਾ ਹੋਣ ਕਾਰਨ ਚੀਨ ਨੇ 'ਸੰਸਾਰ ਦੀ ਫੈਕਟਰੀ' ਦਾ ਤਗ਼ਮਾ ਹਾਸਲ ਕੀਤਾ।

1998 ਵਿਚ ਘਰੇਲੂ ਮੰਗ ਵਧਾਉਣ ਅਤੇ ਤੇਜ਼ ਆਰਥਿਕ ਵਿਕਾਸ ਜਾਰੀ ਰੱਖਣ ਲਈ ਚੀਨ ਸਰਕਾਰ ਨੇ ਆਵਾਸ (ਹਾਊਸਿੰਗ) ਸੁਧਾਰ ਪੇਸ਼ ਕੀਤੇ ਜਿਸ ਤਹਿਤ ਸੂਬਾ ਸਰਕਾਰਾਂ ਅਤੇ ਨਗਰਪਾਲਿਕਾਵਾਂ ਨੂੰ ਪੁਰਾਣੀ ਆਵਾਸ ਵੰਡ ਯੋਜਨਾਵਾਂ ਛੱਡ ਕੇ ਮਕਾਨਾਂ ਦੀ ਵੰਡ ਬਾਜ਼ਾਰ ਆਧਾਰਿਤ ਕੀਮਤ 'ਤੇ ਦੇਣ ਦੇ ਨਿਰਦੇਸ਼ ਦਿੱਤੇ। ਇਹ ਨਿਰਦੇਸ਼ ਚੀਨ ਦੇ ਰੀਅਲ ਅਸਟੇਟ ਲਈ ਵਧਣ-ਫੁੱਲਣ ਦੇ ਮੌਕੇ ਲੈ ਕੇ ਆਏ। ਹੌਲੀ-ਹੌਲੀ ਚੀਨ ਵਿਚ ਬੈਂਕਾਂ, ਰੀਅਲ ਅਸਟੇਟ, ਸਥਾਨਕ ਤੇ ਸੂਬਾਈ ਸਰਕਾਰਾਂ ਅਤੇ ਜੀ.ਡੀ.ਪੀ. ਵਿਚਕਾਰ ਵਿਲੱਖਣ ਸਬੰਧ ਕਾਇਮ ਹੋ ਗਿਆ। ਬੈਂਕਾਂ ਨੇ ਰੀਅਲ ਅਸਟੇਟ ਨੂੰ ਲਗਾਤਾਰ ਕਰਜ਼ੇ ਮੁਹੱਈਆ ਕੀਤੇ ਜਿਸ ਨਾਲ ਰੀਅਲ ਅਸਟੇਟ ਨਾਲ ਜੁੜਦੇ 25 ਹੋਰ ਸਹਾਇਕ ਉਦਯੋਗਾਂ ਨੂੰ ਵੀ ਹੁਲਾਰਾ ਮਿਲਿਆ; ਇਸ ਨਾਲ ਨੌਕਰੀਆਂ ਦੇ ਨਾਲ-ਨਾਲ ਸਥਾਨਕ ਸਰਕਾਰਾਂ ਦੀ ਟੈਕਸ ਆਮਦਨ ਦਾ ਵੀ ਵਿਕਾਸ ਹੋਇਆ। ਕੁਲ ਮਿਲਾ ਕੇ ਚੀਨ ਦੀ ਆਰਥਿਕਤਾ ਵਿਚ ਵਾਧਾ ਹੋਇਆ। ਅੰਕੜੇ ਦੱਸਦੇ ਹਨ ਕਿ ਰੀਅਲ ਅਸਟੇਟ ਦਾ ਚੀਨ ਦੀ ਜੀ.ਡੀ.ਪੀ. ਵਿਚ ਹੁਣ ਲਗਭਗ 29% ਯੋਗਦਾਨ ਹੈ ਅਤੇ ਚੀਨ ਦੇ ਲੋਕਾਂ ਦੀ ਕੁਲ ਦੌਲਤ-ਜਾਇਦਾਦ ਦਾ ਲਗਭਗ 70% ਹਿੱਸਾ ਇਸ ਖੇਤਰ ਵਿਚ ਹੀ ਨਿਵੇਸ਼ ਹੋਇਆ ਹੈ।



ਚੀਨ ਦਾ ਡਿੱਗਦਾ ਅਰਥਚਾਰਾ: ਪਿਛਲੇ 40 ਸਾਲਾਂ ਵਿਚ ਦੁਨੀਆ ਦੇ ਨਕਸ਼ੇ 'ਤੇ ਭਾਵੇਂ ਚੀਨ 'ਸੰਸਾਰ ਦੀ ਫੈਕਟਰੀ' ਬਣ ਕੇ ਉੱਭਰਿਆ ਅਤੇ ਚੀਨ ਦੀ ਘਰੇਲੂ ਆਰਥਿਕਤਾ ਵੀ ਮਜ਼ਬੂਤ ਰਹੀ, ਫਿਰ ਵੀ ਇੱਕ ਗੱਲ ਪੱਥਰ 'ਤੇ ਲਕੀਰ ਬਣ ਕੇ ਨਿਕਲੀ ਕਿ ਚੀਨ ਦੀ ਉਤਪਾਦਕਤਾ ਨੂੰ ਖੰਭ ਘਰੇਲੂ ਖ਼ਪਤ ਦੀ ਬਜਾਇ ਨਿਵੇਸ਼ ਨੇ ਮੁੱਹਈਆ ਕਰਵਾਏ ਹਨ; ਭਾਵ, ਕਰਜ਼ੇ ਚੁੱਕ ਕੇ ਹੀ ਚੀਨ ਦੀ ਸਰਕਾਰ ਅਤੇ ਨਿੱਜੀ ਖੇਤਰ ਨੇ ਨਿਵੇਸ਼ ਕੀਤਾ। ਜਦੋਂ ਤਕ ਨਿਵੇਸ਼ ਲਾਭਕਾਰੀ ਸਨ, ਇਹ ਕਰਜ਼ੇ ਲੈ ਕੇ ਕੀਤੇ ਨਿਵੇਸ਼ ਚਿੰਤਾਜਨਕ ਨਹੀਂ ਸਨ ਪਰ 2017 ਤੋਂ ਬਾਅਦ ਕੌਮਾਂਤਰੀ ਆਰਥਿਕ ਦ੍ਰਿਸ਼ ਵਿਚ ਤਬਦੀਲੀ ਹੋਣ ਕਾਰਨ ਚੀਨ ਵਿਚ ਨਿਵੇਸ਼ ਦੀ ਗੈਰ-ਉਤਪਾਦਕਤਾ ਵਧਣੀ ਸ਼ੁਰੂ ਹੋਈ ਅਤੇ ਵਿਕਾਸ ਵਾਸਤੇ ਵੱਧ ਕਰਜ਼ੇ ਚੁੱਕਣ ਦੀ ਲੋੜ ਪੈ ਗਈ। ਇਉਂ ਕਰਜ਼ਾ ਚੀਨ ਦੀ ਜੀ.ਡੀ.ਪੀ. ਦੇ 300% ਤੱਕ ਪਹੁੰਚ ਗਿਆ। ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ 'ਅਮੀਰਕਾ ਫਸਟ' ਨਾਅਰੇ, ਬ੍ਰਿਟੇਨ ਦੇ ਯੂਰੋਪੀਅਨ ਯੂਨੀਅਨ ਤੋਂ ਬਾਹਰ ਨਿਕਲਣ ਅਤੇ ਅਮਰੀਕਾ ਦੇ ਚੀਨ ਵਪਾਰ ਯੁੱਧ ਨੇ ਦੁਨੀਆ ਭਰ ਵਿਚ ਸੰਸਾਰੀਕਰਨ ਦੀ ਲਹਿਰ ਨੂੰ ਖ਼ਤਰਾ ਪੈਦਾ ਕਰ ਦਿੱਤਾ ਜਿਸ ਦਾ ਨੁਕਸਾਨ 'ਸੰਸਾਰ ਦੀ ਫੈਕਟਰੀ' ਨੂੰ ਸਭ ਤੋਂ ਵੱਧ ਹੋਇਆ ਹੈ।

ਉੱਧਰ, ਘਰੇਲੂ ਪੱਧਰ 'ਤੇ ਵੀ ਚੀਨ ਦੀ 'ਇੱਕ ਬੱਚਾ ਨੀਤੀ' ਨੇ ਵੱਧ ਕਿਰਤ ਲਾਗਤਾਂ ਕਾਰਨ ਆਪਣੇ ਮਾੜੇ ਪ੍ਰਭਾਵ ਦਿਖਾਉਣੇ ਸ਼ੁਰੂ ਕਰ ਦਿੱਤੇ। ਕੋਰੋਨਾ ਕਾਲ ਦੌਰਾਨ ਚੀਨ ਦੀ ਸਰਕਾਰ ਦੀ ਜ਼ੀਰੋ-ਕੋਵਿਡ ਨੀਤੀ ਅਤੇ ਸਖ਼ਤ ਪਾਬੰਦੀਆਂ ਕਾਰਨ ਵੀ ਚੀਨ ਦਾ ਅਰਥਚਾਰਾ ਲੀਹਾਂ ਤੋਂ ਉਤਰ ਗਿਆ। ਇਉਂ ਬਾਹਰੀ ਤੇ ਅੰਦਰੂਨੀ ਕਾਰਕਾਂ ਦੇ ਪ੍ਰਭਾਵਾਂ ਹੇਠ ਅੰਨ੍ਹੇਵਾਹ ਨਿਵੇਸ਼ ਆਧਾਰਿਤ ਵਿਕਾਸ ਨੇ ਹੁਣ ਖ਼ਪਤ ਆਧਾਰਿਤ ਵਿਕਾਸ ਦੀ ਜ਼ਰੂਰਤ ਵਧਾਉਣੀ ਸ਼ੁਰੂ ਕਰ ਦਿੱਤੀ ਜਿਸ ਨੂੰ ਚੀਨੀ ਰਾਸ਼ਟਰਪਤੀ ਸ਼ੀ ਨੇ ਵੀ ਇਹ ਕਹਿੰਦੇ ਹੋਏ ਸਵੀਕਾਰ ਕੀਤਾ ਕਿ ਸਾਨੂੰ 'ਅਸਲ' ਵਿਕਾਸ ਦੀ ਲੋੜ ਹੈ ਨਾ ਕਿ 'ਦਿਖਾਵੇ ਵਾਲੇ' ਵਿਕਾਸ ਦੀ; ਪਰ ਇਸ ਵੇਲੇ ਚੀਨ ਵਿਚ ਆਰਥਿਕ ਸਮੱਸਿਆਵਾਂ ਗੰਭੀਰ ਰੂਪ ਧਾਰਨ ਕਰ ਚੁੱਕੀਆਂ ਹਨ। ਘੱਟ ਵਿਕਾਸ ਦਰ ਅਤੇ ਘੱਟ ਮੰਗ ਕਾਰਨ ਚੀਨ ਦੀਆਂ ਵੱਡੀਆਂ ਕੰਪਨੀਆਂ ਅਤੇ ਉਦਯੋਗਾਂ ਨੇ ਕੰਮਕਾਜ ਮੁਅੱਤਲ ਕਰ ਕੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣਾ ਸ਼ੁਰੂ ਕਰ ਦਿੱਤਾ ਹੈ। ਇਸ ਕਾਰਨ ਨਵੇਂ ਮਕਾਨਾਂ ਦੀ ਵਿਕਰੀ ਵੀ ਘਟਣੀ ਸ਼ੁਰੂ ਹੋ ਗਈ ਹੈ। ਜਿਨ੍ਹਾਂ ਬੈਂਕਾਂ ਨੇ ਪ੍ਰਾਪਰਟੀ ਡਿਵੈਲਪਰਾਂ ਅਤੇ ਲੋਕਾਂ ਨੂੰ ਕਰਜ਼ੇ ਦਿੱਤੇ ਸਨ, ਉਨ੍ਹਾਂ ਨੂੰ ਹੁਣ ਕਰਜ਼ਿਆਂ ਦੀ ਵਸੂਲੀ ਨਾਲ ਸਬੰਧਿਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਖਮਿਆਜ਼ਾ ਚੀਨ ਦੀਆਂ ਸਥਾਨਕ ਸੂਬਾਈ ਸਰਕਾਰਾਂ ਨੂੰ ਵੀ ਘੱਟ ਟੈਕਸ ਆਮਦਨ ਅਤੇ ਹੋਰ ਕਰਜ਼ ਲੈ ਕੇ ਆਰਥਿਕ ਕਿਰਿਆਵਾਂ ਨੂੰ ਜਾਰੀ ਰੱਖਣ ਦੇ ਤੌਰ 'ਤੇ ਭੁਗਤਣਾ ਪੈ ਰਿਹਾ ਹੈ। ਸਮੁੱਚੇ ਤੌਰ 'ਤੇ ਚੀਨ ਵਿਚ ਵਿਕਾਸ ਦਾ ਬੁਲਬੁਲਾ ਫੁੱਟ ਰਿਹਾ ਹੈ ਅਤੇ ਵਿਕਾਸ ਦਰ ਲਗਾਤਾਰ ਘਟ ਰਹੀ ਹੈ। ਇਹ ਦੁਨੀਆ ਦੀ ਕਿਸੇ ਵੀ ਅਰਥਚਾਰੇ, ਖ਼ਾਸ ਕਰ ਕੇ ਭਾਰਤ ਲਈ ਸਬਕ ਲੈਣ ਦਾ ਸਬਬ ਹੈ।

ਭਾਰਤ ਲਈ ਸਬਕ: ਭਾਰਤ ਦੀ ਮੌਜੂਦਾ ਕੇਂਦਰ ਸਰਕਾਰ ਨੇ ਵੀ ਪਿਛਲੇ 10 ਸਾਲਾਂ ਦੌਰਾਨ ਕਰਜ਼ੇ ਲੈਣ ਵਿਚ ਕੋਈ ਕਮੀ ਨਹੀਂ ਛੱਡੀ ਹੈ। ਕੇਂਦਰ ਸਰਕਾਰ ਦੇ ਮੰਤਰੀ ਅਤੇ ਨੁਮਾਇੰਦੇ ਇਹ ਗਿਣਵਾਉਂਦੇ ਨਹੀਂ ਥੱਕਦੇ ਕਿ ਭਾਰਤ ਵਿਚ ਸੜਕਾਂ, ਰੇਲ, ਬੰਦਰਗਾਹਾਂ, ਹਵਾਈ ਅੱਡਿਆਂ ਅਤੇ ਬਿਜਲੀ ਖੇਤਰ ਵਿਚ ਪਿਛਲੇ 10 ਵਰ੍ਹਿਆਂ ਵਿਚ ਬੇਮਿਸਾਲ ਵਾਧਾ ਹੋਇਆ ਹੈ। ਇਸ ਨਾਲ ਬੁਨਿਆਦੀ ਢਾਂਚਾ ਮਜ਼ਬੂਤ ਹੋਇਆ ਹੈ। ਅੱਜ ਭਾਰਤ ਦੀ ਜੀ.ਡੀ.ਪੀ. 3.5 ਲੱਖ ਕਰੋੜ ਡਾਲਰ ਨੂੰ ਪਾਰ ਕਰ ਗਈ ਹੈ ਅਤੇ ਭਾਰਤ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣ ਗਿਆ ਹੈ ਪਰ ਸਿੱਕੇ ਦੇ ਪੁੱਠੇ ਪਾਸੇ ਵਾਂਗ ਇਹ ਵੀ ਸੱਚ ਹੈ ਕਿ ਅੱਜ ਮੁਲਕ ਵਿਚ ਬੇਤਹਾਸ਼ਾ ਬੇਰੁਜ਼ਗਾਰੀ ਹੈ, ਲੋਕਾਂ ਦੀ ਪੈਸੇ ਬਚਾਉਣ ਦੀ ਸਮਰੱਥਾ ਵਿਚ ਕਮੀ ਆਈ ਹੈ, ਬਹੁਤ ਸਾਰੀ ਜਨਤਾ ਕਰਜ਼ਾ ਲੈ ਕੇ ਖ਼ਰਚ ਕਰਨ ਲਈ ਮਜਬੂਰ ਹੈ, ਪਿੰਡਾਂ ਵਿਚ ਆਮਦਨ ਦਾ ਸੰਕਟ ਡੂੰਘਾ ਹੋ ਰਿਹਾ ਹੈ ਅਤੇ ਸਰਕਾਰ 81.5 ਕਰੋੜ ਲੋਕਾਂ ਨੂੰ ਕਿਸੇ ਤਰੀਕੇ ਨਾਲ 5 ਕਿੱਲੋ ਅਨਾਜ ਮੁਹੱਈਆ ਕਰਵਾ ਤੇ ਮਗਨਰੇਗਾ ਵਿਚ ਵਾਧੂ ਵੰਡ ਮੁਹੱਈਆ ਕਰ ਕੇ ਜਨਤਕ ਪ੍ਰਦਰਸ਼ਨ ਟਾਲ ਰਹੀ ਹੈ।

ਚੀਨ ਦੇ ਮਾਡਲ ਦੇ ਉਲਟ ਭਾਰਤ ਸਰਕਾਰ ਤਾਂ ਨਾ ਹੀ ਨਿਵੇਸ਼ ਆਧਾਰਿਤ ਅਤੇ ਨਾ ਹੀ ਖਪਤ ਆਧਾਰਿਤ ਵਿਕਾਸ ਵੱਲ ਵਧ ਰਹੀ ਹੈ। ਭਾਰਤ ਸਰਕਾਰ ਤਾਂ ਇਨ੍ਹਾਂ ਦੋਹਾਂ ਬਦਲਾਂ ਵਿਚ ਘਿਰੀ ਹੋਈ ਜਾਪਦੀ ਹੈ। ਕਰਜ਼ੇ ਚੁੱਕ ਕੇ ਇੱਕ ਪਾਸੇ ਤਾਂ ਸਰਕਾਰ ਨਿੱਜੀ ਨਿਵੇਸ਼ ਨੂੰ ਮੁੜ ਸੁਰਜੀਤ ਕਰਨ ਲਈ ਕਾਰਪੋਰੇਟਾਂ ਨੂੰ ਟੈਕਸਾਂ ਵਿਚ ਰਾਹਤ, ਉਨ੍ਹਾਂ ਦੀ ਕਰਜ਼ਾ ਮੁਆਫ਼ੀ ਅਤੇ ਕਰਜ਼ੇ ਮੁਅੱਤਲ ਕਰਨ ਦੇ ਨਾਲ-ਨਾਲ ਆਪ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਲੋੜੀਂਦੇ ਨਿਵੇਸ਼ ਕਰ ਰਹੀ ਹੈ; ਦੂਜੇ ਪਾਸੇ ਆਮ ਜਨਤਾ, ਗਰੀਬ ਲੋਕਾਂ ਅਤੇ ਕਿਸਾਨਾਂ ਨੂੰ ਭਰਮਾਊ ਸਕੀਮਾਂ ਦੇ ਕੇ ਖਪਤ ਨੂੰ ਹੁੰਗਾਰਾ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਇਉਂ ਭਾਰਤੀ ਅਰਥਚਾਰਾ ਵੀ ਦੁਸ਼ਟ ਚੱਕਰ ਵਿਚ ਲਗਾਤਾਰ ਫਸ ਰਿਹਾ ਹੈ ਜਿੱਥੇ ਨਿੱਜੀ ਨਿਵੇਸ਼ ਆ ਨਹੀਂ ਰਿਹਾ ਕਿਉਂਕਿ ਲੋਕਾਂ ਦੀ ਖਪਤ ਘੱਟ ਹੈ ਜੋ ਘੱਟ ਰੁਜ਼ਗਾਰ ਅਤੇ ਘੱਟ ਆਮਦਨ ਦਾ ਨਤੀਜਾ ਹੈ। ਸਰਕਾਰ ਕਰਜ਼ੇ ਚੁੱਕ ਕੇ ਪ੍ਰਚਲਿਤ ਨਕਾਰਾਤਮਕ ਭਾਵਨਾ ਦੂਰ ਕਰ ਕੇ ਨਿਵੇਸ਼ ਅਤੇ ਮੰਗ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜਦੋਂ ਤੱਕ ਮੰਗ ਮੁੜ ਸੁਰਜੀਤ ਨਹੀਂ ਹੁੰਦੀ; ਸੜਕਾਂ, ਰੇਲ, ਬੰਦਰਗਾਹਾਂ, ਹਵਾਈ ਅੱਡਿਆਂ ਅਤੇ ਬਿਜਲੀ ਖੇਤਰ ਉੱਤੇ ਹੋਇਆ ਨਿਵੇਸ਼ ਵੀ ਵਿਅਰਥ ਹੀ ਹੋਵੇਗਾ ਕਿਉਂਕਿ ਇਨ੍ਹਾਂ ਦੀ ਵਰਤੋਂ ਖ਼ਾਸ ਅਮੀਰ ਵਰਗ ਹੀ ਕਰ ਸਕੇਗਾ।

ਸੋ, ਚੀਨ ਤੋਂ ਸਬਕ ਲੈਂਦਿਆਂ 4 ਜੂਨ ਤੋਂ ਬਾਅਦ ਬਣਨ ਵਾਲੀ ਭਾਰਤ ਸਰਕਾਰ ਨੂੰ ਨੀਤੀਘਾੜਿਆਂ ਨਾਲ ਸਲਾਹ ਕਰ ਛੋਟੀ ਅਤੇ ਲੰਮੀ ਮਿਆਦ ਵਾਲੀ ਪੂੰਜੀ ਨਿਵੇਸ਼ ਰਣਨੀਤੀ ਤਿਆਰ ਕਰਨ ਦੀ ਜ਼ਰੂਰਤ ਹੈ ਤਾਂ ਜੋ ਲੋਕਾਂ ਨੂੰ ਵੱਡੇ ਪੱਧਰ 'ਤੇ ਸਹੀ ਨੌਕਰੀਆਂ ਮੁਹੱਈਆ ਕਰ ਕੇ ਮੰਗ ਨੂੰ ਸੁਰਜੀਤ ਕੀਤਾ ਜਾ ਸਕੇ ਜਿਸ ਨਾਲ ਨਿੱਜੀ ਨਿਵੇਸ਼ ਨੂੰ ਵੀ ਹੁਲਾਰਾ ਮਿਲੇ ਅਤੇ ਸਹੀ ਅਰਥਾਂ 'ਚ ਭਾਰਤ ਦਾ ਵਿਕਾਸ ਹੋ ਸਕੇ। ਸਮੇਂ ਦੀ ਨਜ਼ਾਕਤ ਨੂੰ ਧਿਆਨ 'ਚ ਰੱਖਦੇ ਹੋਏ ਨਿਵੇਸ਼ ਅਤੇ ਖਪਤ ਆਧਾਰਿਤ ਵਿਕਾਸ, ਦੋਹਾਂ ਨੂੰ ਸੰਤੁਲਿਤ ਕਰ ਕੇ ਅੱਗੇ ਵਧਣ ਦੀ ਲੋੜ ਹੈ।

# ਵੇੜਾਂ ਵੱਟਣ ਵਾਲੇ ਦਿਨ

ਅੱਸੀਵਿਆਂ ਦੇ ਅੱਧ ਵਿਚ ਖੇਤੀ ਮਸ਼ੀਨਰੀ ਪੰਜਾਬ ਵਿਚ ਆਮ ਹੋ ਗਈ ਸੀ। ਹਰੇ ਇਨਕਲਾਬ ਨਾਲ ਹਾੜ੍ਹੀ ਦੀਆਂ ਫ਼ਸਲਾਂ ਦੀ ਗਹਾਈ ਤੇ ਕਢਾਈ ਲਈ ਮਸ਼ੀਨ ਵੀ ਆਮ ਹੋ ਗਈ ਸੀ। ਇਉਂ ਕਿਸਾਨੀ ਨੂੰ ਵਿਸਾਖ ਦੇ ਤਪਦੇ ਮਹੀਨੇ ਵਿਚ ਗਹਾਈ ਦੇ ਰਵਾਇਤੀ ਕੰਮ ਤੋਂ ਛੁਟਕਾਰਾ ਮਿਲ ਗਿਆ। ਮੈਂ

**ਜਗਵਿੰਦਰ ਜੋਧਾ**
**ਫੋਨ: +91-94654-64502**

ਆਪਣੀ ਸੁਰਤ ਵਿਚ ਗਾਹ ਪੈਂਦੇ ਨਹੀਂ ਦੇਖੇ ਪਰ ਆਪਣੇ ਬਾਬੇ ਦੀ ਪੀੜ੍ਹੀ ਤੋਂ ਸੁਣਿਆ ਜ਼ਰੂਰ ਹੈ ਕਿ ਇਹ ਕਿੰਨਾ ਹੱਡ ਵੀਟਵਾਂ ਕੰਮ ਸੀ। ਧੁੱਪ ਤੇ ਧੂੜ ਵਿਚ ਸਰੀਰ ਦਾ ਲਹੂ ਮੁੜ੍ਹਕਾ ਬਣ ਕੇ ਚੋ ਜਾਂਦਾ ਸੀ। ਸੱਤਰਵਿਆਂ ਵਿਚ ਜਦੋਂ ਥਰੈਸ਼ਰ ਆਏ ਤਾਂ ਉਸ ਵੇਲੇ ਪਰਵਾਨ ਚੜ੍ਹ ਰਹੀ ਪੀੜ੍ਹੀ ਨੂੰ ਸੱਚੀਂ ਰਾਹਤ ਮਿਲੀ ਸੀ।

ਮੇਰੇ ਬਚਪਨ ਤਕ ਆਉਂਦਿਆਂ ਥਰੈਸ਼ਰ ਦਾ ਰੂਪ ਸੁਧਰ ਕੇ ਗੰਡਾਸਿਆਂ ਵਾਲੀਆਂ ਮਸ਼ੀਨਾਂ ਆ ਗਈਆਂ ਸਨ। ਰਵਾਇਤੀ ਥਰੈਸ਼ਰ ਮਸ਼ੀਨਾਂ ਟਰੈਕਟਰ ਜਾਂ ਇੰਜਣ 'ਤੇ ਪਟੇ ਨਾਲ ਚੱਲਦੀਆਂ ਸਨ ਪਰ ਹੜੰਬੇ ਸਿੱਧੇ ਧੁਰੀ ਨਾਲ ਚਲਦੇ ਤੇ ਗਹਾਈ ਦਾ ਕੰਮ ਬੜੀ ਤੇਜ਼ੀ ਨਾਲ ਕਰਦੇ। ਮਾਲਵੇ ਤੋਂ ਆਉਂਦੇ ਹੜੰਬੇ ਇੱਕੋ ਰਾਤ ਵਿਚ ਪੰਜ ਕੁ ਕਿੱਲਿਆਂ ਦੀ ਕਣਕ ਕੱਢ ਕੇ ਤੂੜੀ ਦੀ ਧੜੂ ਲਾ ਕੇ ਅਹੁ ਜਾਂਦੇ। ਇਸ ਨਾਲ ਮੇਰੀ ਪੀੜ੍ਹੀ ਨੂੰ ਹਾੜ੍ਹੀ ਚੁੱਕਣ ਦਾ ਕੰਮ ਆਪਣੇ ਬਜ਼ੁਰਗਾਂ ਦੇ ਮੁਕਾਬਲੇ ਸੁਖਾਲੇ ਰੂਪ ਵਿਚ ਹੀ ਮਿਲਿਆ।

ਕਣਕ ਦੀ ਵਾਢੀ ਦੀ ਤਿਆਰੀ ਵਿਸਾਖੀ ਤੋਂ ਹਫਤਾ ਦਸ ਦਿਨ ਪਹਿਲਾਂ ਹੀ ਹੋਣ ਲਗਦੀ। ਇਸ ਦਾ ਮੁਢਲਾ ਕੰਮ ਵੇੜਾਂ ਵੱਟਣ ਦਾ ਹੁੰਦਾ ਸੀ। ਵੇੜ ਜਾਂ ਬੇੜ ਤੋਂ ਕਣਕ ਦੀਆਂ ਭਰੀਆਂ ਬੰਨ੍ਹਣ ਤੋਂ ਲੈ ਕੇ ਕੁੱਪ ਜਾਂ ਮੂਸਲ ਬੰਨ੍ਹਣ ਤਕ ਆਰਜ਼ੀ ਰੱਸੀ ਦਾ ਕੰਮ ਲਿਆ ਜਾਂਦਾ ਸੀ। ਇਹ ਸ਼ਬਦ ਵੀ ਗੇੜ ਤੋਂ ਹੀ ਵਿਗੜ ਕੇ ਬਣਿਆ ਹੈ। ਮਹਾਨ ਕੋਸ਼ ਵਿਚ ਬੇੜ ਜਾਂ ਵੇੜ ਨੂੰ ਬੰਨ੍ਹਣ ਦੇ ਅਰਥਾਂ ਵਿਚ ਦਰਸਾਇਆ ਹੈ। ਵੇੜ ਦੀ ਸਮੱਗਰੀ ਵੀ ਕਿਸਾਨ ਦੀ ਮਾਲੀ ਹੈਸੀਅਤ ਅਨੁਸਾਰ ਹੁੰਦੀ ਸੀ। ਛੋਟੇ ਕਿਸਾਨ ਇਸ ਲਈ ਜੀਰੀ ਜਾਂ ਬਾਸਮਤੀ ਦੀ ਪਰਾਲੀ ਝਾੜ ਕੇ ਸਿਉਂਕ ਤੋਂ ਬਚਾਉਣ ਲਈ ਸਾਰਾ ਸਿਆਲ ਰੁੱਖਾਂ ਵਿਚ ਉੱਚੇ ਥਾਂ ਫਸਾ ਰੱਖਦੇ ਸਨ। ਤਕੜੇ ਕਿਸਾਨ ਮੁੰਜ ਵਗੜ ਦੀਆਂ ਵੇੜਾਂ ਵੱਟਦੇ। ਇਸ ਲਈ ਉਹ ਸ਼ਹਿਰ ਤੋਂ ਵਗੜ ਲਿਆਉਂਦੇ। ਵਗੜ ਪਹਾੜੀ ਇਲਾਕਿਆਂ ਤੋਂ ਆਉਂਦੀ ਮੋਟੀ ਕਾਈ ਸੀ। ਬਰੀਕ ਵਗੜ ਨਾਲ ਵਾਣ ਵੱਟਿਆ ਜਾਂਦਾ ਸੀ ਤੇ ਮੋਟੀ ਨਾਲ ਵੇੜਾਂ। ਲੋਕ ਪਹਾੜਾਂ ਵਿਚ ਤੀਰਥਾਂ ਲਈ ਜਾਂਦੇ ਤਾਂ ਵੇੜਾਂ ਵੱਟਣ ਲਈ ਵਗੜ ਵੀ ਲੈ ਆਉਂਦੇ। ਸ਼ਾਇਦ ਇਸ ਤੋਂ ਹੀ ਪੰਜਾਬੀ ਕਹਾਵਤ ਬਣੀ ਹੋਵੇ:

> ਨਾਲੇ ਦੇਵੀ ਦੇ ਦਰਸ਼ਨ,
> ਨਾਲੇ ਮੁੰਜ ਵਗੜ।

ਕੁਝ ਇਲਾਕਿਆਂ ਵਿਚ ਦਿੱਬ/ਡਿੱਬ ਨਾਲ ਵੇੜਾਂ ਵੱਟੀਆਂ ਜਾਂਦੀਆਂ। ਪਰਾਲੀ, ਵਗੜ ਜਾਂ ਦਿੱਬ ਨੂੰ ਵੇੜਾਂ ਵੱਟਣ ਤੋਂ ਪਹਿਲਾਂ ਪਾਣੀ ਦੇ ਚੁਬੱਚੇ ਵਿਚ ਭਿਉਂ ਦਿੰਦੇ ਸਨ। ਇਸ ਨਾਲ ਉਹ ਨਰਮ ਹੋ ਜਾਂਦੀ। ਫਿਰ ਦੋ ਬੰਦੇ ਵੇੜ ਵੱਟਣ ਦਾ ਕੰਮ ਕਰਦੇ। ਉਨ੍ਹਾਂ ਵਿਚ ਇਕ ਪਰਾਲੀ ਜਾਂ ਵਗੜ ਦਾ ਪੂਲਾ ਕੋਲ ਰੱਖ ਕੇ ਬਹਿ ਜਾਂਦਾ, ਉਹ ਸਿਆਣਾ ਤੇ ਤਜਰਬੇਕਾਰ ਹੁੰਦਾ ਸੀ। ਉਹਨੇ ਵੱਟੀ ਜਾ ਰਹੀ ਵੇੜ ਲੰਮੀ ਕਰਨ ਲਈ ਦੱਥਾ ਲਾਉਣਾ ਹੁੰਦਾ ਸੀ। ਵੇੜ ਨੂੰ ਸਫ਼ਾਈ ਤੇ ਮਜ਼ਬੂਤੀ ਦੇਣੀ ਉਹਦੀ ਵੀ ਜ਼ਿੰਮੇਵਾਰੀ ਸੀ। ਦੂਜਾ ਵੱਟ ਦੇਣ ਵਾਲਾ ਨਾਲੇ ਵੱਟ ਦੇਈ ਜਾਂਦਾ, ਨਾਲੇ ਪੈਰੋ-ਪੈਰ ਪਿਛਾਂਹ ਹਟਦਾ ਜਾਂਦਾ। ਵੱਟ ਦੇਣ ਲਈ ਘਿਰਨੀ ਜਾਂ ਵੱਟਣੀ ਲੁਹਾਰ ਕੋਲੋਂ ਬਣਾਈ ਜਾਂਦੀ। ਬਾਂਸ ਦੀਆਂ ਅੱਧਾ-ਅੱਧਾ ਫੁੱਟ ਦੀਆਂ ਦੋ ਪੋਰੀਆਂ ਵਿਚੋਂ ਇਕ ਸੀਖ ਨੂੰ ਕੱਢ ਕੇ ਇਕ ਪੋਰੀ ਉੱਪਰ ਤੇ ਇਕ ਹੇਠਾਂ ਐੱਸ ਅੱਖਰ ਦੀ ਸ਼ਕਲ ਵਿਚ ਪਾ ਦਿੱਤੀ ਜਾਂਦੀ। ਅਗਲੀ ਪੋਰੀ ਦੇ ਮੂਹਰੇ ਕੁੰਡੀ ਬਣੀ ਹੁੰਦੀ। ਅਗਲੀ ਪੋਰੀ ਨੂੰ ਸਥਿਰ ਹੱਥ ਵਿਚ ਫੜ ਕੇ ਵੱਟ ਦੇਣ ਵਾਲਾ ਪਿਛਲੀ ਪੋਰੀ ਨੂੰ ਘੁਮਾਉਂਦਾ ਤਾਂ ਕੁੰਡੀ ਘੁੰਮਦੀ। ਉਸ ਵਿਚ ਪਰਾਲੀ ਜਾਂ ਵਗੜ ਨੂੰ ਫਸਾ ਕੇ ਵੱਟ ਦਿੱਤਾ ਜਾਂਦਾ ਸੀ। ਵੱਟਣੀ ਤੋਂ ਪਹਿਲਾਂ ਡੇਢ-ਦੋ ਫੁੱਟ ਦੇ ਆਮ ਡੰਡੇ ਨਾਲ ਵੀ ਕੰਮ ਚਲਾਇਆ ਜਾਂਦਾ ਸੀ।

ਆਮ ਤੌਰ 'ਤੇ ਵੇੜ ਵੱਟਣ ਲਈ ਘੱਟ ਵਗਦੀਆਂ ਲਿੰਕ ਸੜਕਾਂ ਉੱਪਰ ਲੋਕ ਇਕੱਠੇ ਹੁੰਦੇ। ਲੰਮੀ ਹੁੰਦੀ ਜਾਂਦੀ ਵੇੜ ਨੂੰ ਹਿਲੋਰਾ ਦੇ ਕੇ ਸਿੱਧੀ ਕਰਨਾ ਵੱਟ ਦੇਣ ਵਾਲੇ ਦਾ ਕੰਮ ਸੀ। ਕਈ ਮੁੰਡੇ ਸ਼ਰਾਰਤ ਕਰ ਕੇ ਐਸਾ ਹਿਲੋਰਾ ਮਾਰਦੇ ਕਿ ਦੱਥਾ ਦੇਣ ਵਾਲੇ ਦੇ ਹੱਥੋਂ ਵੇੜ ਛੁੱਟ ਜਾਂਦੀ। ਫਿਰ ਗਾਹਲਾਂ ਵਰ੍ਹਦੀਆਂ। ਵੱਟ ਦੇਣ ਦਾ ਬੜਾ ਹਿਸਾਬ ਸੀ। ਪਹਿਲਾਂ ਪਹਿਲ ਘੱਟ ਵੱਟ ਦੇਣਾ ਹੁੰਦਾ, ਜਿਵੇਂ-ਜਿਵੇਂ ਵੇੜ ਲੰਮੀ ਹੁੰਦੀ ਜਾਂਦੀ, ਵੱਟ ਜ਼ੋਰ ਨਾਲ ਦੇਣਾ ਪੈਂਦਾ। ਬਾਹਾਂ ਵਿਚ ਖੱਲੀਆਂ ਪੈ ਜਾਂਦੀਆਂ ਤੇ ਰਾਤ ਨੂੰ ਬਾਹਾਂ ਦੁਖਦੀਆਂ ਪਰ ਸਾਲ ਬਾਅਦ ਆਉਣ ਕਰ ਕੇ ਇਹ ਕੰਮ ਬੜਾ ਰਸੀਲਾ ਲਗਦਾ ਸੀ।

ਮੇਰੀ ਉਮਰ ਦੇ ਮੁੰਡੇ ਸਕੂਲ ਦੇ ਨੀਰਸ ਅਨੁਸ਼ਾਸਨ ਤੋਂ ਅੱਕੇ ਬਜ਼ੁਰਗਾਂ ਦੀਆਂ ਰਸ ਭਿੱਜੀਆਂ ਗੱਲਾਂ ਸੁਣਨ ਲਈ ਇਹ ਦਿਨ ਉਡੀਕਦੇ ਜਦੋਂ ਉਨ੍ਹਾਂ ਨੂੰ ਵੇੜਾਂ ਵੱਟਣ ਲਈ ਛੁੱਟੀ ਕਰਵਾਈ ਜਾਵੇ। ਦੁਪਹਿਰ ਵੇਲੇ ਮਿੱਠਾ ਪਾਣੀ ਬਣਾਇਆ ਜਾਂਦਾ ਤੇ ਸਾਰਿਆਂ ਨੂੰ ਇਸ ਦਾਅਵਤ ਵਿਚ ਸ਼ਾਮਿਲ ਕੀਤਾ ਜਾਂਦਾ। ਹੋਰ ਤਾਂ ਹੋਰ ਜਵਾਕਾਂ ਨੂੰ ਨਾਨਕੇ ਵੇੜਾਂ ਵੱਟਣ ਲਈ ਵਿਸ਼ੇਸ਼ ਤੌਰ 'ਤੇ ਲਿਜਾਂਦੇ।

ਅਜੋਕੀਆਂ ਪੀੜ੍ਹੀਆਂ ਦਾ ਸਾਂਝੇ ਕੰਮ ਦੇ ਅਜਿਹੇ ਲੁਤਫ਼ ਤੋਂ ਵਾਂਝੀਆਂ ਰਹਿ ਜਾਣਾ ਉਨ੍ਹਾਂ ਦੇ ਅਨੁਭਵਾਂ ਵਿਚ ਵੱਡਾ ਖਲਾਅ ਪੈਦਾ ਕਰਦਾ ਹੈ।

# ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ, ਮਿਲਵਾਕੀ (ਵਿਸਕਾਨਸਿਨ)

'ਪੰਜਾਬ ਟਾਈਮਜ਼' ਦਿਆਨਤਦਾਰੀ ਵਾਲੀ ਪੱਤਰਕਾਰੀ ਦੀ ਸਰਵਉੱਚ ਮਿਸਾਲ ਹੈ ਅਤੇ ਇਹਦਾ ਪ੍ਰਭਾਵ ਪੰਜਾਬੀ ਕਮਿਊਨਿਟੀ ਤੋਂ ਕਿਤੇ ਅਗਾਂਹ ਵਧ ਕੇ ਹੈ। ਇਹ ਹਮੇਸ਼ਾ, ਭਰੋਸੇਯੋਗ ਖਬਰਾਂ ਦਾ ਸਰੋਤ, ਸੱਭਿਆਚਾਰਕ ਤਰੱਕੀ ਦਾ ਪੈਰੋਕਾਰ ਅਤੇ ਪੰਜਾਬੀ ਸੱਭਿਆਚਾਰ ਨੂੰ ਜੋੜਨ ਵਾਲੀ ਮਿਸਾਲ ਰਿਹਾ ਹੈ। ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ 'ਤੇ ਅਸੀਂ ਪੰਜਾਬ ਟਾਈਮਜ਼ ਪਰਿਵਾਰ ਦੀ ਪੂਰੀ ਟੀਮ ਨੂੰ, ਉਨ੍ਹਾਂ ਦੀ ਪੱਤਰਕਾਰੀ ਅਤੇ ਕਮਿਊਨਿਟੀ ਦੇ ਵਿਕਾਸ ਪ੍ਰਤੀ ਅਟੱਲ ਵਚਨਬੱਧਤਾ ਲਈ, ਹਾਰਦਿਕ ਵਧਾਈ ਦਿੰਦੇ ਹਾਂ।

## ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਸੇਵਾਦਾਰ


ਸੁਖਵਿੰਦਰ ਸਿੰਘ ਘੱਗਰ


ਜੱਗੀ ਸਿੰਘ ਘੋਤੜਾ


ਜਰਨੈਲ ਸਿੰਘ ਮਿਆਣੀ


ਪਰਮਿੰਦਰ ਸਿੰਘ ਗੋਲਡੀ


ਦਵਿੰਦਰ ਸਿੰਘ ਬਿੰਦ


ਨਰਿੰਦਰਪਾਲ ਸਿੰਘ ਸਲੇਮਪੁਰ


ਅਰਵਿੰਦਰ ਸਿੰਘ ਬੂਟਾ



ਹਰਜਿੰਦਰ ਸਿੰਘ ਜਿੰਦੀ


ਭੁਪਿੰਦਰ ਸਿੰਘ ਟਿੰਕਾ


ਰਨਦੀਪ ਪਾਲ ਸਿੰਘ ਰਿੰਕੂ


ਕੁਲਜੀਤ ਸਿੰਘ ਗਿਲਜੀਆਂ


ਸਤਪਾਲ ਸਿੰਘ ਪਹਿਲਵਾਨ


ਗੁਰਿੰਦਰ ਸਿੰਘ ਗਿਲਜੀਆਂ

# ਪੰਜਾਬੀ ਕਮਿਊਨਿਟੀ ਆਰਗੇਨਾਈਜ਼ੇਸ਼ਨ (ਪੀ.ਸੀ.ਓ.), ਮਿਲਵਾਕੀ


ਪਿਛਲੇ 25 ਸਾਲਾਂ ਤੋਂ ਪੰਜਾਬ ਟਾਈਮਜ਼, ਭਰੋਸੇਯੋਗ ਖਬਰਾਂ ਦਾ ਦੀਵਾ ਬਣ, ਅਮਰੀਕਾ ਵਿਚ ਪੰਜਾਬੀ ਸੱਭਿਅਤਾ ਦੇ ਮੁਖਾਰਬਿੰਦ ਦਾ ਰੋਲ ਨਿਭਾ ਰਿਹਾ ਹੈ। ਬੇਲਾਗ ਰਿਪੋਰਟਿੰਗ, ਸਚਾਈ ਲਈ ਅਟੱਲ ਵਚਨਬੱਧਤਾ, ਅਤੇ ਸੱਭਿਆਚਾਰਕ ਜਾਗਰੂਕਤਾ ਉੱਤੇ ਜ਼ੋਰ ਕਾਰਨ, ਇਹ ਅਖਬਾਰ ਪੱਤਰਕਾਰੀ ਦੇ ਲੈਂਡਸਕੇਪ ਵਿਚ, ਇੱਕ ਮਿਸਾਲ ਬਣ ਚੁੱਕਾ ਹੈ। ਪੰਜਾਬੀ ਕਮਿਊਨਿਟੀ ਆਰਗੇਨਾਈਜ਼ੇਸ਼ਨ (ਪੀ ਸੀ ਓ) ਮਿਲਵਾਕੀ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ 25ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।



| | | | | |
|---|---|---|---|---|
| Kulwinder Singh Dhillon | Satwinder Singh Pompi | Pavanjit Singh Hothi | Harvinder Singh Lally Sidhu | Gurpreet Singh Bratty Gill |
| 414-248-2792 | 414-406-9016 | 414-333-2902 | 414-788-9813 | 414-334-0047 |

# ਠਾਣੇਦਾਰੀ

ਠਾਣੇਦਾਰ ਅਤੇ ਠਾਣੇਦਾਰੀ ਦੋ ਵੱਖ ਵੱਖ ਚੀਜ਼ਾਂ ਹਨ। ਕਈ ਬੰਦੇ ਪੁਲਿਸ ਵਿਭਾਗ ਵਿਚ ਨਹੀਂ ਹੁੰਦੇ ਤਾਂ ਵੀ ਠਾਣੇਦਾਰੀ ਕਰਦੇ ਹਨ ਤੇ ਕਈ ਪੁਲਿਸ ਮਹਿਕਮੇ ਵਿਚ ਠਾਣੇਦਾਰ ਹੋਣ ਦੇ ਬਾਵਜੂਦ ਠਾਣੇਦਾਰੀ ਨਹੀਂ ਕਰਦੇ। ਇਹ ਸੁਭਾਅ ਤੇ ਨਿਰਭਰ ਕਰਦਾ ਹੈ। ਇਸ ਦੀਆਂ ਜੜ੍ਹਾਂ ਬੱਚੇ ਦੀ ਪਰਵਰਿਸ਼ ਵਿਚੋਂ ਲੱਭੀਆਂ ਜਾ ਸਕਦੀਆਂ ਹਨ। ਪ੍ਰਿੰ. ਤੇਜਾ ਸਿੰਘ ਆਪਣੇ ਲੇਖ ਘਰ ਦੇ ਪਿਆਰ ਵਿਚ ਲਿਖਦੇ ਹਨ, "ਜਦੋਂ ਮੈਨੂੰ ਕੋਈ ਖਿਝਿਆ, ਸੜਿਆ ਫੂਕਿਆ ਬੰਦਾ ਦਿਸਦਾ ਹੈ ਮੈਂ ਉਦੋਂ ਹੀ ਸਮਝ ਜਾਂਦਾ ਹਾਂ ਕਿ ਜਿਸ ਦਿਨ ਇਹ ਜੰਮਿਆ ਸੀ, ਮਾਪਿਆਂ ਨੇ ਇਸ ਦੀ ਟਹਿਲ ਸੇਵਾ ਠੀਕ ਨਹੀਂ ਕੀਤੀ। ਇਹ ਜਨਮ ਦਿਨ ਤੋਂ ਦੁਖੀ ਫਿਰਦਾ ਹੈ।"



ਮੈਨੂੰ ਇਕ ਪੁਰਾਣੀ ਆਦਤ ਹੈ। ਕਿਸੇ ਦਫਤਰ ਵਿਚ ਮੇਰੇ ਨਾਲ ਜੇ ਕੋਈ ਬਦਤਮੀਜ਼ੀ ਕਰ ਦਏ ਮੈਂ ਘਰ ਆ ਕੇ ਉਸ ਦੇ ਮਹਿਕਮੇ ਨੂੰ ਚਿੱਠੀ ਲਿਖਦਾ ਹਾਂ, ਜੋ ਹੋਇਆ

**ਪ੍ਰੋ. ਹਰਪਾਲ ਸਿੰਘ ਪੰਨੂ**
ਫੋਨ: +91-94642-51454

ਬੀਤਿਆ, ਲਿਖ ਕੇ ਪੰਜ ਰੁਪਏ ਦਾ ਟਿਕਟ ਲਾ ਕੇ ਡਾਕ ਵਿਚ ਪਾ ਦਿੰਦਾ ਹਾਂ। ਰਜਿਸਟਰੀ ਨਹੀਂ ਕਰਾਉਂਦਾ। ਮੈਂ ਕਿਹੜਾ ਮੁਕੱਦਮਾ ਕਰਨਾ ਹੈ? ਤੁਸੀਂ ਸੋਚੋਗੇ ਇਸ ਨਾਲ ਕੀ ਫਰਕ ਪੈਂਦੈ। ਅਖੀਰ ਵਿਚ ਮੁਲਾਜ਼ਮ ਸ਼ਿਕਾਇਤ ਖੁਰਦ-ਬੁਰਦ ਵੀ ਕਰਵਾ ਦਏ ਤਾਂ ਵੀ, ਉਸ ਦਾ ਪੂਰਾ ਜ਼ੋਰ ਲੱਗ ਜਾਂਦਾ ਹੈ। ਜਿੰਨੀ ਕੁ ਮੇਰੇ ਨਾਲ ਬੀਤੀ ਉਸ ਨਾਲੋਂ ਵਧੀਕ ਬੇਚੈਨੀ ਭੁਗਤਦਾ ਹੈ। ਜੇ ਕੋਈ ਸਤਿਕਾਰ ਨਾਲ ਪੇਸ਼ ਆਵੇ, ਉਸ ਦੇ ਮਹਿਕਮੇ ਨੂੰ ਪ੍ਰਸ਼ੰਸਾ ਪੱਤਰ ਲਿਖਣਾ ਨਹੀਂ ਭੁਲਦਾ। ਮੇਰੇ ਬੇਟੇ ਨੇ ਇੰਜੀਨੀਅਰਿੰਗ ਵਿਚ ਦਾਖਲਾ ਲੈਣ ਵਾਸਤੇ ਦਿੱਲੀ ਟੈਸਟ ਦੇਣਾ ਸੀ। ਅੱਠ ਵਜੇ ਸਵੇਰੇ ਸ਼ਹਿਰੋਂ ਇੰਟਰਸਿਟੀ 'ਤੇ ਸਵਾਰ ਹੋ ਬੈਠ ਗਏ। ਗੱਡੀ ਚੱਲ ਪਈ ਤਾਂ ਦੋ ਸਿਪਾਹੀ ਤੇ ਇਕ ਹੌਲਦਾਰ ਅੰਦਰ ਆਏ, ਮੈਨੂੰ ਕਿਹਾ-ਉਠੋ ਇਥੋਂ। ਮੈਂ ਕਾਰਨ ਪੁੱਛਿਆ। ਉਸ ਨੇ ਕਿਹਾ-ਇਹ ਸੀਟਾਂ ਪੁਲਿਸ ਲਈ ਰਿਜ਼ਰਵ ਹਨ। ਮੈਂ ਕਿਹਾ-ਇਸ ਡੱਬੇ ਵਿਚ ਕੋਈ ਸੀਟ ਰਿਜ਼ਰਵ ਨਹੀਂ। ਇਕ ਸਿਪਾਹੀ ਨੇ ਮੇਰੇ ਵੱਲ ਥ੍ਰੀ ਨਾਟ ਥ੍ਰੀ ਦਾ ਬੱਟ ਉਲਾਰਦਿਆਂ ਕਿਹਾ-ਉਠੇਂਗਾ ਕਿ ਉਠਾਵਾਂ? ਚਾਰਾ ਨਹੀਂ ਸੀ। ਉਠ ਗਏ। ਉਹ ਤਿੰਨੋਂ ਜਣੇ ਬੈਠ ਗਏ। ਜੇਬ ਉਪਰ ਲੱਗੀ ਨੇਮ ਪਲੇਟ ਮੈਨੂੰ ਦਿਖਾਉਂਦਿਆਂ ਕਿਹਾਸ਼ਿਕਾਇਤ ਕਰੇਂਗਾ? ਲੈ ਆਹ ਨਾਂ ਪੜ੍ਹ ਲੈ। ਮੈਂ ਕਿਹਾ-ਸ਼ਿਕਾਇਤ ਕਰਨ ਵਾਸਤੇ ਮੈਨੂੰ ਨਾਮ ਜਾਣਨ ਦੀ ਲੋੜ ਨਹੀਂ। ਜਿਸ ਡੱਬੇ ਵਿਚ ਤੁਸੀਂ ਬੈਠੇ ਹੋ, ਤੁਹਾਡੇ ਮਹਿਕਮੇ ਨੂੰ ਪਤਾ ਹੈ ਉਥੇ ਕੌਣ ਕੌਣ ਡਿਊਟੀ 'ਤੇ ਹੈ। ਅੰਬਾਲੇ ਉਤਰ ਗਏ। ਉਨ੍ਹਾਂ ਦੀ ਡਿਊਟੀ ਇਥੇ ਤੱਕ ਸੀ। ਅੱਗੇ ਹਰਿਆਣਾ ਪੁਲਿਸ ਦੀ ਜ਼ਿੰਮੇਵਾਰੀ। ਤਿੰਨ ਚਾਰ ਸਵਾਰੀਆਂ ਨੇ ਮੈਨੂੰ ਵਾਜਾਂ ਮਾਰੀਆਂ-ਸਰਦਾਰ ਜੀ, ਕਾਕੇ ਸਣੇ ਇਥੇ ਆ ਜਾਉ, ਅਸੀਂ ਤੁਹਾਡੇ ਵਾਸਤੇ ਸੀਟਾਂ ਰੋਕ ਲਈਆਂ ਹਨ। ਸ਼ੁਕਰਾਨਾ ਕਰਕੇ ਬੈਠ ਗਏ। ਨਾਲ ਬੈਠਾ ਮੁਸਾਫਰ ਬੋਲਿਆ-ਤੁਹਾਡੇ ਨਾਲ ਜ਼ਿਆਦਤੀ ਹੋਈ ਹੈ। ਮੈਂ ਕਿਹਾ-ਚੁੱਪ ਕਿਉਂ ਬੈਠੇ ਰਹੇ ਫਿਰ? ਉਹ ਬੋਲਿਆ-ਉਨ੍ਹਾਂ ਵਿਰੁੱਧ ਲੜਨ ਦੀ ਹਿੰਮਤ ਨਹੀਂ ਹੈ, ਸੀਟ ਰੋਕਣ ਦੀ ਤਾਕਤ ਸੀ, ਸੋ ਤੁਹਾਨੂੰ ਵਾਜ ਮਾਰੀ। ਮੈਂ ਸ਼ੁਕਰਾਨਾ ਕੀਤਾ। ਵਾਪਸ ਆ ਕੇ ਸ਼ਿਕਾਇਤ ਡਾਕ ਵਿਚ ਤੋਰ ਦਿਤੀ। ਟਿਕਟਾਂ ਦੀ ਫੋਟੋ ਕਾਪੀ ਨਾਲ ਨੱਥੀ। ਦਸ ਕੁ ਦਿਨ ਬਾਦ ਵਿਭਾਗ ਵਿਚ, ਜਿਪਸੀ ਵਿਚ ਇਕ ਇੰਸਪੈਕਟਰ ਆਇਆ। ਕਿਹਾ-ਤੁਸੀਂ ਸ਼ਿਕਾਇਤ ਕੀਤੀ ਹੈ? ਮੈਂ ਹਾਂ ਵਿਚ ਸਿਰ ਹਿਲਾਇਆ। ਫਿਰ ਬੋਲਿਆ-ਡੀ ਜੀ ਪੀ ਸਾਹਿਬ ਨੇ ਬੁਲਾਇਆ ਹੈ। ਮੈਂ ਕਿਹਾ-ਮੈਨੂੰ ਕਿਉਂ ਬੁਲਾਇਆ, ਦੋਸ਼ੀਆਂ ਨੂੰ ਬੁਲਾਣ? ਉਸਨੇ ਕਿਹਾ-ਦੋਸ਼ੀ ਤਲਬ ਕੀਤੇ ਸਨ। ਮੈਂ ਉਸ ਨਾਲ ਸ਼ਹਿਰ ਆ ਗਿਆ। ਨਾਮ ਤਖਤੀ 'ਤੇ ਲਿਖਿਆ ਸੀ-ਸ. ਜਰਨੈਲ ਸਿੰਘ ਚਹਿਲ, ਐਡੀਸ਼ਨਲ ਡੀ ਜੀ ਪੀ ਰੇਲਵੇਜ਼। ਅੰਦਰ ਗਿਆ। ਚਾਹ ਪਾਣੀ ਪਿਲਾਂਦਿਆਂ ਉਨ੍ਹਾਂ ਨੇ ਕਿਹਾ-ਮੈਂ ਤੁਹਾਡਾ ਪਾਠਕ ਹਾਂ। ਖੁਸ਼ੀ ਮਿਲੀ। ਕਹਿਣ ਲੱਗੇਇਸ ਕਰਕੇ ਤੁਹਾਨੂੰ ਤਕਲੀਫ ਦਿਤੀ ਕਿ ਹੁਣ ਜਦੋਂ ਜਾਂਚ ਸ਼ੁਰੂ ਹੋਣ ਲੱਗੀ ਹੈ, ਤੁਸੀਂ ਆਪਣੇ ਮਨ ਨਾਲ ਫੈਸਲਾ ਕਰਕੇ ਦੱਸੋ। ਪੁਲਿਸ ਵਾਲੇ ਪਹਿਲਾਂ ਤਾਂ ਉਸ ਬੰਦੇ ਨੂੰ ਡਰਾਇਆ ਦਬਕਾਇਆ ਕਰਦੇ ਹਨ ਜਿਹੜਾ ਸ਼ਿਕਾਇਤ ਕਰੇ। ਜੇ ਨਾ ਡਰੇ ਤਾਂ ਮਿੰਨਤ ਤਰਲੇ, ਸਿਆਸੀ ਸਿਫਾਰਿਸ਼ਾਂ ਆਦਿਕ ਵਰਤਦੇ ਹਨ। ਅਖੀਰ ਵਿਚ ਜੇ ਸਮਝੌਤਾ ਹੀ ਕਰਨਾ ਹੈ, ਫੇਰ ਆਪਾਂ ਕਾਹਨੂੰ ਪੜਤਾਲਾਂ ਵਿਚ ਫੋਰਸ ਦਾ ਵਕਤ ਜ਼ਾਇਆ ਕਰੀਏ? ਮੇਰੇ ਕੋਲ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਮੈਂ ਇਹ ਮੰਨ ਕੇ ਤੁਰਦਾ ਹਾ ਕਿ ਸੱਚੀ ਹੋਣੀ ਹੈ, ਝੂਠੀ ਸ਼ਿਕਾਇਤ ਕੌਣ ਪੁਲਿਸ ਵਿਰੁਧ ਕਰਦਾ ਹੈ? ਦੱਸੋ। ਮੈਂ ਕਿਹਾ-ਜੀ ਮੇਰੀ ਇੱਛਾ ਹੈ ਤੁਹਾਡਾ ਮਹਿਕਮਾ ਸਭਿਅਕ ਹੋਵੇ। ਮੈਂ ਪੁਲਿਸ ਤੋਂ ਡਰਿਆ ਨਹੀਂ ਕਦੀ। ਜਦੋਂ ਗਲਤ ਕੰਮ ਕਰਨ ਲੱਗਾ, ਫਿਰ ਡਰਨਾ ਵੀ ਆ ਜਾਏਗਾ। ਉਨ੍ਹਾਂ ਨੇ ਸਟੈਨੋ ਨੂੰ ਬੁਲਾ ਕੇ ਪੜਤਾਲ ਆਰਡਰ ਲਿਖਾਏ ਤੇ ਜਿਸ ਡੀ.ਐਸ.ਪੀ. ਨੂੰ ਪੜਤਾਲੀਆ ਅਫਸਰ ਲਾਇਆ, ਉਹ ਮੇਰਾ ਦੋਸਤ ਸੀ। ਮੈਂ ਕਿਹਾ-ਚਾਹਲ ਸਾਹਿਬ, ਕਿਸੇ ਹੋਰ ਨੂੰ ਪੜਤਾਲ ਦਿਉ। ਇਹ ਡਿਪਟੀ ਤਾਂ ਮੇਰਾ ਦੋਸਤ ਹੈ। ਮੈਂ ਇਨਸਾਫ ਮੰਗਿਆ ਹੈ ਰਿਆਇਤ ਨਹੀਂ। ਤੁਰਤ ਇਕ ਹੋਰ ਡਿਪਟੀ ਸਾਹਿਬ ਦੀ ਡਿਊਟੀ ਲਾ ਦਿੱਤੀ। ਤਿੰਨੇ ਜਣੇ ਸਸਪੈਂਡ ਕਰਕੇ ਫਿਰੋਜ਼ਪੁਰ ਭੇਜ ਦਿਤੇ। ਇਸ ਹੌਲਦਾਰ ਦਾ ਪਿੰਡ ਅੰਬਾਲੇ ਲਾਗੇ ਹੀ ਸੀ। ਸਵੇਰੇ ਗੱਡੀ ਤੋਂ ਉਤਰ ਕੇ ਪਿੰਡ ਚਲਾ ਜਾਂਦਾ, ਸ਼ਾਮੀ ਗੱਡੀ ਵਾਪਸ ਆਉਂਦੀ ਤਾਂ ਡਿਊਟੀ ਦੇਣ ਬਠਿੰਡੇ ਤੱਕ ਜਾਂਦਾ। ਹੁਣ ਕਦੀ ਹਫਤੇ ਬਾਦ ਕਦੀ ਦੋ ਹਫਤਿਆਂ ਬਾਦ ਪੇਸ਼ੀ। ਇਕ ਮੰਤਰੀ ਦੀ ਕੋਠੀਓਂ ਫੋਨ ਆਇਆਪੰਨੂ ਸਾਹਿਬ, ਇਹ ਪੁਲਿਸ ਵਾਲੇ ਆਪਣੇ ਈ ਬੰਦੇ ਨੇ। ਛੱਡੋ ਖਹਿੜਾ ਇਨ੍ਹਾਂ ਵਿਚਾਰਿਆਂ ਦਾ। ਮੈਂ ਕਿਹਾਜੀ ਮੈਨੂੰ ਤਾਂ ਲਗਦਾ ਸੀ ਮੈਂ ਤੁਹਾਡਾ ਬੰਦਾ ਹਾਂ, ਤੁਹਾਡੇ ਬੰਦੇ ਤਾਂ ਉਹ ਨਿਕਲੇ ਜਿਨ੍ਹਾਂ ਨੇ ਮੇਰੇ ਵੱਲ ਬੰਦੂਕ ਦਾ ਬੱਟ ਉਲਾਰਿਆ ਸੀ। ਜੇ ਤੁਸੀਂ ਮੇਰੇ ਮਿੱਤਰ ਹੋ ਤਾਂ ਇਨ੍ਹਾਂ ਨੂੰ ਕੋਠੀਓਂ ਬਾਹਰ ਕੱਢ ਦਿਓ। ਛੇ ਕੁ ਮਹੀਨੇ ਹੋਰ ਲੰਘੇ। ਸਨਿਚਰਵਾਰ ਧੁੱਪੇ ਕੁਰਸੀਆਂ 'ਤੇ ਬੈਠੇ ਅਸੀਂ ਅਖਬਾਰ ਦੇਖ ਰਹੇ ਸਾਂ। ਡਿਪਟੀ ਸਾਹਿਬ ਇਨ੍ਹਾਂ ਤਿੰਨਾਂ ਸਮੇਤ ਵਿਹੜੇ ਵਿਚ ਕੁਰਸੀਆਂ 'ਤੇ ਆ ਕੇ ਬੈਠ ਗਏ। ਮੈਂ ਹੌਲਦਾਰ ਤੇ ਸਿਪਾਹੀਆਂ ਨੂੰ ਕਿਹਾ-ਇਨ੍ਹਾਂ ਕੁਰਸੀਆਂ 'ਤੇ ਤੁਸੀਂ ਕਿਸ ਦੀ ਆਗਿਆ ਨਾਲ ਬੈਠੇ ਹੋ? ਉਹ ਤੁਰਤ ਸਾਵਧਾਨ, ਖਲੋ ਗਏ। ਮੈਂ ਕਿਹਾ-ਇਹ ਮੈਂ ਪੈਸਿਆਂ ਨਾਲ ਖਰੀਦੀਆਂ ਹਨ। ਜਿਸ ਸੀਟ ਤੋਂ ਤੁਸੀਂ ਉਠਾਇਆ, ਉਹ ਸਰਕਾਰੀ ਸੀ ਤੇ ਮੈਂ ਪੈਸੇ ਦੇ ਕੇ ਬੈਠਿਆਂ ਸਾਂ। ਉਹ ਖਲੋਤੇ ਰਹੇ। ਡਿਪਟੀ ਸਾਹਿਬ ਨੂੰ ਕਿਹਾ-ਇਨ੍ਹਾਂ ਮੁਜਰਿਮਾਂ ਨੂੰ ਤੁਸੀਂ ਮੇਰੀ ਕੋਠੀ ਕਾਹਨੂੰ ਦਿਖਾਉਣੀ ਸੀ? ਡਿਪਟੀ ਸਾਹਿਬ ਬੋਲੇ-ਸਰ ਕਾਨੂੰਨਨ ਤੁਹਾਡੇ ਬਿਆਨ ਇਨ੍ਹਾਂ ਦੇ ਸਾਹਮਣੇ ਹੋਣੇ ਜ਼ਰੂਰੀ ਹਨ ਤੇ ਇਨ੍ਹਾਂ ਦੇ ਬਿਆਨ ਤੁਹਾਡੇ ਸਾਹਮਣੇ। ਤੁਹਾਨੂੰ ਠਾਣੇ ਬੁਲਾ ਕੇ ਬਿਆਨ ਲਵਾਂ, ਇਹ ਮੈਨੂੰ ਚੰਗੀ ਗੱਲ ਨਾ ਲੱਗੀ, ਸੋ ਇਥੇ ਆ ਗਏ। ਕੰਬਦੇ ਹੱਥ ਜੋੜਦਿਆਂ ਹੌਲਦਾਰ ਨੇ ਕਿਹਾਜੀ ਮੇਰੇ ਖਿਲਾਫ ਬਿਆਨ ਦੇ ਦਿੱਤੇ ਤਾਂ ਮੇਰੀ ਨੌਕਰੀ ਕੱਟ ਦੇਣਗੇ। ਮੈਂ ਡਿਪਟੀ ਸਾਹਿਬ ਨੂੰ ਕੱਟ, ਦੇ ਅਰਥ ਪੁਛੇ, ਉਨ੍ਹਾਂ ਦੱਸਿਆ ਕਿ ਇਨਕਰੀਮੈਂਟ ਕੱਟੇ ਜਾਣਗੇ, ਜੂਨੀਅਰ ਹੋ ਜਾਵੇਗਾ। ਬਿਆਨ ਹੋ ਗਏ। ਦੋਹਾਂ ਧਿਰਾਂ ਦੇ ਦਸਤਖਤ ਲੈ ਕੇ ਇਹ ਪਾਰਟੀ ਚਲੀ ਗਈ। ਫਿਰ ਉਨ੍ਹਾਂ ਨਾਲ ਕੀ ਹੋਇਆ, ਪਤਾ ਨਹੀਂ, ਇਸ ਤੋਂ ਅੱਗੇ ਮੇਰੀ ਕੋਈ ਰੁਚੀ ਨਹੀਂ ਸੀ। ਮਹਿਕਮੇ ਨੇ ਜੋ ਕਰਨਾ ਹੈ ਕਰੇ। ਚੰਡੀਗੜ੍ਹ ਜਾਣ ਵਾਸਤੇ ਬੱਸ ਦੀ ਉਡੀਕ ਵਿਚ ਖਲੋਤਾ ਸਾਂ ਕਿ ਯੂਨੀਵਰਸਿਟੀ ਗੇਟ ਉਪਰ ਜਿਪਸੀ ਰੁਕੀ। ਮੇਰਾ ਦੋਸਤ ਡੀ.ਐਸ.ਪੀ. ਸੀ। "ਆਉ ਜੇ ਚੰਡੀਗੜ੍ਹ ਚੱਲਣੈ ਪੰਨੂ ਸਾਹਿਬ, ਮੇਰੇ ਨਾਲ ਚਲੋ।" ਮੈਂ ਬੈਠ ਗਿਆ। ਸਰਸਰੀ ਗੱਲਾਂ ਦੌਰਾਨ ਪੁੱਛਿਆ, "ਮੈਂ ਇਕ ਸ਼ਿਕਾਇਤ ਕੀਤੀ ਸੀ ਤਿੰਨ ਕੁ ਸਾਲ ਪਹਿਲਾਂ। ਉਹਦਾ ਕੀ ਬਣਿਆ?" ਉਨ੍ਹਾਂ ਕਿਹਾ, "ਤੁਹਾਨੂੰ ਨੀ ਪਤਾ? ਪੁਲਿਸ ਮੁਲਾਜ਼ਮ ਦੇ ਪੰਜ ਇਨਕਰੀਮੈਂਟ ਕੱਟੇ ਗਏ, ਦੂਜੇ ਦੋ ਮੁਲਾਜ਼ਮ ਹੋਮਗਾਰਡ ਦੇ ਸਨ, ਕੱਚੇ, ਉਹ ਨੌਕਰੀਓਂ ਕੱਢ ਦਿੱਤੇ। ਇਕ ਗੱਲ ਹੋਰ ਸੁਣੋ। ਪੁਲਿਸ ਮੁਲਾਜ਼ਮ ਨੇ ਇਸੇ ਇੰਟਰਸਿਟੀ ਗੱਡੀ ਹੇਠ ਆ ਕੇ ਖੁਦਕਸ਼ੀ ਕਰ ਲਈ। ਮੈਂ ਹੈਰਾਨ ਹੋ ਕੇ ਪੁਛਿਆ-ਖੁਦਕਸ਼ੀ ਕਿਉਂ ਕਰ ਲਈ? ਉਨ੍ਹਾਂ ਦੱਸਿਆ-ਇਕੱਲੀ ਤੁਹਾਡੇ ਵਾਲੀ ਪੜਤਾਲ ਥੋੜ੍ਹੀ ਸੀ, ਉਸ ਵਿਰੁਧ ਪੰਜ ਛੇ ਪੜਤਾਲਾਂ ਚੱਲ ਰਹੀਆਂ ਸਨ। ਨਸ਼ੇੜੀ ਹੋ ਗਿਆ ਸੀ। ਬਾਹਰ ਭੇਜਣ ਦਾ ਝਾਂਸਾ ਦੇ ਕੇ ਕਿਸੇ ਤੋਂ ਪੈਸੇ ਫੜ ਕੇ ਛਕ ਗਿਆ, ਉਹ ਪੈਸੇ ਮੰਗ ਰਹੇ ਸਨ। ਆਖੀਰ ਇਹ ਹੋਇਆ।" ਦੂਜੀ ਘਟਨਾ 1981 ਦੀ ਹੈ। ਮੈਂ ਖਾਲਸਾ ਕਾਲਜ ਪਟਿਆਲਾ ਪੜ੍ਹਾਉਂਦਾ ਸਾਂ। ਹਰ ਰੋਜ਼ ਸ਼ਾਮੀਂ ਪਿੰਡ ਆ ਜਾਂਦਾ। ਯੂਨੀਵਰਸਿਟੀ ਦੀ ਲਾਇਬਰੇਰੀ ਵਿਚੋਂ ਕਿਤਾਬਾਂ ਕਢਵਾ ਕੇ ਪਿੰਡ ਚਲਾ ਗਿਆ, ਅਗਲੀ ਸਵੇਰ ਪਟਿਆਲੇ। ਸੱਤ ਅੱਠ ਦਿਨਾਂ ਬਾਅਦ ਲਾਇਬਰੇਰੀਅਨ, ਯੂਨੀਵਰਸਿਟੀ ਤੋਂ ਮੇਰੇ ਕੋਲ ਕਾਲਜ ਆਇਆ, ਪੁਛਣ ਲੱਗਾ-ਤੁਹਾਡਾ ਬਟੂਆ ਕਿਥੇ ਹੈ? ਮੈਂ ਕਿਹਾ-ਮੇਰੇ ਬੈਗ ਵਿਚ। ਤੇ ਬੱਸ ਪਾਸ? ਉਹ ਵੀ ਬੈਗ ਵਿਚ। ਮੈਂ ਮੋਢੇ ਲਟਕਿਆ ਬੈਗ ਫਰੋਲਿਆ, ਉਸ ਵਿਚ ਦੋਵੇਂ ਨਹੀਂ ਸਨ। ਉਹ ਹੱਸ ਪਿਆ, ਕਿਹਾ, "ਆਹ ਫੜੋ ਦੋਵੇਂ ਚੀਜ਼ਾਂ। ਮੈਂ ਸੋਚਿਆ ਤੁਹਾਨੂੰ ਯਾਦ ਆ ਜਾਏਗਾ ਕਿ ਕਾਊਂਟਰ ਤੇ ਦੋ ਜ਼ਰੂਰੀ ਚੀਜ਼ਾਂ ਭੁਲ ਆਏ, ਤੁਸੀਂ ਆਏ ਹੀ ਨਹੀਂ।" ਮੈਨੂੰ ਪਤਾ ਹੀ ਨਹੀਂ ਸੀ ਕਿ ਮੇਰਾ ਕੁਝ ਗੁੰਮਿਆ ਹੈ। ਬਸ ਵਿਚ ਜੇ ਕਿਤੇ ਇੰਸਪੈਕਟਰ ਚੜ੍ਹ ਜਾਂਦਾ? ਨਾ ਮੇਰੇ ਕੋਲ ਪਾਸ, ਨਾ ਪੈਸੇ। ਬੁਰੀ ਹੁੰਦੀ। ਬਚ ਗਏ ਕਿਸਮਤ ਨਾਲ। ਇਸ ਮੁਲਾਜ਼ਮ ਦਾ ਨਾਮ ਗੁਰਸ਼ਰਨ ਸਿੰਘ ਹੈ। ਮੈਂ ਇਸ ਵੱਲੋਂ ਕੀਤੀ ਨੇਕੀ ਬਾਰੇ ਵਾਈਸਚਾਂਸਲਰ ਨੂੰ ਚਿੱਠੀ ਲਿਖ ਦਿੱਤੀ। ਚਿੱਠੀ ਲਿਖ ਕੇ ਭੁੱਲ ਗਿਆ, ਕੀ ਹੋਇਆ। ਪੰਜ ਛੇ ਮਹੀਨੇ ਬੀਤੇ। ਇਕ ਦਿਨ ਗੁਰਸ਼ਰਨ ਸਿੰਘ ਫਿਰ ਮੇਰੇ ਕੋਲ ਕਾਲਜ ਵਿਚ ਆ ਗਿਆ। ਮੈਨੂੰ ਇਕ ਕਾਗਜ਼ ਪੜ੍ਹਨ ਲਈ ਕਿਹਾ। ਵਾਈਸ-ਚਾਂਸਲਰ ਨੇ ਮੇਰੇ ਵੱਲੋਂ ਲਿਖਿਆ ਪੱਤਰ ਸਿੰਡੀਕੇਟ ਦੀ ਮੀਟਿੰਗ ਵਿਚ ਰੱਖਿਆ। ਫੈਸਲਾ ਹੋਇਆ ਕਿ ਇਸ ਨੇਕਬਖਤ ਆਦਮੀ ਨੂੰ ਇਕ ਹਜ਼ਾਰ ਰੁਪਿਆ, ਇਕ ਇਨਕਰੀਮੈਂਟ ਅਤੇ ਇਕ ਮਾਣ ਪੱਤਰ ਦਿੱਤਾ ਜਾਵੇ। ਗੁਰਸ਼ਰਨ ਸਿੰਘ ਹੁਣੇ ਰਿਟਾਇਰ ਹੋਏ ਹਨ। ਜਦੋਂ ਮਿਲਦੇ ਹਾਂ, ਇਸ ਬਾਰੇ ਗੱਲ ਨਹੀਂ ਕਰਦੇ ਪਰ ਤੀਹ ਸਾਲ ਪੁਰਾਣੀ ਘਟਨਾ ਸਾਡੇ ਦੋਵਾਂ ਦੇ ਚਿਹਰੇ ਖਿੜਾ ਦਿੰਦੀ ਹੈ। ਕਨਫਿਊਸ਼ਿਅਸ ਨੇ ਕਿਹਾ ਸੀ-ਭਲੇ ਬੰਦੇ ਇਸ ਕਰਕੇ ਨੇਕੀ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਭਲਾਈ ਤੋਂ ਇਲਾਵਾ ਕੁਝ ਕਰਨਾ ਹੀ ਨਹੀਂ ਹੁੰਦਾ। ਬੁਰਿਆਂ ਬੰਦਿਆਂ ਨੂੰ ਵੀ ਨੇਕੀ ਕਰਨੀ ਚਾਹੀਦੀ ਹੈ ਕਿਉਂਕਿ ਇਹ ਫਾਇਦੇਮੰਦ ਬਹੁਤ ਹੈ।

## ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ

**ਸ. ਅਮੋਲਕ ਸਿੰਘ ਜੰਮੂ ਵਲੋਂ, 25 ਸਾਲ ਪਹਿਲਾਂ ਪੰਜਾਬੀ ਭਾਸ਼ਾ ਅਤੇ ਪੱਤਰਕਾਰੀ ਦੇ ਵਿਹੜੇ 'ਚ ਲਾਇਆ 'ਪੰਜਾਬ ਟਾਈਮਜ਼' ਨਾਮ ਦਾ ਬੂਟਾ ਭਰ-ਜੋਬਨ 'ਚ ਹੈ। ਇਹ ਇਕ ਅਜਿਹਾ ਅਖਬਾਰ ਹੈ ਜਿਸ ਨੇ ਛਪਣ ਵਾਲੀਆਂ ਲਿਖਤਾਂ ਰਾਹੀਂ ਸਮਾਜ, ਖਾਸ ਕਰਕੇ ਪੰਜਾਬੀ ਸਮਾਜ ਦੀਆਂ ਉਧੜ ਰਹੀਆਂ ਵਿਰੋਧਤਾਈਆਂ ਨੂੰ ਪਾਠਕਾਂ ਸਾਹਵੇਂ ਇੰਨ-ਬਿੰਨ ਪੇਸ਼ ਕੀਤਾ ਹੈ। ਆਪਣੇ ਹੱਕਾਂ ਲਈ ਜੂਝ ਰਹੀ ਲੋਕਾਈ ਦੇ ਸੰਘਰਸ਼ਾਂ/ਲਹਿਰਾਂ ਦਾ 'ਪੰਜਾਬ ਟਾਈਮਜ਼' ਨੇ ਡੱਟ ਕੇ ਸਾਥ ਦਿੱਤਾ ਹੈ। ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ ਇਸ ਦੀ 25ਵੀਂ ਵਰ੍ਹੇਗੰਢ 'ਤੇ ਮੁਬਾਰਕਬਾਦ!**

### PCS Board of Directors 2024



Dr. Vikram Singh Gill (Chairman) | Manjeet S Bhalla (President) | Navtej S. Sohi (Vice President) | Parmjot S.Parmar (Executive Secretary) | Bikram Singh Sohi (Sports Director) | Gurlal S. Bhattal (Finance Director) | Gurpreet Sidhu (Asst. Finance & IT Director) | Jigerdeep Singh Dhillon (Inter Community Director) | Paramvir Kaur (Youth Director) | Tejveer S Soodan (Special Projects Director) | Bhupinder S Dhaliwal (Past President) | Nick Balwinder Singh (Past Chairman)

### PCS Board of Governors



Rajinder S. Mago | Mohinderjit S. Saini | Harwinder Paul S. Lail | Bhinder S. Pamma | Jasbir S. Palia | Balwinder S. Girn | Amarjit K. Atwal | Vick Singh

### PCS Board of Advisors



Parvinder Singh Nanua | Gurmit S. Dhillon | Surinder Palia

# ਆਮਦਨ ਬਰਾਬਰੀ ਤੋਂ ਬਗੈਰ ਖੁਸ਼ਹਾਲੀ ਅਸੰਭਵ

ਜਿੰਨਾ ਚਿਰ ਭਾਰਤ ਵਿਚ ਆਮਦਨ ਨਾ-ਬਰਾਬਰੀ ਰਹੇਗੀ, ਓਨਾ ਚਿਰ ਲਗਾਤਾਰ ਚੱਲਣ ਵਾਲਾ ਵਿਕਾਸ ਨਹੀਂ ਹੋ ਸਕਦਾ। ਹੁਣੇ ਆਈ ਰਿਪੋਰਟ ਅਨੁਸਾਰ, ਇਹ ਨਾ-ਬਰਾਬਰੀ ਇਸ ਹੱਦ ਤੱਕ ਵਧ ਗਈ ਹੈ ਕਿ ਉਪਰਲੀ ਇਕ ਫੀਸਦੀ ਆਬਾਦੀ ਕੋਲ ਕੁੱਲ ਆਮਦਨ ਦਾ 40.1 ਫੀਸਦੀ ਹਿੱਸਾ ਹੈ; ਭਾਵੇਂ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਦੇਸ਼ ਵਿਚ ਸਮਾਜਵਾਦੀ ਸਮਾਜ ਬਣਾਉਣ ਦੀ ਗੱਲ ਕੀਤੀ ਗਈ ਹੈ। ਸਮਾਜਵਾਦੀ ਸਮਾਜ ਦਾ ਅਰਥ ਹੈ, ਆਮਦਨ ਬਰਾਬਰੀ ਪੈਦਾ ਕਰਨੀ। ਆਮਦਨ ਨਾ-ਬਰਾਬਰੀ ਬਾਲ ਮਜ਼ਦੂਰੀ, ਸ਼ੋਸ਼ਣ ਵਰਗੀਆਂ ਸਮਾਜਿਕ ਬੁਰਾਈਆਂ ਹੀ ਨਹੀਂ ਪੈਦਾ

ਡਾ. ਸ ਸ ਛੀਨਾ

ਕਰਦੀ ਸਗੋਂ ਦੇਸ਼ ਦੇ ਵਿਕਾਸ ਤੇ ਖੁਸ਼ਹਾਲੀ ਦੀ ਸਭ ਤੋਂ ਵੱਡੀ ਰੁਕਾਵਟ ਹੈ। ਭਾਰਤ ਵਿਚ ਪ੍ਰਤੀ ਜੀਅ ਆਮਦਨ 87000 ਰੁਪਏ ਹੈ ਪਰ ਉੱਪਰ ਦੀ ਆਮਦਨ ਵਾਲੀ 10 ਫੀਸਦੀ ਵਸੋਂ ਦੀ ਪ੍ਰਤੀ ਜੀਅ ਆਮਦਨ 11.67 ਲੱਖ ਰੁਪਏ ਹੈ; ਇਸੇ ਤਰ੍ਹਾਂ ਹੇਠਾਂ ਦੀ 10 ਫੀਸਦੀ ਵਸੋਂ ਦੀ ਪ੍ਰਤੀ ਜੀਅ ਆਮਦਨ 53000 ਰੁਪਏ ਹੈ। ਇਉਂ ਉੱਪਰ ਦੀ ਆਮਦਨ ਹੇਠਾਂ ਦੀ ਆਮਦਨ ਵਾਲੇ ਗਰੁੱਪ ਤੋਂ 20 ਗੁਣਾ ਜ਼ਿਆਦਾ ਹੈ। ਇਹ ਨਾ-ਬਰਾਬਰੀ ਲਗਾਤਾਰ ਵਧ ਰਹੀ ਹੈ; 1991 ਤੋਂ ਬਾਅਦ ਇਸ ਵਿਚ ਵੱਡਾ ਵਾਧਾ ਹੋਇਆ ਹੈ।

ਦੇਸ਼ ਦੀ ਆਜ਼ਾਦੀ ਪਿੱਛੋਂ ਸਮਾਜਵਾਦੀ ਨੀਤੀਆਂ ਅਪਨਾਉਣ ਕਰ ਕੇ ਇਸ ਨਾ-ਬਰਾਬਰੀ ਵਿਚ ਕੁਝ ਫ਼ਰਕ ਪਿਆ। 1940 ਵਿਚ ਉੱਪਰ ਦੀ ਆਮਦਨ ਵਾਲੇ 10 ਫੀਸਦੀ ਲੋਕਾਂ ਕੋਲ ਕੁੱਲ ਆਮਦਨ ਦਾ 50 ਫੀਸਦੀ ਹਿੱਸਾ ਸੀ ਜਿਹੜਾ 1980 ਵਿਚ ਘਟ ਕੇ 30 ਫੀਸਦੀ ਹੋ ਗਿਆ। ਇਸੇ ਸਮੇਂ ਦੌਰਾਨ ਹੇਠਾਂ ਵਾਲੀ ਆਮਦਨ ਦੇ 50 ਫੀਸਦੀ ਲੋਕਾਂ ਕੋਲ 20 ਫੀਸਦੀ ਹਿੱਸਾ ਸੀ ਜਿਹੜਾ ਵਧ ਕੇ 30 ਫੀਸਦੀ ਹੋ ਗਿਆ। ਜੇ ਇਹ ਰੁਝਾਨ ਇਵੇਂ ਹੀ ਰਹਿੰਦਾ ਤਾਂ ਤਸੱਲੀਬਖ਼ਸ਼ ਸਿੱਟੇ ਨਿਕਲ ਸਕਦੇ ਸਨ ਪਰ 1991 ਵਿਚ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਵਾਲੀਆਂ ਨੀਤੀਆਂ ਨਾਲ ਇਸ ਨਾ-ਬਰਾਬਰੀ ਵਿਚ ਤੇਜ਼ੀ ਨਾਲ ਵਾਧਾ ਹੋਇਆ। ਵੀਹਵੀਂ ਸਦੀ ਦੇ ਅੰਤ ਤੱਕ ਉੱਪਰ ਦੀ ਆਮਦਨ ਦੇ 10 ਫੀਸਦੀ ਵਰਗ ਦੀ ਆਮਦਨ ਦਾ ਹਿੱਸਾ ਵਧ ਕੇ 57 ਫੀਸਦੀ ਹੋ ਗਿਆ; ਇੱਥੋਂ ਤੱਕ ਕਿ ਉੱਪਰ ਵਾਲੀ ਸਿਰਫ਼ ਇਕ ਫੀਸਦੀ ਵਸੋਂ ਕੋਲ ਕੁੱਲ ਆਮਦਨ ਦਾ 22 ਫੀਸਦੀ ਹਿੱਸਾ ਹੋ ਗਿਆ। ਹੇਠਾਂ ਵਾਲੀ ਆਮਦਨ ਦੇ 50 ਫੀਸਦੀ ਹਿੱਸੇ ਦੀ ਆਮਦਨ 13 ਫੀਸਦੀ ਹੋ ਗਈ।

ਬੇਰੁਜ਼ਗਾਰੀ ਦੇ ਭਾਵੇਂ ਹੋਰ ਵੀ ਕਈ ਕਾਰਨ ਹਨ ਪਰ ਆਮਦਨ ਨਾ-ਬਰਾਬਰੀ ਇਸ ਦਾ ਸਭ ਤੋਂ ਵੱਡਾ ਕਾਰਨ ਹੈ। ਮੋਨੀਟਰਿੰਗ ਸੈਂਟਰ ਆਫ ਇੰਡੀਅਨ ਇਕੋਨੌਮੀ ਅਨੁਸਾਰ, 2021 ਵਿਚ ਬੇਰੁਜ਼ਗਾਰੀ ਦਰ 7.9 ਫੀਸਦੀ ਸੀ ਜੋ ਪਿਛਲੇ ਸਮੇਂ ਵਿਚ ਸਭ ਤੋਂ ਜ਼ਿਆਦਾ ਸੀ। ਇਹ ਸ਼ਹਿਰੀ ਖੇਤਰਾਂ ਵਿਚ 9.3 ਅਤੇ ਪੇਂਡੂ ਖੇਤਰ ਵਿਚ 7.3 ਫੀਸਦੀ ਸੀ। ਕੌਮਾਂਤਰੀ ਕਿਰਤ ਸੰਸਥਾ



(ਆਈ.ਐੱਲ.ਓ.) ਅਤੇ ਇੰਸਟੀਚਿਊਟ ਆਫ ਡਿਵੈਲਪਮੈਂਟ (ਨਵੀਂ ਦਿੱਲੀ) ਦੀ ਰਿਪੋਰਟ ਅਨੁਸਾਰ, 2022 ਵਿਚ ਜਵਾਨ ਮਰਦਾਂ ਵਿਚ ਜਿਹੜੀ ਬੇਰੁਜ਼ਗਾਰੀ ਸਾਲ 2000 ਵਿਚ 6.2 ਫੀਸਦੀ ਸੀ, ਉਹ 2022 ਵਿਚ 12.6 ਫੀਸਦੀ ਹੋ ਗਈ। ਔਰਤਾਂ ਦੀ ਬੇਰੁਜ਼ਗਾਰੀ ਜਿਹੜੀ ਸਾਲ 2000 ਵਿਚ 4.4 ਫੀਸਦੀ ਸੀ, 2022 ਵਿਚ ਵਧ ਕੇ 11.8 ਫੀਸਦੀ ਹੋ ਗਈ। ਇਸੇ ਤਰ੍ਹਾਂ ਕੁਲ ਬੇਰੁਜ਼ਗਾਰੀ ਜਿਹੜੀ ਸਾਲ 2000 ਵਿਚ 5.7 ਫੀਸਦੀ ਸੀ, 2022 ਵਿਚ 12.4 ਫੀਸਦੀ ਹੋ ਗਈ।

ਇਸ ਦਾ ਅਰਥ ਹੈ ਕਿ ਜਿਵੇਂ-ਜਿਵੇਂ ਆਰਥਿਕ ਨਾ-ਬਰਾਬਰੀ ਵਧ ਰਹੀ ਹੈ, ਉਸੇ ਹਿਸਾਬ ਨਾਲ ਆਮਦਨ ਨਾ-ਬਰਾਬਰੀ ਵਧ ਗਈ ਹੈ। ਇਸ ਵਕਤ ਭਾਰਤ ਭਾਵੇਂ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੇਸ਼ ਬਣ ਗਿਆ ਹੈ ਅਤੇ ਇੰਗਲੈਂਡ ਤੇ ਹੋਰ ਵਿਕਸਤ ਦੇਸ਼ਾਂ ਨੂੰ ਪਿਛਾੜ ਕੇ ਦੁਨੀਆ ਦੀ ਪੰਜਵੀਂ ਵੱਡੀ ਆਰਥਿਕਤਾ ਬਣ ਗਿਆ ਹੈ (ਛੇਤੀ ਹੀ ਤੀਜੀ ਵੱਡੀ ਆਰਥਿਕਤਾ ਵਾਲਾ ਦੇਸ਼ ਵੀ ਬਣ ਜਾਵੇਗਾ) ਪਰ ਇਹ ਵਿਕਾਸ ਉਪਰਲੇ ਵਰਗ ਦਾ ਹੀ ਹੋ ਰਿਹਾ ਹੈ, ਵਿਕਾਸ ਆਮ ਬੰਦੇ ਤੱਕ ਨਹੀਂ ਪਹੁੰਚ ਰਿਹਾ। ਨਵੇਂ ਵਿਕਾਸ ਵਿਚ ਕਿਰਤੀਆਂ ਦੀ ਜਗ੍ਹਾ ਆਟੋਮੇਸ਼ਨ, ਰਿਮੋਟ ਕੰਟਰੋਲ ਅਤੇ ਵੱਡੀਆਂ ਆਟੋਮੈਟਿਕ ਮਸ਼ੀਨਾਂ ਦੀ ਪੂੰਜੀ ਲਾਈ ਜਾ ਰਹੀ ਹੈ, ਕਿਰਤੀਆਂ ਨੂੰ ਵਿਹਲੇ ਕੀਤਾ ਜਾ ਰਿਹਾ ਹੈ, ਲਗਾਤਾਰ ਤੇ ਪੱਕੇ ਕਿਰਤੀਆਂ ਦੀ ਜਗ੍ਹਾ ਠੇਕੇ 'ਤੇ ਭਰਤੀ ਕੀਤੀ ਜਾ ਰਹੀ ਹੈ ਜਿਨ੍ਹਾਂ ਨੂੰ ਮਹੀਨੇ ਵਿਚ ਕਈ-ਕਈ ਦਿਨ ਵਿਹਲੇ ਰਹਿਣਾ ਪੈਂਦਾ ਹੈ।

ਉੱਪਰਲੇ ਵਰਗ ਕੋਲ ਇੰਨੀ ਆਮਦਨ ਹੈ ਕਿ ਉਹ ਥੋੜ੍ਹੀ ਜਿਹੀ ਆਮਦਨ ਨਾਲ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਲੈਂਦੇ ਹਨ। ਇਉਂ ਬਾਕੀ ਬਚਤ ਜਮ੍ਹਾਂ ਰਹਿੰਦੀ ਹੈ। ਜਦੋਂ ਸਾਰੀ ਆਮਦਨ ਖ਼ਰਚ ਨਹੀਂ ਹੁੰਦੀ, ਉਹ ਕਿਸੇ ਦੀ ਆਮਦਨ ਨਹੀਂ ਬਣਦੀ। ਹੇਠਲੀ ਆਮਦਨ ਵਾਲੇ ਬਹੁਗਿਣਤੀ ਗਰੁੱਪ ਕੋਲ ਆਮਦਨ ਇੰਨੀ ਘੱਟ ਹੈ ਕਿ ਉਹ ਆਪਣੀਆਂ ਜ਼ਰੂਰਤਾਂ ਵੀ ਪੂਰੀਆਂ ਨਹੀਂ ਕਰ ਸਕਦਾ। ਜਦੋਂ ਉਨ੍ਹਾਂ ਦੀ ਖਰੀਦ ਸ਼ਕਤੀ ਹੀ ਨਹੀਂ ਤਾਂ ਉਹ ਕੁਝ ਵੀ ਨਹੀਂ ਖਰੀਦਦੇ। ਜਦੋਂ ਉਹ ਖਰੀਦਦੇ ਹੀ ਨਹੀਂ ਤਾਂ ਨਵੀਆਂ ਵਸਤੂਆਂ ਤੇ ਸੇਵਾਵਾਂ ਦੀ ਜ਼ਰੂਰਤ ਹੀ ਨਹੀਂ। ਇਸ ਸੂਰਤ ਵਿੱਚ ਹੋਰ ਕਿਰਤੀ ਕੀ ਲਾਉਣੇ, ਪਹਿਲੇ ਵੀ ਕੱਢੇ ਜਾਂਦੇ ਹਨ ਕਿਉਂ ਜੋ ਕੰਮ ਘਟਾਉਣਾ ਪੈਂਦਾ ਹੈ। ਇਸ ਤਰ੍ਹਾਂ ਬਦਹਾਲੀ ਜਾਰੀ ਰਹਿੰਦੀ ਹੈ।

ਵਿਕਸਤ ਦੇਸ਼ਾਂ ਜਿਵੇਂ ਅਮਰੀਕਾ, ਕੈਨੇਡਾ, ਆਸਟਰੇਲੀਆ, ਜਰਮਨੀ ਆਦਿ ਵਿਚ ਕਈ ਮੰਤਰੀ ਵੀ ਆਪਣੀ ਕਾਰ ਆਪ ਚਲਾਉਂਦੇ ਹਨ। ਉਹ ਡਰਾਈਵਰ ਇਸ ਕਰ ਕੇ ਨਹੀਂ ਰੱਖਦੇ ਕਿਉਂਕਿ ਡਰਾਈਵਰ ਦੀ ਤਨਖ਼ਾਹ ਵੀ ਉਨ੍ਹਾਂ ਦੀ ਤਨਖ਼ਾਹ ਦੇ ਬਰਾਬਰ ਹੈ। ਉਹ ਘਰਾਂ ਵਿਚ ਨੌਕਰ ਵੀ ਨਹੀਂ ਰੱਖਦੇ ਕਿਉਂ ਜੋ ਨੌਕਰ ਦੀ ਤਨਖ਼ਾਹ ਵੀ ਉਨ੍ਹਾਂ ਦੀ ਤਨਖ਼ਾਹ ਦੇ ਬਰਾਬਰ ਹੈ। ਉੱਥੇ ਵਿਕਾਸ ਹਰ ਬੰਦੇ ਤੱਕ ਪਹੁੰਚਦਾ ਹੈ। ਇਸ ਦੇ ਉਲਟ ਭਾਰਤ ਵਿਚ ਘਰੇਲੂ ਨੌਕਰ ਤਾਂ ਕੀ, ਬਾਲ ਮਜ਼ਦੂਰ ਦੁਨੀਆ ਵਿਚ ਸਭ ਤੋਂ ਵੱਧ ਹਨ।

ਵਿਕਸਤ ਦੇਸ਼ਾਂ ਦੀ ਟੈਕਸ ਪ੍ਰਣਾਲੀ ਇੰਨੀ ਨਿਪੁੰਨ ਹੈ ਕਿ ਉਥੇ ਉੱਚੀ ਆਮਦਨ ਦੀਆਂ ਸਲੈਬਾਂ 'ਤੇ ਵੱਡੇ ਟੈਕਸ ਲਗਦੇ ਹਨ ਜਿਸ ਨਾਲ ਆਮਦਨ ਬਰਾਬਰੀ ਪੈਦਾ ਕੀਤੀ ਹੋਈ ਹੈ। ਇਸ ਆਮਦਨ ਬਰਾਬਰੀ ਨੇ ਉਸ ਦੇਸ਼ ਵਿਚ ਸਮਾਜਿਕ ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਦੀ ਬਰਾਬਰੀ ਪੈਦਾ ਕੀਤੀ ਹੈ। ਉਨ੍ਹਾਂ ਪੱਛਮੀ ਦੇਸ਼ਾਂ ਵਿਚ ਸਮਾਜਵਾਦ ਨਾ ਹੋਣ ਦੇ ਬਾਵਜੂਦ ਸਮਾਜਵਾਦੀ ਸਮਾਜ ਹੈ, ਆਮਦਨ ਬਰਾਬਰੀ ਹੈ ਅਤੇ ਉਹ ਵਿਕਾਸ ਲਗਾਤਾਰ ਚੱਲਣ ਵਾਲਾ ਹੈ; ਆਮਦਨ ਨਾ-ਬਰਾਬਰੀ ਕਰ ਕੇ ਭਾਰਤ ਦਾ ਵਿਕਾਸ ਕਦੀ ਵੀ ਲਗਾਤਾਰ ਚੱਲਣ ਵਾਲਾ ਵਿਕਾਸ ਨਹੀਂ ਬਣ ਸਕਦਾ।

ਬਹੁਗਿਣਤੀ ਵਰਗ ਦੀ ਆਮਦਨ ਘੱਟ ਹੋਣ ਕਰ ਕੇ ਨਵੀਆਂ ਵਸਤੂਆਂ ਬਣਾਉਣ ਦੀ ਲੋੜ ਹੀ ਨਹੀਂ ਰਹਿੰਦੀ। 1929 ਵਿਚ ਦੁਨੀਆ ਭਰ ਵਿਚ ਫੈਲੀ ਬੇਰੁਜ਼ਗਾਰੀ ਸਾਬਿਤ ਕਰਦੀ ਹੈ ਕਿ ਜੇ ਦੇਸ਼ ਦੀ ਸਮੁੱਚੀ ਮੰਗ ਘਟੇਗੀ ਤਾਂ ਬੇਰੁਜ਼ਗਾਰੀ ਵਧੇਗੀ। ਉਸ ਵਕਤ ਦੁਨੀਆ ਭਰ ਵਿਚ ਮੰਦੀ ਆਈ ਸੀ। ਵਸਤੂਆਂ ਵਿਕ ਨਹੀਂ ਸਨ ਰਹੀਆਂ। ਕਾਰਖਾਨੇ ਬੰਦ ਹੋ ਰਹੇ ਸਨ। ਇਸ ਦਾ ਪ੍ਰਭਾਵ ਖੇਤੀ ਵਸਤੂਆਂ ਦੀ ਵਿਕਰੀ 'ਤੇ ਵੀ ਪੈ ਰਿਹਾ ਸੀ। ਉਸ ਵਕਤ ਦੁਨੀਆ ਵਿਚ ਸਮਾਜਵਾਦੀ ਦੇਸ਼ ਸੋਵੀਅਤ ਯੂਨੀਅਨ ਹੀ ਅਜਿਹਾ ਦੇਸ਼ ਸੀ ਜਿਥੇ ਮੰਗ ਨਹੀਂ ਸੀ ਘਟੀ ਅਤੇ ਉਹ ਲਗਾਤਾਰ ਵਿਕਾਸ ਕਰ ਰਿਹਾ ਸੀ। ਦੁਨੀਆ ਭਰ ਦੇ ਦੇਸ਼ਾਂ ਦੀ ਆਰਥਿਕਤਾ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਦੇਸ਼ਾਂ ਵਿਚ ਆਮਦਨ ਨਾ-ਬਰਾਬਰੀ ਹੈ, ਉੱਥੇ ਖੁਸ਼ਹਾਲੀ ਨਹੀਂ; ਉਹ ਮੁਲਕ ਬੇਰੁਜ਼ਗਾਰੀ, ਮਹਿੰਗਾਈ, ਹੜਤਾਲਾਂ ਅਤੇ ਸਮਾਜਿਕ ਬੁਰਾਈਆਂ 'ਚ ਘਿਰੇ ਰਹਿੰਦੇ ਹਨ।

ਕਿਸੇ ਦੇਸ਼ ਦੀ ਖੁਸ਼ਹਾਲੀ ਵਸੋਂ ਵੱਲੋਂ ਵਰਤੀਆਂ ਜਾ ਰਹੀਆਂ ਵਸਤੂਆਂ ਅਤੇ ਸੇਵਾਵਾਂ ਦੀ ਮਾਤਰਾ 'ਤੇ ਨਿਰਭਰ ਕਰਦੀ ਹੈ। ਜੇ ਬਹੁਗਿਣਤੀ ਕੋਲ ਆਮਦਨ ਹੀ ਨਹੀਂ, ਉਹ ਵਸਤੂਆਂ ਅਤੇ ਸੇਵਾਵਾਂ ਕਿਵੇਂ ਖ਼ਰੀਦ ਸਕਦੇ ਹਨ; ਇਸ ਤਰ੍ਹਾਂ ਉਹ ਗਰੀਬੀ ਵਿਚ ਘਿਰੇ ਰਹਿੰਦੇ ਹਨ। ਭਾਰਤ ਮਨੁੱਖੀ ਸਾਧਨਾਂ ਦੀ ਬਹੁਤਾਤ ਵਾਲਾ ਦੇਸ਼ ਹੈ ਪਰ ਜੇ ਉਹ ਮਨੁੱਖੀ ਸਾਧਨ ਬੇਰੁਜ਼ਗਾਰ ਹਨ ਤਾਂ ਉਹ ਨਾ ਵਸਤੂਆਂ ਅਤੇ ਨਾ ਸੇਵਾਵਾਂ ਪੈਦਾ ਕਰ ਸਕਦੇ ਹਨ। ਭਾਰਤ ਵਿਚ ਕਰੋੜਾਂ ਲੋਕ ਵਿਹਲੇ ਰਹਿਣ ਕਰ ਕੇ ਮਨੁੱਖੀ ਸਾਧਨ ਫਜ਼ੂਲ ਜਾਂਦੇ ਹਨ।

ਪ੍ਰਤੱਖ ਬੇਰੁਜ਼ਗਾਰੀ ਤੋਂ ਇਲਾਵਾ ਭਾਰਤ ਵਿਚ ਅਰਧ ਬੇਰੁਜ਼ਗਾਰੀ ਅਤੇ ਲੁਕੀ ਬੇਰੁਜ਼ਗਾਰੀ ਹੈ। ਪੂਰਨ ਰੁਜ਼ਗਾਰ ਲਈ ਸਾਲ ਵਿਚ 300 ਦਿਨ ਅਤੇ ਦਿਨ ਵਿਚ 8 ਘੰਟੇ ਕੰਮ ਕਰਨਾ ਚਾਹੀਦਾ ਹੈ ਪਰ ਭਾਰਤ ਦੀ ਕੋਈ 60 ਫੀਸਦੀ ਵਸੋਂ ਖੇਤੀ ਵਿਚ ਲੱਗੀ ਹੋਈ ਹੈ। ਇਸ ਵਸੋਂ ਵਿਚ ਅਰਧ ਬੇਰੁਜ਼ਗਾਰੀ ਵੀ ਹੈ ਅਤੇ ਲੁਕੀ ਬੇਰੁਜ਼ਗਾਰੀ ਵੀ। ਖੇਤੀ ਕਰਨ ਵਾਲਾ ਖ਼ੁਦ ਨੂੰ ਰੁਜ਼ਗਾਰ 'ਤੇ ਲੱਗਾ ਸਮਝਦਾ ਹੈ, ਭਾਵੇਂ ਉਸ ਦਾ ਦਿਨ ਭਰ ਦਾ ਕੰਮ ਇਕ ਘੰਟਾ ਹੀ ਹੋਵੇ। ਇਸ ਬੇਰੁਜ਼ਗਾਰੀ ਕਾਰਨ ਹੀ ਖੇਤੀ ਵਾਲੀ 60 ਫੀਸਦੀ ਵਸੋਂ ਦਾ ਦੇਸ਼ ਦੀ ਕੁਲ ਆਮਦਨ ਵਿਚ ਸਿਰਫ਼ 14 ਫੀਸਦੀ ਹਿੱਸਾ ਹੈ। ਹੋਰ ਬਦਲਵਾਂ ਕੰਮ ਹੈ ਨਹੀਂ ਜਿਸ ਦੀ ਵੱਡੀ ਵਜ੍ਹਾ ਵੀ ਆਮਦਨ ਨਾ-ਬਰਾਬਰੀ ਹੈ। ਭਾਰਤ ਨੇ ਵਿਕਾਸ ਲਈ ਪੰਜ ਸਾਲਾ ਯੋਜਨਾਵਾਂ ਅਪਨਾਈਆਂ, ਉਨ੍ਹਾਂ ਯੋਜਨਾਵਾਂ ਵਿਚ ਖੇਤੀ ਨੂੰ ਤਰਜੀਹ ਦਿੱਤੀ ਗਈ ਸੀ। ਉਦੋਂ ਖੇਤੀ ਦਾ ਵਿਕਾਸ ਵੀ ਹੋਇਆ ਪਰ ਖੇਤੀ ਤੋਂ ਵਿਹਲੀ ਹੋਈ ਵਸੋਂ ਨੂੰ ਹੋਰ ਪੇਸ਼ਿਆਂ ਵਿਚ ਲਾਉਣਾ ਚਾਹੀਦਾ ਸੀ ਜਿਸ ਤਰ੍ਹਾਂ ਵਿਕਸਤ ਦੇਸ਼ਾਂ ਵਿਚ ਹੋਇਆ ਸੀ ਪਰ ਭਾਰਤ ਵਿਚ ਅਜਿਹਾ ਨਾ ਹੋ ਸਕਿਆ ਸਗੋਂ ਖੇਤੀ ਵਿਚ ਹੋਰ ਵਸੋਂ ਲੱਗਦੀ ਰਹੀ। 1991 ਤੋਂ ਬਾਅਦ ਠੇਕੇ 'ਤੇ ਕਿਰਤੀ ਰੱਖਣ ਕਰ ਕੇ ਕਈ ਕਿਰਤੀਆਂ ਨੂੰ ਸਾਲ ਵਿਚ ਕਾਫ਼ੀ ਸਮਾਂ ਵਿਹਲਾ ਰਹਿਣਾ ਪੈਂਦਾ ਹੈ।

ਇਸ ਦਾ ਹੀ ਸਿੱਟਾ ਹੈ ਕਿ 2015-16 ਤੋਂ ਲੈ ਕੇ 2020-21 ਤੱਕ ਉੱਪਰ ਦੀ ਆਮਦਨ ਵਾਲੀ 20% ਵਸੋਂ ਦੀ ਆਮਦਨ 'ਚ 39% ਦਾ ਵਾਧਾ ਹੋਇਆ ਪਰ ਹੇਠਾਂ ਦੀ ਆਮਦਨ ਵਾਲੀ 20 ਫੀਸਦੀ ਵਸੋਂ ਦੀ ਆਮਦਨ ਵਿਚ 53 ਫੀਸਦੀ ਕਮੀ ਆਈ। ਭਾਰਤ ਵਿਚ ਸਿੱਧਾ ਟੈਕਸ ਦੇਣ ਵਾਲਿਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇਸ ਦੌਰਾਨ ਕਾਰਪੋਰੇਟ ਆਮਦਨ ਟੈਕਸ ਨੂੰ 30 ਫੀਸਦੀ ਤੋਂ ਘਟਾ ਕੇ 25 ਫੀਸਦੀ ਕਰ ਦਿੱਤਾ ਗਿਆ। ਅਜਿਹੀਆਂ ਸਹੂਲਤਾਂ ਹੋਰ ਆਮਦਨ ਨਾ-ਬਰਾਬਰੀ ਪੈਦਾ ਕਰਦੀਆਂ ਹਨ। ਸੋ, ਜਿੰਨਾ ਚਿਰ ਤੱਕ ਆਮਦਨ ਨਾ-ਬਰਾਬਰੀ ਰਹੇਗੀ, ਨਾ ਵਿਕਾਸ ਹੋ ਸਕੇਗਾ, ਨਾ ਖੁਸ਼ਹਾਲੀ ਪੈਦਾ ਹੋ ਸਕੇਗੀ।

# ਮੁਕੰਮਲ ਖੁਸ਼ੀ ਦਾ ਭਰਮ

ਅਸੀਂ ਭਾਵੇਂ ਬੇਸ਼ੁਮਾਰ ਜੰਗਾਂ, ਫ਼ੌਜੀ ਸ਼ਾਸਨ, ਤਾਨਾਸ਼ਾਹੀ ਦੇ ਨਵੇਂ ਰੂਪਾਂ, ਵਧਦੀ ਆਰਥਿਕ ਨਾ-ਬਰਾਬਰੀ, ਜਲਵਾਯੂ ਤਬਦੀਲੀ ਤੇ ਸਮਾਜੀ ਮਾਨਸਿਕ ਵਿਕਾਰਾਂ ਵਾਲੀ ਅੰਨ੍ਹੀ ਹਿੰਸਾ ਦੀ ਸ਼ਿਕਾਰ ਦੁਨੀਆ ਵਿਚ ਰਹਿ ਰਹੇ ਹਾਂ, ਫਿਰ ਵੀ ਖ਼ੁਸ਼ੀ ਲਈ ਸਾਡੀ ਤਲਾਸ਼ ਦਾ ਕੋਈ ਅੰਤ ਨਜ਼ਰ ਨਹੀਂ ਆਉਂਦਾ। ਇਸ ਤੋਂ ਇਲਾਵਾ ਅਜੋਕੇ ਸਮਿਆਂ 'ਚ ਕਿਉਂਕਿ ਸਾਨੂੰ ਚੰਗਾ ਲੱਗਦਾ ਹੈ ਕਿ ਜੀਵਨ ਦਾ ਸਾਰਾ ਹਿਸਾਬ ਸਹੀ ਬੈਠੇ, ਖ਼ੁਸ਼ੀ ਵਰਗੇ ਬੇਹੱਦ ਗੁਣਾਤਮਕ ਤੇ ਅੰਤਰੀਵ ਭਾਵ ਦਾ ਵੀ ਅਸੀਂ ਮਾਪ-ਤੋਲ ਕਰਨ

ਅਵਿਜੀਤ ਪਾਠਕ

ਲੱਗ ਪਏ ਹਾਂ। ਹਰ ਸਾਲ ਸੰਯੁਕਤ ਰਾਸ਼ਟਰ ਦਾ ਟਿਕਾਊ ਵਿਕਾਸ ਬਾਰੇ ਨੈੱਟਵਰਕ ਵੱਖ-ਵੱਖ ਮੁਲਕਾਂ ਦੀ ਦਰਜਾਬੰਦੀ ਕਰਦਾ ਹੈ, ਇਨ੍ਹਾਂ ਨੂੰ 'ਖ਼ੁਸ਼ੀ ਸੂਚਕ ਅੰਕ' ਵਿਚ ਮਾਪਿਆ ਜਾਂਦਾ ਹੈ ਜਿਸ ਦਾ ਆਧਾਰ ਕੁੱਲ ਘਰੇਲੂ ਉਤਪਾਦ, ਜਿਊਣ ਦੀ ਸੰਭਾਵਨਾ, ਸਰਕਾਰ ਜਾਂ ਮੁਲਕ ਦੀ ਸਮਰੱਥਾ, ਸਮਾਜਿਕ ਸਹਾਇਤਾ ਜਾਂ ਕਹਿ ਲਈਏ, ਪਰਉਪਕਾਰੀ ਰਵੱਈਆ ਹੁੰਦਾ ਹੈ। ਫਿਨਲੈਂਡ ਜਿੱਥੇ ਇਸ ਸੂਚੀ ਵਿਚ ਚੋਟੀ 'ਤੇ 'ਸਭ ਤੋਂ ਵੱਧ ਖ਼ੁਸ਼ ਮੁਲਕ' ਬਣਿਆ ਹੋਇਆ ਹੈ, ਉੱਥੇ 'ਵਰਲਡ ਹੈਪੀਨੈੱਸ ਰਿਪੋਰਟ-2024' ਵਿਚ ਭਾਰਤ ਦਾ ਨੰਬਰ 143 ਮੁਲਕਾਂ ਵਿਚੋਂ 126ਵਾਂ ਹੈ।

ਮੈਂ ਸ਼ਾਇਦ ਇਸ ਰਿਪੋਰਟ ਦੀਆਂ ਵਿਸ਼ੇਸ਼ਤਾਵਾਂ ਨੂੰ ਪੂਰੀ ਤਰ੍ਹਾਂ ਖਾਰਜ ਤਾਂ ਨਹੀਂ ਕਰਾਂਗਾ; ਇਸ ਵਿਚ ਕੋਈ ਸ਼ੱਕ ਵੀ ਨਹੀਂ ਹੈ ਕਿ ਆਰਥਿਕ ਸਥਿਰਤਾ ਦਾ ਮੁਨਾਸਿਬ ਪੱਧਰ, ਸਮਾਜਿਕ ਭਲਾਈ ਦੀਆਂ ਸਰਕਾਰੀ ਸਕੀਮਾਂ, ਬਿਹਤਰ ਸਿਹਤ ਸਹੂਲਤਾਂ, ਕੰਮਕਾਜੀ ਸੰਤੁਸ਼ਟੀ, ਆਪਸੀ ਤਾਲਮੇਲ ਵਾਲੇ ਸਮਾਜ ਦੀ ਮੌਜੂਦਗੀ ਅਤੇ ਸਿਆਸੀ ਆਜ਼ਾਦੀ ਰੋਜ਼ਮੱਰਾ ਜ਼ਿੰਦਗੀ ਵਿਚ ਕੁਝ ਹੱਦ ਤੱਕ ਤਸੱਲੀ ਪੈਦਾ ਕਰਦੇ ਹਨ; ਹਾਲਾਂਕਿ ਇਹ ਸਵੀਕਾਰ ਕਰਨਾ ਵੀ ਓਨਾ ਹੀ ਜ਼ਰੂਰੀ ਹੈ ਕਿ ਖ਼ਾਲਸ ਖ਼ੁਸ਼ੀ ਵਰਗਾ ਕੁਝ ਨਹੀਂ ਹੈ ਕਿਉਂਕਿ ਆਨੰਦ ਤੇ ਤਸੱਲੀ ਵਾਲੇ ਸਾਡੇ ਸਭ ਤੋਂ ਬਿਹਤਰੀਨ ਪਲ ਕਿਸੇ ਨਾ ਕਿਸੇ ਕਿਸਮ ਦੀ ਬੇਚੈਨੀ ਵੀ ਨਾਲ ਲੈ ਕੇ ਆਉਂਦੇ ਹਨ। ਜਿਵੇਂ ਸਾਡੇ ਕੋਲ ਜੋ ਕੁਝ ਹੈ, ਉਸ ਨੂੰ ਗੁਆਉਣ ਦਾ ਡਰ ਰਹਿੰਦਾ ਹੈ, ਭਾਵੇਂ ਉਹ ਭੌਤਿਕ ਸੰਪਤੀ ਹੋਵੇ, ਸਰੀਰਕ ਜੀਵਨ ਸ਼ਕਤੀ ਜਾਂ ਸਨੇਹੀਆਂ ਦਾ ਸਾਥ। ਅਸੀਂ ਹਮੇਸ਼ਾ ਸੰਪੂਰਨ ਖ਼ੁਸ਼ੀ ਲੱਭਦੇ ਰਹਿੰਦੇ ਹਾਂ, ਫਿਰ ਵੀ ਇਹ ਸਾਡੇ ਹੱਥ ਨਹੀਂ ਆਉਂਦੀ। ਸਾਡੇ ਸਮਿਆਂ ਵਿਚ ਵੱਡੀ ਗਿਣਤੀ ਲਾਈਫ ਕੋਚਾਂ, ਮੋਟੀਵੇਸ਼ਨਲ ਸਪੀਕਰਾਂ ਤੇ ਅਧਿਆਤਮਕ ਗੁਰੂਆਂ ਨੂੰ ਦੇਖ ਕੇ ਹੈਰਾਨੀ ਨਹੀਂ ਹੁੰਦੀ ਜੋ 'ਖ਼ੁਸ਼ੀ ਅਤੇ ਸਫ਼ਲਤਾ' ਲਈ ਵਾਰ-ਵਾਰ ਸਾਨੂੰ ਕੁਝ 'ਢੰਗ-ਤਰੀਕੇ' ਅਪਨਾਉਣ ਲਈ ਕਹਿੰਦੇ ਹਨ ਜਿਨ੍ਹਾਂ ਵਿਚ ਧਿਆਨ ਦਾ ਅਭਿਆਸ, ਸਾਹ ਲੈਣ ਨਾਲ ਜੁੜੇ ਅਭਿਆਸ, ਚੇਤਨ ਮਨ ਆਦਿ ਸ਼ਾਮਿਲ ਹਨ।

ਉਂਝ, ਇਹ ਜਾਣਨਾ ਜ਼ਰੂਰੀ ਹੈ ਕਿ ਖ਼ੁਸ਼ੀ 'ਸੈਲਫ ਹੈਲਪ' ਪੁਸਤਕਾਂ ਜਾਂ ਆਸ਼ਰਮ ਤੇ ਮੱਠਾਂ ਤੋਂ ਫੌਰੀ ਪ੍ਰਾਪਤ ਹੋਣ ਵਾਲਾ ਕੋਈ ਰੋਗ ਨਿਵਾਰਕ ਕੈਪਸੂਲ ਨਹੀਂ ਹੈ। ਅਸਲ ਵਿਚ ਜੇ ਅਸੀਂ ਸਚਮੁੱਚ ਹੀ ਨਿਮਰ ਭਾਵ ਵਿਚ ਭਿੱਜੇ ਸ਼ਾਂਤ ਤੇ ਸੰਤੁਸ਼ਟ ਸੰਸਾਰ ਨੂੰ ਲੋਚਦੇ ਹਾਂ ਤਾਂ ਸਾਨੂੰ ਸਵੈ ਤੇ ਸੰਸਾਰ ਜਾਂ ਰਾਜਸੀ ਤੇ ਅਧਿਆਤਮਕ ਦੁਨੀਆ ਵਿਚਾਲੇ ਪੁਲ ਉਸਾਰਨਾ ਪਏਗਾ; ਮਸਲਨ, ਉਸ ਸ਼ਖ਼ਸ ਨੂੰ 'ਸਚੇਤ ਮਨ' (ਅਤੀਤ ਦੇ ਮਾੜੇ ਤਜਰਬਿਆਂ ਜਾਂ ਭਵਿੱਖ ਦੀ ਬੇਚੈਨੀ ਬਿਨਾਂ ਵਰਤਮਾਨ 'ਚ ਰਹਿਣ ਦੀ ਸਮਰੱਥਾ) ਦਾ ਪਾਠ ਪੜ੍ਹਾਉਣਾ ਮੂਰਖਤਾ ਹੈ ਜੋ ਭੁੱਖ, ਕੁਪੋਸ਼ਣ ਦਾ ਭੰਨਿਆ ਅਤੇ ਬੇਘਰ ਹੋਵੇ; ਜਾਂ ਫਿਰ ਰੁਜ਼ਗਾਰ ਦੇਣ ਵਾਲਿਆਂ ਵੱਲੋਂ ਲਗਾਤਾਰ ਨਕਾਰੇ ਗਏ ਕਿਸੇ ਬੇਰੁਜ਼ਗਾਰ ਨੌਜਵਾਨ ਨੂੰ ਕੋਈ ਮਸ਼ਹੂਰ 'ਸੈਲਫ ਹੈਲਪ' ਕਿਤਾਬ ਪੜ੍ਹਨ ਲਈ ਕਹਿਣ ਬਾਰੇ ਸੋਚ ਕੇ ਦੇਖੋ। ਉਸ ਨੂੰ ਜੇਕਰ ਤੁਸੀਂ ਅਜਿਹਾ ਕਰਨ ਤੇ ਚੰਗਾ ਅਤੇ ਸਕਾਰਾਤਮਕ ਸੋਚਣ ਲਈ ਕਹੋਗੇ ਤਾਂ ਇਹ ਇੱਕ ਤਰ੍ਹਾਂ ਦਾ ਮਾਨਸਿਕ ਤਸ਼ੱਦਦ ਹੋਵੇਗਾ। ਝੁੱਗੀ ਵਿਚ ਰਹਿਣ ਵਾਲੇ ਜਾਂ ਕਿਸੇ ਬੇਘਰੇ ਨੂੰ 'ਘੱਟੋ-ਘੱਟ ਨਾਲ ਗੁਜ਼ਾਰੇ' ਦਾ ਪਾਠ ਪੜ੍ਹਾਉਣਾ ਵੀ ਓਨਾ ਹੀ ਬੇਹੂਦਾ ਹੈ। ਇਸ ਅੰਤਾਂ ਦੇ ਉੱਚੇ-ਨੀਵੇਂ ਤੇ ਬੇਰਹਿਮ ਸੰਸਾਰ ਦੀਆਂ ਰਾਜਸੀ ਤੇ ਆਰਥਿਕ ਨੀਹਾਂ ਨੂੰ ਬਦਲੇ ਬਿਨਾਂ ਅਸੀਂ ਤਸੱਲੀ ਦੇ ਲੋੜੀਂਦੇ ਪੱਧਰ ਵੱਲ ਨਹੀਂ ਵੱਧ ਸਕਦੇ। ਨਸਲਕੁਸ਼ੀ ਨੂੰ ਆਮ ਹੀ ਸਿੱਧ ਕਰ ਦੇਣ ਦੇ ਮਾਹੌਲ ਵਿਚਾਲੇ ਫ਼ਲਸਤੀਨੀ ਭਲਾ ਕਿਵੇਂ ਖ਼ੁਸ਼ ਰਹਿ ਸਕਦੇ ਹਨ।

ਇਸੇ ਤਰ੍ਹਾਂ ਜੇ ਰੁਜ਼ਗਾਰ ਰਿਪੋਰਟ-2024 ਦੱਸਦੀ ਹੈ ਕਿ ਭਾਰਤ ਦੇ 83 ਪ੍ਰਤੀਸ਼ਤ ਬੇਰੁਜ਼ਗਾਰ, ਨੌਜਵਾਨ ਵਰਗ ਨਾਲ ਸਬੰਧਿਤ ਹਨ ਜਾਂ ਜਿਵੇਂ ਖੋਜ ਪੱਤਰ 'ਦਿ ਰਾਈਜ਼ ਆਫ ਬਿਲੀਅਨੇਅਰ ਰਾਜ' ਵਿਚ ਖੁਲਾਸਾ ਹੋਇਆ ਹੈ ਕਿ ਭਾਰਤ ਦੇ ਉਪਰਲੇ ਇੱਕ ਪ੍ਰਤੀਸ਼ਤ ਲੋਕਾਂ ਕੋਲ 40 ਪ੍ਰਤੀਸ਼ਤ ਸੰਪਤੀ ਹੈ ਤਾਂ ਇਕ ਔਸਤ ਭਾਰਤੀ ਦੇ ਦਰਦ, ਡਰ, ਤਣਾਅ ਤੇ ਦੁੱਖ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ। ਸਾਡੇ ਕੋਲ ਭਾਵੇਂ ਮੁਕਤੀ ਦੇ ਵੱਖੋ-ਵੱਖਰੇ ਰਾਹ ਦਿਖਾਉਣ ਵਾਲੇ ਹਜ਼ਾਰਾਂ ਬਾਬੇ ਤੇ ਗੁਰੂ ਹਨ, ਫਿਰ ਵੀ ਕੌੜੀ ਸਚਾਈ ਇਹੀ ਹੈ ਕਿ ਸਾਡਾ ਮੁਲਕ ਨਾਖ਼ੁਸ਼ ਅਤੇ ਉਦਾਸ ਮੁਲਕ ਹੈ। ਸ਼ਾਇਦ ਸਾਡੇ ਸਮਾਜ ਦੀ ਸਿਆਸੀ/ਆਰਥਿਕ ਮੁੜ ਉਸਾਰੀ ਤੋਂ ਬਿਨਾਂ ਅਸੀਂ ਅਜਿਹਾ ਸਮਾਜਿਕ ਵਾਤਾਵਰਨ ਨਹੀਂ ਸਿਰਜ ਸਕਦੇ ਜੋ ਸੰਤੁਸ਼ਟ ਲੋਕਾਈ ਦੇ ਵਿਕਾਸ ਲਈ ਨਿਆਂ ਸੰਗਤ ਤਰੀਕੇ ਨਾਲ ਸਾਜ਼ਗਾਰ ਹੋਵੇ।

ਇੱਥੇ ਮੈਂ ਇਹ ਸੁਝਾਅ ਨਹੀਂ ਦੇ ਰਿਹਾ ਕਿ ਮੈਂ ਆਤਮ-ਵਿਸ਼ਲੇਸ਼ਣ ਦੀ ਅਹਿਮੀਅਤ ਜਾਂ ਅਰਥਪੂਰਨ, ਟਿਕਾਊ ਤੇ ਦਯਾ ਭਾਵ ਨਾਲ ਭਰਪੂਰ ਜੀਵਨ ਜਿਊਣ ਲਈ ਅੰਦਰੂਨੀ ਠਹਿਰਾਅ ਦੀ ਲੋੜ ਨੂੰ ਨਕਾਰਦਾ ਹਾਂ। ਆਰਥਿਕ ਸੁਰੱਖਿਆ ਤੇ ਰਾਜਨੀਤਕ ਆਜ਼ਾਦੀ ਦਾ ਢੁਕਵਾਂ ਪੱਧਰ ਸਾਡੀ ਰੋਜ਼ਮੱਰ੍ਹਾ ਜ਼ਿੰਦਗੀ ਨੂੰ ਕੁਝ ਹੱਦ ਤੱਕ ਸੁਖੀ ਬਣਾਉਂਦਾ ਹੈ। ਜੀਵਨ ਨੂੰ 'ਪਵਿੱਤਰ' ਕੀਤੇ ਬਿਨਾਂ ਵਧੇਰੇ ਅਰਥਪੂਰਨ ਤੇ ਸ਼ਾਂਤੀਪੂਰਨ ਅਹਿਸਾਸ (ਜ਼ਰੂਰੀ ਨਹੀਂ ਕਿ ਸੰਪੂਰਨ 'ਖ਼ੁਸ਼ੀ' ਦੀ ਸਥਿਤੀ) ਵੱਲ ਨਹੀਂ ਵਧਿਆ ਜਾ ਸਕਦਾ। ਮਸਲਨ, ਇਹ ਧਾਰਮਿਕਤਾ ਜਾਂ ਪਵਿੱਤਰਤਾ ਜਿਊਣ ਦੀ ਅਜਿਹੀ ਕਲਾ ਵਿਕਸਿਤ ਕਰਨ ਬਾਰੇ ਹੈ ਜੋ ਖਪਤਵਾਦ ਤੋਂ ਦੂਰ ਹੋਵੇ। ਇਸ ਸਭ ਲਈ ਭੋਜਨ, ਵਸੇਬੇ, ਸਿੱਖਿਆ, ਰਾਜਨੀਤਕ ਆਜ਼ਾਦੀ ਤੇ ਕੰਮਕਾਰ ਜਿਹੀਆਂ ਬੁਨਿਆਦੀ ਲੋੜਾਂ ਨੂੰ ਬੇਕਾਬੂ ਲਾਲਚ ਦੇ ਵਾਇਰਸ ਤੋਂ ਵੱਖਰਾ ਕਰਨਾ ਪਏਗਾ- ਉਹ ਲਾਲਚ ਜਿਸ ਨੂੰ ਮੰਡੀ ਆਧਾਰਿਤ ਸਮਾਜ ਨੇ ਆਮ ਵਰਤਾਰਾ ਬਣਾ ਦਿੱਤਾ ਹੈ।

ਹਾਂ, ਅਜਿਹੇ ਸਮਾਜ ਵਿਚ ਖ਼ੁਸ਼ੀ ਲਈ ਕੋਈ ਥਾਂ ਨਹੀਂ ਹੈ ਜਿਹੜਾ ਬੇਲੋੜੀ ਖ਼ਪਤ ਦੇ ਸਿਧਾਂਤਾਂ ਨੂੰ ਤਰਜੀਹ ਦਿੰਦਾ ਹੈ ਜਾਂ ਨਿੱਤ ਨਵੇਂ ਆ ਰਹੇ ਉਤਪਾਦਾਂ ਲਈ ਲਲਚਾਉਂਦਾ ਹੈ ਅਤੇ ਨਵ-ਉਦਾਰਵਾਦੀ ਮੰਡੀ ਦੀਆਂ ਨਵੀਆਂ ਕਾਢਾਂ ਨੂੰ ਲਗਾਤਾਰ ਅਪਨਾਉਂਦਾ ਹੈ। ਇਹ ਤਾਂਘ, ਸਕੂਨ ਤੇ ਚੈਨ ਨੂੰ ਭੰਗ ਕਰਦੀ ਹੈ; ਤੇ ਉਲਟਾ ਈਰਖਾ, ਬੇਚੈਨੀ ਤੇ ਪੱਛੜਨ ਦਾ ਸਦੀਵੀ ਡਰ ਪੈਦਾ ਕਰਦੀ ਹੈ। ਇਸੇ ਤਰ੍ਹਾਂ ਖ਼ੁਦ 'ਚ ਨਾਤੇਦਾਰੀ ਦੀ ਕਲਾ ਵਿਕਸਿਤ ਕਰਨਾ ਵੀ ਓਨਾ ਹੀ ਜ਼ਰੂਰੀ ਹੈ; ਅਜਿਹਾ ਅਪਣਾਪਨ ਜੋ ਬਿਲਕੁਲ ਆਮ ਜਿਹੀਆਂ ਚੀਜ਼ਾਂ 'ਚ ਭਰਪੂਰ ਖ਼ੁਸ਼ੀ ਲੱਭ ਸਕੇ, ਜਿਵੇਂ ਕਿਸੇ ਗੁੱਝੇ ਮਕਸਦ ਬਿਨਾਂ ਕਿਸੇ ਦੋਸਤ ਨੂੰ ਮਿਲਣਾ ਜਾਂ ਕਿਸੇ ਪਹਾੜੀ ਇਲਾਕੇ ਦੀ ਸੈਰ ਕਰਨੀ ਤੇ ਅਨੰਤ ਦੀ ਝਲਕ ਦਾ ਆਨੰਦ ਮਾਨਣਾ।

ਜੀਵਨ ਦੀ ਸ਼ੁੱਧਤਾ ਲਈ ਹੋਂਦ ਦੇ ਵਿਰਾਸਤੀ ਅਵਸਾਦ ਨੂੰ ਸਵੀਕਾਰਨ ਦੀ ਲੋੜ ਹੈ। ਇਹ ਇਵੇਂ ਮੰਨਣ ਵਾਂਗ ਹੈ ਕਿ ਸਾਰਾ ਕੁਝ ਸਾਡੇ ਕੰਟਰੋਲ ਵਿਚ ਨਹੀਂ ਹੈ। ਜਿਸ ਚੀਜ਼ ਨੂੰ ਵੀ ਅਸੀਂ ਫੜ ਕੇ ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਉਹ ਕੱਚੀ ਤੇ ਅਸਥਾਈ ਹੈ। ਗੂੜ੍ਹ ਘਟਨਾਵਾਂ ਅਤੇ ਤ੍ਰਾਸਦੀਆਂ ਅਚਾਨਕ ਸਾਡੀ ਹੋਂਦ ਨੂੰ ਤੋੜ ਸਕਦੀਆਂ ਹਨ; ਤੇ ਕੋਈ ਵੀ ਮੌਤ ਦੇ ਸੱਚ ਤੋਂ ਬਚ ਨਹੀਂ ਸਕਦਾ, ਜੋ ਆਖ਼ਰ ਵਿਚ ਸਾਡੀ ਫੁੱਲੀ ਹੋਈ ਹਉਮੈ ਨੂੰ ਮਨਫ਼ੀ ਕਰੇਗੀ। ਸ਼ਾਇਦ ਇਹ ਅਹਿਸਾਸ, ਕੁੜੱਤਣ ਭਰਨ ਦੀ ਬਜਾਇ ਇਸ ਦੁਨਿਆਵੀ ਹੋਂਦ ਤੋਂ ਪਾਕ ਹੰਝੂਆਂ ਨਾਲ ਸਾਨੂੰ ਪਾਰ ਲੰਘਾਏਗਾ।

# ਉਜੜ ਜਾਓ ਦਾ ਮਹਾਤਮ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਉਜੜਨਾ ਕਹਿਰ ਵੀ ਅਤੇ ਕਰਾਮਾਤ ਵੀ। ਢਲਦੀ ਸ਼ਾਮ ਵੀ ਅਤੇ ਪ੍ਰਭਾਤ ਵੀ। ਹੋਣੀ ਵੀ ਅਤੇ ਸੁਗਾਤ ਵੀ। ਜੁਰਮ ਵੀ ਅਤੇ ਜ਼ਜ਼ਬਾਤ ਵੀ। ਹੰਝੂ ਅਤੇ ਹਾਲਾਤ ਵੀ। ਮਕਾਣ ਵੀ ਅਤੇ ਬਾਰਾਤ ਵੀ। ਛਿੰਨ-ਭੰਗਰਾ ਵੀ ਅਤੇ ਜਨਮ-ਜਾਤ ਵੀ।

ਉਜੜਨਾ, ਹਾਲਾਤ ਦਾ ਤਕਾਜ਼ਾ। ਸਬੰਧਾਂ ਦਾ ਬਿਫ਼ਰਨਾ। ਸਰੋਕਰਾਂ ਦਾ ਸੰਕੋਚਨਾ। ਰਿਸ਼ਤਿਆਂ ਦੀ ਕੁੜੱਤਣ। ਮਾਨਸਿਕ ਦਵੰਦ। ਆਰਥਿਕ ਮਜ਼ਬੂਰੀ। ਭਾਵਨਾਤਮਿਕ ਸੱਟ। ਆਪਣਿਆਂ ਦਾ ਫਰੇਬ। ਸਕਿਆਂ ਦਾ ਸ਼ੱਕ। ਕਬਰ ਹੋ ਜਾਣ ਦਾ ਭੈਅ ਅਤੇ ਸੁਪਨਿਆਂ ਦਾ ਮਾਤਮ ਆਦਿ 'ਤੇ ਵੀ ਨਿਰਭਰ।

ਉਜੜਨਾ, ਔਖਾ, ਅਣਹੋਣੀ, ਅਸਹਿ, ਅਕਹਿ ਅਤੇ ਅਮਾਨਵੀ ਵਰਤਾਰਾ। ਔਕੜਾਂ ਭਰੀ ਵਾਟ ਅਤੇ ਅੰਤਰੀਵੀ ਦਰਦ।

ਉਜੜਨਾ, ਆਪਣਿਆਂ ਤੋਂ ਅਤੇ ਆਪਣੇ ਆਪ ਤੋਂ ਦੂਰੀ। ਘਰਾਂ ਤੇ ਖੇਤਾਂ ਤੋਂ ਫ਼ਾਸਲਾ। ਬਚਪਨੀ ਦਿਨਾਂ ਦੀ ਯਾਦਾਂ ਅਤੇ ਯਾਰਾਂ ਤੋਂ ਵਿਦਾਈ। ਪਿੰਡ ਦੀਆਂ ਗਲੀਆਂ ਤੇ ਸੱਥਾਂ ਤੋਂ ਵਿੱਥ। ਬਜ਼ੁਰਗਾਂ ਦੀਆਂ ਝਿੜਕਾਂ ਅਤੇ ਅਸੀਸਾਂ ਤੋਂ ਮਹਿਰੂਮਤਾ। ਪਿੰਡ ਦੀ ਮਿੱਟੀ ਦੀ ਮਹਿਕ ਤੋਂ ਵਿਦਾਇਗੀ।

ਉਜੜਨਾ, ਮਨੁੱਖੀ ਫ਼ਿਤਰਤ। ਇਸਨੂੰ ਸਕਾਰਤਮਿਕ ਜਾਂ ਨਕਾਤਰਮਿਕ ਰੂਪ ਵਿਚ ਲੈਣਾ, ਇਹ ਮਨੁੱਖੀ ਸੁਭਾਅ 'ਤੇ ਨਿਰਭਰ। ਉਜੜਨ ਦੇ ਸਤਹੀ ਅਰਥ ਨਹੀਂ ਹੁੰਦੇ। ਇਸਨੂੰ ਸਮਝਣ ਲਈ ਸਾਨੂੰ ਇਸਦੀ ਅੰਤਰੀਵ ਅਰਥਾਂ ਤੀਕ ਉਤਰਨਾ ਅਤੇ ਇਸਦੀਆਂ ਤਹਿਆਂ ਨੂੰ ਫਰੋਲਣਾ ਪੈਣਾ।

ਜਦ ਕੋਈ ਇਕ ਥਾਂ ਤੋਂ ਉਜੜਦਾ ਤਾਂ ਉਹ ਦੂਸਰੀ ਥਾਂ ਤੇ ਵੱਸਦਾ। ਇਕ ਜਗਾ ਨੂੰ ਛੱਡਦਾ ਪਰ ਦੂਸਰੀ ਥਾਂ ਨੂੰ ਅਪਣਾਉਂਦਾ। ਸਿਰਫ਼ ਥਾਂ ਹੀ ਬਦਲਦੀ। ਆਖਰ ਤਾਂ ਮਨੁੱਖ ਨੇ ਧਰਤੀ ਤੇ ਹੀ ਰਹਿਣਾ। ਹੋ ਸਕਦਾ ਕਿ ਕਿਸੇ ਮਿੱਟੀ, ਸਥਾਨ ਜਾਂ ਸਮਾਜਿਕ ਦਾਇਰੇ ਦੀ ਤਾਸੀਰ ਉਸਦੇ ਰਾਸ ਨਾ ਆਵੇ ਤਾਂ ਉਹ ਇਕ ਥਾਂ ਤੋਂ ਦੂਸਰੇ ਕਿਨਾਰੇ ਨੂੰ ਤੁਰ ਪੈਂਦਾ।

ਕਈ ਵਾਰ ਤਾਂ ਉਜੜਨਾ ਜ਼ਰੂਰੀ ਹੁੰਦਾ ਹੈ ਨਵੇਂ ਸੁਪਨਿਆਂ ਦੀ ਪੂਰਤੀ, ਨਵੀਆਂ ਸੰਭਾਵਨਾਵਾਂ ਨੂੰ ਤਲਾਸ਼ਣ, ਨਵੀਆਂ ਮੰਜ਼ਲਾਂ ਦੀ ਭਾਲ ਕਰਨ ਜਾਂ ਨਵੀਆਂ ਰਾਹਾਂ ਤੇ ਆਪਣੀਆਂ ਪੈੜਾਂ ਦੇ ਨਿਸ਼ਾਨ ਉਕਰਨ ਲਈ।

ਉਜੜਨਾ, ਪੰਜਾਬੀਆਂ ਦੀ ਕਿਸਮਤ। ਕਦੇ ਪਾਕਿਸਤਾਨ ਤੋਂ ਉਜਾੜਾ, ਕਦੇ ਬਾਰ ਚੋਂ, ਕਦੇ ਆਪਣੇ ਹੀ ਘਰਾਂ 'ਚੋਂ ਆਪਣੀ ਮਰਜ਼ੀ ਨਾਲ ਅਤੇ ਕਦੇ ਜ਼ਬਰਦਸਤੀ। ਪੰਜਾਬ ਤਾਂ ਹੁਣ ਵੀ ਉਜੜ ਰਿਹਾ ਭਾਵੇਂ ਬੇਰੁਜ਼ਗਾਰੀ ਦੀ ਮਜ਼ਬੂਰੀ ਹੋਵੇ, ਵਿਗੜੀ ਤੇ ਉਲਝੀ ਸਮਾਜਿਕ ਬਣਤਰ, ਰਾਜਸੀ ਅਤੇ ਸਰਕਾਰੀ ਤੰਤਰ ਵਿਚ ਪੈਦਾ ਹੋਇਆ ਵਿਗਾੜ ਅਤੇ ਜਾਂ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੀ ਚਿੰਤਾ ਹੋਵੇ। ਪਰ ਇਹੀ ਉਜੜਨਾ ਜਿਥੇ ਪੰਜਾਬ ਦੀ ਬਰਬਾਦੀ ਦਾ ਸਬੱਬ ਹੈ, ਉਥੇ ਪੰਜਾਬ ਤੋਂ ਬਾਹਰ ਜਾਣ ਵਾਲਿਆਂ ਲਈ ਨਵੇਂ ਮੌਕਿਆਂ ਦੀ ਪ੍ਰਾਪਤੀ, ਨਵੀਆਂ ਰਾਹਾਂ ਦੀ ਖੋਜ, ਨਵੀਆਂ ਉਪਲਬਧੀਆਂ ਦਾ ਦਰ ਖੁੱਲਣਾ, ਨਵੇਂ ਮੁਕਾਮ ਸਿਰਜਣ ਦੀ ਚਾਹਨਾ ਅਤੇ ਨਵੀਆਂ ਬੁਲੰਦੀਆਂ ਨਾਲ ਪੰਜਾਬੀਆਂ ਦੀ ਵਿਲੱਖਣਤਾ ਨੂੰ ਚਾਰ ਚੰਨ ਲਾਉਣ ਦਾ ਅਹਿਦ ਵੀ ਹੈ।

ਯਾਦ ਰਹੇ ਕਿ ਕਦੇ ਲੋਕ ਆਪ ਉਜੜਦੇ, ਪਰ ਕਦੇ ਉਜਾੜੇ ਜਾਂਦੇ। ਕਦੇ ਉਹ ਆਪਣਿਆਂ ਤੋਂ ਦੂਰ ਹੋ ਜਾਂਦੇ ਪਰ ਕਈ ਵਾਰ ਇਹੀ ਉਜਾੜਾ ਆਪਣਿਆਂ ਦੇ ਕਰੀਬ ਵੀ ਲਿਆਉਂਦਾ।

ਦਰਅਸਲ ਪਹਿਲੀ ਨਜ਼ਰੇ ਉਜੜਨਾ ਬਹੁਤ ਹੀ ਤਕਲੀਫ਼ ਦੇਹ। ਕਦੇ ਪਾਕਿਸਤਾਨ ਤੋਂ ਉਜੜ ਕੇ ਆਏ ਪੰਜਾਬੀਆਂ ਦੀ ਛੱਡ ਆਏ ਪਿੰਡ ਨੂੰ ਮਿਲਣ ਦੀ ਹਿਰਸ ਨੂੰ ਹੰਝੂਆਂ ਵਿਚ ਵਹਿੰਦੀ ਦੇਖਣਾ ਜਾਂ ਉਹ ਚਾਹੁੰਦਿਆਂ ਵੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਲਾਹੌਰ ਜਾਂ ਆਪਣੇ ਬਚਪਨ ਦੇ ਸਾਥੀਆਂ ਨੂੰ ਮਿਲਣ ਦੀ ਤਮੰਨਾ ਨੂੰ ਕਤਲ ਕਰਨ ਲਈ ਮਜ਼ਬੂਰ ਹੁੰਦੇ ਦੇਖਣਾ। ਉਨ੍ਹਾਂ ਦੇ ਮਨਾਂ ਦੀ ਕੀ ਹਾਲਾਤ ਹੁੰਦੀ ਹੋਵੇਗੀ ਜਦ ਉਹ ਲਾਹੌਰ ਜਾਂ ਕਸੂਰ ਦੀਆਂ ਗਲੀਆਂ ਨੂੰ ਗਾਹੁਣ ਦੀ ਲੋਚਾ ਨੂੰ ਹੱਥੀਂ ਦਫ਼ਨਾਉਂਦੇ ਹੋਣਗੇ। ਪੁਰਾਣੇ ਘਰ, ਖੇਤਾਂ ਤੇ ਖੂਹਾਂ ਦੀਆਂ ਯਾਦਾਂ ਤਾਂ ਬਹੁਤ ਹੀ ਸਤਾਉਂਦੀਆਂ ਹੋਣਗੀਆਂ। ਇਹ ਦਰਦ ਉਹੀ ਜਾਣ ਸਕਦੈ ਜਿਸਨੇ ਇਸ ਦਰਦ ਨੂੰ ਆਪਣੇ ਦਿਲ ਵਿਚ ਪਾਲਿਆ ਅਤੇ ਹੰਢਾਇਆ ਹੋਵੇ।

ਉਜੜਨਾ, ਸਿਰਫ਼ ਜਿਸਮਾਨੀ ਹੀ ਨਹੀਂ ਹੁੰਦਾ। ਮਾਨਸਿਕ, ਭਾਵਨਾਤਮਕ ਅਤੇ ਸੁਹਜਾਤਮਕ ਉਜੜਨਾ, ਰੂਹ ਵਿਚੋਂ ਕਦੇ ਵੀ ਮਨਫ਼ੀ ਨਹੀਂ ਹੁੰਦਾ। ਬਾਹਰਲਾ ਉਜਾੜਾ ਤਾਂ ਅਗਲੀ ਪੀੜ੍ਹੀ ਨੂੰ ਯਾਦ ਨਹੀਂ ਰਹਿਣਾ, ਕੁਝ ਸਮੇਂ ਬਾਅਦ ਭੁੱਲ ਵੀ ਜਾਵੇਗਾ ਪਰ ਅੰਦਰਲੀ ਚਸਕ ਦਾ ਬੰਦਾ ਕੀ ਕਰੇ।

ਇਕੱਲਾ ਬੰਦਾ ਹੀ ਨਹੀਂ ਉਜੜਦਾ, ਸਗੋਂ ਉਸਦਾ ਪਰਿਵਾਰ, ਸਮਾਜ ਅਤੇ ਉਸਦਾ ਸਮੁੱਚਾ ਦਾਇਰਾ ਹੀ ਉਜੜ ਜਾਂਦਾ। ਉਜੜਦੇ ਨੇ ਉਸਦੇ ਸੁਪਨੇ, ਸੰਵੇਦਨਾ, ਸੰਤੋਖ, ਸਬੰਧ, ਸਹਿਣਸ਼ੀਲਤਾ, ਸਾਧਨ ਅਤੇ ਕਈ ਵਾਰ ਸਮਰੱਥਾ ਵੀ।

ਉਜੜਨਾ, ਹਮੇਸ਼ਾ ਬਹੁਤ ਹੀ ਡੂੰਘੇ ਜਖ਼ਮ ਦਿੰਦਾ ਭਾਵੇਂ ਇਹ ਪਿੰਡੇ ਦੇ ਹੋਣ, ਦਿਲ ਦੇ, ਮਨਾਂ ਦੇ, ਰੂਹ ਦੇ ਅਤੇ ਕੁਝ ਅਣਦਿਸਦੇ ਜਖ਼ਮ ਵੀ ਹੁੰਦੇ ਜਿਹੜੇ ਬਾਹਰੋਂ ਤਾਂ ਭਰੇ ਲੱਗਦੇ, ਪਰ ਸਾਰੀ ਹਯਾਤੀ ਰਿੱਸਦੇ, ਚਸਕਦੇ ਪਰ ਕਦੇ ਨਾ ਭਰਦੇ।

ਉਜੜਿਆ ਹੋਇਆ ਬੰਦਾ ਨਾ ਮਰਦਾ, ਨਾ ਹੀ ਜਿਉਂਦਾ ਅਤੇ ਨਾ ਹੀ ਹੱਸਦਾ ਸਗੋਂ ਅੰਦਰ ਨੂੰ ਰੁਆਉਂਦਾ। ਉਸ ਕੋਲੋਂ ਗੁੰਮ ਜਾਂਦਾ ਜ਼ਿੰਦਗੀ ਦਾ ਜਸ਼ਨ ਅਤੇ ਸਿਰਫ਼ ਰਹਿ ਜਾਂਦਾ ਸਿੱਸਕੀਆਂ ਦਾ ਸਾਥ।

ਜੇ ਦੇਖਣੇ ਨੇ ਰੰਗ ਕਿਤੇ ਉਜੜੀਆਂ ਰੁੱਤਾਂ ਦੇ।

ਤਾਂ ਸੁਣੀ ਦੁੱਖੜੇ ਮੁੱਖ ਤੇ ਉਕਰੀਆਂ ਚੁੱਪਾਂ ਦੇ।

ਖੋੜਾਂ 'ਚ ਪੰਛੀ ਤਾਂ ਅਕਸਰ ਚਹਿਕਦੇ ਹੀ ਹੁੰਦੇ,

ਕਦੇ ਨੇੜੇ ਹੋ ਕੇ ਵੀ ਸੁਣੇ ਆ ਦੁੱਖ ਰੁੱਖਾਂ ਦੇ।

ਜਦ ਕੋਈ ਬੱਦਲੀ ਅੰਬਰ ਤੇ ਅਚਨਚੇਤੀ ਛਾ ਜਾਏ,

ਤਾਂ ਦੇਖਣਾ ਕਦੇ ਕਿਵੇਂ ਰੰਗ ਉਡ ਜਾਂਦੇ ਧੁੱਪਾਂ ਦੇ।

ਤੈਨੂੰ ਦਿੱਸਦਾ ਕਿ ਉਹ ਸਾਰੀ ਉਮਰ ਸਫ਼ਰ ਤੇ ਰਿਹਾ

ਕਦੇ ਕੋਲ ਹੋ ਕੇ ਦੇਖਿਆ ਨਾ ਕੀ ਹਾਲ ਹੋਏ ਖੁੱਚਾਂ ਦੇ।

ਉਹ ਤਾਂ ਡਕਾਰ ਮਾਰ ਕੇ ਨਹੀਂ ਕਿਸੇ ਨੂੰ ਪਛਾਣਦੇ

ਕੌਣ ਪੀੜ ਸਮਝੇ ਕੱਟੇ ਦਸੌਂਧੇ ਤੇ ਕੱਟੀਆਂ ਭੁੱਖਾਂ ਦੇ।

ਯਾਦ ਰਹੇ ਕਿ ਉਜੜਨਾ ਹਮੇਸ਼ਾ ਸੋਗ ਹੀ ਨਹੀਂ ਸਗੋਂ ਕਈ ਵਾਰ ਵਰਦਾਨ ਵੀ ਹੁੰਦਾ। ਜਦ ਕੋਈ ਉਜੜਦਾ ਤਾਂ ਉਸਨੂੰ ਆਪਣੀ ਸਮਰੱਥਾ ਦੀ ਪਛਾਣ ਹੁੰਦੀ। ਖ਼ੁਦ ਤੇ ਭਰੋਸਾ ਕਰਨ ਦਾ ਵੱਲ ਆਉਂਦਾ। ਨਵੇਂ ਰੂਪ ਵਿਚ ਖ਼ੁਦ ਦੀ ਪੁਨਰ-ਸਿਰਜਣਾ ਕਰਦਾ ਅਤੇ ਇਕ ਨਵੇਂ ਮਨੁੱਖ ਦੇ ਰੂਪ ਵਿਚ ਪ੍ਰਗਟ ਹੁੰਦਾ। ਉਸ ਲਈ ਨਵੇਂ ਹਾਲਾਤਾਂ ਅਤੇ ਚੁਣੌਤੀਆਂ ਵਿਚੋਂ ਉਭਰਨਾ, ਜੀਵਨ-ਮਰਨ ਦਾ ਸਵਾਲ ਬਣ ਜਾਂਦਾ। ਉਹ ਅਣਮਿਥੀਆਂ ਮੰਜਲ਼ਾਂ ਦੀ ਪ੍ਰਾਪਤੀ ਕਰਨ ਲਈ, ਅਣਦਿਸਦੇ ਸੰਸਾਰ ਦੇ ਦੀਦਾਰੇ ਕਰਦਿਆਂ, ਨਵੀਆਂ ਥਾਵਾਂ ਤੇ ਕੁਝ ਨਿਵੇਕਲਾ ਅਤੇ ਨਰੋਇਆ ਕਰਨ ਦੇ ਚਾਅ ਨਾਲ ਭਰਪੂਰ ਹੁੰਦਾ। ਇਹ ਚਾਅ ਫਿਰ ਵੱਖਰੀ ਪਛਾਣ ਦਾ ਪੈਮਾਨਾ ਨਿਰਧਾਰਤ ਕਰਦਾ।

ਉਜੜਨਾ, ਨਵੇਂ ਦਾਇਰਿਆਂ, ਦਿਸਹੱਦਿਆਂ, ਦ੍ਰਿਸ਼ਟੀਕੋਣ ਅਤੇ ਦਰਵਾਜਿਆਂ ਤੇ ਦਿੱਤੀ ਹੋਈ ਦਸਤਕ। ਇਸਨੇ ਨਵੀਂ ਦਿੱਬ-ਦ੍ਰਿਸ਼ਟੀ ਰਾਹੀਂ ਨਵੇਂ ਦਿੱਸਹੱਦਿਆਂ ਨੂੰ ਆਪਣੇ ਨਾਵੇਂ ਕਰਨਾ ਹੁੰਦਾ। ਪਾਕਿਸਤਾਨ ਤੋਂ ਉਜੜ ਕੇ ਆਏ ਪੰਜਾਬੀਆਂ ਦੀਆਂ ਮਾਰੀਆਂ ਮੱਲਾਂ ਇਸਦੀ ਗਵਾਹ ਹਨ ਕਿ ਕਿਵੇਂ ਉਜੜ ਕੇ ਫਿਰ ਨਵਾਂ ਸੰਸਾਰ ਵਸਾਇਆ ਜਾ ਸਕਦਾ। ਅਕਸਰ ਹੀ ਅਸੀਂ ਛੋਟੇ ਹੁੰਦੇ ਦੇਖਦੇ ਸਾਂ ਕਿ ਹੜਾਂ ਕਾਰਨ ਕੱਚੇ ਘਰ ਅਤੇ ਫਸਲਾਂ ਤਬਾਹ ਹੋ ਜਾਣੀਆਂ ਪਰ ਸਾਡੇ ਬਜ਼ੁਰਗਾਂ ਉਜੜਨ ਤੋਂ ਬਾਅਦ ਨਵੇਂ ਵਸੇਬੇ ਲਈ ਦੇਰ ਨਹੀਂ ਸੀ ਲਾਉਂਦੇ।

ਕਮਰੇ ਵਿਚ ਬੰਦ ਮਹਿਕ ਹਮੇਸ਼ਾ ਹੁੱਸੜ ਜਾਂਦੀ। ਇਸ ਲਈ ਇਸਦਾ ਬਾਹਰ ਨਿਕਲਣਾ ਅਤੇ ਫ਼ਿਜ਼ਾ ਨੂੰ ਸੁਗੰਧਤ ਕਰਨਾ ਜ਼ਰੂਰੀ ਹੁੰਦਾ। ਇਸ ਨਾਲ ਮਹਿਕੀ ਫ਼ਿਜ਼ਾ ਵਿਚ ਮਹਿਕ ਵੀ ਜਿਊਣ-ਜੋਗੀ ਹੋ ਜਾਂਦੀ।

ਉਜੜੀਂ ਜ਼ਰੂਰ ਪਰ ਇਹ ਉਜੜਨਾ ਤੁਹਾਡੇ ਅਤੇ ਨਵੇਂ ਵਸੇਬੇ ਲਈ ਰਹਿਮਤ ਹੋਵੇ। ਕਦੇ ਵੀ ਉਜੜਨਾ ਕਿਆਮਤ ਨਾ ਹੋਵੇ ਕਿਉਂਕਿ ਕਿਆਮਤ ਨੂੰ ਕਹਿਰ ਬਣਦਿਆਂ ਬਹੁਤੀ ਦੇਰ ਨਹੀਂ ਲੱਗਦੀ।

ਬਹੁਤ ਘੱਟ ਲੋਕ ਆਪ ਉਜੜਦੇ। ਜ਼ਿਆਦਾਤਰ ਉਜਾੜੇ ਜਾਂਦੇ। ਉਜੜਨਾ ਜਦ ਮਜ਼ਬੂਰੀ ਬਣ ਜਾਵੇ ਤਾਂ ਬੰਦਾ ਕੀ ਕਰੇ? ਕੀ ਜਿਉਂਦੇ ਜੀਅ ਮਰੇ? ਜਾਂ ਜਿਉਣ ਦਾ ਕੋਈ ਹੋਰ ਆਹਰ ਕਰੇ? ਆਪਣੇ ਹੱਥੀ ਆਪਣੀ ਰੂਹ ਦਾ ਕਤਲ ਕਰੇ? ਜਾਂ ਮਰੀ ਜ਼ਮੀਰ ਨੂੰ ਸਮੇਂ ਦਾ ਹਾਣੀ ਕਰੇ? ਸਜ਼ਾ-ਜਾਫ਼ਤਾ ਹੋ ਕੇ ਆਖਰੀ ਸਾਹ ਦੀ ਉਡੀਕ ਕਰੇ? ਜਾਂ ਖੁੱਲੀ ਹਵਾ ਵਿਚ ਸਾਹ ਲੈਣ ਲਈ ਹਰ ਉਦਮ ਕਰੇ? ਸਾਹਾਂ ਦੀ ਧੂਣੀ 'ਚ ਧੁੱਖ ਧੁੱਖ ਕੇ ਮਰੇ ਜਾਂ ਬਾਕੀ ਬਚੇ ਸਾਹਾਂ ਵਿਚ ਮਹਿਕ ਭਰੇ।

ਕਈ ਵਾਰ ਉਜੜਨਾ ਸਵੈ ਵੀ ਹੁੰਦਾ। ਯੋਗੀ, ਸਾਧੂ, ਸੰਨਿਆਸੀ ਅਤੇ ਫ਼ਕੀਰ ਸਵੈ ਦੀ ਖੋਜ ਲਈ ਸਮਾਜਿਕ ਚਾਰ-ਦੀਵਾਰੀ ਨੂੰ ਅਲਵਿਦਾ ਕਹਿ ਦਿੰਦੇ। ਪਰ ਉਹੀ ਰਮਤੇ ਯੋਗੀ ਅੰਮ੍ਰਿਤ ਵੇਲੇ ਗਲੀਆਂ ਵਿਚ ਘੁੰਮਦੇ। ਰੱਬ ਦੀ ਬੰਦਗੀ ਕਰਦੇ। ਘਰਾਂ ਦੀ ਸੁੱਖ ਮੰਗਦੇ। ਫ਼ਿਜ਼ਾ ਵਿਚ ਅਸੀਸਾਂ ਤੇ ਦੁਆਵਾਂ ਦਾ ਹੋਕਰਾ ਲਾਉਂਦੇ ਅਤੇ ਪਿੰਡ ਨੂੰ ਭਾਗ ਲਾਉਂਦੇ।

ਯਾਦ ਤਾਂ ਹੋਣਾ ਹੀ ਚਾਹੀਦਾ ਕਿ
ਉਜੜੇ ਖੂਹਾਂ ਦੇ ਖ਼ਾਰੇ ਪਾਣੀ,
ਨਾ ਕੋਈ ਰਾਹੀ ਤੇ ਨਾ ਕੁਹਾਰ।
ਉਜੜ ਗਿਆਂ ਦੇ ਪੱਲੇ ਰਹਿ ਜੇ,
ਹਾਉਕੇ, ਹੰਝੂ, ਖਜ਼ਲ਼-ਖੁਆਰ।
ਉਜੜੇ ਖੇਤੋਂ ਪਾਸਾ ਵੱਟਦੀ,
ਫਸਲ ਤੇ ਖੇਤ-ਬਹਾਰ।
ਉਜੜੇ ਪਿੰਡ 'ਚ ਨਹੀਂ ਥਿਆਉਂਦੇ,
ਬਚਪਨ ਦੇ ਬੇਲੀ-ਯਾਰ।
ਉਜੜੇ ਬਾਗੀਂ ਕਿੰਝ ਬੈਠੇਗੀ,
ਆ ਪੰਛੀਆਂ ਦੀ ਡਾਰ।
ਉਜੜੇ ਵਿਹੜੀਂ ਕਦੇ ਨਾ ਪੈਂਦੀ,
ਗਿੱਧਿਆਂ ਦੀ ਧਮਕਾਰ।

ਉਜੜ ਜਾਵੇ ਜਾਂ ਚਾਅ ਦੀ ਨਗਰੀ,
ਤਾਂ ਅੱਥਰੂ ਬਣਦੇ ਯਾਰ।
ਉਜੜ ਗਈ ਤਹਿਰੀਕ ਦਾ ਰਹਿ'ਜੇ
ਵਰਕਿਆਂ ਵਿਚ ਦੀਦਾਰ।
ਉਜੜੇ ਲੋਕਾਂ ਦੀ ਝੋਲੀ ਹੁੰਦਾ,
ਸਦੀਆਂ ਦਾ ਤ੍ਰਿਸਕਾਰ।
ਉਜੜੇ ਸ਼ਬਦ ਨਹੀਂ ਬਣਾਉਂਦੇ,
ਅਰਥਾਂ ਨੂੰ ਸ਼ਾਹ-ਅਸਵਾਰ
ਪਰ
ਉਜੜ ਕੇ ਜਿਹੜੇ ਵੱਸਦੇ,
ਸਮੇਂ ਦੇ ਅਲੰਬਰਦਾਰ।
ਅੰਬਰ ਦੀ ਜੂਹ ਦੇ ਬਣਦੇ,
ਤਾਰੇ ਕਈ ਹਜਾਰ।
ਕਾਲੇ ਵਖਤਾਂ 'ਚ ਕਰਦੇ,
ਚਾਨਣ ਦਾ ਵਿਸਥਾਰ।
ਉਹ ਵਕਤ ਦੇ ਵਰਕੀਂ ਉਗਦੇ
ਬਣ ਦੀਵਿਆਂ ਦੀ ਡਾਰ
ਤਾਂ ਹੀ ਬਾਬੇ 'ਉਜੜ ਜਾਓ' ਦਾ
ਵਰਤਿਆ ਸੀ ਅਲੰਕਾਰ।

ਅਕਸਰ ਹੀ ਅਸੀਂ ਕਥਾ ਸੁਣਦੇ ਹਾਂ ਕਿ ਬਾਬੇ ਨਾਨਕ ਨੇ ਇਕ ਪਿੰਡ ਦੇ ਮਾੜੇ ਲੋਕਾਂ ਨੂੰ ਕਿਹਾ ਕਿ ਵੱਸਦੇ ਰਹੋ ਜਦ ਕਿ ਦੂਸਰੇ ਪਿੰਡ ਦੇ ਭਲੇ ਲੋਕਾਂ ਨੂੰ ਉਜੜਨ ਦਾ ਵਰਦਾਨ ਦਿਤਾ। ਇਸਦੀ ਵਾਕਈ ਅਰਥਾਂ ਦੀ ਬਜਾਏ ਇਸਦੇ ਅੰਤਰੀਵ ਨੂੰ ਸਮਝਣ ਦੀ ਲੋੜ ਹੈ। ਬਾਬਾ ਜੀ ਚਾਹੁੰਦੇ ਸਨ ਕਿ ਮਾੜੇ ਲੋਕ ਪਿੰਡ ਵੀ ਹੀ ਵੱਸਦੇ ਰਹਿਣ ਤਾਂ ਕਿ ਇਨ੍ਹਾਂ ਦੀ ਬੁਰਿਆਈ ਹੋਰਨਾਂ ਨੂੰ ਆਪਣੀ ਲਪੇਟ ਵਿਚ ਨਾ ਲਵੇ ਜਦ ਕਿ ਨੇਕ ਪਿੰਡ ਵਾਸੀਆਂ ਦਾ ਉਜੜਨਾ ਇਸ ਲਈ ਜ਼ਰੂਰੀ ਸੀ ਤਾਂ ਕਿ ਉਹ ਨੇਕੀ ਦੀ ਮਹਿਕ ਨੂੰ ਆਲੇ-ਦੁਆਲੇ ਵਿਚ ਫੈਲਾਉਣ ਅਤੇ ਲੋਕਾਈ ਨੂੰ ਜੀਵਨ ਦੀਆਂ ਸੁੱਚੀਆਂ ਕਦਰਾਂ-ਕੀਮਤਾਂ ਦੇ ਲੜ ਲਾਉਣਾ। ਦਰਅਸਲ ਚੰਗੇ ਲੋਕਾਂ ਦਾ ਉਜੜਨਾ ਜ਼ਰੂਰੀ ਹੁੰਦਾ। ਸ਼ਾਇਦ ਇਸ ਲਈ ਪੰਜਾਬੀਆਂ ਨੂੰ ਉਜੜਨ ਦੀ ਗੁੜਤੀ ਜਨਮ-ਜਾਤ ਤੋਂ ਹੀ ਮਿਲ ਜਾਂਦੀ ਹੈ।

# ਪਤੀਵਰਤਾ ਔਰਤ ਦੀ ਬੇਮਿਸਾਲ ਕਹਾਣੀ ਹੈ ਫ਼ਿਲਮ 'ਬੁੱਕਲ਼ ਦੇ ਸੱਪ'

## ਫ਼ਿਲਮ ਸਮੀਖਿਆ

ਸ਼ਿਵਚਰਨ ਜੱਗੀ ਕੁੱਸਾ
E-mail: jaggikussa@yahoo. de


ਹਰ ਕਲਾ ਇੱਕ ਸਾਧਨਾ ਅਤੇ ਮਿਹਨਤ ਦੀ ਮੰਗ ਕਰਦੀ ਹੈ। ਜਦ ਸਾਧਨਾ, ਹਿੰਮਤ ਅਤੇ ਮਿਹਨਤ ਇੱਕ ਜੁੱਟ ਹੋ ਤੁਰਦੀਆਂ ਹਨ, ਤਾਂ ਉਥੇ ਆਸਾਂ ਨੂੰ ਬੂਰ ਵੀ ਪੈਂਦਾ ਹੈ ਅਤੇ ਮਿਹਨਤ ਦਾ ਮੁੱਲ ਵੀ ਮੁੜਦਾ ਹੈ। ਦੂਜੀ ਗੱਲ ਇਹ ਵੀ ਧਿਆਨ ਮੰਗਦੀ ਹੈ, ਕਿ ਜਿਤਨੀ ਦੇਰ ਕਿਰਤ ਅਤੇ ਫ਼ਿਲਮ ਨਿਰਦੇਸ਼ਕ 'ਇੱਕ ਜੋਤ' ਨਹੀਂ ਹੁੰਦੇ, ਨਾ ਦਰਸ਼ਕ ਅਤੇ ਨਾ ਬਣਾਉਣ ਵਾਲ਼ੇ ਨੂੰ ਸੰਤੁਸ਼ਟੀ ਨਸੀਬ ਹੋਵੇਗੀ। ਇਸ ਫ਼ਿਲਮ ਦੇ ਵਿਸ਼ੇ ਬਾਰੇ, ਜਾਂ ਕਹਾਣੀ ਬਾਰੇ ਮੈਂ ਬਹੁਤਾ ਵਿਸਥਾਰਪੂਰਵਕ ਚਾਨਣਾ ਨਹੀਂ ਪਾਵਾਂਗਾ, ਕਿਉਂਕਿ ਜੇ ਦਰਸ਼ਕ ਖ਼ੁਦ ਮੂਵੀ ਦੇਖ ਕੇ ਕਹਾਣੀ ਅਤੇ ਵਿਸ਼ੇ ਦੀ



ਪੜਚੋਲ਼ ਕਰੇ ਅਤੇ ਫ਼ੈਸਲਾ ਦੇਵੇ, ਤਾਂ ਇਹ ਰੀਤ ਸੋਨੇ 'ਤੇ ਸੁਹਾਗੇ ਦਾ ਕਾਰਜ ਕਰੇਗੀ। ਫ਼ਿਲਮ ਦਾ 'ਅਸਲ ਜੱਜ' ਤਾਂ ਦਰਸ਼ਕ ਹੀ ਹੋਣਾ ਚਾਹੀਦਾ ਹੈ, ਕਿਉਂਕਿ ਅੱਜ-ਕੱਲ੍ਹ ਦੇ 'ਵਿਕਾਊ ਜ਼ਮਾਨੇ' ਵਿਚ ਸਮੀਖਿਆ ਤਾਂ ਖਰੀਦੀ ਵੀ ਜਾ ਸਕਦੀ ਹੈ। ਅੱਜ-ਕੱਲ੍ਹ ਉਹ 'ਮਾਣ' ਵੀ ਰੱਖੇ ਜਾਂਦੇ ਨੇ ਕਿ ਅੱਧੀ ਤੇਰੀਆਂ ਮੁਲ੍ਹਾਜ਼ੇਦਾਰਾ, ਵੇ ਅੱਧੀ ਆ ਗ਼ਰੀਬ ਜੱਟ ਦੀ...। ਵਿਦੇਸ਼ਾਂ ਵਿਚੋਂ ਮਿਲ਼ਦੀ 'ਸਬਸਿਡੀ' ਸਾਡੀਆਂ ਪੰਜਾਬੀ ਫ਼ਿਲਮਾਂ ਨੂੰ ਘੁਣ ਬਣ ਕੇ ਚਿੰਬੜ ਚੁੱਕੀ ਹੈ ਅਤੇ ਦੈਂਤ ਵਾਂਗ ਨਿਘਾਰ ਵੱਲ ਧੂਹ ਰਹੀ ਹੈ।

'ਬਦਲਾ ਜੱਟੀ ਦਾ' ਅਤੇ 'ਜੱਟ ਜਿਉਣਾ ਮੌੜ' ਵਰਗੀਆਂ ਬਹੁ-ਚਰਚਿਤ ਪੰਜਾਬੀ ਫ਼ਿਲਮਾਂ ਦੇ ਸਿਰਮੌਰ ਨਿਰਦੇਸ਼ਕ ਬਾਈ ਰਵਿੰਦਰ ਰਵੀ ਦੇ ਨਿਰਦੇਸ਼ਨ ਅਧੀਨ ਅਤੇ ਬਾਈ ਜੀਤ ਸਿੰਘ ਸੰਧੂ ਦੇ ਚਰਚਿਤ ਨਾਵਲ 'ਤੇ ਅਧਾਰਿਤ ਬਣੀ ਫ਼ਿਲਮ "ਬੁੱਕਲ਼ ਦੇ ਸੱਪ" ਮੈਂ ਯੂ-ਟਿਊਬ 'ਤੇ ਦੋ ਵਾਰ ਦੇਖੀ। ਇਸ ਫ਼ਿਲਮ ਦੀ ਨਾਇਕਾ ਕੰਵਲ (ਜੋਤ ਚਾਹਲ) ਆਪਣੇ ਪਤੀ ਰਣਜੀਤ (ਸੋਨਪ੍ਰੀਤ ਜਵੰਧਾ) ਨੂੰ ਬੇਪਨਾਹ ਮੁਹੱਬਤ ਕਰਦੀ ਹੈ। ਪਰ ਉਸ ਨੂੰ ਆਪਣੇ ਆਪ ਉੱਪਰ ਇੱਕ ਸ਼ਿਕਵਾ ਅਤੇ ਰੋਸਾ ਵੀ ਹੈ ਕਿ ਉਹ ਢਿੱਡੋਂ ਨਹੀਂ ਫੁੱਟੀ ਅਤੇ ਆਪਣੇ ਪਤੀ ਨੂੰ ਕੋਈ ਬੱਚਾ ਨਹੀਂ ਦੇ ਸਕੀ। ਰਿਸ਼ਤੇ ਪ੍ਰਤੀ ਇਮਾਨਦਾਰੀ ਅਤੇ ਫ਼ਰਜ਼ ਨੂੰ ਸਮਝਦਿਆਂ ਉਸ ਦੀ ਰੀਝ ਹੀ ਇਹ ਹੈ ਕਿ ਉਨ੍ਹਾਂ ਦੇ ਵਿਹੜੇ ਵਿੱਚ ਕੋਈ ਬਾਲ ਚਾਂਭੜ੍ਹਾਂ ਪਾਵੇ।

ਆਖਰ ਕੰਵਲ ਦੀ ਇਹ ਰੀਝ ਇੱਕ 'ਜਨੂੰਨ' ਅਤੇ ਫ਼ਿਰ 'ਪਾਗਲਪਨ' ਦਾ ਰੂਪ ਧਾਰਨ ਕਰ ਲੈਂਦੀ ਹੈ। ਉਹ ਆਪਣੇ ਪਤੀ ਉੱਪਰ ਦੂਜਾ ਵਿਆਹ ਕਰਵਾਉਣ ਲਈ ਦਬਾਅ ਪਾਉਣ ਲੱਗਦੀ ਹੈ। ਪਰ ਉਸ ਦਾ ਪਤੀ ਭਵਿੱਖ ਪ੍ਰਤੀ ਸੁਚੇਤ ਹੈ। ਉਹ ਭਲੀ-ਭਾਂਤ ਜਾਣੂੰ ਹੈ ਕਿ ਉਸ ਦਾ ਦੂਜਾ ਵਿਆਹ ਉਸ ਦੀ ਪਹਿਲੀ ਪਤਨੀ ਕੰਵਲ ਦੀ ਖ਼ੁਸ਼ਹਾਲ ਜ਼ਿੰਦਗੀ 'ਨਰਕ' ਬਣਾ ਦੇਵੇਗਾ। ਅਖ਼ੀਰ ਹੁੰਦਾ ਓਹੀ ਕੁਝ ਹੈ, ਜਿਸ ਦਾ ਕੰਵਲ ਦੇ ਪਤੀ ਰਣਜੀਤ ਨੂੰ ਡਰ ਸੀ। ਆਪਣੀ ਪਹਿਲੀ ਪਤਨੀ ਦੀ ਜ਼ਿਦ ਅੱਗੇ ਹਾਰ ਕੇ ਬੇਵੱਸ ਅਤੇ ਲਾਚਾਰ ਰਣਜੀਤ ਦੂਜਾ ਵਿਆਹ ਕਰਵਾ ਲੈਂਦਾ ਹੈ। ਫ਼ਿਰ 'ਸੌਂਕਣ' ਬਣੀ ਰਣਜੀਤ ਦੀ ਦੂਜੀ ਪਤਨੀ ਸਮੁੰਦਰੋ




(ਕੁਲਵਿੰਦਰ ਕੌਰ) ਉਸ ਦੀ ਪਹਿਲੀ ਪਤਨੀ ਕੰਵਲ ਦਾ ਜਿਉਣਾ ਕਿਵੇਂ ਦੁੱਭਰ ਕਰਦੀ ਹੈ, ਫ਼ਿਲਮ ਦੇਖ ਕੇ ਹੀ ਪਤਾ ਲੱਗਦਾ ਹੈ। ਫ਼ਿਲਮ ਦੀ ਕਹਾਣੀ ਉਸ ਵੇਲ਼ੇ ਜ਼ਬਰਦਸਤ ਮੋੜ ਕੱਟਦੀ ਹੈ, ਜਦ ਰਣਜੀਤ ਦੀ ਦੂਜੀ ਪਤਨੀ ਦਾ ਰਿਸ਼ਤੇਦਾਰ 'ਬਲੌਰੀ' (ਨੀਟੂ ਪੰਧੇਰ) ਜਮਦੂਤ ਬਣ, ਸ਼ਾਂਤ ਮਾਹੌਲ ਵਿਚ ਆ ਡਿੱਗਦਾ ਅਤੇ "ਮਾਣਸ-ਬੂ - ਮਾਣਸ-ਬੂ" ਕਰਦਾ ਫ਼ਿਰਦਾ ਹੈ। ਇਸ ਫ਼ਿਲਮ ਵਿਚ ਸ਼ਰੀਕੇਬਾਜ਼ੀ ਦਾ ਸਿਖ਼ਰ ਬਲੌਰੀ ਦੀ ਕਮੀਨਗੀ ਭਰੀ ਕਾਰਗੁਜ਼ਾਰੀ ਹੈ। ਰਣਜੀਤ ਦੀ ਦੂਜੀ ਪਤਨੀ ਸਮੁੰਦਰੋ ਚੁੜੇਲ ਬਿਰਤੀ ਵਾਲ਼ੀ ਕੁਪੱਤੀ ਔਰਤ ਹੈ। ਚਤਰ ਅਤੇ ਕਮੀਨਾਂ ਬਲੌਰੀ ਕਿਵੇਂ ਉਸ ਨੂੰ ਆਪਣੇ ਜਾਲ਼ ਵਿਚ ਫ਼ਸਾ ਕੇ ਜਿਸਮਾਨੀ ਅਤੇ ਆਰਥਿਕ ਤੌਰ 'ਤੇ ਵਰਤਦਾ ਹੈ, ਇਹ ਸ਼ਰੀਕੇਬਾਜ਼ੀ ਅਤੇ ਕਮੀਨਗੀ ਦੀ 'ਹੱਦ' ਹੈ।

ਕਲਾਕਾਰ ਕਿਸੇ ਵੀ ਫ਼ਿਲਮ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਇਸ ਫ਼ਿਲਮ ਵਿਚ ਸਾਰੇ ਕਲਾਕਾਰ ਠੂੰਹੇਂ ਦੇ ਡੰਗ ਵਰਗੇ ਨੇ। ਸਾਰੀ ਫ਼ਿਲਮ ਸੋਨਪ੍ਰੀਤ ਜਵੰਧਾ ਅਤੇ ਜੋਤ ਚਾਹਲ ਦੁਆਲ਼ੇ ਘੁੰਮਦੀ ਹੈ ਅਤੇ ਬਿਨਾ ਸ਼ੱਕ ਉਨ੍ਹਾਂ ਨੇ ਇਨ੍ਹਾਂ ਕਿਰਦਾਰਾਂ ਵਿੱਚ ਜਾਨ ਪਾ ਦਿੱਤੀ। ਕਾਮਰੇਡ ਦਾ ਰੋਲ ਹੌਬੀ ਧਾਲ਼ੀਵਾਲ਼ ਅਤੇ ਉਸ ਦੀ ਪਤਨੀ ਦਾ ਕਿਰਦਾਰ ਮੈਡਮ ਕੁਲਵੰਤ ਖੁਰਮੀਂ ਨੇ ਬਾ-ਕਮਾਲ ਨਿਭਾਅ ਕੇ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ। ਬਲੌਰੀ ਦਾ ਕਿਰਦਾਰ ਨੀਟੂ ਪੰਧੇਰ ਨੇ ਬਾਖ਼ੂਬੀ ਨਿਭਾਇਆ ਹੈ। ਇੱਕ ਗੱਲ ਨੀਟੂ ਪੰਧੇਰ ਬਾਰੇ ਜ਼ਰੂਰ ਲਿਖਾਂਗਾ ਕਿ ਨੀਟੂ ਪੰਧੇਰ ਪੰਜਾਬੀ ਫ਼ਿਲਮਾਂ ਦਾ 'ਗੱਬਰ ਸਿੰਘ' ਹੈ। ਉਸ ਦੀ ਕਲਾ ਬਾ-ਕਮਾਲ ਅਤੇ ਸ਼ਾਨਦਾਰ ਹੈ। ਉਹ ਆਪਣੇ ਕਿਰਦਾਰ ਨੂੰ ਜਿਉਂਦਾ ਹੈ। ਪਰ ਬੇਹੱਦ ਅਫ਼ਸੋਸ ਨਾਲ਼ ਕਹਿਣਾ ਪੈ ਰਿਹਾ ਹੈ ਕਿ ਉਸ ਦੀ ਕਲਾ ਦੀ ਪੰਜਾਬੀ ਫ਼ਿਲਮ ਇੰਡਸਟਰੀ ਨੇ ਉੱਕਾ ਕਦਰ ਨਹੀਂ ਪਾਈ। ਜੇ ਹਿੰਦੀ ਅਤੇ ਪੰਜਾਬੀ ਫ਼ਿਲਮ ਇੰਡਸਟਰੀ ਨੀਟੂ ਪੰਧੇਰ ਨੂੰ ਮੌਕਾ ਦੇਵੇ, ਤਾਂ ਮੈਂ ਦਾਅਵੇ ਨਾਲ਼ ਕਹਿਣ ਨੂੰ ਤਿਆਰ ਹਾਂ ਕਿ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਵਿਚ ਉਹ ਪੂਰਾ ਸਮਰੱਥ ਕਲਾਕਾਰ ਹੈ। ਫ਼ਿਲਮ ਵਿਚ ਸੀਰੀ ਦਾ ਭਾਵਨਾਤਮਿਕ ਕਿਰਦਾਰ ਕੁਲਦੀਪ ਨਿਆਮੀਂ ਨੇ ਨਿਭਾਅ ਕੇ ਆਪਣੀ ਕਲਾ ਦਾ ਲੋਹਾ ਮਨਵਾਇਆ। ਪਰ ਸਭ ਤੋਂ ਅਲੱਗ ਤਰ੍ਹਾਂ ਦਾ ਰੋਲ ਨੀਟੂ ਪੰਧੇਰ ਨੇ 'ਬਲੌਰੀ' ਦਾ ਅਤੇ ਕੁਲਵਿੰਦਰ ਕੌਰ ਨੇ 'ਸਮੁੰਦਰੋ' ਦਾ ਕਰ ਕੇ ਇਹ ਦਰਸਾ ਦਿੱਤਾ ਕਿ ਇੱਕ ਰਵਾਇਤੀ ਕਲਾਕਾਰੀ ਨਾਲ਼ੋਂ 'ਸੁਭਾਇਕੀ' ਕੀਤੀ ਕਲਾਕਾਰੀ ਕਿੰਨੀ ਜਾਨਦਾਰ ਅਤੇ ਵਜ਼ਨਦਾਰ ਹੁੰਦੀ ਹੈ।

ਫ਼ਿਲਮ "ਬੁੱਕਲ਼ ਦੇ ਸੱਪ" ਯੂ-ਟਿਊਬ ਉੱਪਰ ਉਪਲੱਬਧ ਹੈ। ਪਰ ਇਹ ਗੱਲ ਕਹਿਣ ਤੋਂ ਵੀ ਸੰਕੋਚ ਨਹੀਂ ਕਰਾਂਗਾ ਕਿ ਇਹ ਫ਼ਿਲਮ ਤੁਸੀਂ ਆਪਣੇ ਪਰਿਵਾਰ ਨਾਲ ਬੈਠ ਕੇ ਨਹੀਂ ਦੇਖ ਸਕਦੇ, ਕਿਉਂਕਿ ਇਸ ਵਿਚ ਕੁਝ 'ਬੋਲਡ' ਅਤੇ ਕੁਝ ਇਤਰਾਜ਼ਯੋਗ ਦ੍ਰਿਸ਼ ਪਾਏ ਗਏ ਹਨ। ਫ਼ਿਲਮ ਦਾ ਨਿਚੋੜ ਤਾਂ ਇਹ ਦਰਸਾਉਂਦਾ ਹੈ ਕਿ ਜਦ ਆਫ਼ਰੇ ਸ਼ਰੀਕ, ਗਲ਼ ਥਾਣੀਂ ਪਜਾਮਾ ਲਾਹੁੰਣੋਂ ਬਾਜ ਨਾ ਆਉਣ, ਤਾਂ ਆਖਰ ਹਥਿਆਰ ਨੂੰ ਹੱਥ ਪਾਉਣ ਤੋਂ ਇਲਾਵਾ ਬੰਦੇ ਕੋਲ਼ ਹੋਰ ਕੋਈ ਚਾਰਾ ਹੀ ਨਹੀਂ ਰਹਿ ਜਾਂਦਾ। ਇੱਕ ਘਾਗ ਨਿਰਦੇਸ਼ਕ ਰਵਿੰਦਰ ਰਵੀ ਦੇ ਪੀਠੇ ਦਾ ਛਾਣਨਾ ਕੀ...? ਬਾਈ ਰਵਿੰਦਰ ਰਵੀ ਅਤੇ ਨਿਰਮਾਤਾ ਸਵਰਨ ਸਿੰਘ ਵਧਾਈ ਦੇ ਪਾਤਰ ਹਨ, ਜਿੰਨ੍ਹਾਂ ਨੇ ਵੱਖਰੇ ਵਿਸ਼ੇ 'ਤੇ ਫ਼ਿਲਮ ਬਣਾਉਣ ਲਈ ਦਿਲ ਕੱਢਿਆ।

# 'ਅੱਖੀਂ ਵੇਖ ਨਾ ਰੱਜੀਆਂ'– ਆਪਣਾ ਸਫ਼ਰਨਾਮਾ ਮੁੜ ਪੜ੍ਹਦਿਆਂ

ਪ੍ਰਿੰ. ਸਰਵਣ ਸਿੰਘ
ਫੋਨ: 647-785-1661



ਕਦੇ ਸਬੱਬ ਹੀ ਐਸਾ ਬਣ ਜਾਂਦੈ ਕਿ ਲੇਖਕ ਆਪਣੀ ਪੁਰਾਣੀ ਕਿਤਾਬ ਮੁੜ ਪੜ੍ਹਨ ਲੱਗ ਪੈਂਦੈ। ਮੈਂ ਵੀ ਆਪਣਾ ਸਫ਼ਰਨਾਮਾ 'ਅੱਖੀਂ ਵੇਖ ਨਾ ਰੱਜੀਆਂ' (ਮੇਰੀ ਅਮਰੀਕੀ ਫੇਰੀ) ਫਿਰ ਖੋਲ੍ਹ ਬੈਠਾਂ ਜੋ 50ਵੇਂ ਸਾਲ ਦੀ ਉਮਰ ਵਿਚ ਲਿਖਿਆ ਸੀ। ਉਹ ਵੀ ਕਿਆ ਦਿਨ ਸਨ! ਇਕ ਥਾਂ ਲਿਖਿਆ ਸੀ: ਕੋਈ ਦਿਨ ਖੇਡ ਲੈ, ਮੌਜਾਂ ਮਾਣ ਲੈ, ਤੈਂ ਉਡ ਜਾਣਾ ਓਏ ਬੱਦਲਾ ਧੂੰਦ ਦਿਆ...। ਉਦੋਂ 'ਸੱਜਣਾ ਦੇ ਸ਼ਹਿਰ' ਬੇਕਰਸਫੀਲਡ ਵਿਚ ਮੇਰਾ 50ਵਾਂ ਜਨਮ ਦਿਨ ਮਨਾਇਆ ਗਿਆ ਸੀ। ਉਸ ਤੋਂ ਪਹਿਲਾਂ ਮੈਨੂੰ ਪਤਾ ਹੀ ਨਹੀਂ ਸੀ ਕਿ ਸਾਧਾਰਨ ਕਿਸਾਨ ਘਰਾਂ 'ਚ ਜੰਮਿਆਂ ਦੇ ਵੀ ਜਨਮ ਦਿਨ ਮਨਾਏ ਜਾਂਦੇ ਹਨ!

ਆਉਂਦੀ 8 ਜੁਲਾਈ ਨੂੰ ਮੈਂ ਚੁਰਾਸੀ ਸਾਲਾਂ ਦਾ ਹੋ ਜਾਣੈ ਜਿਸ ਨਾਲ ਕਹਿੰਦੇ ਨੇ ਕਿ ਚੁਰਾਸੀ ਕੱਟੀ ਜਾਂਦੀ ਐ। ਹੁਣ ਭਾਵੇਂ ਮੇਰੀ ਉਮਰ ਲੰਮੇ ਤੋਰੇ ਫੇਰੇ ਕਰਨ ਤੇ ਉਡਾਰੀਆਂ ਭਰਨ ਦੀ ਨਹੀਂ, ਫਿਰ ਵੀ ਪਤਾ ਨਹੀਂ ਕਿਉਂ ਟਿਕ ਕੇ ਨੀਂ ਬੈਠ ਹੁੰਦਾ? ਇਕ ਦਿਨ ਅਚਾਨਕ ਰਉਂ ਬਣ ਗਿਆ ਕਿ ਚਲੋ ਐਤਕੀਂ ਕੈਲੇਫੋਰਨੀਆ ਵੱਲ ਦਾ ਹੀ ਗੇੜਾ ਮਾਰ ਆਈਏ। ਪੁਰਾਣੇ ਸੱਜਣਾਂ ਮਿੱਤਰਾਂ ਨੂੰ ਮੁੜ ਮਿਲ ਗਿਲ ਲਈਏ। ਸੱਚੀ ਗੱਲ ਐ ਜੱਗ ਜਿਉਂਦਿਆਂ ਦੇ ਮੇਲੇ ਹੁੰਦੇ ਨੇ। ਫੇਰ ਪਤਾ ਨਹੀਂ ਮਿਲ ਸਕੀਏ ਜਾਂ ਨਾ। ਪ੍ਰੋਗਰਾਮ ਬਣਾ ਲਿਐ, 28 ਅਪ੍ਰੈਲ ਨੂੰ ਲਾਸ ਵੇਗਸ, 30 ਨੂੰ ਬੇਕਰਸਫੀਲਡ ਤੇ ਫਿਰ 8 ਮਈ ਤਕ ਚੱਲ ਸੋ ਚੱਲ। ਸਾਡਾ ਮੁੱਖ ਟਿਕਾਣਾ ਹੋਵੇਗਾ 'ਸੱਜਣਾਂ ਦਾ ਸ਼ਹਿਰ' ਬੇਕਰਸਫੀਲਡ।

ਸਬੱਬੀਂ ਮੇਰੇ ਪਹਿਲੇ ਸਫ਼ਰਨਾਮੇ 'ਅੱਖੀਂ ਵੇਖ ਨਾ ਰੱਜੀਆਂ' ਦੀ ਇਕ ਪੁਰਾਣੀ ਕਾਪੀ ਲੱਭ ਗਈ। ਉਸ ਦਾ ਟਾਈਟਲ ਸਵਰਨਜੀਤ ਸਵੀ ਨੇ ਬਣਾਇਆ ਸੀ ਤੇ ਕਿਤਾਬ 1992 ਵਿਚ ਲਾਹੌਰ ਬੁੱਕ ਸ਼ਾਪ ਨੇ ਪ੍ਰਕਾਸ਼ਿਤ ਕੀਤੀ ਸੀ। ਉਹ ਸਫ਼ਰਨਾਮਾ ਤੁਰਤ ਪੰਜਾਬ ਯੂਨੀਵਰਸਿਟੀ ਦੀ ਪਾਠ ਪੁਸਤਕ ਬਣ ਗਿਆ ਜੋ ਬੀ ਏ ਭਾਗ ਦੂਜਾ ਤੇ ਤੀਜਾ ਦੀਆਂ ਜਮਾਤਾਂ 'ਚ ਛੇ ਸਾਲ ਪੜ੍ਹਾਇਆ ਜਾਂਦਾ ਰਿਹਾ। ਮੈਨੂੰ ਜਦ ਕਦੇ ਪੁਰਾਣੇ ਵਿਦਿਆਰਥੀ ਮਿਲਦੇ ਹਨ ਤਾਂ ਅਕਸਰ ਇਸ ਸਫ਼ਰਨਾਮੇ ਦਾ ਜ਼ਿਕਰ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਉਹ ਪਾਠ ਪੁਸਤਕ ਵਜੋਂ ਪੜ੍ਹਨਾ ਪਿਆ ਸੀ।

ਮੈਂ ਪਹਿਲੀ ਵਾਰ ਅਮਰੀਕਾ/ਕੈਨੇਡਾ 1990 'ਚ ਗਿਆ ਸਾਂ। ਦਸ ਕੁ ਹਫ਼ਤਿਆਂ ਦੇ ਸੈਰ ਸਪਾਟੇ ਪਿੱਛੋਂ ਇਹ ਸਫ਼ਰਨਾਮਾ ਲਿਖਿਆ ਗਿਆ ਸੀ ਜੋ ਲੜੀਵਾਰ 'ਪੰਜਾਬੀ ਟ੍ਰਿਬਿਊਨ' ਤੇ 'ਇੰਡੋ ਕੈਨੇਡੀਅਨ ਟਾਈਮਜ਼' ਵਿਚ ਛਪਦਾ ਰਿਹਾ। ਫਿਰ ਕਿਤਾਬੀ ਰੂਪ 'ਚ ਪ੍ਰਕਾਸ਼ਿਤ ਹੋਇਆ। ਤਤਕਰਾ ਸੀ: ਅਮਰੀਕਾ ਦੀ ਰਾਹਦਾਰੀ, ਹਵਾਈ ਜਹਾਜ਼ ਦੇ ਹੂਟੇ, ਮਿਲਣੀ ਮਿੱਤਰਾਂ ਦੀ, ਸੱਜਣਾਂ ਦਾ ਸ਼ਹਿਰ, ਬਾਗ਼ਾਂ ਦੀ ਧਰਤੀ, ਕੈਲੇਫੋਰਨੀਆ ਦਾ ਫਾਰਮੀ ਜੀਵਨ, ਯੂਬਾ ਸਿਟੀ ਵਿਚ ਕਬੱਡੀ, ਕੈਲੇਫੋਰਨੀਆ ਤੋਂ ਕੈਨੇਡਾ, ਗਰਮ ਪਾਣੀ ਦੇ ਚਸ਼ਮੇ, ਬਾਬਿਆਂ ਦੀ ਸੱਥ, ਵਿਸਲਰ ਦੇ ਹੁਸੀਨ ਨਜ਼ਾਰੇ, ਗੁਰਦਵਾਰਿਆਂ ਦੀ ਗਹਿਮਾ-ਗਹਿਮੀ, ਦਾਅਵਤਾਂ ਦੇ ਦੌਰ, ਵੈਨਕੂਵਰ ਦਾ ਪੰਜਾਬੀ ਖੇਡ ਮੇਲਾ, ਵਿਕਟੋਰੀਆ ਦੀ ਸੈਰ, ਕੁਝ ਮੇਲ ਮੁਲਾਕਾਤਾਂ, ਬੱਸ ਦਾ ਲੰਮਾ ਸਫ਼ਰ, ਫਰਿਜ਼ਨੋ ਦੇ ਆਸ ਪਾਸ, ਸੋਨ ਸੁਨਹਿਰਾ ਸਾਨ ਫਰਾਂਸਿਸਕੋ, ਜੂਏਬਾਜ਼ਾਂ ਦਾ ਸ਼ਹਿਰ ਰੀਨੋ, ਗੇੜਾ ਹਾਲੀਵੁੱਡ ਦਾ, ਸੁਫ਼ਨਿਆਂ ਦੀ ਸੈਰਗਾਹ ਡਿਜ਼ਨੀਲੈਂਡ ਤੇ ਅੱਖੀਂ ਵੇਖ ਨਾ ਰੱਜੀਆਂ। ਲਓ ਟ੍ਰੇਲਰ ਤੁਸੀਂ ਵੀ ਵੇਖ ਲਓ:

ਬੜੀ ਸੋਹਣੀ ਕੁੜੀ ਖਿੜਕੀ ਪਿੱਛੇ ਬੈਠੀ ਸੀ। ਸੁਨਹਿਰੀ ਧੁੱਪ ਵਰਗਾ ਰੰਗ, ਨੀਲੀਆਂ ਬਲੌਰੀ ਅੱਖਾਂ, ਪਤਲੇ ਗੁਲਾਬੀ ਬੁੱਲ੍ਹ ਤੇ ਲੰਮੇ ਖੁੱਲ੍ਹੇ ਵਾਲ। ਖਿੜਕੀ 'ਚੋਂ ਖੁਸ਼ਬੋ ਦੇ ਬੁੱਲੇ ਆ ਰਹੇ ਸਨ। ਉਹ ਹਰ ਇਕ ਨਾਲ ਮੁਸਕਰਾ ਕੇ ਗੱਲ ਕਰਦੀ। ਕਦੇ ਨਿੱਕਾ ਜਿਹਾ ਹਾਸਾ ਵੀ ਝਾਂਜਰ ਵਾਂਗ ਛਣਕ ਜਾਂਦਾ। ਵੀਜ਼ੇ ਵਾਲੇ ਪਾਸਪੋਰਟ ਲੈਣ ਲਈ ਸਾਨੂੰ ਚਾਰ ਵਜੇ ਸੱਦਿਆ ਗਿਆ ਸੀ। ਕਤਾਰ ਵਿਚ ਲੱਗੇ ਅਸੀਂ ਨੇੜੇ ਆਏ ਤਾਂ ਮੇਰਾ ਮਨ ਰੁਮਾਂਚਕ ਹੋ ਉਠਿਆ। ਮੈਂ ਆਪਣੀ ਪਤਨੀ ਨੂੰ ਕਿਹਾ, "ਵੇਖ ਕਿੰਨੀ ਸੋਹਣੀ ਕੁੜੀ ਐ, ਅਮਰੀਕਾ ਦੀ ਅਪਸਰਾ। ਅਗਲਿਆਂ ਨੇ ਪ੍ਰਭਾਵ ਪਾਉਣ ਲਈ ਮਾਡਲ ਵੀ ਚੁਣ ਕੇ ਰੱਖਿਆ। ਇਹ ਤਾਂ ਭਾਵੇਂ ਵੀਜ਼ੇ ਤੋਂ ਇਨਕਾਰ ਹੀ ਕਰ ਦੇਵੇ। ਆਖਾਂਗੇ ਕੋਈ ਗੱਲ ਨੀ। ਇਨਕਾਰ ਤਾਂ ਇਨਕਾਰ ਸਹੀ ਪਰ ਨਾਲ ਅਣਮੁੱਲੀ ਮੁਸਕ੍ਰਾਹਟ ਤਾਂ ਮਿਲੀ! ਦੱਸਿਆ ਕਰਾਂਗੇ ਇਨਕਾਰ ਕਿਸੇ ਐਰੇ ਗੈਰੇ ਨੇ ਨਹੀਂ, ਅੰਤਾਂ ਦੀ ਸੋਹਣੀ ਕੁੜੀ ਨੇ ਕੀਤਾ ਸੀ ਤੇ ਉਹ ਵੀ ਹੱਸ ਕੇ।

ਉਹੀ ਗੱਲ ਹੋਈ। ਸਾਡੇ ਪਾਸਪੋਰਟ ਉਸ ਕੁੜੀ ਤਕ ਨਹੀਂ ਸਨ ਪੁੱਜੇ। ਉਸ ਨੇ ਪਾਸੇ ਪਏ ਪਾਸਪੋਰਟ ਦੁਬਾਰਾ ਵੇਖੇ ਤੇ ਮੁਸਕਰਾ ਕੇ ਕਹਿਣ ਲੱਗੀ, "ਮਿਸਟਰ ਸਿੰਘ ਤੁਹਾਨੂੰ ਉਡੀਕ ਕਰਨੀ ਪਏਗੀ।"

ਮੈਂ ਪੁੱਛਿਆ, "ਕਿੰਨੀ ਕੁ?"

ਉਹ ਫਿਰ ਮੁਸਕਰਾਈ, "ਏਹੋ ਕੋਈ ਦਸ ਵੀਹ ਮਿੰਟ।"


ਮੇਰੇ ਮਚਲੇ ਮਨ ਨੇ ਕਿਹਾ, "ਲੈ ਕਿੱਡੀ ਛਾਲ ਮਾਰੀ ਐ! ਤੂੰ ਤਾਂ ਦਸ ਵੀਹ ਸਾਲ ਵੀ ਕਹਿੰਦੀ ਤਾਂ ਵੀ ਸ਼ੁਕਰ ਕਰਨਾ ਸੀ।"

ਅਸੀਂ ਧੁੱਪੇ ਖੜ੍ਹੇ ਸਾਂ। ਮੇਰੀ ਪਤਨੀ ਨੇ ਮੇਰੇ ਲਹਿਰੀ ਮਨ ਦੀਆਂ ਵਾਗਾਂ ਮੋੜੀਆਂ ਤੇ ਅਸੀਂ ਛਾਵੇਂ ਜਾ ਬੈਠੇ। ਸਾਰੀ ਕਤਾਰ ਭੁਗਤ ਗਈ ਤਾਂ ਅਸੀਂ ਦੁਬਾਰਾ ਖਿੜਕੀ ਵੱਲ ਵਧੇ। ਸਾਡੇ ਪਾਸਪੋਰਟ ਹਾਲਾਂ ਵੀ ਨਦਾਰਦ ਸਨ। ਪਤਨੀ ਨੇ ਵਿਅੰਗ ਕਸਿਆ, "ਸੁਣ ਲਓ ਇਨਕਾਰ ਹੁਣ ਸੋਹਣੀ ਕੁੜੀ ਤੋਂ!"

ਪਰ ਉਸ ਸੋਹਣੀ ਕੁੜੀ ਨੇ ਮੈਨੂੰ ਛਿੱਥਾ ਪੈਣੋਂ ਬਚਾ ਲਿਆ ਤੇ ਸਾਡੇ ਨਾਵਾਂ ਦੇ ਪਾਸਪੋਰਟ ਉਹਦੇ ਹੱਥਾਂ ਤਕ ਅੱਪੜ ਗਏ। ਉਸ ਨੇ ਮੁਸਕਰਾ ਕੇ ਦੇਰੀ ਲਈ ਮਾਫੀ ਮੰਗੀ ਤੇ ਹੱਸ ਕੇ ਵਧਾਈ ਦਿੰਦਿਆਂ ਪਾਸਪੋਰਟ ਸਾਡੇ ਹੱਥ ਫੜਾਏ। ਅਸੀਂ ਪਾਸਪੋਰਟ ਖੋਲ੍ਹ ਕੇ ਵੇਖੇ ਤਾਂ ਉਨ੍ਹਾਂ ਉਤੇ ਅਮਰੀਕਾ ਦੀ ਰਾਹਦਾਰੀ ਦਾ ਇਕ ਇਕ ਸਾਲ ਦਾ ਰੰਗ ਬਰੰਗਾ ਠੱਪਾ ਲੱਗਾ ਹੋਇਆ ਸੀ। ਉਸ ਪਲ ਉਹ ਠੱਪੇ ਵੀ ਸਾਨੂੰ ਉਸ ਅਮਰੀਕਨ ਕੁੜੀ ਦੇ ਹੱਸਦੇ ਮੂੰਹ ਵਰਗੇ ਲੱਗੇ।

*ਹਨ੍ਹੇਰੇ ਪਏ ਅਸੀਂ ਹਵਾਈ ਅੱਡੇ 'ਤੇ ਪਹੁੰਚੇ। ਚੁਫੇਰੇ ਰੰਗ ਬਰੰਗੀਆਂ ਬੱਤੀਆਂ ਜਗ ਰਹੀਆਂ ਸਨ। ਮੁੱਖ ਦੁਆਰ ਮੂਹਰੇ ਤਾਂ ਰਾਤ ਨੂੰ ਦਿਨ ਚੜ੍ਹਿਆ ਲੱਗਦਾ ਸੀ। ਉਥੇ ਹਵਾਈ ਜਹਾਜ਼ ਚੜ੍ਹਾਉਣ ਵਾਲਿਆਂ ਤੇ ਅੱਗੋਂ ਲੈਣ ਵਾਲਿਆਂ ਦਾ ਧੱਕਾ ਪੈਂਦਾ ਸੀ। ਪੰਜਾਬੀ ਮੁਸਾਫ਼ਿਰ ਕਾਫੀ ਗਿਣਤੀ ਵਿਚ ਸਨ। ਉਨ੍ਹਾਂ 'ਚ ਵਧੇਰੇ ਬਜ਼ੁਰਗ ਸਨ ਜਿਨ੍ਹਾਂ ਨੂੰ ਪਰਦੇਸੀਂ ਰਹਿੰਦੇ ਧੀਆਂ-ਪੁੱਤਰਾਂ ਨੇ ਆਪਣੇ ਕੋਲ ਸੱਦਿਆ ਸੀ। ਕੁਝ ਸੱਜ ਵਿਆਹੀਆਂ ਕੁੜੀਆਂ ਸਨ ਜੋ ਪਰਦੇਸੀਂ ਰਹਿੰਦੇ ਆਪਣੇ ਕੰਤਾਂ ਕੋਲ ਚੱਲੀਆਂ ਸਨ...।

ਇਕ ਨਵ-ਵਿਆਹੀ ਪੰਜਾਬਣ ਮੁਟਿਆਰ ਸੀ। ਸਾਢੇ ਪੰਜ ਫੁੱਟ ਤੋਂ ਉੱਚੀ, ਮਹਿੰਦੀ ਲਾਈ ਹੋਈ, ਹਾਰ-ਸ਼ਿੰਗਾਰ ਕੀਤਾ ਤੇ ਕਲੀਰੇ ਪਾਏ ਹੋਏ। ਅੱਖਾਂ 'ਚ ਕਜਲੇ ਦੀਆਂ ਧਾਰਾਂ ਤੇ ਹੱਥਾਂ-ਕੰਨਾਂ 'ਚ ਗਹਿਣੇ। ਕਿਸੇ ਵੱਡੇ ਘਰ ਦੀ ਧੀ ਪਰਦੇਸ ਸਹੁਰੀਂ ਚੱਲੀ ਸੀ। ਮਾਪਿਆਂ ਤੋਂ ਨਿਖੜਦਿਆਂ ਵੇਖ ਕੇ ਨੇੜੇ ਖੜ੍ਹਿਆਂ ਸਭ ਦੀਆਂ ਅੱਖਾਂ ਡੁਬ-ਡੁਬਾ ਗਈਆਂ ਸਨ। ਅਸੀਂ ਕੁੜੀ ਦਾ ਸਿਰ ਪਲੋਸਦਿਆਂ ਮਾਪਿਆਂ ਦਾ ਦਿਲ ਧਰਾਇਆ ਕਿ ਟੋਕੀਓ ਤਕ ਤਾਂ ਅਸੀਂ ਇਸ ਦੇ ਨਾਲ ਹਾਂ ਤੇ ਅੱਗੋਂ ਵੀ ਇਹਨੂੰ ਪਹਿਲਾਂ ਜਹਾਜ਼ ਚੜ੍ਹਾ ਕੇ ਫੇਰ ਆਪ ਚੜ੍ਹਾਂਗੇ। ਏਨੀ ਕੁ ਅਪਣੱਤ ਜਤਾਉਣ ਨਾਲ ਹੀ ਉਨ੍ਹਾਂ ਦਾ ਰਉਂ ਕੁਝ ਸੁਖਾਵਾਂ ਹੋ ਗਿਆ ਤੇ ਵਿਦਾਇਗੀ ਸੌਖੀ ਹੋ ਗਈ...।




*

ਏਅਰ ਹੋਸਟੈਸ ਤੋਂ ਮੈਂ ਪਾਣੀ ਹੀ ਲਿਆ ਕਿਉਂਕਿ ਸੈਵਨ ਅੱਪ ਦਾ ਪਤਾ ਨਹੀਂ ਸੀ ਕਿ ਉਹ ਕਿੰਨਾ ਅੱਪ ਜਾਂ ਡਾਊਨ ਕਰੇਗਾ। ਹੌਲ਼ੀ-ਹੌਲ਼ੀ ਹਾੜਾ ਲਾਇਆ ਤਾਂ ਮਨ ਸਰੂਰ ਨਾਲ ਭਰਦਾ ਗਿਆ। ਵੰਨ-ਸੁਵੰਨੀਆਂ ਸੂਰਤਾਂ ਨਿਹਾਰਦਿਆਂ ਮੇਰੀ ਕਲਪਨਾ ਹੁਲ੍ਹਾਰੇ ਵਿਚ ਆ ਗਈ। ਮੈਨੂੰ ਲੱਗਾ ਅੱਧ-ਅਸਮਾਨੇ ਮਿੰਨੀ ਦੁਨੀਆ ਵਸੀ ਪਈ ਸੀ, ਰੰਗਾਂ ਨਸਲਾਂ ਤੋਂ ਉਤੇ, ਜਾਤਾਂ ਪਾਤਾਂ ਤੋਂ ਪਰ੍ਹੇ ਤੇ ਧਰਮਾਂ ਕਰਮਾਂ ਤੋਂ ਨਿਰਲੇਪ। ਉਡਣ ਖਟੋਲਾ ਉਡਿਆ ਜਾ ਰਿਹਾ ਸੀ ਜਿਸ ਨੇ ਮੇਰੀ ਕਲਪਨਾ ਨੂੰ ਪਰ ਲਾ ਦਿੱਤੇ ਸਨ। ਮੈਂ ਕਿਸੇ ਵਜਦ ਵਿਚ ਮਖ਼ਮੂਰ ਸਾਂ ਤੇ ਮੇਰੇ ਧੁਰ ਅੰਦਰੋਂ ਸੁੱਤੇ ਬੋਲ ਜਾਗ ਰਹੇ ਸਨ-ਕੋਈ ਦਿਨ ਖੇਡ ਲੈ, ਮੌਜਾਂ ਮਾਣ ਲੈ, ਤੈਂ ਉਡ ਜਾਣਾ ਓਏ ਬੱਦਲਾ ਧੂੰਦ ਦਿਆ...!

*

ਅਸੀਂ ਬੇਕਰਸਫੀਲਡ ਪਹੁੰਚਣਾ ਸੀ। ਘੁਸਮੁਸੇ ਹਨ੍ਹੇਰੇ ਵਿਚ ਕਾਰ ਹਵਾ ਨੂੰ ਗੰਢਾਂ ਦਿੰਦੀ ਆਈ। ਲਾਸ ਏਂਜਲਸ ਤੋਂ ਬੇਕਰਸਫੀਲਡ ਡੇਢ ਕੁ ਘੰਟੇ ਦਾ ਸਫ਼ਰ ਸੀ। ਅਮਰੀਕਾ ਵਿਚ ਸ਼ਹਿਰਾਂ ਥਾਵਾਂ ਦਾ ਫਾਸਲਾ ਮੀਲਾਂ ਵਿਚ ਨਹੀਂ ਸਗੋਂ ਘੰਟਿਆਂ ਮਿੰਟਾਂ ਵਿਚ ਗਿਣਿਆ ਜਾਂਦਾ ਹੈ। ਘਰੋਂ ਕੰਮ ਦੀ ਥਾਂ 20 ਮਿੰਟ ਦਾ ਸਫ਼ਰ, ਸਟੋਰ 5 ਮਿੰਟ ਦਾ, ਬੈਂਕ 7 ਮਿੰਟ ਤੇ ਸਕੂਲ 10 ਮਿੰਟ ਦਾ। ਹਸਪਤਾਲ 12 ਮਿੰਟ ਤੇ ਗੈਸ ਸਟੇਸ਼ਨ 3 ਮਿੰਟ। ਏਵੇਂ ਜਿਵੇਂ ਸਾਕ-ਸਕੀਰੀਆਂ ਤੇ ਦੋਸਤਾਂ ਮਿੱਤਰਾਂ ਤਕ ਮਿਲਣ ਜਾਣ ਦਾ ਸਮਾਂ ਨਿਸ਼ਚਿਤ ਹੈ। ਉਂਜ ਅਮਰੀਕਾ ਵਿਚ ਹਾਲਾਂ ਵੀ ਮੀਲ ਹੀ ਚਲਦੇ ਹਨ ਜਦ ਕਿ ਕੈਨੇਡਾ ਨੇ ਕਿਲੋਮੀਟਰ ਅਪਣਾ ਲਏ ਹਨ।

ਭਜਨ (ਮੇਰਾ ਛੋਟਾ ਭਰਾ) ਸਾਡੇ ਨਾਲ ਬਾਹਰ ਆਇਆ ਤੇ ਆਂਢ-ਗੁਆਂਢ ਦੀ ਜਾਣਕਾਰੀ ਦੇਣ ਲੱਗਾ। ਉਹਦੀ ਬੀਹੀ ਵਿਚ ਮੈਕਸੀਕੇ, ਕਾਲ਼ੇ ਤੇ ਗੋਰਿਆਂ ਦੇ ਘਰ ਸਨ। ਪਾਕਿਸਤਾਨ ਦਾ ਇਕ ਪਰਿਵਾਰ ਥੋੜ੍ਹੇ ਦਿਨ ਪਹਿਲਾਂ ਹੀ ਭਜਨ ਹੋਰਾਂ ਦਾ ਗੁਆਂਢੀ ਬਣਿਆ ਸੀ। ਉਹ ਪਿੱਛੋਂ ਸਾਹੀਵਾਲ ਦੇ ਸਨ। ਉਨ੍ਹਾਂ ਤੋਂ ਪਹਿਲਾਂ ਮਰਹੂਮ ਸ਼ਾਇਰ ਪਾਸ਼ ਦੇ ਮਾਤਾ-ਪਿਤਾ, ਉਹਦੀ ਪਤਨੀ ਤੇ ਧੀ ਰਹਿੰਦੇ ਸਨ। ਹੁਣ ਉਹ ਉਥੋਂ ਥੋੜ੍ਹੇ ਹਟਵੇਂ ਰਹਿੰਦੇ ਹਨ। ਆਂਢ-ਗੁਆਂਢ ਬਾਰੇ ਦੱਸ ਕੇ ਭਜਨ ਨੇ ਨੇੜੇ ਹੀ ਇਕ ਸਕੂਲ ਦਾ ਗਰਾਊਂਡ ਵਿਖਾਇਆ ਜਿਥੇ ਅਸੀਂ ਸੈਰ ਤੇ ਕਸਰਤ ਕਰ ਸਕਦੇ ਸਾਂ...।

*ਇਕ ਚੌਕ 'ਚ ਦੋ ਅੱਧ ਨੰਗੀਆਂ ਕੁੜੀਆਂ ਧੁੱਪੇ ਹੀ ਪੀਜ਼ੇ ਦੀ ਮਸ਼ਹੂਰੀ ਵਾਲਾ ਬੈਨਰ ਚੁੱਕੀ ਖੜ੍ਹੀਆਂ ਸਨ। ਕਾਰਾਂ ਵਾਲੇ ਪਹਿਲਾਂ ਕੁੜੀਆਂ ਦੇ ਹੁਸਨ ਵੱਲ ਵੇਖਦੇ ਤੇ ਫਿਰ ਮਸ਼ਹੂਰੀ ਪੜ੍ਹਦੇ। ਨੰਗੇਜ਼ ਵਿਖਾ ਕੇ ਸੌਦਾ ਵੇਚਣ ਦਾ ਇਹ ਵੀ ਆਪਣਾ ਢੰਗ ਸੀ। ਮੈਨੂੰ ਮੁਕਸਰ ਦਾ ਮੇਲਾ ਯਾਦ ਆ ਗਿਆ। ਸੰਨ 1961-62 'ਚ ਮੈਂ ਉਥੋਂ ਬੀਐੱਡ ਕੀਤੀ ਸੀ। ਮਾਘੀ ਮੇਲੇ ਦੀ ਰਾਤ ਨੂੰ ਇਕ ਜਮਾਤੀ ਸਾਨੂੰ ਹੋਸਟਲ 'ਚੋਂ ਉਠਾ ਕੇ ਸਰਕਸਾਂ ਤੇ ਜਿੰਦਾ ਡਾਨਸਾਂ ਦੇ ਪੰਡਾਲਾਂ ਵੱਲ ਲੈ ਗਿਆ। ਇਕ ਪੰਡਾਲ ਮੂਹਰੇ ਦਰਸ਼ਕਾਂ ਦਾ ਧੱਕਾ ਪੈ ਰਿਹਾ ਸੀ। ਇਹੋ ਨਜ਼ਾਰਾ ਵੇਖ ਕੇ ਸਾਡੇ ਸਾਥੀ ਨੇ ਸਾਨੂੰ ਅੱਧੀ ਰਾਤ ਆ ਜਗਾਇਆ ਸੀ। ਰਸਤੇ ਵਿਚ ਉਹ ਅੱਖੀਂ ਵੇਖੇ ਨਜ਼ਾਰਿਆਂ ਦੀਆਂ ਸਿਫ਼ਤਾਂ ਸੁਣਾਉਂਦਾ ਆਇਆ ਸੀ। ਅਖੇ ਬਾਹਰ ਫੱਟੇ ਉਤੇ ਨੱਚਦਾ ਖੁਸਰਾ ਹੈਲਨ ਨੂੰ ਵੀ ਮਾਤ ਪਾਈ ਜਾਂਦਾ! ਅੱਖ ਮਾਰ ਕੇ ਅਗਲੇ ਨੂੰ ਪੈਰੋਂ ਕੱਢ ਦਿੰਦੈ!

ਭੀੜ ਵਿਚ ਥਾਂ ਬਣਾਉਂਦੇ ਅਸੀਂ ਅੱਗੇ ਵਧਣ ਲੱਗੇ। ਸਰਕਸ ਦੇ ਵੱਡੇ ਪੰਡਾਲ ਅੱਗੇ ਗੱਡੇ ਫੱਟਿਆਂ 'ਤੇ ਮਧੂ ਬਾਲਾ ਬਣਿਆ ਨਚਾਰ ਨੱਚ ਰਿਹਾ ਸੀ। ਉਹਦੇ ਬੂਟੀਆਂ ਵਾਲਾ ਲਾਲ ਜੰਪਰ ਪਾਇਆ ਹੋਇਆ ਸੀ। ਕਾਲੀ ਚੁੰਨੀ, ਮੂੰਹ 'ਤੇ ਪਾਊਡਰ ਮਲ਼ਿਆ, ਬੁੱਲ੍ਹਾਂ 'ਤੇ ਸੁਰਖ਼ੀ ਲਾਈ ਤੇ ਲੰਮੀ ਗੁੱਤ ਕੀਤੀ ਹੋਈ ਸੀ। ਲਾਊਡ ਸਪੀਕਰ ਦੇ ਗਾਣੇ 'ਤੇ ਨਚਦਾ ਉਹ ਲੱਕ ਲਚਕਾਅ ਕੇ ਅੱਖ ਮਾਰਦਾ। ਜਗਦੇ ਗੈਸ ਦੇ ਚਾਨਣ ਵਿਚ ਉਹਦੀਆਂ ਅੱਖਾਂ ਵੀ ਮਤਾਬੀ ਵਾਂਗ ਜਗ ਰਹੀਆਂ ਸਨ। ਉਹਦੇ ਨਾਲ ਅੱਖ ਮਿਲਾਉਣ ਲਈ ਦਰਸ਼ਕ ਇਕ ਦੂਜੇ ਦੇ ਉਤੋਂ ਦੀ ਉਲਰ-ਉਲਰ ਪੈਂਦੇ। ਜੀਹਦੀ ਅੱਖ ਮਿਲ ਜਾਂਦੀ ਤੇ ਜੀਹਨੂੰ ਅੱਖ ਵੱਜ ਜਾਂਦੀ, ਉਹ ਹਿੱਕ 'ਤੇ ਹੱਥ ਧਰ ਕੇ ਆਖਦਾ 'ਹਾਇ' ਤੇ ਪਿੱਛੋਂ ਸਾਥੀਆਂ ਨੂੰ ਕਹਿੰਦਾ, "ਲੈ ਆਪਾਂ ਨੀ ਹੁਣ ਛੇ ਮਹੀਨੇ ਡੋਲਦੇ!" ਤੇ ਉਹ ਟਿਕਟਾਂ ਲੈ ਕੇ ਅੰਦਰਲਾ ਸ਼ੋਅ ਵੇਖਣ ਤੁਰ ਪੈਂਦੇ!

ਚੌਕ 'ਚ ਬੈਨਰ ਚੁੱਕੀ ਖੜ੍ਹੀਆਂ ਉਹ ਅਧਨੰਗੀਆਂ ਅਮਰੀਕਨ ਕੁੜੀਆਂ ਮੈਨੂੰ ਮਾਘੀ ਦੇ ਮੇਲੇ ਦਾ ਹੀ ਰੂਪ ਲੱਗੀਆਂ।

*

ਉਥੇ ਐਸ਼ ਆਰਾਮ ਦਾ ਸਿਖਰ ਵੀ ਵੇਖਿਆ ਤੇ ਹਉਕੇ ਲੈਂਦੀਆਂ ਉਦਾਸੀਆਂ ਵੀ ਤੱਕੀਆਂ। ਵਾਰ ਵਾਰ ਖਿਆਲ ਆਇਆ ਕਿ ਅਸਲੀ ਖੁਸ਼ੀ ਕਿਥੇ ਐ? ਖੁਸ਼ੀ ਬਾਹਰ ਹੈ ਜਾਂ ਅੰਦਰ? ਖੁਸ਼ੀ ਅਮੀਰੀ ਤੇ ਡਾਲਰਾਂ ਵਿਚ ਹੋਵੇ ਤਾਂ ਅਮਰੀਕਾ ਕੈਨੇਡਾ ਵਰਗੇ ਮੁਲਕਾਂ ਵਿਚ ਕੋਈ ਗ਼ਮਗੀਨ ਕਿਉਂ ਹੋਵੇ? ਮੇਰੇ ਕੰਨਾਂ ਨੇ ਇਕ ਵਾਰ ਨਹੀਂ ਵਾਰ ਵਾਰ ਸੁਣਿਆ ਕਿ ਅੰਕਲ ਸਾਡਾ ਇਥੇ ਜੀਅ ਨਹੀਂ ਲੱਗਦਾ, ਭਾਅ ਜੀ ਡਾਲਰਾਂ ਨੂੰ ਚੱਟਣਾ ਜੇ ਚਿੱਤ ਈ ਖੁਸ਼ ਨਾ ਹੋਇਆ? ਤੇ ਅਜਿਹੇ ਬੋਲ ਵੀ ਸੁਣਨ ਨੂੰ ਮਿਲੇ, "ਚੰਗਾ ਖਾਨੇ ਆਂ, ਚੰਗਾ ਪਹਿਨਦੇ ਆਂ, ਕਾਰਾਂ 'ਤੇ ਚੜ੍ਹਦੇ ਆਂ, ਕਿਸੇ ਨੂੰ ਟਿੱਚ ਨੀ ਜਾਣਦੇ। ਹੋਰ ਦੱਸੋ ਕੀ ਵੰਝ ਲੈਣਾ?"

ਸਿਆਣੇ ਸੱਚ ਕਹਿੰਦੇ ਹਨ ਕਿ ਕਿਸੇ ਨੂੰ ਮਾਂਹ ਮਾਫਕ, ਕਿਸੇ ਨੂੰ ਬਾਦੀ। ਅਮਰੀਕਾ-ਕੈਨੇਡਾ ਦੇ ਸੋਹਲੇ ਗਾਉਣ ਵਾਲੇ ਵੀ ਬਥੇਰੇ ਹਨ ਤੇ ਨਿੰਦਣ ਭੰਡਣ ਵਾਲਿਆਂ ਦਾ ਵੀ ਘਾਟਾ ਨਹੀਂ। ਸੂਖਮਭਾਵੀ ਵਿਅਕਤੀ ਉਥੇ ਕੁਝ ਵਧੇਰੇ ਪਰੇਸ਼ਾਨ ਲੱਗੇ ਜਦ ਕਿ ਮੋਟੀ ਬੁੱਧੀ ਵਾਲੇ ਬੜੇ ਖੁਸ਼ ਤੇ ਢੋਲੇ ਦੀਆਂ ਲਾਉਣ ਵਾਲੇ ਟੱਕਰੇ।

*

ਉਥੇ ਤਿੰਨ ਡਬਯੂਆਂ ਦਾ ਕੋਈ ਇਤਬਾਰ ਨਹੀਂ। ਵੋਮੈਨ, ਵੈਦਰ ਤੇ ਵਰਕ। ਅਰਥਾਤ ਤੀਵੀਂ, ਮੌਸਮ ਤੇ ਕੰਮ ਦਾ ਕੋਈ ਵਿਸਾਹ ਨਹੀਂ। ਕੋਈ ਪਤਾ ਨਹੀਂ ਤੀਵੀਂ ਕਦੋਂ ਪਾਸਾ ਵੱਟ ਜਾਵੇ, ਮੌਸਮ ਕਦੋਂ ਖਰਾਬ ਹੋ ਜਾਵੇ ਤੇ ਕੰਮ ਕਦੋਂ ਛੁੱਟ ਜਾਵੇ। ਉਥੇ ਲੋਕ ਬਦਲ ਬਦਲ ਕੇ ਕਈ ਤਰ੍ਹਾਂ ਦੇ ਕਿੱਤੇ ਤੇ ਕਾਰੋਬਾਰ ਕਰਦੇ ਹਨ। ਘਰ ਬਦਲਦੇ ਹਨ, ਵਿਆਹ ਬਦਲਦੇ ਹਨ, ਦੋਸਤ ਕੁੜੀਆਂ ਤੇ ਦੋਸਤ ਮੁੰਡੇ ਬਦਲਦੇ ਹਨ। ਦੋ ਤਿੰਨ ਵਿਆਹ ਹੋਣੇ ਤਾਂ ਆਮ ਜਿਹੀ ਗੱਲ ਹਨ। ਜਿਹੜਾ ਜੋੜਾ 25 ਵਰ੍ਹੇ 'ਕੱਠਾ ਕੱਟ ਜਾਵੇ ਯਾਨੀ ਸਿਲਵਰ ਜੁਬਲੀ ਮਨਾ ਜਾਵੇ, ਉਹਦੀਆਂ ਤਾਂ ਫਿਰ ਅਖ਼ਬਾਰਾਂ ਵਿਚ ਖ਼ਬਰਾਂ ਛਪਦੀਆਂ ਹਨ। ਪੰਜਾਬ ਵਿਚ ਜਿਵੇਂ ਮਰਗ ਦੇ ਭੋਗ ਦਾ ਕਾਰਡ ਛਪਦਾ ਉਵੇਂ ਉਥੇ ਅਖ਼ਬਾਰਾਂ ਵਿਚ ਇਸ਼ਤਿਹਾਰ ਛਪਦੇ ਹਨ ਕਿ ਅਸੀਂ ਪੱਚੀ ਸਾਲਾਂ ਤੋਂ ਵਿਆਹੇ ਹੋਏ ਹਾਂ ਤੇ ਫੇਰ ਵੀ ਬੜੇ ਖੁਸ਼ ਆਂ!

ਅਜਿਹੇ ਇਸ਼ਤਿਹਾਰ ਪੜ੍ਹ ਕੇ ਪਾਠਕ ਉਸ ਜੋੜੇ ਨੂੰ ਹਾਰਦਿਕ ਵਧਾਈਆਂ ਦਿੰਦੇ ਹਨ ਕਿ ਤੁਸੀਂ ਧੰਨ ਹੋ ਜਿਹੜੇ ਏਨਾ ਸਮਾਂ 'ਕੱਠੇ ਕੱਟ ਗਏ! ਉਹ ਸ਼ੁਭ ਕਾਮਨਾਵਾਂ ਭੇਜਦੇ ਹਨ ਕਿ ਤੁਹਾਡੇ 'ਚ ਅੱਗੇ ਜਾ ਕੇ ਵੀ ਫਰਕ ਨਾ ਪਵੇ ਤੇ ਤੁਹਾਡੀ ਗੋਲਡਨ ਜੁਬਲੀ ਮਨਾਉਣ ਤਕ ਬਣੀ ਰਹੇ!

*

ਤੜਕਸਾਰ ਸਾਡਾ ਜਹਾਜ਼ ਦਿੱਲੀ ਦੇ ਹਵਾਈ ਅੱਡੇ 'ਤੇ ਉਤਰਿਆ। ਜੀਟੀ ਰੋਡ 'ਤੇ ਉਹੀ ਭੀੜਾਂ ਸਨ, ਉਹੀ ਹੌਰਨ ਤੇ ਉਹੀ ਧੂੜਾਂ। ਪੁਰੇ ਦੀ 'ਵਾ ਵਗ ਰਹੀ ਸੀ ਤੇ ਝੋਨੇ ਦੇ ਖੇਤ ਝੂੰਮ ਰਹੇ ਸਨ। ਡਰਾਈਵਰਾਂ ਦੀਆਂ ਗਾਲ੍ਹਾਂ ਸਨ, ਗੱਡੀਆਂ ਦੇ ਝਟਕੇ ਤੇ ਟਰੱਕਾਂ ਦਾ ਉਡਾਇਆ ਘੱਟਾ ਮੁੜ ਮੁੜ ਅੱਖਾਂ 'ਚ ਪੈ ਰਿਹਾ ਸੀ। ਪਰ ਇਹ ਮਿੱਟੀ-ਘੱਟਾ ਆਪਣੇ ਵਤਨ ਦਾ ਸੀ ਇਸ ਲਈ ਅੱਖਾਂ 'ਚ ਪੈਣ ਦੇ ਬਾਵਜੂਦ ਪਿਆਰਾ ਪਿਆਰਾ ਲੱਗ ਰਿਹਾ ਸੀ। ਆਪਣੇਪਣ ਦਾ ਅਜਬ ਅਹਿਸਾਸ ਹੋ ਰਿਹਾ ਸੀ। ਏਥੇ ਆਪਣੀ ਮਿੱਟੀ ਸੀ, ਆਪਣਾ ਪਾਣੀ, ਆਪਣੀ ਧੁੱਪ ਤੇ ਆਪਣੇ ਲੋਕ। ਸੜਕ ਕੰਢੇ ਝੂੰਮਦੇ ਸਫੈਦਿਆਂ ਦੇ ਝੁੰਡ ਪਲ ਦੀ ਪਲ ਇਉਂ ਲੱਗੇ ਜਿਵੇਂ ਉਹ ਸਾਡਾ ਸਵਾਗਤ ਕਰਦੇ ਹੋਣ।

ਦੁਨੀਆ ਲੱਖ ਸੋਹਣੀ ਹੋਵੇ ਪਰ ਉਹ ਕਦੇ ਪਿਆਰੇ ਵਤਨ ਤੋਂ ਸੋਹਣੀ ਨਹੀਂ ਹੋ ਸਕਦੀ।

ਖ਼ੈਰ ਇਹ ਟ੍ਰੇਲਰ ਹੈ। ਫਿਲਮ ਕਦੇ ਫੇਰ ਸਹੀ।

---

## ਮਿਨੀ ਕਹਾਣੀਆਂ

### ਮੂਲਮੰਤਰ

ਉਹ ਆਪਣੇ ਬੇਟੇ-ਬਹੂ ਕੋਲ ਰਹਿਣ ਤਾਂ ਗਏ ਸਨ ਪਰ ਛੇਤੀ ਹੀ ਬਹੁਤ ਦੁਖੀ ਅਤੇ ਨਿਰਾਸ਼ ਹੋ ਕੇ ਪਰਤੇ। ਬੇਟੇ-ਬਹੂ ਦੇ ਵਿਵਹਾਰ ਤੋਂ ਬਹੁਤ ਪ੍ਰੇਸ਼ਾਨ ਸਨ। ਦਿਲ-ਦਿਮਾਗ਼ ਵਿਚ ਤੂਫ਼ਾਨ ਉਠ ਰਿਹਾ ਸੀ। ਜੀਅ ਹੌਲ਼ਾ ਕਰਨ ਲਈ ਉਹ ਆਪਣੇ ਗੁਆਂਢੀ ਦੋਸਤ ਦੇ ਘਰ ਗਏ। ਉੱਥੇ ਬੇਟੇ-ਬਹੂ ਦੀਆਂ ਜੀਅ ਭਰ ਕੇ ਸ਼ਿਕਾਇਤਾਂ ਕੀਤੀਆਂ। ਉਨ੍ਹਾਂ ਦੀ ਪਤਨੀ ਦਾ ਰੋ-ਰੋ ਕੇ ਬੁਰਾ ਹਾਲ ਹੋ ਰਿਹਾ ਸੀ। ਪਰ ਉਨ੍ਹਾਂ ਦੇ ਗੁਆਂਢੀ ਸ਼ਾਂਤੀ ਨਾਲ ਸਾਰੀਆਂ ਗੱਲਾਂ ਸੁਣ ਰਹੇ ਸਨ। ਅਚਾਨਕ ਉਨ੍ਹਾਂ ਨੇ ਗੁਆਂਢੀ ਨੂੰ ਪ੍ਰਸ਼ਨ ਕੀਤਾ - ਭਾਈ ਸਾਹਿਬ, ਤੁਸੀਂ ਵੀ ਤਾਂ ਆਪਣੇ ਬੇਟੇ-ਬਹੂ ਕੋਲ ਅਮਰੀਕਾ ਜਾਂਦੇ ਹੋ, ਉਹ ਵੀ ਛੇ-ਛੇ ਮਹੀਨੇ ਲਈ। ਜਦੋਂ ਤੁਸੀਂ ਮੁੜਦੇ ਹੋ ਤਾਂ ਬੜੇ ਸ਼ਾਂਤ ਦਿਸਦੇ ਹੋ, ਕਦੇ ਕੋਈ ਸ਼ਿਕਾਇਤ ਨਹੀਂ ਕਰਦੇ।

ਜਦ ਕਿ ਅਸੀਂ ਇਉਂ ਸੋਚ ਕੇ ਦਿੱਲੀ ਜਾਂਦੇ ਹਾਂ ਕਿ ਉਨ੍ਹਾਂ ਕੋਲ ਘੱਟੋ ਘੱਟ ਤਿੰਨ ਚਾਰ ਮਹੀਨੇ ਰਹਾਂਗੇ, ਪਰ ਉੱਥੇ ਇੰਨੀ ਖਟਪਟ ਹੁੰਦੀ ਹੈ, ਇੰਨਾ ਦੁਰ-ਵਿਹਾਰ ਹੁੰਦਾ ਹੈ ਕਿ ਮਹੀਨੇ ਬਾਅਦ ਹੀ ਬੇਇੱਜ਼ਤ ਹੋ ਕੇ ਮੁੜ ਆਉਂਦੇ ਹਾਂ। ਕੀ ਤੁਹਾਡੀ ਆਪਣੇ ਬੇਟੇ-ਬਹੂ ਨਾਲ ਕਦੇ ਖਟਪਟ ਨਹੀਂ ਹੁੰਦੀ? ਉੱਥੇ ਤੁਸੀਂ ਇੰਨਾਂ ਲੰਬਾ ਸਮਾਂ ਕਿਵੇਂ ਰਹਿੰਦੇ ਹੋ? ਕੋਈ ਮੂਲਮੰਤਰ ਹੈ ਤਾਂ ਸਾਨੂੰ ਵੀ ਦੱਸੋ। ਗੁਆਂਢੀ ਨੇ ਬੜੀ ਸਹਿਜਤਾ ਨਾਲ ਦੱਸਿਆ - ਗਾਂਧੀ ਜੀ ਦੇ ਤਿੰਨ ਬਾਂਦਰਾਂ ਵਾਂਗ ਅੱਖਾਂ, ਕੰਨ, ਮੂੰਹ ਬੰਦ ਰੱਖੋ, ਇਹੋ ਅੱਜ ਦੇ ਜ਼ਮਾਨੇ ਦਾ ਮੂਲਮੰਤਰ ਹੈ।

* ਮੂਲ : ਸੁਮਨ ਉਬਰਾਏ
* ਅਨੁ : ਪ੍ਰੋ. ਨਵ ਸੰਗੀਤ ਸਿੰਘ

### ਅੰਨ੍ਹਾ ਖੂਹ

ਬਾਬੇ ਬਖਤੌਰੇ ਦਾ ਕੁੱਤਾ ਗਲੀ ਵਿਚ ਡਿੱਗਦਾ ਲੇਟਦਾ ਤੇ ਹਰੇਕ ਨੂੰ ਭੌਂਕ ਰਿਹਾ ਸੀ। ਬਖਤੌਰੇ ਨੇ ਘਰ ਵਾਲੀ ਨੂੰ ਪੁੱਛਿਆ ਆਪਣੇ ਡੱਬੂ ਨੂੰ ਕੀ ਹੋਇਆ? 'ਕੱਲ੍ਹ ਦਾ ਬਿਮਾਰ ਜਾਪਦਾ ਸੀ ਮੈਂ ਇੱਕ ਕੱਪ ਦਵਾਈ ਪਿਲਾਈ ਤੇ ਦਵਾਈ ਪੀਂਦੇ ਹੀ ਘਰੋਂ ਭੱਜ ਗਿਆ, ਹੁਣ ਮੁਹੱਲੇ ਵਾਲੇ ਉਲਾਹਮੇ ਦੇ ਰਹੇ ਨੇ...'। 'ਤੂੰ ਦਵਾਈ ਕਿਥੋਂ ਲਈ ਸੀ ਉਸ ਦੀ ਡੇਟ ਵਗੈਰਾ ਵੇਖੀ ਸੀ?' 'ਤਰੀਕ ਤਾਂ ਉਸ 'ਤੇ ਲਿਖੀ ਨਹੀਂ ਸੀ!' 'ਤੂੰ ਦਵਾਈ ਖਰੀਦੀ ਕਿਥੋਂ ਸੀ?' 'ਜੀ ਮੈਂ ਖਰੀਦੀ ਨਹੀਂ ਤੁਹਾਡੀ ਅਲਮਾਰੀ ਵਿੱਚੋਂ ਕੱਢੀ ਸੀ।' ਆਪਣੀ ਅਲਮਾਰੀ ਦਾ ਸੁਣ ਕੇ ਬਖਤੌਰਾ ਹੈਰਾਨ ਹੋਇਆ ਕਹਿੰਦਾ 'ਮੇਰੀ ਅਲਮਾਰੀ!' 'ਆਹੋ!' ਕੀ ਲਿਖਿਆ ਸੀ ਦਵਾਈ 'ਤੇ ਬਖਤੌਰਾ ਗੁੱਸੇ ਨਾਲ ਬੋਲਿਆ ਏਨੇ ਨੂੰ ਉਹ ਬੋਤਲ ਕੱਢ ਲਿਆਈ ਜਿਸ 'ਤੇ ਲਿਖਿਆ ਸੀ (ਬਲੈਕ ਡੌਗ) 'ਮੈਂ ਸੋਚਿਆ ਕੁੱਤੇ ਦੀ ਹੀ ਹੋਵੇਗੀ?' ਉਹ ਤੇਰਾ ਬਹਿ ਜੇ ਬੇੜਾ ਇਹ ਤਾਂ ਮੈਨੂੰ ਵੋਟਾਂ ਵਾਲੇ ਦੇ ਕੇ ਗਏ ਸੀ ਤੂੰ ਪਾ ਤਾ ਪਾਣੀ ਦੋ ਹਜ਼ਾਰ ਵਿੱਚ! ਹੁਣ ਬਖਤੌਰੇ ਦੀ ਘਰਵਾਲੀ ਦਾ ਸਬਰ ਦਾ ਬੰਨ੍ਹ ਟੁੱਟ ਗਿਆ ਉਸ ਨੇ ਰਹਿੰਦੀ ਵ੍ਹਿਸਕੀ ਵਾਲੀ ਬੋਤਲ ਕੰਧ ਨਾਲ ਮਾਰੀ ਕਹਿੰਦੀ ਬਹਿ ਜਾਏ ਬੇੜਾ ਇਲੈਕਸ਼ਨਾਂ ਵਿਚ ਸ਼ਰਾਬ ਵੰਡਣ ਵਾਲਿਆਂ ਦਾ ਤੇ ਤੇਰੇ ਜਿਹਿਆਂ ਦਾ ਜੋ ਆਪਣੇ ਅਤੇਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਮੁਫਤ ਦੀ ਸ਼ਰਾਬ ਖਾਤਰ ਅੰਨ੍ਹੇ ਖੂਹ ਵਿੱਚ ਧਕੇਲ ਰਹੇ ਹਨ।

*–ਹਰਦੀਪ ਸਿੰਘ ਸੋਢੀ ਨਡਾਲਾ*

# ਚਹੁੰ ਜ਼ਿਲ੍ਹਿਆਂ ਦੇ ਚਾਰ ਪਿੰਡਾਂ ਦੀ ਗੱਲ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਹ ਸਬੱਬ ਦੀ ਗੱਲ ਹੈ ਕਿ ਇਨ੍ਹਾਂ ਸਤਰਾਂ ਦੇ ਲੇਖਕ ਦਾ ਪਿਛਲੇ ਹਫਤੇ ਜਿਨ੍ਹਾਂ ਪਿੰਡਾਂ ਨਾਲ ਵਾਹ ਪਿਆ ਉਨ੍ਹਾਂ ਵਿਚੋਂ ਚਾਰ ਵੱਖੋ ਵੱਖਰੇ ਕਾਰਨਾਂ ਹਿੱਤ ਚਰਚਾ ਵਿਚ ਹਨ। ਗੁਰਦਾਸਪੁਰ ਜ਼ਿਲ੍ਹੇ ਦੀ ਧਾਰੀਵਾਲ ਤਹਿਸੀਲ ਦਾ ਪਿੰਡ ਲਹਿਲ ਕਲਾਂ ਉਸ ਪਿੰਡ ਦੇ ਜੰਮਪਲ ਲਿਖਾਰੀ ਡਾ. ਸਰਬਜੀਤ ਸਿੰਘ ਛੀਨਾ ਸਦਕਾ ਚਰਚਾ ਵਿਚ ਹੈ। ਉਸਦੀ ਆਪਣੇ ਪਿੰਡ ਬਾਰੇ ਲਿਖੀ ਪੰਜਾਬੀ ਪੁਸਤਕ 'ਮੇਰਾ ਪਿੰਡ ਆਪਣੇ ਲੋਕ' ਦਾ ਅੰਗਰੇਜ਼ੀ ਅਨੁਵਾਦ ਐਮਾਜ਼ੋਨ ਨੇ ਅਪਣਾ ਲਿਆ ਹੈ ਤੇ ਸੈਂਕੜੇ ਦੇਸ਼ਾਂ ਵਿਚ ਚਰਚਿਤ ਹੈ। ਹੁਣ ਇਸ ਪਿੰਡ ਦੀ ਰਹਿਣੀ-ਸਹਿਣੀ ਤੇ ਸਭਿਆਚਾਰ ਨੂੰ ਚਾਰ ਚੰਨ ਲੱਗ ਚੁੱਕੇ ਹਨ। ਲੰਘੇ ਹਫਤੇ ਉਸ ਨੂੰ ਟੈਲੀਫੋਨ ਮਿਲਾਇਆ ਤਾਂ ਉਹ ਇਸ ਹੀ ਪਿੰਡ ਤੋਂ ਬੋਲ ਰਿਹਾ ਸੀ। ਉਥੇ ਵਿਸਾਖੀ ਦਾ ਮੇਲਾ ਮਨਾਇਆ ਜਾ ਰਿਹਾ ਸੀ ਜਿਹੜਾ ਮੁੱਢ ਕਦੀਮੋਂ ਏਥੇ ਲੱਗਦਾ ਆ ਰਿਹਾ ਹੈ। ਗਵਾਂਢੀ ਪਿੰਡਾਂ ਦੇ ਲੋਕ ਪੈਰਾਂ ਨਾਲੋਂ ਭਾਰੇ ਘੁੰਗਰੂ ਪਹਿਨ ਕੇ ਭੰਗੜਾ ਪਾਉਂਦੇ ਹਨ। ਉਨ੍ਹਾਂ ਦਾ ਅੰਗ-ਅੰਗ ਘੁੰਗਰੂਆਂ ਨਾਲ ਲੱਦਿਆ ਹੁੰਦਾ ਹੈ। ਰੌਣਕ ਦੀ ਕੋਈ ਹੱਦ ਨਹੀਂ ਰਹਿੰਦੀ।

ਇਸ ਪਿੰਡ ਵਿਚ ਤਪੱਸਵੀ ਬਾਬਾ ਕੌਲ ਦਾਸ ਦਾ ਮੰਦਰ ਵੀ ਹੈ ਜਿੱਥੇ ਹਰ ਰੋਜ਼ ਲੰਗਰ ਲਗਦਾ ਹੈ ਜਿੱਥੇ ਹਿੰਦੂ, ਸਿੱਖ, ਈਸਾਈ ਰਲ-ਮਿਲ ਖਾਣਾ ਖਾਂਦੇ ਹਨ। ਏਥੇ ਉਨ੍ਹਾਂ ਦੇ ਰਹਿਣ ਦਾ ਉਚੇਚਾ ਪ੍ਰਬੰਧ ਹੈ। ਜਿਸ ਵੇਲੇ ਡਾਕਟਰ ਛੀਨਾ ਨਾਲ ਗੱਲ ਹੋਈ ਕੱਬਡੀ ਦਾ ਟੂਰਨਾਮੈਂਟ ਚੱਲ ਰਿਹਾ ਸੀ। ਹੋਰ ਟੂਰਨਾਮੈਂਟ ਵੀ ਹੁੰਦੇ ਰਹਿੰਦੇ ਹਨ। ਇਸ ਮੇਲੇ ਦੀ ਮੁੱਖ ਵਿਲੱਖਣਤਾ ਇਸਦੇ ਅੰਤਲੇ ਦਿਨ ਸਦਕਾ ਹੈ ਜਿੱਥੇ ਔਰਤਾਂ ਤੋਂ ਬਿਨਾ ਕੋਈ ਹੋਰ ਸ਼ਾਮਲ ਨਹੀਂ ਹੋ ਸਕਦਾ। ਇਕ ਧਾਰਨਾ ਅਨੁਸਾਰ ਬਾਬਾ ਕੌਲ ਦਾਸ ਨੂੰ ਜਹਾਂਗੀਰ ਬਾਦਸ਼ਾਹ ਨੇ ਜਗੀਰ ਦਿੱਤੀ ਸੀ ਜਿਸ ਵਿਚ 40 ਏਕੜ ਜ਼ਮੀਨ ਵੀ ਸ਼ਾਮਲ ਸੀ।

ਡਾ. ਛੀਨਾ ਨੇ ਉਸ ਮੁਸਲਮਾਨ ਔਰਤ ਦੀ ਗੱਲ ਵੀ ਦੱਸੀ ਜਿਹੜੀ ਸੰਨ ਸੰਤਾਲੀ ਵਿਚ ਏਥੇ ਰਹਿ ਗਈ ਸੀ। ਉਸਨੇ ਇੱਕ ਹਿੰਦੂ ਨਾਲ ਵਿਆਹ ਕੀਤਾ ਤਾਂ ਮੰਦਰ ਵੀ ਜਾਂਦੀ ਰਹੀ। ਉਸ ਹਿੰਦੂ ਦੀ ਮੌਤ ਹੋਈ ਤਾਂ ਉਸਨੂੰ ਪਿੰਡ ਦੇ ਧੜੱਲੇਦਾਰ ਤੇ ਦਯਾਵਾਨ ਵਿਅਕਤੀ ਗਿਆਨੀ ਕਰਤਾਰ ਸਿੰਘ ਨੇ ਆਪਣੇ ਘਰ ਵਸਾ ਲਿਆ। ਨਵੇਂ ਟਿਕਾਣੇ ਤੋਂ ਉਹ ਮੰਨ ਨਾਲ ਗੁਰਦੁਆਰੇ ਵੀ ਜਾਂਦੀ ਰਹੀ। ਏਥੋਂ ਤਕ ਕਿ ਉਸਨੂੰ ਪਿੰਡ ਵਾਲੇ ਗਿਆਨਣ ਕਹਿਣ ਲੱਗ ਪਏ। ਖ਼ੂਬੀ ਇਹ ਕਿ ਗਿਆਨੀ ਜੀ ਦੇ ਅਕਾਲ ਚਲਾਣੇ ਤੋਂ ਪਿਛੋਂ ਉਸਨੇ ਉਹ ਵਾਲਾ ਘਰ ਛੱਡ ਕੇ ਗੁਰਦੁਆਰੇ ਵਿਚ ਠਾਹਰ ਲੈ ਲਈ, ਜਿੱਥੇ ਉਸਨੇ ਆਪਣੇ ਜੀਵਨ ਦੇ ਅੰਤਲੇ ਸਾਲ ਬਤੀਤ ਕੀਤੇ ਤੇ ਸੁਆਸ ਤਿਆਗੇ।

ਦੂਜਾ ਪਿੰਡ ਭੜੀ, ਖੰਨਾ-ਖਮਾਣੋਂ ਸੜਕ ਉੱਤੇ ਪੈਂਦਾ ਹੈ ਤੇ ਮੇਰੇ ਬਚਪਨ ਸਮੇਂ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਸਮਰਾਲਾ ਦਾ ਹਿੱਸਾ ਸੀ। ਪੰਥ ਪ੍ਰਕਾਸ਼ ਦੇ ਰਚੇਤਾ ਭਾਈ ਰਤਨ ਸਿੰਘ ਭੰਗੂ ਵੀ ਭੜੀ ਦੇ ਜੰਮਪਲ ਸਨ। ਮੁਗਲਾਂ ਦੀ ਚੜ੍ਹਤ ਸਮੇਂ ਭਾਈ ਸਾਹਿਬ ਦੇ ਵਡਾਰੂ ਮਹਿਤਾਬ ਸਿੰਘ ਨੇ ਭਾਈ ਸੁੱਖਾ ਸਿੰਘ ਨਾਲ ਰਲ ਕੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਦਾ ਸਿਰ ਵੱਢਿਆ ਸੀ। ਇਹ ਪਿੰਡ ਕਈ ਮਹਾਰਥੀਆਂ ਦਾ ਜਨਮ ਦਾਤਾ ਹੈ। ਉਸ ਪਿੰਡ ਦੇ ਜੰਮਪਲ ਦਲਜੀਤ ਸਿੰਘ ਭੰਗੂ ਨੇ ਉਥੇ ਭਾਈ ਰਤਨ ਸਿੰਘ ਯਾਦਗਾਰੀ ਲਾਇਬਰੇਰੀ ਹੀ ਨਹੀਂ ਖੋਲ੍ਹੀ ਉਸ ਪਿੰਡ ਦੇ ਪੁਰਾਣੇ ਵਿਦਿਆਰਥੀਆਂ ਦੀ ਐਲੂਮੀਨਾਈ ਸੰਸਥਾ ਵੀ ਸਥਾਪਤ ਕੀਤੀ ਹੈ। ਇਸਦਾ ਲੋਗੋ 'ਸ਼ੁੱਧ ਗਿਆਨ, ਸਹੀ ਸਮਝ, ਸੁੱਚਾ ਕਰਮ' ਹੈ। ਦਲਜੀਤ ਸਿੰਘ ਸੇਵਾ ਮੁਕਤ ਪੀ ਸੀ ਐਸ ਅਫਸਰ ਹੈ ਤੇ ਮੇਰਾ ਮਿੱਤਰ ਵੀ। ਉਸਨੇ ਮੈਨੂੰ ਨਵ ਸਥਾਪਤ ਸੰਸਥਾ ਦਾ ਸਰਪ੍ਰਸਤ ਥਾਪ ਕੇ ਨਿਵਾਜਿਆ ਹੈ। ਮੈਂ ਆਪਣੇ ਬਚਪਨ ਸਮੇਂ ਭੜੀ ਵਾਲੇ ਹਾਇਰ ਸੈਕੰਡਰੀ ਸਕੂਲ ਵਿਚ ਪੜ੍ਹਦਾ ਸਾਂ ਤਾਂ ਇਸਦਾ ਦਰਜਾ ਪ੍ਰਾਇਮਰੀ ਤੱਕ ਸੀਮਤ ਸੀ ਤੇ ਸਕੂਲ ਦੀ ਕਮਾਂਡ ਇੱਕ ਮੌਲਵੀ ਕੋਲ ਸੀ। ਮੇਰੇ ਦਾਖਲੇ ਸਮੇਂ ਮੌਲਵੀ ਸਾਹਿਬ ਨੇ ਮੇਰੇ ਨਾਨਾ ਜੀ ਤੋਂ ਮੇਰੀ ਉਮਰ ਪੁੱਛੀ ਤਾਂ ਨਾਨੇ ਨੇ ਅੰਦਾਜ਼ਾ ਲਾ ਕੇ ਚਾਰ ਸਾਲ ਦੱਸੀ।

ਮੌਲਵੀ ਸਾਹਿਬ ਨੇ ਚਾਰ ਸਾਲ ਪਿੱਛੇ ਜਾ ਕੇ ਮੇਰਾ ਜਨਮ 27 ਫਰਵਰੀ 1935 ਦਾ ਲਿਖ ਦਿੱਤਾ; ਜਿਹੜਾ ਅੱਜ ਤੱਕ ਮੇਰੇ ਨਾਲ ਨਿਭ ਰਿਹਾ ਹੈ। ਮੇਰੇ ਬਾਪੂ ਜੀ ਦੇ ਦੱਸਣ ਅਨੁਸਾਰ ਮੇਰਾ ਜਨਮ 1934 ਵਿਚ ਹੋਇਆ ਸੀ; 9 ਚੇਤਰ ਭਾਵ 22 ਮਾਰਚ ਨੂੰ। ਭਾਵੇਂ ਮੈਂ ਸਰਕਾਰੀ ਨੌਕਰੀ ਆਪਣੀ ਸੇਵਾ ਮੁਕਤੀ ਤੋਂ ਨੌਂ ਸਾਲ ਪਹਿਲਾਂ ਛੱਡ ਦਿੱਤੀ ਸੀ ਪਰ ਮੈਂ ਆਪਣੇ ਜਾਣੂਆਂ ਨੂੰ ਸੇਵਾ ਮੁਕਤੀ ਸਮੇਂ ਚਾਰ-ਛੇ ਮਹੀਨੇ ਦੀ ਐਕਸਟੈਂਸ਼ਨ ਲਈ ਤਰਲੇ ਮਾਰਦੇ ਵੀ ਦੇਖਦਾ ਰਿਹਾ ਹਾਂ। ਇਹ ਵੇਖ ਕੇ ਹਾਸਾ ਆਉਂਦਾ ਤਾਂ ਸੋਚਦਾ ਕਿ ਮੇਰੇ ਨਾਨੇ ਨੇ ਮੈਨੂੰ 11 ਮਹੀਨੇ ਦੀ ਐਕਸਟੈਂਸ਼ਨ ਭੜੀ ਵਾਲੇ ਸਕੂਲ ਵਿਚ ਦਾਖਲ ਕਰਾਉਣ ਸਮੇਂ ਹੀ ਲੈ ਦਿੱਤੀ ਸੀ। 1940 ਵਿਚ।

310 ਹੈਕਟੇਅਰ ਰਕਬੇ ਵਾਲਾ ਪਟਿਆਲੀ ਪਿੰਡ ਰੂਪਨਗਰ ਵਿਚ ਕਾਠਗੜ੍ਹ, ਨੇੜੇ ਪੈਂਦਾ ਹੈ। ਇਸਦੀ ਕੁੱਲ ਵਸੋਂ 993 ਹੈ ਤੇ ਇਸਨੂੰ ਰੂਪਨਗਰ ਰੇਲਵੇ ਸਟੇਸ਼ਨ ਲਗਦਾ ਹੈ। ਇਸਨੂੰ ਵੇਖਣ ਦਾ ਸਬੱਬ ਮੇਰੀ ਆਪਣੇ ਪਿੰਡ ਦੀ ਸੱਜਰੀ ਫੇਰੀ ਬਣੀ। ਡਰਾਈਵਰ ਤਰਲੋਚਨ ਸਿੰਘ ਮੈਨੂੰ ਮੇਰੇ ਪਿੰਡ ਲਿਜਾ ਰਿਹਾ ਸੀ ਤਾਂ ਉਸਨੇ ਇੱਕ ਥਾਂ ਗੱਡੀ ਹੌਲੀ ਕਰ ਲਈ। ਮੈਂ ਸੋਚਿਆ ਕਿ ਟਾਇਰ ਪੰਕਚਰ ਹੋ ਗਿਆ ਹੈ। ਕੀ ਵੇਖਦਾ ਹਾਂ ਕਿ ਸਾਡੇ ਖੱਬੇ ਹੱਥ ਇੱਕ ਲੰਗਰ ਲੱਗਿਆ ਹੋਇਆ ਹੈ। ਉਸ ਥਾਂ ਇਕ ਪੁਲੀਸ ਦੀ ਵੈਨ ਵੀ ਖੜ੍ਹੀ ਸੀ। ਸਾਰੇ ਚਾਹ ਪੀ ਕੇ ਤੇ ਆਪੋ ਆਪਣੇ ਸਬਜ਼ੀ ਪਰਸ਼ਾਦੇ ਲੈ ਕੇ ਆਪਣੀਆਂ ਗੱਡੀਆਂ ਵਿਚ ਜਾ ਕੇ ਛਕਦੇ ਸਨ।

ਤਰਲੋਚਨ ਸਿੰਘ ਨੇ ਮੇਰੇ ਤੇ ਮੇਰੀ ਪਤਨੀ ਲਈ ਚਾਹ ਲੈ ਆਂਦੀ ਤੇ ਆਪਣੀ ਪੀਤੀ। ਉਸਨੇ ਇਹ ਵੀ ਦਸਿਆ ਕਿ ਇਹ ਸੇਵਾ ਨਿਭਾਉਣ ਵਾਲਾ ਇਕ ਤਿਆਗੀ ਤਪੱਸਵੀ ਹੈ ਜਿਸਨੇ ਦੂਜੇ ਹੱਥ ਗੁਰਦੁਆਰਾ ਹੀ ਨਹੀਂ ਬਣਵਾਇਆ ਏਥੇ ਹਾਇਰ ਸੈਕੰਡਰੀ ਸਕੂਲ ਖੁਲ੍ਹਵਾਉਣ ਵਿਚ ਵੀ ਯੋਗਦਾਨ ਪਾਇਆ ਹੈ। ਲੰਗਰ ਤਾਂ ਕੇਵਲ ਰਾਹਗੀਰਾਂ ਲਈ ਹੈ। ਸਕੂਲ ਦੀ ਸਥਾਪਨਾ ਏਸ ਲਈ ਕਰਵਾਈ ਕਿ ਉਹ ਏਥੋਂ ਦੇ ਬੱਚੇ ਬੱਚੀਆਂ ਨੂੰ ਸਿੱਖਿਅਤ ਵੇਖਣਾ ਚਾਹੁੰਦਾ ਸੀ। ਇਨ੍ਹਾਂ ਪਿੰਡਾਂ ਵਿਚ ਵਧੇਰੇ ਕਰਕੇ ਸੈਣੀ ਤੇ ਗੁੱਜਰ ਰਹਿੰਦੇ ਹਨ ਜਿਨ੍ਹਾਂ ਦੇ ਘਰਾਂ ਵਿਚੋਂ ਬੱਚੇ, ਕੀ ਮੁੰਡੇ ਕੀ ਕੁੜੀਆਂ ਆਪਣੇ ਮਾਪਿਆਂ ਨਾਲ ਖੇਤੀਬਾੜੀ ਜਾਂ ਮਜ਼ਦੂਰੀ ਦੇ ਧੰਦੇ ਵਿਚ ਪੈ ਜਾਂਦੇ ਸਨ। ਉਸ ਭਗਤ ਨੂੰ ਇਹ ਪਰਵਾਨ ਨਹੀਂ ਸੀ। ਖਾਸ ਕਰਕੇ ਧੀ ਧਿਆਣੀਆਂ ਦਾ ਏਦਾਂ ਕਰਨਾ।

ਚੌਥਾ ਸੂਨੀ ਮੇਰਾ ਆਪਣਾ ਪਿੰਡ ਹੈ। ਬਾਬਾ ਕਰੋੜਾ ਸਿੰਘ ਦਾ ਵਸਾਇਆ ਹੋਇਆ। ਸਨ ਸੰਤਾਲੀ ਦੀ ਵੰਡ ਨੇ ਇਸ ਨੂੰ ਸੁਰਖੀਆਂ ਵਿਚ ਲੈ ਆਂਦਾ ਸੀ। ਹੋਇਆ ਇਹ ਕਿ ਇਲਾਕਾ ਵਾਸੀਆਂ ਦੀ ਮੰਗ 'ਤੇ ਇਸਨੇ ਆਪਣੇ ਪਿੰਡ ਦੇ ਮੁਸਲਮ ਅਰਾਈਆਂ ਨੂੰ ਅੰਮ੍ਰਿਤ ਛਕਾ ਕੇ ਸਿੱਖ ਬਣਾ ਲਿਆ ਅਤੇ ਮਰਦਾਂ ਦੇ ਸਿਰਾਂ ਉੱਤੇ ਪੀਲੇ ਪਟਕੇ ਤੇ ਔਰਤਾਂ ਨੂੰ ਪੀਲੀਆਂ ਚੁੰਨੀਆਂ ਨਾਲ ਸਜਾ ਦਿੱਤਾ। ਉਨ੍ਹਾਂ ਨੇ ਪਾਕਿਸਤਾਨ ਜਾਣਾ ਨਕਾਰ ਦਿੱਤਾ ਸੀ। ਤਿੰਨ ਦਿਨ ਪਿਛੋਂ ਅੰਮ੍ਰਿਤਪਾਨ ਦਾ ਹੋਕਾ ਦੇਣ ਵਾਲੇ ਹਜ਼ਾਰ-ਡੇਢ ਹਜ਼ਾਰ ਲੁਟੇਰੇ ਪੀਲੇ ਪਟਕੇ ਵਾਲੇ 23 ਅਘਰਾਈਆਂ ਦੇ ਕਤਲ ਪਿਛੋਂ ਉਨ੍ਹਾਂ ਦੇ ਘਰ-ਬਾਰ ਲੁੱਟ ਕੇ ਪੀਲੀ ਚੁੰਨ ਵਾਲੀਆਂ ਸੱਤ ਬੀਬੀਆਂ ਨੂੰ ਉਧਾਲ ਕੇ ਲੈ ਗਏ। ਉਨ੍ਹਾਂ ਵਿਚ ਦੋ ਬੀਬੀਆਂ ਉਧਾਲਕਾਂ ਨੂੰ ਝਕਾਨੀ ਦੇਣ ਪਿੱਛੋਂ ਰਾਤੋ ਰਾਤ ਤੁਰ ਕੇ ਮੇਰੇ ਤਾਏ ਸ਼ਿਵ ਸਿੰਘ ਸੂਬੇਦਾਰ ਦੀ ਸ਼ਰਨ ਪਰਤ ਆਈਆਂ। ਜਦੋਂ ਤਿੰਨ ਉਧਾਲਕ ਹਥਿਆਰਾਂ ਨਾਲ ਲੈ ਹੋ ਕੇ ਉਨ੍ਹਾਂ ਨੂੰ ਡੇਰੇ ਚੁੱਕਣ ਆਏ ਤਾਂ ਪਿੰਡ ਵਾਲਿਆਂ ਨੇ ਤਿੰਨੋਂ ਮਾਰ ਦਿੱਤੇ। ਉਹ ਸਿੱਖ ਸਨ ਪਰ ਪਿੰਡ ਵਾਲਿਆਂ ਨੂੰ ਏਸ ਗੱਲ ਦਾ ਗੁੱਸਾ ਸੀ ਕਿ ਉਨ੍ਹਾਂ ਕੋਲੋਂ ਅੰਮ੍ਰਿਤ ਛਕਵਾ ਕੇ ਪੀਲੇ ਪਟਕੇ ਤੇ ਪੀਲੀਆਂ ਚੁੰਨੀਆਂ ਉਨ੍ਹਾਂ ਨੂੰ ਮਾਰਨ ਤੇ ਉਧਾਲਣ ਲਈ ਏਸ ਲਈ ਸਜਵਾਈਆਂ ਗਈਆਂ ਸਨ ਕਿ ਮਾਰਨ ਤੇ ਉਧਾਲਣ ਲਈ ਪਹਿਚਾਣ ਹੋ ਸਕੇ। ਸਾਡੇ ਪਿੰਡ ਦੀ ਇਹ ਗੱਲ ਅੱਜ ਤੱਕ ਦੇਸ਼ਾਂ ਵਿਦੇਸ਼ਾਂ ਵਿਚ ਦੱਸੀ ਸੁਣੀ ਜਾਂਦੀ ਹੈ। ਮੇਰੀ ਆਪਣੇ ਪਿੰਡ ਦੀ ਸੱਜਰੀ ਫੇਰੀ ਦਾ ਕਾਰਨ ਤਾਂ ਘਰਾਂ ਵਿਚੋਂ ਮੇਰੇ ਚਾਚੇ ਬਲਬੀਰ ਸਿੰਘ ਦੀ ਮ੍ਰਿਤੂ ਬਣੀ ਜਿਹੜਾ ਉਮਰ ਵਿਚ ਮੇਰੇ ਨਾਲੋਂ ਸੱਤ ਸਾਲ ਛੋਟਾ ਸੀ। ਉਸ ਦੀਆਂ ਨੂੰਹਾਂ ਧੀਆਂ ਵਿਚੋਂ ਦੋ ਤਿੰਨ ਨੂੰ ਮੈਂ ਪਹਿਲੀ ਵਾਰ ਮਿਲਿਆ। ਕਾਰਨ ਕਿਉਂਕਿ ਮੈਂ ਤਾਂ ਸਾਰੀ ਉਮਰ ਦਿੱਲੀ ਦੱਖਣ ਜਾਂ ਚੰਡੀਗੜ੍ਹ ਬਿਤਾ ਦਿੱਤੀ ਸੀ। ਚੰਗਾ ਲੱਗਿਆ। ਇਹ ਸੋਚ ਕੇ ਹੋਰ ਵੀ ਚੰਗਾ ਕਿ ਮੇਰੀ ਉਮਰ ਮੈਨੂੰ ਇੱਕ ਵਾਰੀ ਫੇਰ ਏਥੇ ਆਉਣ ਦੀ ਆਗਿਆ ਦੇਵੇਗੀ ਜਾਂ ਨਹੀਂ।


ਚਾਰ ਦੇ ਚਾਰੇ ਪਿੰਡ ਜ਼ਿੰਦਾਬਾਦ!

ਅੰਤਿਕਾ
ਸੁਰਜੀਤ ਪਾਤਰ: 'ਸੁਰਤਿ' ਵਿਚੋਂ॥
ਇਹ ਪੰਜਾਬ ਕੋਈ
ਨਿਰਾ ਜੁਗਰਾਫੀਆ ਨਹੀਂ,
ਇਹ ਇੱਕ ਰੀਤ, ਇੱਕ ਗੀਤ,
ਇਤਿਹਾਸ ਵੀ ਹੈ।
ਗੁਰੂਆਂ, ਰਿਸ਼ੀਆਂ ਤੇ ਸੂਫੀਆਂ
ਸਿਰਜਿਆ ਏ,
ਇਹ ਇੱਕ ਫਲਸਫਾ, ਸੋਚ,
ਅਹਿਸਾਸ ਵੀ ਹੈ।
ਕਿੰਨੇ ਝੱਖੜ, ਤੂਫਾਨਾਂ 'ਚੋਂ ਲੰਘਿਆ ਏ,
ਇਹਦਾ ਮੁਖੜਾ ਕੁਝ ਕੁਝ ਉਦਾਸ ਵੀ ਹੈ।
ਮੁੜ ਕੇ ਸ਼ਾਨ ਇਸਦੀ ਸੂਰਜ ਵਾਂਗ ਚਮਕੂ,
ਮੇਰੀ ਆਸ ਵੀ ਹੈ, ਅਰਦਾਸ ਵੀ ਹੈ।

# ਯੂਨੀਵਰਸਿਟੀ: ਖ਼ੂਹ ਦਾ ਪਾਣੀ ਤੇ ਮਸਾਮਦਾਰ ਇੱਟ

ਜਦ ਅਸੀਂ ਆਪਣੇ ਬੱਚੇ ਨੂੰ ਯੂਨੀਵਰਸਿਟੀ ਵਿਚ ਪੜ੍ਹਨ ਲਈ ਭੇਜਦੇ ਹਾਂ, ਓਦੋਂ ਨਾ ਤਾਂ ਸਾਨੂੰ ਪਤਾ ਹੁੰਦਾ ਹੈ ਤੇ ਨਾ ਹੀ ਸਾਡੇ ਬੱਚੇ ਨੂੰ ਪਤਾ ਹੁੰਦਾ ਹੈ ਕਿ ਯੂਨੀਵਰਸਿਟੀ ਕਿਆ ਹੈ। ਇੱਥੋਂ ਤਕ ਕਿ ਬੱਚੇ ਕਦੇ ਸਵਾਲ ਵੀ ਨਹੀਂ ਕਰਦੇ ਕਿ ਉਨ੍ਹਾਂ ਨੂੰ ਯੂਨੀਵਰਸਿਟੀ ਕਾਹਦੇ ਲਈ ਭੇਜਿਆ ਜਾ ਰਿਹਾ ਹੈ।

ਬਹੁਤੇ ਲੋਕਾਂ ਨੂੰ ਤਾਂ ਸਿਰਫ ਏਨਾ ਹੀ ਪਤਾ ਹੁੰਦਾ ਹੈ ਕਿ ਯੂਨੀਵਰਸਿਟੀ ਨੇ ਬੱਚੇ ਨੂੰ ਇੱਕ ਡਿਗਰੀ ਦੇਣੀ ਹੈ, ਜਿਹਦੇ ਨਾਲ ਉਹਨੂੰ ਨੌਕਰੀ ਮਿਲਣੀ ਹੈ। ਕੁਝ ਲੋਕ ਅਜਿਹੇ ਵੀ ਹੋਣਗੇ ਜਿਹੜੇ ਇਹ ਸਮਝਦੇ ਹੋਣ ਕਿ ਯੂਨੀਵਰਸਿਟੀ ਤੋਂ ਉਨ੍ਹਾਂ



ਅਵਤਾਰ ਸਿੰਘ (ਪ੍ਰੋ.)
ਫੋਨ: +91-94175-18384

ਦੇ ਬੱਚੇ ਨੂੰ ਡਿਗਰੀ ਦੇ ਨਾਲ ਗਿਆਨ ਵੀ ਮਿਲਣਾ ਹੈ, ਜਿਹਦੇ ਨਾਲ ਉਹਨੇ ਨੌਕਰੀ ਕਰਨੀ ਹੈ ਤੇ ਉਸ ਗਿਆਨ ਨਾਲ ਉਹਨੇ ਇਜ਼ਤ ਕਮਾਉਣੀ ਹੈ।

ਅਜਿਹਾ ਸ਼ਾਇਦ ਹੀ ਕੋਈ ਹੋਵੇ, ਜਿਹਨੂੰ ਇਹ ਪਤਾ ਹੋਵੇ ਕਿ ਯੂਨੀਵਰਸਿਟੀ ਸਿਰਫ ਡਿਗਰੀ ਦੇਣ ਵਾਲਾ ਦਫਤਰ ਨਹੀਂ ਹੈ ਤੇ ਨਾ ਹੀ ਨਿਰੇ ਗਿਆਨ ਦਾ ਸੋਮਾ ਹੈ। ਬਲਕਿ ਯੂਨੀਵਰਸਿਟੀ ਅਜਿਹੀ ਟਕਸਾਲ ਹੈ, ਜਿਹਦੇ ਅੰਦਰ ਬੱਚੇ ਦੀ ਸ਼ਖਸੀਅਤ ਢਲਣੀ ਜਾਂ ਘੜੀ ਜਾਣੀ ਹੈ। ਇਸ ਲਈ ਮਾਪੇ ਆਪਣੇ ਬੱਚੇ ਨੂੰ ਇਸ ਕਰਕੇ ਯੂਨੀਵਰਸਿਟੀ ਭੇਜਣ ਕਿ ਉਨ੍ਹਾਂ ਦਾ ਬੱਚਾ ਉਸ ਟਕਸਾਲ ਵਿਚ ਢਲ ਕੇ ਤੇ ਘੜ ਹੋ ਕੇ ਆਵੇ।

ਦੇਖਿਆ ਗਿਆ ਹੈ ਕਿ ਬਹੁਤ ਸਾਰੇ ਬੱਚੇ ਯੂਨੀਵਰਸਿਟੀ ਤੋਂ ਡਿਗਰੀ ਲੈ ਆਉਂਦੇ ਹਨ, ਨੌਕਰੀ ਪ੍ਰਾਪਤ ਕਰਕੇ ਆਪਣਾ ਜੀਵਨ ਗੁਜ਼ਾਰਦੇ ਹਨ। ਕੋਈ ਕੋਈ ਬੱਚਾ ਅਜਿਹਾ ਵੀ ਹੁੰਦਾ ਹੈ, ਜਿਹੜਾ ਡਿਗਰੀ ਦੇ ਨਾਲ ਕੁਝ ਗਿਆਨ ਵੀ ਲੈ ਆਉਂਦਾ ਹੈ ਤੇ ਉਸ ਗਿਆਨ ਨਾਲ ਰੋਟੀ-ਰੋਜ਼ੀ ਦੇ ਨਾਲ ਕੁਝ ਕੁਝ ਇੱਜ਼ਤ ਵੀ ਕਮਾ ਲੈਂਦਾ ਹੈ। ਪਰ ਅਜਿਹਾ ਕੋਈ ਵਿਰਲਾ-ਟਾਵਾਂ ਹੀ ਹੁੰਦਾ ਹੈ, ਜਿਹੜਾ ਯੂਨੀਵਰਸਿਟੀ ਦੀ ਟਕਸਾਲ ਵਿਚੋਂ ਢਲ ਕੇ ਉਹੋ ਜਿਹਾ ਨਹੀਂ ਰਹਿੰਦਾ, ਜਿਹੋ ਜਿਹਾ ਭੇਜਿਆ ਗਿਆ ਹੁੰਦਾ ਹੈ।

ਸਹੀ ਅਰਥਾਂ ਵਿਚ ਤਾਂ ਉਹੀ ਬੱਚਾ ਯੂਨੀਵਰਸਿਟੀ ਗਿਆ ਹੁੰਦਾ ਹੈ। ਪਰ ਅਜਿਹੇ ਬੱਚੇ ਦਾ ਜੀਵਨ ਸੁੱਖ-ਸਹੂਲਤਾਂ ਦੀ ਬਜਾਏ ਮੁਸ਼ਕਲ ਵਿਚ ਘਿਰ ਜਾਂਦਾ ਹੈ ਤੇ ਉਹ ਕਿਸੇ ਵੀ ਗੱਲ ਬਾਰੇ ਉਸਤਰ੍ਹਾਂ ਨਹੀਂ ਸੋਚਦਾ, ਜਿਸਤਰ੍ਹਾਂ ਉਹਦੇ ਮਾਪੇ, ਭੈਣ=ਭਾਈ, ਰਿਸ਼ਤੇਦਾਰ ਤੇ ਸੱਜਣ-ਮਿੱਤਰ ਸੋਚਦੇ ਹਨ। ਬਲਕਿ ਉਹ ਹਰ ਗੱਲ ਬਾਰੇ ਅਲੱਗ ਸੋਚਦਾ ਤੇ ਅਲੱਗ ਹੀ ਵਿਵਹਾਰ ਕਰਦਾ ਹੈ। ਇਸਤਰ੍ਹਾਂ ਉਹ ਇਕੱਲਾ ਜਿਹਾ ਰਹਿ ਜਾਂਦਾ ਹੈ ਤੇ ਅਖੀਰ ਇਕੱਲਤਾ ਦਾ ਸ਼ਿਕਾਰ ਹੋਣ ਲਗਦਾ ਹੈ। ਉਹਦੇ ਲਈ ਅਜਿਹੇ ਕਿਸੇ ਵੀ ਸ਼ਖਸ ਨਾਲ ਰਹਿਣਾ ਮੁਸ਼ਕਲ ਹੋ ਜਾਂਦਾ ਹੈ, ਜਿਹੜਾ ਕਿਸੇ ਟਕਸਾਲ ਵਿਚ ਢਲਿਆ ਨਹੀਂ ਹੁੰਦਾ।

ਸਵਾਲ ਪੈਦਾ ਹੁੰਦਾ ਹੈ ਕਿ ਇਹ ਢਲਣਾ ਕੀ ਹੁੰਦਾ ਹੈ? ਅਸਲ ਵਿਚ ਸ਼ਖਸੀਅਤ ਦਾ ਢਲਣਾ ਵੀ ਉਸ ਤਰ੍ਹਾਂ ਦਾ ਹੀ ਹੁੰਦਾ ਹੈ, ਜਿਵੇਂ ਭੱਠੀ ਵਿਚ ਲੋਹਾ ਪਿਘਲ ਕੇ ਪਾਣੀ ਬਣ ਜਾਂਦਾ ਹੈ, ਫਿਰ ਉਸਨੂੰ ਕਿਸੇ ਸੈਂਚੇ ਵਿਚ ਪਾਇਆ ਜਾਂਦਾ ਹੈ ਤੇ ਉਹ ਠੰਢਾ ਹੋ ਕੇ ਉਸ ਸੈਂਚੇ ਦਾ ਹੀ ਰੂਪ ਬਣ ਜਾਂਦਾ ਹੈ। ਜਿਵੇਂ ਕੁਠਾਲੀ ਵਿਚ ਸੋਨਾ ਢਾਲ ਕੇ ਪਾਣੀ ਬਣਾ ਲਿਆ ਜਾਂਦਾ ਹੈ ਤੇ ਫਿਰ ਉਸਨੂੰ ਗਹਿਣਿਆਂ ਦੀ ਸ਼ਕਲ ਦੇ ਦਿਤੀ ਜਾਂਦੀ ਹੈ।

ਬਹੁਤ ਘੱਟ ਮਾਪਿਆਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਯੂਨੀਵਰਸਿਟੀ ਜਾਣ ਸਮੇਂ ਕੱਚੀ ਧਾਤ ਸੀ ਤੇ ਉੱਥੇ ਜਾ ਕੇ ਉਹ ਕੁਝ ਬਣ ਕੇ ਆਇਆ ਹੈ। ਇਸ ਕਰਕੇ ਯੂਨੀਵਰਸਿਟੀ ਤੋਂ ਆਏ ਬੱਚੇ ਨਾਲ ਉਹੋ ਜਿਹਾ ਸਲੂਕ ਨਹੀਂ ਕਰਨਾ ਚਾਹੀਦਾ ਜਿਹੋ ਜਿਹਾ ਉੱਥੇ ਜਾਣ ਤੋਂ ਪਹਿਲਾਂ ਹੁੰਦਾ ਸੀ। ਜਿਹੜੇ ਲੋਕ ਸ਼ਿਕਾਇਤ ਕਰਦੇ ਹਨ ਕਿ ਉਹਨਾਂ ਬੱਚਾ ਯੂਨੀਵਰਸਿਟੀ ਵਿਚ ਜਾ ਕੇ ਪਹਿਲਾਂ ਜਿਹਾ ਨਹੀਂ ਰਿਹਾ, ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚੇ ਦੀ ਸ਼ਿਕਾਇਤ ਕਰਨ ਦੀ ਬਜਾਏ ਉਹਨੂੰ ਸ਼ਾਬਾਸ਼ ਦੇਣੀ



ਚਾਹੀਦੀ ਹੈ ਕਿ ਉਨ੍ਹਾਂ ਦੇ ਬੱਚੇ ਨੂੰ ਯੂਨੀਵਰਸਿਟੀ ਦੇ ਅਸਲ ਮਕਸਦ ਦਾ ਪਤਾ ਲੱਗ ਗਿਆ ਹੈ।

ਬਾਬਾ ਫ਼ਰੀਦ ਲਿਖਦੇ ਹਨ: ਫਰੀਦਾ ਮਨੁ ਮੈਦਾਨੁ ਕਰੁ ਟੋਇ ਟਿਬੇ ਲਾਹਿ॥ ਇਸ ਦਾ ਭਾਵ ਹੈ ਕਿ ਸਾਨੂੰ ਆਪਣੇ ਮਨ ਵਿਚਲੇ ਟੋਏ ਟਿੱਬੇ ਪੱਧਰੇ ਕਰਕੇ ਇਕਸਾਰ ਕਰ ਲੈਣਾ ਚਾਹੀਦਾ ਹੈ ਕਿ ਸਾਡਾ ਮਨ ਹਰ ਤਰ੍ਹਾਂ ਦੀ ਦੂਈ-ਦ੍ਵੈਸ਼ ਤੇ ਮੇਰ-ਤੇਰ ਮੇਟ ਦੇਵੇ। ਇਸ ਗੱਲ ਨੂੰ ਇਸਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਅਸੀਂ ਕਿਹੋ ਜਹੀ ਹਾਲਤ ਵਿਚ ਵੀ ਹੋਈਏ, ਸਾਡਾ ਦ੍ਰਿਸ਼ਟੀਕੋਣ ਨਾ ਬਦਲੇ।

ਮੇਰੇ ਰਹਿਨੁਮਾ ਡਾ ਸੱਚਰ ਕਹਿੰਦੇ ਸਨ ਕਿ ਚਾਹੇ ਅਸੀਂ ਪਹਾੜ 'ਤੇ ਖੜ੍ਹੇ ਹੋਈਏ ਤੇ ਚਾਹੇ ਕਿਸੇ ਖੱਡ 'ਚ ਡਿਗੇ ਹੋਈਏ, ਸਾਡਾ ਨਜ਼ਰੀਆ ਨਹੀਂ ਬਦਲਨਾ ਚਾਹੀਦਾ। ਅਰਥਾਤ ਕੋਈ ਕਿਸੇ ਵੀ ਕਿੱਤੇ, ਖਿੱਤੇ, ਦੇਸ਼, ਕਾਲ, ਧਰਮ, ਰੰਗ, ਢੰਗ, ਨਸਲ, ਕੱਦ, ਕਾਠ, ਨੈਣ, ਨਕਸ਼, ਜਾਤ, ਵਰਣ, ਕੁੱਲ ਅਤੇ ਅਹੁਦੇ ਨਾਲ ਸਬੰਧਤ ਹੋਵੇ, ਸਾਡਾ ਦ੍ਰਿਸ਼ਟੀਕੋਣ ਨਾ ਬਦਲੇ ਤੇ ਨਾ ਹੀ ਸਾਡਾ ਵਰਤੋਂ-ਵਿਹਾਰ ਬਦਲੇ। ਇਹੀ ਅਸਲ ਮਾਨਵ ਧਰਮ ਹੈ, ਇਹੀ ਸਨਾਤਨ ਧਰਮ ਹੈ, ਇਹੀ ਆਦਿ ਸੱਚ ਹੈ ਤੇ ਇਹੀ ਅਸਲ ਮਨੁੱਖਤਾ ਹੈ।

ਯੂਨੀਵਰਸਿਟੀ ਦਾ ਅਰਥ ਵੀ ਅਸਲ ਵਿਚ ਇਹੀ ਹੈ। ਯੂਨੀਵਰਸ ਸ਼ਬਦ ਯੂਨੀ ਅਤੇ ਵਰਸ ਦੋ ਸ਼ਬਦਾਂ ਦਾ ਜੋੜ ਹੈ। ਯੂਨੀ ਦਾ ਅਰਥ ਇੱਕ ਹੈ ਤੇ ਵਰਸ ਦਾ ਅਰਥ ਮੋੜਨਾ ਹੈ। ਯੂਨੀਵਰਸਟੀ ਦਾ ਅਰਥ ਹੈ ਕਿਸੇ ਵਿੰਗੀ-ਟੇਢੀ ਚੀਜ਼ ਨੂੰ ਮੋੜ ਕੇ ਜਾਂ ਮੁੜ ਕੇ ਇੱਕ ਕਰਨਾ। ਅਸੀਂ ਜਿਥੇ ਜਨਮ ਲੈਂਦੇ ਹਾਂ, ਉਸ ਘਰ ਵਿਚ, ਰਿਸ਼ਤੇਦਾਰਾਂ ਤੇ ਮਿੱਤਰ੍ਹਾਂ ਦੋਸਤਾਂ ਵਿਚ ਰਹਿੰਦੇ ਹੋਏ ਸਾਡੇ ਮਨ ਅੰਦਰ ਕਈ ਕਿਸਮ ਦੇ ਵਿੰਗ-ਵਲ ਪੈ ਜਾਂਦੇ ਸਨ, ਸਾਡੀ ਸੋਚ ਵਿਚ ਟੋਏ ਟਿੱਬੇ ਬਣ ਜਾਂਦੇ ਹਨ ਤੇ ਸਾਡੀ ਵਰਤੋਂ ਵਿਹਾਰ ਟੇਢੀ-ਮੇਢੀ ਹੋ ਜਾਂਦੀ ਹੈ। ਇੱਥੋਂ ਤਕ ਕਿ ਸਾਡੀ ਸ਼ਖਸੀਅਤ ਤੇਰ-ਮੇਰ ਦੀ ਸ਼ਿਕਾਰ ਹੋ ਕੇ ਇਕ ਤਰ੍ਹਾਂ ਨਾਲ ਗ਼ੈਰ ਸਮਾਜੀ ਹੋ ਜਾਂਦੀ ਹੈ। ਪਰ ਯੂਨੀਵਰਸਿਟੀ ਨੇ ਸਾਰੇ ਵਿੰਗ-ਵਲ ਕੱਢ ਕੇ ਸਾਡੀ ਸ਼ਖਸੀਅਤ ਨੂੰ ਪੱਧਰੀ ਕਰਨਾ ਹੁੰਦਾ ਹੈ।

ਯੂਨੀਵਰਸਿਟੀ ਜਾ ਕੇ ਵੀ ਜਿਹਦੀ ਸ਼ਖਸੀਅਤ ਪੱਧਰੀ ਨਹੀਂ ਹੋਈ, ਉਹ ਜਿਹਾ ਯੂਨੀਵਰਸਿਟੀ ਗਿਆ ਜੇਹਾ ਨਾ ਗਿਆ; ਇਕ ਹੀ ਗੱਲ ਹੈ। ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਯੂਨੀਵਰਸਿਟੀ ਭੇਜਦੇ ਹਨ ਤੇ ਬਾਅਦ ਵਿਚ ਉਮੀਦ ਕਰਦੇ ਹਨ ਕਿ ਬੱਚੇ ਉਹੋ ਜਹੇ ਹੀ ਰਹਿਣ, ਜਿਹੋ ਜਹੇ ਭੇਜੇ ਸਨ, ਉਨ੍ਹਾਂ ਮਾਪਿਆਂ ਨੂੰ ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਨ ਤੇ ਉਨ੍ਹਾਂ ਤੋਂ ਸਿੱਖਿਆ ਲੈ ਕੇ ਆਪਣੇ ਆਪ ਨੂੰ ਬਦਲਣ ਦੀ ਕੋਸ਼ਿਸ਼ ਕਰਨ।

ਜਿਹੜੇ ਬੱਚੇ ਯੂਨੀਵਰਸਿਟੀ ਵਿਚੋਂ ਉਹੋ ਜਿਹੇ ਹੀ ਵਾਪਸ ਆ ਜਾਂਦੇ ਹਨ, ਜਿਹੋ ਜਿਹੇ ਗਏ ਸਨ, ਉਨ੍ਹਾਂ ਦੇ ਮਾਪਿਆਂ ਨੂੰ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਬੱਚੇ ਯੂਨੀਵਰਸਿਟੀ ਗਏ ਵੀ ਹਨ ਕਿ ਨਹੀਂ। ਕਿਉਂਕਿ ਜਿਹੜੀ ਇੱਟ ਖ਼ੂਹ ਵਿਚ ਡਿਗ ਕੇ ਵੀ ਸੁੱਕੀ ਦੀ ਸੁੱਕੀ ਵਾਪਸ ਆ ਜਾਂਦੀ ਹੈ, ਉਹਦੇ ਬਾਰੇ ਸੋਚਣਾ ਚਾਹੀਦਾ ਹੈ ਕਿ ਉਹ ਸੱਚਮੁੱਚ ਇੱਟ ਹੈ ਵੀ? ਜੇ ਉਹ ਸੱਚਮੁੱਚ ਇੱਟ ਹੀ ਹੈ ਤਾਂ ਸਾਨੂੰ ਉਸ ਖ਼ੂਹ ਬਾਰੇ ਸੋਚਣਾ ਚਾਹੀਦਾ ਹੈ ਕਿ ਉਸ ਵਿਚ ਪਾਣੀ ਦੀ ਬੂੰਦ ਵੀ ਹੈ ਕਿ ਨਹੀਂ? ਜੇ ਕੋਈ ਖ਼ੂਹ ਸੁੱਕਾ ਹੀ ਹੈ ਤਾਂ ਉਸ ਵਿਚ ਸੁੱਟੀ ਇੱਟ ਕਿਵੇਂ ਭਿੱਜ ਸਕਦੀ ਹੈ?

ਇਸੇ ਤਰ੍ਹਾਂ ਅੱਜ ਬਹੁਤੀਆਂ ਯੂਨੀਵਰਸਿਟੀਆਂ ਸੁੱਕੇ ਖ਼ੂਹ ਦੀ ਤਰ੍ਹਾਂ ਹਨ ਤੇ ਬਹੁਤੇ ਬੱਚੇ ਵੀ ਮਨੂਰ ਇੱਟ ਦੀ ਤਰ੍ਹਾਂ ਹਨ, ਜਿਹੜੇ ਪਾਣੀ ਨਾਲ ਭਰੇ ਖ਼ੂਹ ਵਿਚ ਡਿਗ ਕੇ ਵੀ ਸੁੱਕੇ ਦੇ ਸੁੱਕੇ ਰਹਿੰਦੇ ਹਨ। ਇਸ ਕਰਕੇ ਯੂਨੀਵਰਸਿਟੀ ਲਈ ਗਿਆਨ ਦਾ ਸਾਗਰ ਹੋਣਾ ਜ਼ਰੂਰੀ ਹੈ ਤੇ ਵਿਦਿਆਰਥੀ ਲਈ ਮਸਾਮਦਾਰ ਇੱਟ ਦੀ ਤਰ੍ਹਾਂ ਜਗਿਆਸੂ ਹੋਣਾ ਜ਼ਰੂਰੀ ਹੈ।

ਜਗਿਆਸਾ ਕੁਐਸਟ ਨੂੰ ਕਹਿੰਦੇ ਹਨ ਤੇ ਕੁਐਸਟ ਤੋਂ ਹੀ ਕੁਐਸਚਨ ਬਣਦਾ ਹੈ। ਜਿਥੇ ਕੁਐਸਟ ਹੋਵੇ ਉਥੇ ਗਿਆਨ ਆਉਂਦਾ ਹੈ। ਉਹ ਗਿਆਨ ਹੀ ਕਾਹਦਾ ਜੋ ਬੰਦੇ ਨੂੰ ਬਦਲ ਨਾ ਦੇਵੇ ਜਾਂ ਬੰਦੇ ਨੂੰ ਬੰਦਾ ਨਾ ਬਣਾ ਦੇਵੇ।

# ਸ਼ੇਖਰ ਕਪੂਰ ਧੀ ਕਾਵੇਰੀ ਲਈ ਫਿਰ ਬਣਾਉਣਗੇ 'ਮਾਸੂਮ'







ਫਿਲਮਸਾਜ਼ ਸ਼ੇਖਰ ਕਪੂਰ, ਧੀ ਕਾਵੇਰੀ, ਫਿਲਮ ਮਾਸੂਮ' ਦਾ ਪੋਸਟਰ ਅਤੇ (ਐਨ ਸੱਜੇ) ਨਾਲ ਸ਼ੇਖਰ ਕਪੂਰ ਆਪਣੀ ਧੀ ਕਾਵੇਰੀ ਨਾਲ।

'ਕਲਾਸਿਕ' ਦਾ ਦਰਜਾ ਹਾਸਲ ਕਰਨ ਵਾਲੀ ਬੇਹੱਦ ਸਲਾਹੀ ਗਈ ਫਿਲਮ 'ਮਾਸੂਮ' ਬਣਾਉਣ ਤੋਂ 40 ਸਾਲਾਂ ਬਾਅਦ ਉੱਘੇ ਫਿਲਮਸਾਜ਼ ਸ਼ੇਖਰ ਕਪੂਰ ਹੁਣ ਆਪਣੀ ਧੀ ਕਾਵੇਰੀ ਨੂੰ ਲੈ ਕੇ ਦੁਬਾਰਾ ਨਵੀਂ ਪੀੜ੍ਹੀ ਲਈ 'ਮਾਸੂਮ: ਦਿ ਨੈਕਸਟ ਜੈਨਰੇਸ਼ਨ' ਬਣਾਉਣ ਦੀ ਤਿਆਰੀ ਕਰ ਰਹੇ ਹਨ। ਸਿਨੇਮਾ ਦੀ ਦੁਨੀਆ 'ਚ ਨਵੀਆਂ ਪੈੜਾਂ ਪਾਉਣ ਵਾਲੇ ਸ਼ੇਖਰ ਕਪੂਰ ਆਪਣੀਆਂ ਲੀਕ ਤੋਂ ਹਟਵੀਆਂ ਕਹਾਣੀਆਂ ਤੇ ਕਲਾਤਮਕ ਦਲੇਰੀ ਲਈ ਜਾਣੇ ਜਾਂਦੇ ਹਨ।

'ਮਾਸੂਮ', 'ਮਿਸਟਰ ਇੰਡੀਆ' ਅਤੇ ਜੀਵਨੀ ਆਧਾਰਿਤ 'ਬੈਂਡਿਟ ਕੁਈਨ' ਜਿਹੀਆਂ ਪ੍ਰਭਾਵਸ਼ਾਲੀ ਤੇ ਵੱਖ-ਵੱਖ ਵਿਧਾਵਾਂ ਦੀਆਂ ਫਿਲਮਾਂ ਉਨ੍ਹਾਂ ਦੇ ਹਿੱਸੇ ਆਈਆਂ ਹਨ। ਹਾਲੀਵੁੱਡ 'ਚ ਵੀ ਉਨ੍ਹਾਂ ਦੀ ਪਾਰੀ ਬਰਾਬਰ ਸ਼ਾਨਦਾਰ ਰਹੀ। ਇਨ੍ਹਾਂ 'ਚ ਕੇਟ ਬਲੈਂਸ਼ੇਟ ਦੀ ਮੁੱਖ ਭੂਮਿਕਾ ਵਾਲੀ ਆਸਕਰ ਜੇਤੂ 'ਐਲਿਜ਼ਾਬੈੱਥ', ਹੀਥ ਲੈਜਰ ਦੀ 'ਦਿ ਫੋਰ ਫੈਦਰਜ਼' ਅਤੇ ਹਾਲੀਆ ਰੁਮਾਂਟਿਕ-ਕਾਮੇਡੀ 'ਵ੍ਹਟ'ਸ ਲਵ ਗੌਟ ਟੂ ਡੂ ਵਿਦ ਇਟ' ਜਿਹੀਆਂ ਫਿਲਮਾਂ ਸ਼ਾਮਲ ਹਨ। ਸ਼ੇਖਰ ਕਪੂਰ ਜਦੋਂ ਗੱਲਬਾਤ ਆਰੰਭਦੇ ਹਨ ਤਾਂ ਇਕ ਗੱਲ ਪੱਕੀ ਹੁੰਦੀ ਹੈ ਕਿ ਉਹ ਬੇਝਿਜਕ ਆਪਣੀ ਰਾਇ ਰੱਖਦੇ ਹਨ।

ਆਪਣੇ ਫਿਲਮੀ ਕਰੀਅਰ ਨੂੰ ਵਿਚਾਰਦਿਆਂ ਸ਼ੇਖਰ ਕਪੂਰ ਇਹ ਮੰਨਦੇ ਹਨ ਕਿ ਉਨ੍ਹਾਂ ਦੇ ਕੰਮ ਨੂੰ ਓਨੀ ਮਾਨਤਾ ਨਹੀਂ ਮਿਲੀ ਜਿੰਨੀ ਮਿਲਣੀ ਚਾਹੀਦੀ ਸੀ। ਉਹ ਕਹਿੰਦੇ ਹਨ, "ਬੈਂਡਿਟ ਕੁਈਨ ਫਿਲਮ ਤੋਂ ਬਾਅਦ ਮੈਂ ਭਾਰਤ 'ਚ ਕਈ ਪ੍ਰੋਜੈਕਟਾਂ 'ਤੇ ਕੰਮ ਕੀਤਾ ਪਰ ਇਸ ਦੇ ਬਾਵਜੂਦ ਮੇਰੇ ਬਹੁਤੇ ਕੰਮ ਦੀ ਪਛਾਣ ਨਹੀਂ ਬਣ ਸਕੀ। ਮੈਂ ਬਾਹਰ ਵੀ ਕੰਮ ਕਰ ਰਿਹਾ ਸੀ। ਲੋਕ ਮੇਰੇ ਵੱਲੋਂ ਕੀਤੇ ਅੱਧੇ ਕੰਮ ਨੂੰ ਵੀ ਨਹੀਂ ਜਾਣਦੇ। ਉਨ੍ਹਾਂ ਨੂੰ ਮੇਰੇ ਟੀ.ਵੀ. ਸੀਰੀਜ਼ ਬਾਰੇ ਨਹੀਂ ਪਤਾ, ਨਾ ਹੀ ਉਹ ਇਹ ਜਾਣਦੇ ਹਨ ਕਿ ਮੈਂ ਐੱਮ.ਆਈ.ਟੀ. 'ਚ ਪੜ੍ਹਾਇਆ ਹੈ। ਪੂਰੀ ਦੁਨੀਆ ਦੇ ਸੰਗੀਤਕ ਥੀਏਟਰਾਂ 'ਚ ਮੇਰੇ ਵੱਲੋਂ ਕੀਤੇ ਥੀਏਟਰ ਦੇ ਕਾਰਜਾਂ ਬਾਰੇ ਵੀ ਉਹ ਨਹੀਂ ਜਾਣਦੇ।" ਉਨ੍ਹਾਂ ਜ਼ੋਰ ਦਿੱਤਾ ਕਿ ਇਨਸਾਨ ਨੂੰ ਖ਼ੁਦ ਹੀ ਆਪਣੇ 'ਤੇ ਥੋਪੇ ਬੰਧਨਾਂ ਤੋਂ ਮੁਕਤ ਹੋਣ ਦੀ ਲੋੜ ਹੈ ਤੇ ਆਲਮੀ ਪੱਧਰ 'ਤੇ ਮੁਕਾਬਲੇ ਲਈ ਵੱਡੇ ਖ਼ੁਆਬ ਦੇਖਣੇ ਪੈਣਗੇ।

ਅਸੀਂ ਉਨ੍ਹਾਂ ਤੋਂ ਜਾਣਨਾ ਚਾਹੁੰਦੇ ਸਾਂ ਕਿ ਗੁਆਚੀ ਕੜੀ ਕਿਹੜੀ ਹੈ? ਉਹ ਆਖਦੇ ਹਨ, "ਕੁਝ ਚੀਜ਼ਾਂ ਭਾਰਤ 'ਚ ਨਹੀਂ ਹੋ ਰਹੀਆਂ। ਅਸੀਂ ਫਿਲਮ ਦੇ ਮਿਆਰ ਬਾਰੇ ਗੱਲ ਨਹੀਂ ਕਰਦੇ, ਸਿਰਫ਼ ਬਾਕਸ-ਆਫਿਸ ਦੀ ਕਮਾਈ ਪਿੱਛੇ ਭੱਜਦੇ ਹਾਂ। ਸਾਡੇ ਕੋਲ ਪ੍ਰਤਿਭਾ ਹੈ, ਸਾਡੇ ਅਦਾਕਾਰ ਵਧੀਆ ਹਨ, ਤਕਨੀਸ਼ੀਅਨ ਵੀ ਚੰਗੇ ਹਨ ਪਰ ਸਾਡੇ ਟੀਚੇ ਵੱਡੇ ਨਹੀਂ ਹਨ, ਇਹੀ ਸਮੱਸਿਆ ਹੈ।"

'ਬੈਂਡਿਟ ਕੁਈਨ' ਤੋਂ ਬਾਅਦ ਆਪਣੇ ਉਸ ਅਹਿਮ ਕਦਮ ਨੂੰ ਯਾਦ ਕਰਦਿਆਂ ਉਹ ਕਹਿੰਦੇ ਹਨ, "ਵਿਦੇਸ਼ ਜਾਣ ਜਾਂ ਭਾਰਤ ਵਿੱਚ ਹੀ ਕੰਮ ਜਾਰੀ ਰੱਖਣ ਦਾ ਫ਼ੈਸਲਾ ਬਹੁਤ ਵੱਡਾ ਸੀ। 'ਐਲਿਜ਼ਾਬੈੱਥ' ਮਿਲਣ ਤੋਂ ਪਹਿਲਾਂ ਮੇਰੇ ਕੋਲ ਪੈਸੇ ਮੁੱਕ ਚੁੱਕੇ ਸਨ, ਮੈਂ ਲੋਕਾਂ ਦੇ ਸੋਫੇ 'ਤੇ ਸੌਂ ਰਿਹਾ ਸੀ, ਲਾਸ ਏਂਜਲਸ 'ਚ ਕਿਤੇ ਜਾਣ ਲਈ ਮੈਨੂੰ ਲੋਕਾਂ ਦੇ ਤਰਲੇ ਕਰਨੇ ਪੈਂਦੇ ਸਨ।"

ਜ਼ਿੰਮੇਵਾਰੀ ਦੀਆਂ ਰਵਾਇਤੀ ਕਦਰਾਂ-ਕੀਮਤਾਂ ਨਾਲ ਜੁੜੇ ਸ਼ੇਖਰ ਕਪੂਰ ਜਿੱਥੇ ਸਹਿਜ-ਸੁਭਾਅ ਹੀ ਆਪਣੀ ਧੀ ਦੀ ਸੁਰੱਖਿਆ ਦਾ ਬਹੁਤ ਖ਼ਿਆਲ ਕਰਦੇ ਹਨ, ਉੱਥੇ ਉਹ ਨਾਲ ਹੀ ਉਸ ਦੀ ਆਜ਼ਾਦੀ ਤੇ ਇੱਛਾਵਾਂ ਨੂੰ ਵੀ ਪੂਰੀ ਮਾਨਤਾ ਦਿੰਦੇ ਹਨ, "ਕਾਵੇਰੀ ਮੇਰੀ ਧੀ ਹੈ, ਤੇ ਇੱਕ ਪੰਜਾਬੀ ਵਿਹਾਰ ਹੈ ਜਿਵੇਂ ਕਈ ਕਹਿੰਦੇ ਹਨ, 'ਉਸ ਨੂੰ ਹੁਣ ਸੈਟਲ ਕਰ ਦਿਓ'। ਮੈਂ ਸਿਰਫ਼ ਉਸ ਨੂੰ ਜ਼ਿੰਦਗੀ ਵਿਚ ਚੰਗਾ ਕਰਦਿਆਂ ਦੇਖਣਾ

**ਗੁਰਨਾਜ਼ ਕੌਰ**

ਚਾਹੁੰਦਾ ਹਾਂ।"

ਪਰਿਵਾਰ ਅਤੇ ਫਿਲਮ ਨਿਰਮਾਣ ਦੀ ਚਰਚਾ ਦੌਰਾਨ ਸ਼ੇਖਰ ਕਪੂਰ ਆਪਣੀ ਧੀ ਕਾਵੇਰੀ ਦੇ ਸੁਭਾਅ 'ਤੇ ਰੌਸ਼ਨੀ ਪਾਉਂਦਿਆਂ ਮਾਣ ਨਾਲ ਕਹਿੰਦੇ ਹਨ, "ਉਸ ਦੀ ਅਧਿਆਤਮਕਤਾ ਉਸ ਦੀ ਸਭ ਤੋਂ ਜ਼ਿਕਰਯੋਗ ਖਾਸੀਅਤ ਹੈ।" ਕਾਵੇਰੀ ਦੀ ਚੁਣੌਤੀਆਂ ਨਾਲ ਨਜਿੱਠਣ ਦੀ ਸਮਰੱਥਾ ਦੀ ਕਪੂਰ ਪ੍ਰਸ਼ੰਸਾ ਕਰਦੇ ਹਨ, "ਕਾਵੇਰੀ ਹੋਂਦ ਦੀ

*ਚਾਲੀ ਸਾਲਾਂ ਬਾਅਦ ਸ਼ੇਖਰ ਕਪੂਰ ਆਪਣੀ ਪਹਿਲੀ ਫਿਲਮ ਨੂੰ ਅੱਗੇ ਤੋਰਨ ਲਈ ਤਿਆਰ ਹਨ ਤੇ ਇਸ ਵਿਚ ਕਾਵੇਰੀ ਅਦਾਕਾਰੀ ਕਰੇਗੀ। 'ਮਾਸੂਮ: ਦਿ ਨੈਕਸਟ ਜੈਨਰੇਸ਼ਨ' ਅਸਲ 'ਚ ਕਾਵੇਰੀ ਤੇ ਉਸ ਵਰਗੇ ਉਨ੍ਹਾਂ ਹੋਰਨਾਂ ਨੌਜਵਾਨਾਂ ਦੁਆਲੇ ਵਾਪਰੀਆਂ ਘਟਨਾਵਾਂ 'ਤੇ ਆਧਾਰਿਤ ਹੈ ਜਿਨ੍ਹਾਂ ਨੂੰ ਆਪਣੇ ਮਾਪਿਆਂ ਦੇ ਮੁਕਾਬਲੇ ਦਾਦੇ-ਦਾਦੀਆਂ, ਨਾਨੇ-ਨਾਨੀਆਂ ਨਾਲ ਮੋਹ ਪਾਲਣਾ ਵੱਧ ਸੌਖਾ ਲੱਗਦਾ ਹੈ।*

ਵਿਸ਼ਾਲਤਾ ਨੂੰ ਗਲ਼ ਲਾ ਕੇ, ਮੇਰੇ ਆਪਣੇ ਵਿਸ਼ਵਾਸਾਂ ਤੇ ਚਰਚਾਵਾਂ ਨੂੰ ਦੁਹਰਾ ਕੇ ਚੁਣੌਤੀਆਂ ਨਾਲ ਨਜਿੱਠਦੀ ਹੈ।"

ਕਾਵੇਰੀ ਫਿਲਮ 'ਮੌਸਮ: ਦਿ ਨੈਕਸਟ ਜੈਨਰੇਸ਼ਨ' ਨਾਲ ਅਦਾਕਾਰੀ ਦੀ ਦੁਨੀਆ ਵਿੱਚ ਕਦਮ ਰੱਖਣ ਵਾਲੀ ਹੈ। ਉਸ ਦਾ ਕਹਿਣਾ ਹੈ ਕਿ ਉਹ ਆਪਣੇ ਪਿਤਾ ਦੇ ਨਿਰਦੇਸ਼ਨ ਵਿੱਚ ਕੰਮ ਕਰਨ ਲਈ ਬਹੁਤ ਉਤਸੁਕ ਹੈ ਕਿਉਂਕਿ ਉਨ੍ਹਾਂ ਨੂੰ ਮਨੁੱਖੀ ਭਾਵਨਾਵਾਂ ਦੀ ਗਹਿਰਾਈ ਨਾਲ ਸਮਝ ਹੈ। ਸੰਘਰਸ਼ਾਂ ਦਰਮਿਆਨ ਅਧਿਆਤਮਕਤਾ ਬਾਰੇ ਸਵਾਲ ਦਾ ਜਵਾਬ ਸ਼ੇਖਰ ਕਪੂਰ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਦਿੰਦੇ ਹਨ, "ਮਾਨਵੀ ਸੰਘਰਸ਼ਾਂ ਨੂੰ ਮੈਂ ਬਸ ਅਟੱਲ ਬੋਝ ਸਮਝਦਾ ਹਾਂ, ਫੇਰ ਵੀ ਵਿਅਕਤੀਗਤ ਵਿਹਾਰ ਦੀ ਇਸ 'ਚ ਅਹਿਮ ਭੂਮਿਕਾ ਹੈ।" ਨਿੱਜਤਾ ਤੇ ਆਤਮ-ਵਿਸ਼ਲੇਸ਼ਣ 'ਤੇ ਜ਼ੋਰ ਦਿੰਦਿਆਂ ਕਪੂਰ ਕਹਿੰਦੇ ਹਨ ਕਿ ਹੋਂਦ ਦੀਆਂ ਗੁੰਝਲਾਂ ਤੋਂ ਪਰ੍ਹੇ, "ਅਧਿਆਤਮ ਦੀ ਖੋਜ ਹੈ, ਜਿੱਥੇ ਵਿਅਕਤੀ ਆਪਣੇ ਅਸਲ ਨੂੰ ਪਛਾਣਦਾ ਹੈ।"

ਸਿਨੇਮਾ ਦੀ ਲਗਾਤਾਰ ਬਦਲ ਰਹੀ ਤਸਵੀਰ ਦੇ ਮੱਦੇਨਜ਼ਰ ਸ਼ੇਖਰ ਕਪੂਰ ਓ.ਟੀ.ਟੀ. ਪਲੇਟਫਾਰਮਾਂ ਵੱਲੋਂ ਪੇਸ਼ ਚੁਣੌਤੀਆਂ ਦੀ ਗੱਲ ਕਰਦੇ ਹਨ। 'ਦਿ ਫੈਮਿਲੀ ਮੈਨ' ਵਰਗੀ ਸੀਰੀਜ਼ ਨੇ ਮਨੋਜ ਬਾਜਪਈ ਨੂੰ ਸਟਾਰਡਮ ਦਿੱਤਾ, ਉਸ ਦੇ ਬੇਮਿਸਾਲ ਅਭਿਨੈ ਨੂੰ ਪ੍ਰਦਰਸ਼ਨ ਲਈ ਮੰਚ ਮਿਲਿਆ। ਇਸ ਤਰ੍ਹਾਂ ਦੀਆਂ ਕਈ ਹੋਰ ਉਦਾਹਰਨਾਂ ਵੀ ਹਨ। ਹਾਲਾਂਕਿ ਫਿਲਮਾਂ ਬਣਾਉਣ ਵਾਲਿਆਂ 'ਚ ਇਸ ਗੱਲ ਦੀ ਚਿੰਤਾ ਹੈ ਕਿ ਓ.ਟੀ.ਟੀ. ਪਲੇਟਫਾਰਮਾਂ ਦੇ ਮੁਖੀ ਨਿਰਦੇਸ਼ਨ 'ਤੇ ਕੰਟਰੋਲ ਕਰ ਰਹੇ ਹਨ ਜੋ ਫਿਲਮ ਨਿਰਮਾਣ ਦੀ ਪ੍ਰਕਿਰਿਆ ਨੂੰ ਕਮਜ਼ੋਰ ਕਰਦਾ ਹੈ। ਜਦ ਫਿਲਮ ਨਿਰਮਾਣ 'ਚ ਬਿਲਕੁਲ ਤਜਰਬਾ ਨਾ ਰੱਖਣ ਵਾਲੇ ਕਲਾਤਮਕ ਫ਼ੈਸਲਿਆਂ ਵਿੱਚ ਦਖਲ ਦਿੰਦੇ ਹਨ ਤਾਂ ਮੁਸ਼ਕਲਾਂ ਖੜ੍ਹੀਆਂ ਹੁੰਦੀਆਂ ਹਨ।" ਉਨ੍ਹਾਂ ਕਿਹਾ, "ਫਿਲਮ 'ਮਾਸੂਮ' ਲਈ ਮੇਰੇ ਕੋਲ ਫਿਲਮ ਨਿਰਮਾਣ ਦਾ ਕੋਈ ਤਜਰਬਾ ਜਾਂ ਸਿੱਖਿਆ ਨਹੀਂ ਸੀ। ਨਾ ਹੀ ਸਾਧਨ ਸਨ, ਮੈਂ ਆਪਣੇ ਪੱਧਰ 'ਤੇ ਫਿਲਮ ਨੂੰ ਬੁਣਿਆ, ਸਿਰਫ਼ ਸੰਗੀਤ ਬਾਰੇ ਮੈਨੂੰ ਨਿਰਮਾਤਾ ਤੋਂ ਭਰੋਸਾ ਮਿਲਿਆ ਸੀ।"

ਚਾਲੀ ਸਾਲਾਂ ਬਾਅਦ ਸ਼ੇਖਰ ਕਪੂਰ ਆਪਣੀ ਪਹਿਲੀ ਫਿਲਮ ਨੂੰ ਅੱਗੇ ਤੋਰਨ ਲਈ ਤਿਆਰ ਹਨ ਤੇ ਇਸ ਵਿਚ ਕਾਵੇਰੀ ਅਦਾਕਾਰੀ ਕਰੇਗੀ। 'ਮਾਸੂਮ: ਦਿ ਨੈਕਸਟ ਜੈਨਰੇਸ਼ਨ' ਅਸਲ 'ਚ ਕਾਵੇਰੀ ਤੇ ਉਸ ਵਰਗੇ ਉਨ੍ਹਾਂ ਹੋਰਨਾਂ ਨੌਜਵਾਨਾਂ ਦੁਆਲੇ ਵਾਪਰੀਆਂ ਘਟਨਾਵਾਂ 'ਤੇ ਆਧਾਰਿਤ ਹੈ ਜਿਨ੍ਹਾਂ ਨੂੰ ਆਪਣੇ ਮਾਪਿਆਂ ਦੇ ਮੁਕਾਬਲੇ ਦਾਦੇ-ਦਾਦੀਆਂ, ਨਾਨੇ-ਨਾਨੀਆਂ ਨਾਲ ਮੋਹ ਪਾਲਨਾ ਵੱਧ ਸੌਖਾ ਲੱਗਦਾ ਹੈ। ਸ਼ੇਖਰ ਕਪੂਰ ਦੱਸਦੇ ਹਨ, "ਇਹ ਉਦੋਂ ਦੀ ਗੱਲ ਹੈ ਜਦ ਮੇਰੀ ਧੀ ਨੇ ਬੇਚੈਨੀ ਬਾਰੇ ਗੱਲ ਕਰਨੀ ਸ਼ੁਰੂ ਕੀਤੀ, ਤਦ ਮੈਂ 18 ਸਾਲਾਂ ਦੇ ਇੱਕ ਹੋਰ ਨੌਜਵਾਨ ਨੂੰ ਮਿਲਿਆ ਜਿਸ ਨੇ ਆਪਣੀ ਦਾਦੀ ਨਾਲ ਆਪਣੇ ਰਿਸ਼ਤੇ ਬਾਰੇ ਡੂੰਘਾਈ ਤੋਂ ਗੱਲ ਕੀਤੀ। ਮੈਂ ਹੋਰਾਂ ਕਈ ਨੌਜਵਾਨਾਂ ਨੂੰ ਵੀ ਮਿਲਿਆ ਤੇ ਉਨ੍ਹਾਂ ਦੇ ਆਪਣੇ ਬਜ਼ੁਰਗਾਂ ਨਾਲ ਰਿਸ਼ਤਿਆਂ ਬਾਰੇ ਗਹਿਰਾਈ 'ਚ ਗੱਲਾਂ-ਬਾਤਾਂ ਕੀਤੀਆਂ। ਹੈਰਾਨੀਜਨਕ ਸੀ ਕਿ ਉਹ ਆਪਣੀ ਬੇਚੈਨੀ ਜਾਂ ਚਿੰਤਾ ਬਾਰੇ ਆਪਣੇ ਦਾਦਾ-ਦਾਦੀ ਜਾਂ ਨਾਨਾ-ਨਾਨੀ ਨਾਲ ਗੱਲ ਕਰਨਾ ਸੌਖਾ ਮੰਨਦੇ ਸਨ। ਕਾਵੇਰੀ ਨੂੰ ਮੈਂ ਉਸ ਦੇ ਆਪਣੇ ਫਿਕਰਾਂ ਤੋਂ ਉਪਰ ਉਠਦਿਆਂ ਅਤੇ ਸਵੈ-ਵਿਸ਼ਵਾਸ ਨਾਲ ਭਰੀ ਲੜਕੀ ਵਜੋਂ ਉਭਰਦਿਆਂ ਦੇਖਿਆ ਹੈ ਜਿਸ ਤੋਂ ਉਤਸ਼ਾਹਿਤ ਹੋ ਕੇ ਮੈਂ ਉਸ ਨੂੰ ਇਸ ਰੋਲ 'ਚ ਲੈਣ ਦਾ ਫ਼ੈਸਲਾ ਕੀਤਾ।"



# ਵੀਰ ਹਿਰਾਨੀ ਅਤੇ 'ਤੁਮਹਾਰੀ ਅੰਮ੍ਰਿਤਾ'

ਫਿਲਮੀ ਦੁਨੀਆ ਦੀ ਪ੍ਰਸਿੱਧ ਸ਼ਖ਼ਸੀਅਤ ਅਤੇ ਫਿਲਮਸਾਜ਼ ਰਾਜ ਕੁਮਾਰ ਹਿਰਾਨੀ ਦਾ ਪੁੱਤਰ ਵੀਰ ਹਿਰਾਨੀ ਬਤੌਰ ਅਦਾਕਾਰ ਰੰਗਮੰਚ ਦੀ ਦੁਨੀਆ ਵਿਚ ਪ੍ਰਵੇਸ਼ ਕਰ ਰਿਹਾ ਹੈ। ਉਹ ਪ੍ਰਸਿੱਧ ਰੰਗਕਰਮੀ ਫਿਰੋਜ਼ ਅੱਬਾਸ ਖਾਨ ਦੀ

**ਆਮਨਾ ਕੌਰ**

ਨਿਰਦੇਸ਼ਨਾ ਹੇਠ ਤਿਆਰ ਮਸ਼ਹੂਰ ਨਾਟਕ 'ਤੁਮਹਾਰੀ ਅੰਮ੍ਰਿਤਾ' ਵਿਚ ਮੁੱਖ ਰੋਲ ਨਿਭਾ ਰਿਹਾ ਹੈ। ਯਾਦ ਰਹੇ ਕਿ ਇਹ ਨਾਟਕ ਪ੍ਰਸਿੱਧ ਅਮਰੀਕੀ ਲੇਖਕ ਏ.ਆਰ. ਗੁਰਨੇ ਦੇ ਚਰਚਿਤ ਨਾਟਕ 'ਲਵ ਲੈਟਰਜ਼' ਉਤੇ ਆਧਾਰਿਤ ਹੈ। ਇਸ ਨਾਟਕ ਦਾ ਹਿੰਦੀ/ਉਰਦੂ ਰੂਪਾਂਤਰ ਸਾਲ 1992 ਵਿਚ ਨਾਟਕਕਾਰ ਜਾਵੇਦ ਸਿੱਦੀਕੀ ਨੇ ਤਿਆਰ ਕੀਤਾ ਸੀ। ਇਹ ਨਾਟਕ ਪਹਿਲੀ ਵਾਰ 27 ਫਰਵਰੀ 1992 ਨੂੰ ਮੁੰਬਈ ਵਿਚ ਪ੍ਰਿਥਵੀ ਥੀਏਟਰ ਵਿਚ ਖੇਡਿਆ ਗਿਆ ਸੀ। ਉਸ ਵਕਤ ਇਹ ਨਾਟਕ ਅਦਾਕਾਰ ਸ਼ਸ਼ੀ ਕਪੂਰ ਦੀ ਪਤਨੀ ਮਰਹੂਮ ਜੈਨੀਫਰ ਕਪੂਰ ਦੀ ਯਾਦ ਵਿਚ ਕਰਵਾਏ ਨਾਟਕ ਮੇਲੇ ਦਾ ਹਿੱਸਾ ਬਣਿਆ ਸੀ ਅਤੇ ਇਸ ਦੀ ਖ਼ੂਬ ਚਰਚਾ ਹੋਈ ਸੀ।

'ਤੁਮਹਾਰੀ ਅੰਮ੍ਰਿਤਾ' ਨਾਟਕ ਵਿਚ ਮਨੁੱਖੀ ਰਿਸ਼ਤਿਆਂ ਨੂੰ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਸਮੁੱਚਾ ਨਾਟਕ ਚਿੱਠੀਆਂ ਦੇ ਰੂਪ ਵਿਚ ਹੈ। ਨਾਟਕ ਦੇ ਦੋਵੇਂ ਮੁੱਖ ਪਾਤਰ- ਪ੍ਰੇਮੀ ਤੇ ਪ੍ਰੇਮਿਕਾ, ਇਕ ਦੂਜੇ ਨੂੰ ਪਾਏ ਖ਼ਤ ਪੜ੍ਹਦੇ ਹਨ। ਦੋਹਾਂ ਦੇ ਰਿਸ਼ਤਿਆਂ ਵਿਚ ਬੜੇ ਉਤਰਾਅ-ਚੜ੍ਹਾਅ ਆਉਂਦੇ ਹਨ ਪਰ ਦੋਹਾਂ ਵਿਚਕਾਰ ਪਿਆਰ ਦੀ ਤੰਦ ਕਾਇਮ ਰਹਿੰਦੀ ਹੈ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਜਿਉਣ ਜੋਗੀ ਬਣਾਈ ਰੱਖਦੀ ਹੈ। ਇਸ ਨਾਟਕ ਵਿਚ ਉਘੀ ਅਦਾਕਾਰਾ ਸ਼ਬਾਨਾ ਆਜ਼ਮੀ ਅਤੇ ਉਘਾ ਅਦਾਕਾਰ ਫਾਰੂਖ਼ ਸ਼ੇਖ ਕੰਮ ਕਰ ਚੁੱਕੇ ਹਨ।


ਵੀਰ ਹਿਰਾਨੀ, ਰੰਗਕਰਮੀ ਫਿਰੋਜ਼ ਅੱਬਾਸ ਖਾਨ ਅਤੇ ਨਾਟਕ 'ਤੁਮਹਾਰੀ ਅੰਮ੍ਰਿਤਾ' ਦਾ ਪੁਰਾਣਾ ਪੋਸਟਰ।

ਵੀਰ ਹਿਰਾਨੀ ਇਸ ਤੋਂ ਪਹਿਲਾਂ ਬਤੌਰ ਡਾਇਰੈਕਟਰ ਫਿਲਮ 'ਰਿਟਰਨ ਗਿਫਟ' ਬਣਾ ਚੁੱਕਾ ਹੈ। ਇਹ ਫਿਲਮ ਹੈਦਰਾਬਾਦ ਵਿਚ ਹੋਏ ਕੌਮਾਂਤਰੀ ਬਾਲ ਫਿਲਮ ਮੇਲੇ ਵਿਚ ਦਿਖਾਈ ਗਈ ਸੀ ਅਤੇ ਉਸ ਦੇ ਕੰਮ ਦੀ ਖ਼ੂਬ ਤਾਰੀਫ਼ ਹੋਈ ਸੀ। ਵੀਰ ਹਿਰਾਨੀ ਦਾ ਦਾਅਵਾ ਹੈ ਕਿ ਇਹ ਫਿਲਮ ਉਸ ਦੀ ਦਾਦੀ ਨਾਲ ਜੁੜੀ ਸੱਚੀ ਘਟਨਾ 'ਤੇ ਆਧਾਰਿਤ ਹੈ। ਵੀਰ ਹਿਰਾਨੀ ਦੇ ਪਿਤਾ ਰਾਜ ਕੁਮਾਰ ਹਿਰਾਨੀ ਦਾ ਕਹਿਣਾ ਹੈ, "ਮੈਂ ਤਾਂ ਚਾਹੁੰਦਾ ਸੀ ਕਿ ਮੇਰਾ ਪੁੱਤਰ ਵੀ ਮੇਰੇ ਵਾਂਗ ਫਿਲਮਸਾਜ਼ ਵਜੋਂ ਸਥਾਪਿਤ ਹੋਵੇ ਪਰ ਉਸ ਦੀ ਰੁਚੀ ਅਦਾਕਾਰੀ ਵੱਲ ਵੀ ਹੈ। ਮੈਨੂੰ ਖ਼ੁਸ਼ੀ ਹੈ ਕਿ ਵੀਰ ਨੇ ਫਿਲਮਾਂ ਪਿੱਛੇ ਭੱਜਣ ਦੀ ਥਾਂ ਥੀਏਟਰ ਰਾਹੀਂ ਆਪਣੀਆਂ ਭਾਵਨਾਵਾਂ ਪ੍ਰਗਟਾਉਣ ਦਾ ਹੀਲਾ ਕੀਤਾ ਹੈ।"

# ਯੂ. ਐੱਸ. ਕਾਂਗਰਸ ਲਈ ਰਾਜੂ ਨੂੰ ਚੁਣੋ

**REPUBLICAN CANDIDATE FOR U.S. CONGRESS**
**INDIANA'S 5TH DISTRICT**

RAJU CHINTHALA FOR CONGRESS



## ਰਾਜੂ ਤੁਹਾਡੇ ਲਈ ਹੈ!

ਗਤੀਸ਼ੀਲ. ਦੂਰਦਰਸ਼ੀ. ਪ੍ਰਮਾਣਿਕ.

## 7 ਮਈ ਨੂੰ ਜਾਂ ਇਸ ਤੋਂ ਪਹਿਲਾਂ ਰਾਜੂ ਲਈ ਵੋਟ ਕਰੋ!

ਇੰਡੀਆਨਾ ਪ੍ਰਾਇਮਰੀ: ਤੁਹਾਡੀ ਰਾਜਨੀਤਿਕ ਮਾਨਤਾ ਦੇ ਬਾਵਜੂਦ, ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰੋ। ਜੇਕਰ ਤੁਸੀਂ ਰਜਿਸਟਰਡ ਵੋਟਰ ਹੋ, ਤਾਂ ਕਾਂਗਰਸ ਲਈ ਰਾਜੂ ਨੂੰ ਵੋਟ ਪਾਉਣ ਬਾਰੇ ਵਿਚਾਰ ਕਰੋ। ਰਿਪਬਲਿਕਨ ਬੈਲਟ ਦੀ ਮੰਗ ਕਰਨਾ ਯਾਦ ਰੱਖੋ।

ਹੋਰ ਜਾਣਕਾਰੀ ਲਈ:
www.indianavoters.com

SCAN ME FOR MORE DETAILS:

RAJUFORCONGRESS.COM

## ਰਾਜੂ ਬਾਰੇ:

- ਪਤੀ, ਪਿਤਾ, ਸਫਲ ਕਾਰੋਬਾਰੀ, ਕਮਿਊਨਿਟੀ ਲੀਡਰ, ਸਿਆਸੀ ਵਕੀਲ
- ਸਪੀਚ-ਲੈਂਗਵੇਜ ਪੈਥੋਲੋਜਿਸਟ, ਅਤੇ ਅੰਤਰਰਾਸ਼ਟਰੀ ਆਰਥਿਕ ਸਲਾਹਕਾਰ
- ਹੈਮਿਲਟਨ ਕਾਉਂਟੀ ਰਿਪਬਲਿਕਨ ਪਾਰਟੀ ਦੇ ਖਜ਼ਾਨਚੀ

## ਰਾਜੂ ਕਿਉਂ?

- ✓ ਸਾਬਤ ਲੀਡਰਸ਼ਿਪ & ਅਨੁਭਵ
- ✓ ਤਰੱਕੀ ਲਈ ਵਚਨਬੱਧਤਾ
- ✓ ਤੁਹਾਡੇ ਲਈ ਵਕੀਲ
- ✓ ਪਹੁੰਚਯੋਗ ਅਤੇ ਜਵਾਬਦੇਹ

PAID FOR BY RAJU FOR CONGRESS